# ਸ਼ਬਦ ਬੂੰਦ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਸ਼ਬਦ ਬੂੰਦ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2011

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-

*© 2011 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


1. ਕਿਸ ਦਾ ਸੰਵਿਧਾਨ, ਕਿਹੋ ਜਿਹਾ ਸੰਵਿਧਾਨ? 5
2. ਕਾਰੋਬਾਰੀ ਤਣਾਅ ਘੱਟ ਕਿਵੇਂ ਕਰੀਏ? 11
3. ਭਾਰਤੀ ਰਾਜ ਦਾ ਕਰੂਰ ਚਿਹਰਾ 14
4. ਪੁਰਾਣੀਆਂ ਕਿਸ਼ਤੀਆਂ ਰਾਹੀਂ ਜਲ ਆਵਾਜਾਈ ਸਮੇਂ ਮੌਤਾਂ ਕਿਵੇਂ? 18
5. ਵਿਸ਼ਵ ਵਿਆਪੀ ਦੇ ਮੰਦੀ ਤੋਂ ਉਭਰਨ ਦੇ ਸਾਰੇ ਦਾਅਵੇ ਫੇਲ੍ਹ ਕਿਵੇਂ? 22
6. ਕੀ ਹੈ ਬਿੱਲ ਗੇਟਸ ਦਾ ਨਵਾਂ ਨਾਹਰਾ - ਗਰੀਬੀ ਹਟਾਓ? 27
7. ਕੁਪੋਸ਼ਣ ਤੇ ਭੁੱਖਮਰੀ ਦਾ ਸ਼ਿਕਾਰ ਬਚਪਨ ਬਨਾਮ ਅਰਥਚਾਰਾ 31
8. ਕੀ ਹੈ ਸਵਾਈਨ ਫਲੂ ਦਾ ਰਾਜਸੀ ਅਰਥਸਾਸ਼ਤਰ? 38
9. ਜਿਗਰ ਦੀ ਸੋਜ (ਹੈਪੇਟਾਈਟਸ) ਹੈ ਕੀ? 42
10. ਕਰੋੜਾਂ ਅਪਾਹਜ ਲੋਕਾਂ ਦਾ ਸੰਘਰਸ਼ ਹੀ ਜ਼ਿੰਦਗੀ ਹੈ 46
11. ਕੀ ਤੁਹਾਡਾ ਮੋਬਾਇਲ ਖ਼ੂਨ ਨਾਲ ਭਰਿਆ ਹੈ? 50
12. ਕਿਵੇਂ ਮਜ਼ਦੂਰਾਂ ਨੂੰ ਅਪਾਹਜ ਬਣਾਉਂਦੀ ਰੋਜੀਤਾਸ਼ਾ ਕੰਪਨੀ? 55
13. ਅਯੋਧਿਆ ਬਾਰੇ ਫੈਸਲਾ- ਇਸ ਵਾਰੀ ਕਿਉਂ ਨਹੀਂ ਹੋਏ ਫਸਾਦ? 60
14. ਬਿਹਾਰ ਦੇ ਦੋ ਤਾਸਦਿਕ ਪਹਿਲੂ- ਹੜ੍ਹ ਤੇ ਅਕਾਲ ਕਿਵੇਂ? 63
15. ਕੀ ਹੈ ਸੰਤ ਤੇ ਸਿਆਸਤ ਦਾ ਤਾਲਮੇਲ? 68
16. ਕੀ ਦਲਿਤ ਸਿਰਫ ਵੋਟਾਂ ਵਟੋਰਨ ਲਈ ਹੀ ਹਨ? 71
17. ਕੀ ਅਮਰੀਕੀ ਚਾਲ ਕਾਰਨ ਉੱਤਰੀ ਤੇ ਦੱਖਣੀ ਕੋਰੀਆ ਫਿਰ ਲੜੇ? 74
18. ਕੀ ਹੈ ਭਰਿਸ਼ਟਾਚਾਰ ਦੀ ਬੁਨਿਆਦ? 77
19. ਕਿੰਨੀ ਹੈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੈਂਬਰੀ ਦੀ ਵੁਕਤ? 80
20. ਕੀ ਖੁਸਰਿਆਂ ਨੂੰ ਜਾਇਜ਼ ਹੈ ਪੈਨਸ਼ਨ? 83
21. ਕੀ ਹੈ ਹੋਮ ਲੋਨ ਬਾਰੇ ਘਪਲਾ? 86
22. ਗੁਪਤ ਸੂਚਨਾਵਾਂ ਲੀਕ ਕਰਨ ਵਾਲੇ ਨੇ ਕਰੋੜਾਂ ਕਿਵੇਂ ਕਮਾਏ? 88
23. ਕਿੰਨਾ ਭੁੱਖਾ ਤੇ ਬੀਮਾਰ ਦੇਸ਼ ਹੈ ਸਾਡਾ? 91
24. ਟੀ. ਵੀ. ਤੇ ਇਸ ਨੰਗੇ ਨਾਚ ਦਾ ਜ਼ਿੰਮੇਵਾਰ ਕੌਣ? 95
25. ਸਿਹਤ ਲਈ ਖ਼ਤਰਨਾਕ ਕਿਵੇਂ ਖ਼ੂਬਸੂਰਤੀ ਦੇ ਸਾਧਨ 99
26. ਸਿਹਤ ਬੀਮਾ ਕੰਪਨੀਆਂ ਬਨਾਮ ਬੀਮਾਰ ਮਨੁੱਖ 103

27. ਹੈਪੇਟਾਈਟਸ-ਸੀ ਦੀ ਬੀਮਾਰੀ ਹੈ ਕੀ? 107
28. ਸਰੀਰ 'ਚ ਖ਼ੂਨ ਦੀ ਘਾਟ (ਅਨੀਮੀਆ) 111
29. ਬੀ. ਟੀ. ਬੈਂਗਨ ਬਨਾਮ ਮੌਂਸਾਂਟੋ ਦੀ ਸਾਜ਼ਿਸ 115
30. ਪੀਲੀਆ - ਕਾਰਨ, ਲੱਛਣ ਤੇ ਇਲਾਜ 118
31. ਨਸ਼ਿਆਂ (ਡਰੱਗਸ) ਦਾ ਵਧਦਾ ਸ਼ਿਕੰਜਾ 122
32. ਸ਼ੂਗਰ ਦੀ ਬੀਮਾਰੀ ਦੀਆਂ ਕਿਸਮਾਂ, ਲੱਛਣ ਤੇ ਇਲਾਜ 130
33. ਗਠੀਆ ਰੋਗ - ਕਾਰਨ, ਲੱਛਣ, ਇਲਾਜ ਤੇ ਉਪਾਅ 141
34. ਕੀ ਹਨ ਸਿੱਖਿਆ ਅਧਿਕਾਰ ਦੇ ਅਰਥ? 148
35. ਕੀ ਹੈ ਮੌਜੂਦ ਵਾਤਾਵਰਣ ਤੇ ਵਿਕਾਸ ਦਾ ਆਪਸੀ ਰਿਸ਼ਤਾ? 153
36. ਗੁਜਰਾਤ 'ਚ ਬੰਧੂਆ ਬਚਪਨ ਕਿਵੇਂ? 158
37. ਇਕ ਬੰਗਲਾ ਬਣੇ ਨਿਆਰਾ 161
38. ਗੰਗਾ ਐਕਸਪ੍ਰੈਸ ਵੇ-ਖੇਤੀ ਵਿਨਾਸ਼ ਦਾ ਰਾਹ 164
39. ਆਲਮੀ ਤਪਸ਼-ਇਕ ਗੰਭੀਰ ਸੰਕਟ 'ਤੇ ਜ਼ੋਰ ਕਿਉਂ? 169

# ਕਿਸ ਦਾ ਸੰਵਿਧਾਨ, ਕਿਹੋ ਜਿਹਾ ਸੰਵਿਧਾਨ?

ਪਿੱਛੇ ਜਿਹੇ ਹੀ ਭਾਰਤੀ ਸੰਵਿਧਾਨ ਦੀ ਉਸਾਰੀ ਤੇ ਉਸ ਦੇ ਲਾਗੂ ਹੋਣ ਦੇ 60 ਸਾਲ ਪੂਰੇ ਹੋਏ। ਦੇਸ਼ ਦੀ ਹਾਕਮ ਜਮਾਤ ਤੇ ਸੱਤਾ ਨੇ ਇਸ ਮੌਕੇ ਕਾਫੀ ਜਸ਼ਨ ਮਨਾਇਆ। ਦੇਸ਼ ਭਗਤੀ ਤੇ ਕੌਮ ਭਗਤੀ ਦੇ ਬਾਜ਼ਾਰ ਨੂੰ ਇਕ ਵਾਰੀ ਫਿਰ ਗਰਮ ਕਰਨ ਦਾ ਇਹ ਮੌਕਾ ਸੀ। ਸੰਵਿਧਾਨ ਤੇ ਉਸ ਦੀਆਂ ਉਸਾਰੀਆਂ ਬਾਰੇ ਹਰ ਮੰਚ ਤੋਂ ਪ੍ਰਸੰਸ਼ਾ ਪੱਤਰ ਪੜ੍ਹੇ ਗਏ। ਸਾਨੂੰ ਦੱਸਿਆ ਗਿਆ ਕਿ ਸਾਡੇ ਦੇਸ਼ ਦੇ ਸੰਵਿਧਾਨ ਦੇ ਉਸਾਰੀਏ ਸਭ ਤੋਂ ਵੱਧ ਗਿਆਨੀ ਸਨ ਅਤੇ ਉਹਨਾਂ ਨੇ ਹੋਰ ਦੇਸ਼ਾਂ ਦੇ ਸੰਵਿਧਾਨਾਂ ਦੀਆਂ ਵੀ ਸਕਾਰਤਮਕ ਚੀਜ਼ਾਂ ਨੂੰ ਅਪਣਾ ਲਿਆ ਅਤੇ ਨਾਕਾਰਤਮਕ ਚੀਜ਼ਾਂ ਨੂੰ ਛੱਡ ਦਿੱਤਾ। ਇਸ ਲਈ ਤਾਂ ਸਾਡਾ ਸੰਵਿਧਾਨ ਸਭ ਤੋਂ ਉੱਚਾ ਹੈ ਅਤੇ 'ਦੁਨੀਆਂ ਦੇ ਸਭ ਤੋਂ ਵੱਡੇ ਲੋਕ ਰਾਜ ਦਾ ਸੰਵਿਧਾਨ ਹੋਣਾ ਵੀ ਅਜਿਹਾ ਹੀ ਚਾਹੀਦਾ ਹੈ। ਦੇਸ਼ ਦਾ ਖਾਂਦਾ ਪੀਂਦਾ ਮੱਧਵਰਗ ਵੀ ਇਸ ਜਸ਼ਨ 'ਚ ਬਾਖੂਬੀ ਸ਼ਾਮਲ ਹੋਇਆ। ਖਾਂਦੇ-ਪੀਂਦੇ ਲੋਕਾਂ ਦੀਆਂ ਕਲੋਨੀਆਂ 'ਚ ਛੱਤਾਂ-ਬਨੇਰਿਆਂ 'ਤੇ ਤਿਰੰਗਾਂ ਲਹਿਰਾਉਣ ਲੱਗਿਆ। ਸਕੂਲਾਂ 'ਚ ਵੀ ਤਿਰੰਗੇ ਲਹਿਰਾਏ ਅਤੇ ਬੱਚਿਆਂ ਨੂੰ ਦੇਸ਼ ਦੇ ਸੰਵਿਧਾਨ ਅਤੇ ਲੋਕ ਰਾਜ 'ਤੇ ਮਾਣ ਕਰਨਾ ਸਿਖਾਇਆ ਗਿਆ। ਪਰ ਸੁਆਲ ਇਹ ਹੈ ਕਿ ਦੇਸ਼ ਦਾ ਸੰਵਿਧਾਨ ਕਿੰਨਾ ਲੋਕਰਾਜੀ ਹੈ? ਇਹ ਦੇਸ਼ ਦੇ ਨਾਗਰਿਕਾਂ ਨੂੰ ਕੀ ਦਿੰਦਾ ਹੈ? ਇਸ ਦੇ ਬਣਨ 'ਚ ਇਸ ਦੇਸ਼ ਦੀ ਬਹੁਗਿਣਤੀ ਆਬਾਦੀ ਦੀ ਕੀ ਭੂਮਿਕਾ ਹੈ? ਇਸਦੇ ਬੁਨਿਆਦੀ ਸਿਧਾਂਤ ਕੀ ਵਾਕਿਆ ਹੀ ਇਸ ਦੇ ਸ਼ਹਿਰੀਆਂ ਨੂੰ ਜਮਹੂਰੀ ਅਧਿਕਾਰ ਦਿੰਦੇ ਹਨ? ਇਸ ਦਾ ਉਦੈ ਤੇ ਵਿਕਾਸ ਕਿਵੇਂ ਹੋਇਆ? ਇਸ ਦੇ ਲਈ ਸਾਨੂੰ ਜਾਣਨਾ ਚਾਹੀਦਾ ਹੈ ਕਿ ਇਸ ਸੰਵਿਧਾਨ ਦੀ ਉਸਾਰੀ ਤੇ ਉਸਾਰੀਆਂ ਦਾ ਇਤਿਹਾਸ ਕੀ ਹੈ ਅਤੇ ਉਸ ਦੀ ਉਸਾਰੀ ਦਾ ਅਮਲ ਜਮਹੂਰੀ ਹੈ ਜਾਂ ਨਹੀਂ?।

ਘੱਟ ਲੋਕ ਹੀ ਇਸ ਤੱਥ ਤੋਂ ਜਾਣੂ ਹਨ ਕਿ ਅੱਜ ਭਾਰਤ ਦੇ ਸ਼ਹਿਰੀਆਂ ਲਈ ਜੋ ਸੰਵਿਧਾਨ ਮਾਣਯੋਗ ਤੇ ਲਾਜ਼ਮੀ ਹੈ ਉਸ ਨੂੰ ਬਣਾਉਣ ਵਾਲੀ ਸੰਵਿਧਾਨ ਸਭਾ ਨੂੰ ਚੁਣਨ ਦਾ ਕੰਮ ਇਸ ਦੇਸ਼ ਦੇ ਸ਼ਹਿਰੀਆਂ ਨੇ ਬਰਾਬਰ ਵੋਟ ਦੇ ਅਧਿਕਾਰ ਨਾਲ ਨਹੀਂ ਕੀਤਾ ਗਿਆ ਬਲਕਿ ਸਿਰਫ 11.5 ਫੀਸਦੀ ਲੋਕਾਂ ਨੇ ਕੀਤਾ ਸੀ। ਦੱਸਣ ਦੀ ਲੋੜ ਨਹੀਂ ਕਿ ਇਨ੍ਹਾਂ ਲੋਕਾਂ ਨੂੰ ਜਾਇਦਾਦ ਦੇ ਮਾਲਕ ਹੋਣ ਦੇ ਆਧਾਰ 'ਤੇ ਚੁਣਿਆ ਗਿਆ ਸੀ। 1946 ਵਿੱਚ ਸਰਮਾਏਦਾਰਾਂ, ਜਾਗੀਰਦਾਰਾਂ, ਰਿਆਸਤਾਂ ਦੇ ਰਾਜਿਆਂ ਤੇ ਰਾਜਕੁਮਾਰਾਂ ਤੋਂ ਇਲਾਵਾ ਮੁੱਠੀ ਭਰ ਕੁਲੀਨ ਹੀ ਜਾਇਦਾਦ ਦੇ ਮਾਲਕ ਹੋਣ ਦੇ ਪੈਮਾਨੇ 'ਤੇ ਖਰੇ ਉਤਰੇ ਸਨ। 16 ਮਈ 1946 ਨੂੰ ਬ੍ਰਿਟਿਸ਼ ਵਾਇਸਰਾਏ ਵੇਵੇਲ ਨੇ ਸੰਵਿਧਾਨ ਸਭਾ ਬੁਲਾਈ ਇਸ ਸੰਵਿਧਾਨ ਸਭਾ ਦੀ ਚੋਣ ਬਾਲਗ ਵੋਟ ਅਧਿਕਾਰ ਦੇ ਆਧਾਰ 'ਤੇ ਨਹੀਂ ਕੀਤੀ ਗਈ ਬਲਕਿ 1935 ਦੇ 'ਗਵਰਨਮੈਂਟ ਆਫ਼ ਇੰਡੀਆ ਐਕਟ' ਦੇ ਅਧਾਰ 'ਤੇ ਚੁਣੀ ਗਈਆਂ ਸੂਬਾਈ ਵਿਧਾਨ ਸਭਾਵਾਂ (ਲੈਜਸਲੇਟਿਵ ਕੌਂਸਲਜ਼) ਨੂੰ ਹੀ ਆਪਣੇ ਨੁਮਾਇੰਦਿਆਂ ਦੀ ਚੋਣ ਕਰਕੇ ਭੇਜਣ ਲਈ ਕਿਹਾ ਗਿਆ। ਜਿਸ ਦੇ ਆਧਾਰ 'ਤੇ ਸੰਵਿਧਾਨ ਸਭਾ

ਬਣਨੀ ਸੀ। ਇਤਿਹਾਸ ਤੋਂ ਵਾਕਿਫ ਸਭ ਲੋਕ ਜਾਣਦੇ ਹਨ ਕਿ ਇਹਨਾਂ ਵਿਧਾਨ ਸਭਾਵਾਂ ਦੀ ਚੋਣ 11.5 ਫੀਸਦੀ ਵੋਟਰਾਂ ਦੇ ਆਧਾਰ 'ਤੇ ਹੋਈ ਸੀ ਜਿਹਨਾਂ 'ਚ ਸਿਰਫ ਜਾਇਦਾਦ ਦੀ ਮਲਕ ਜਮਾਤ ਸ਼ਾਮਲ ਸੀ। ਇਹਨਾਂ 'ਚ ਮਜ਼ਦੂਰਾਂ, ਕਿਸਾਨਾਂ, ਨਿਮਨ ਮੱਧ ਵਰਗ ਦੀ ਕੋਈ ਨਾਮਾਇੰਦਗੀ ਨਹੀਂ ਸੀ। ਚੁਣੇ ਹੋਏ ਨੁਮਾਇੰਦਿਆਂ ਤੋਂ ਇਲਾਵਾ ਰਿਆਸਤਾਂ-ਰਾਜਵਾੜਿਆਂ ਦੇ ਕੁਝ ਨੁਮਾਇੰਦਿਆਂ ਨੂੰ ਸੰਵਿਧਾਨ ਘੜਨੀ ਸਭਾ 'ਚ ਨਾਮਜ਼ਦ ਕਰ ਲਿਆ ਗਿਆ ਸੀ। ਜ਼ਾਹਿਰ ਹੈ ਕਿ ਇਹ ਆਮ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ ਬਲਕਿ ਮੁਠੀਭਰ ਧਨੀਆਂ ਦੇ ਟਾਊਨ ਸਨ। ਨਵੰਬਰ 1966 'ਚ ਕਾਂਗਰਸ ਦੇ ਮੇਰਠ ਸੈਸ਼ਨ 'ਚ ਨਹਿਰੂ ਨੇ ਵਾਅਦਾ ਕੀਤਾ ਸੀ ਕਿ 1947 ਪਿਛੋਂ ਨਵੀਂ ਸੰਵਿਧਾਨ ਸਭਾ ਬੁਲਾਈ ਜਾਵੇਗੀ ਜਿਸ ਨੂੰ ਆਮ ਚੋਣਾਂ ਰਾਹੀਂ ਚੁਣਿਆ ਜਾਵੇਗਾ। ਇਸ ਪਿੱਛੋਂ ਵੀ ਨਹਿਰੂ ਨੇ ਕਈ ਵਾਰ ਇਹ ਵਾਧਾ ਦੁਹਰਾਇਆ ਸੀ। ਪਰ ਇਹ ਵਾਅਦਾ ਕਦੀ ਪੂਰਾ ਨਾ ਹੋਇਆ ਠੀਕ ਉਸੇ ਤਰ੍ਹਾਂ ਜਿਵੇਂ ਹੋਰ ਸਾਰੇ ਭਰਮਾਊ ਸਮਾਜਵਾਦੀ ਤੇ ਜਮਹੂਰੀ ਵਾਅਦੇ ਵੀ ਨਹਿਰੂ ਨੇ ਪੂਰੇ ਨਹੀਂ ਕੀਤੇ। ਇਸ ਗੈਰ ਜਮਹੂਰੀ ਦੇ ਬੇਰਹਿਮ ਢੰਗ ਨਾਲ ਬਣੀ ਸੰਵਿਧਾਨ ਸਭਾ ਨੇ ਜੋ ਸੰਵਿਧਾਨ ਬਣਾਇਆ ਉਹ ਬਸਤੀਵਾਦੀ 'ਗਵਰਨਮੈਂਟ ਐਕਟ ਆਫ਼ ਇੰਡੀਆ ਐਕਟ' 1935 ਦਾ ਹੀ ਸੱਚਾ ਵਾਰਿਸ਼ ਸੀ। ਇਹ ਕਾਰਨ ਹੀ ਸੀ ਕਿ ਇਸ ਦੀਆਂ 395 ਧਰਾਵਾਂ ਵਿਚੋਂ 250 ਧਰਾਵਾਂ ਉਸ ਐਕਟ ਚੋਂ ਲਈਆਂ ਗਈਆਂ ਜਾਂ ਫਿਰ ਮਮੂਲੀ ਸੋਧਾਂ ਦੇ ਨਾਲ ਅਪਣਾ ਲਈਆਂ ਗਈਆਂ। ਇਸ ਤੋਂ ਇਲਾਵਾ ਉਸ ਦੇ ਬੁਨਿਆਦੀ ਸਿਧਾਂਤ ਜਿਉਂ ਦੇ ਤਿਉਂ ਕਾਇਮ ਰਹਿ ਗਏ। ਜਿਵੇਂ ਅਸੀਂ ਜਾਣਦੇ ਹਾਂ 'ਗਵਰਨਮੈਂਟ ਆਫ਼ ਐਕਟ 1935' ਦੇਸ਼ ਭਰ 'ਚ ਜਨਤਾ ਦੇ ਬ੍ਰਿਟਿਸ਼ ਸਾਮਰਾਜੀ ਰਾਜ ਵਿਰੁੱਧ ਵਧਦੇ ਗੁੱਸੇ ਤੇ ਪਾਣੀ ਦੇ ਛਿੱਟੇ ਮਾਰਨ ਲਈ ਲਿਆਂਦਾ ਗਿਆ ਐਕਟ ਸੀ। ਇਸ ਦੇ ਦੋ ਮੁੱਖ ਲੱਛਣ ਸਨ। ਇਕ ਤਾਂ ਭਾਰਤ ਦੇ ਉਭਰਦੀ ਹੌਲੀ-ਹੌਲੀ ਤਾਕਤ ਫੜਦੀ ਸਰਮਾਏਦਾਰ ਜਮਾਤ ਨੂੰ ਰਾਜਭਾਗ 'ਚ ਨਾਮਾਤਰ ਹਿੱਸੇਦਾਰੀ ਦੇਣਾ। ਦੋ ਆਜ਼ਾਦੀ ਦੀ ਇੱਛਾ ਤੇ ਬ੍ਰਿਟਿਸ਼ ਸਾਮਰਾਜੀ ਹਕੂਮਤ ਖਿਲਾਫ ਨਫਰਤ ਰੱਖਣ ਵਾਲੀ ਭਾਰਤ ਦੀ ਜਨਤਾ ਦੇ ਗੁੱਸੇ 'ਤੇ ਠੰਢੇ ਪਾਣੀ ਦੇ ਛਿੱਟੇ ਮਾਰਨਾ। ਇਸ ਦਾ ਕੰਮ 'ਸੈਫਟੀ ਵਾਲਵ' ਤੋਂ ਵੱਧ ਨਹੀਂ ਸੀ ਅਤੇ ਅਸਲ 'ਚ ਜਨਵਾਦੀ ਅਧਿਕਾਰ ਦੇਣ ਦਾ ਕੰਮ। ਇਹੀ ਕਾਰਣ ਸੀ ਕਿ ਇਸ ਐਕਟ ਤਹਿਤ ਸੂਬਾਈ ਚੋਣਾਂ 'ਚ ਵੋਟ ਦੇ ਅਧਿਕਾਰ ਨੂੰ ਜਾਇਦਾਦ ਦੀ ਮਾਲਕ ਜਮਾਤ ਤੋਂ ਅੱਗੇ ਨਹੀਂ ਵਧਾਇਆ ਗਿਆ। ਭਾਰਤ ਦੀ ਦਲਾਲ ਸਰਮਾਏਦਾਰੀ ਨੂੰ ਤਾਂ ਕੁਝ ਨਾ ਕੁਝ ਮਿਲਿਆ ਪਰ ਲੋਕਾਂ ਨੂੰ ਕੁਝ ਵੀ ਨਹੀਂ। ਇਸ ਨੂੰ ਕਿਸੇ ਕਿਸਮ ਦੀ ਜਿੱਤ ਨਹੀਂ ਕਿਹਾ ਜਾ ਸਕਦਾ ਸੀ। ਬਹੁਤ ਹੀ ਹੈਰਾਨੀ ਦੀ ਗੱਲ ਹੈ ਕਿ ਜਮਹੂਰੀਅਤ ਤੇ ਸ਼ਹਿਰੀ ਅਧਿਕਾਰਾਂ ਦੀ ਗੱਲ ਕਰਨ ਵਾਲੀ ਇਕ ਤੋਂ ਇਕ ਸੰਸਾਰ ਪ੍ਰਸਿੱਧ ਨਾਗਰਿਕ ਅਧਿਕਾਰਾਂ ਦੀ ਗੱਲ ਕਰਨ ਵਾਲੇ ਇਕ ਤੋਂ ਇਕ ਪ੍ਰਸਿੱਧ ਨਿਆਪਸੰਦ, ਜਮਹੂਰੀ ਅਧਿਕਾਰ ਮਾਹਰ, ਵਕੀਲ, ਪੱਤਰਕਾਰ ਹੋਏ ਪਰ ਵਿਰਲਾ ਹੀ ਕੋਈ ਅਜਿਹਾ ਰਿਹਾ ਜਿਸ ਨੇ ਭਾਰਤੀ ਸੰਵਿਧਾਨ ਦੇ ਗੈਰ ਜਾਮਹੂਰੀ ਉਦੇਂ 'ਤੇ ਸੁਆਲ ਖੜ੍ਹਾ ਕੀਤਾ ਹੋਵੇ ਅਤੇ ਨਵੀਂ ਸੰਵਿਧਾਨ ਸਭਾ ਦੀ ਗੱਲ ਕੀਤੀ ਹੋਵੇ। ਕੋਈ ਚੁਣਾਵੀ ਪਾਰਟੀ ਇਸ ਮੁੱਦੇ 'ਤੇ ਕੋਈ ਸੁਆਲ ਨਹੀਂ

ਉਠਾਉਂਦੀ ਹੈ। ਕਾਂਗਰਸ ਨਵੀਂ ਵਿਧਾਨ ਸਭਾ ਦੇ ਵਾਅਦੇ ਤੋਂ ਮੁਕਰ ਗਈ ਜੋ ਕਿ ਸੁਭਾਵਿਕ ਹੀ ਸੀ। ਭਾਰਤ ਦਾ ਉਸ ਵੇਲੇ ਦਾ ਕਮਿਊਨਿਸ਼ਟ ਅੰਦੋਲਨ ਕਿਸੇ ਇਕ ਸਾਂਝੀ ਅਗਵਾਈ, ਸਾਂਝੀ ਯੋਜਨਾ ਤੇ ਪ੍ਰੋਗਰਾਮ ਦੀ ਸਮਝਦਾਰੀ ਦੀ ਘਾਟ 'ਚ ਇਸ ਬੇਹੱਦ ਮਹੱਤਵਪੂਰਨ ਮੁੱਦੇ 'ਤੇ ਦੁਚਿਤੀ ਦੀ ਹਾਲਤ 'ਚ ਖੜ੍ਹਾ ਰਹਿ ਗਿਆ। ਭਾਰਤ ਦੀ ਅਣਵੰਡੀ ਕਮਿਊਨਿਸ਼ਟ ਪਾਰਟੀ ਦੀ ਅਗਵਾਈ 'ਚ ਕਈ ਜੁਝਾਰੂ ਸੰਘਰਸ਼ ਹੋਏ। ਜਿਵੇਂ ਕਿ ਤਲਿੰਗਾਨਾ ਤੇਭਾਗਾ, ਪੁਨਰਪਾ-ਵਾਇਲਾਰ ਦੇ ਕਿਸਾਨ ਸੰਘਰਸ਼। ਪਰ ਇਹਨਾਂ ਸਾਰੇ ਅੰਦੋਲਨਾਂ ਨੂੰ ਵੀ ਨਿਸ਼ਚਤ ਪ੍ਰੋਗਰਾਮ ਦੀ ਘਾਟ ਤੇ ਦਿਸ਼ਾ ਹੀਣਤਾ ਦੀ ਸਥਿਤੀ 'ਚ ਹਾਰ ਦਾ ਸਾਹਮਣਾ ਕਰਨਾ ਪਿਆ। ਨਾਲ ਹੀ ਸਮੁੰਦਰੀ ਫੌਜ ਦੀ ਬਗਾਵਤ ਤੇ ਬ੍ਰਿਟਿਸ਼ ਰਾਇਲ ਹਵਾਈ ਫੌਜ ਬਗਾਵਤ 'ਚ ਵੀ ਕਈ ਥਾਂ ਬਗਾਵਤ 1946 ਦੇ ਉਥਲ-ਪੁਥਲ ਭਰੇ ਸਾਲ 'ਚ ਵੀ ਫੁੱਟ ਪਏ ਸਨ ਪਰ ਉਹਨਾਂ ਨੂੰ ਵੀ ਜਥੇਬੰਦ ਕਰਨ ਅਤੇ ਹੋਰ ਸੰਘਰਸ਼ਾਂ ਨਾਲ ਜੋੜ ਕੇ ਇਕ ਜੋੜ ਕੇ ਇਕ ਦੇਸ਼ ਵਿਆਪੀ ਅੰਦਲੋਨ ਦੀ ਸ਼ਕਲ ਦੇਣ ਦੀ ਕੋਈ ਸਮਝਦਾਰੀ ਉਸ ਸਮੇਂ ਦੀ ਕਮਿਊਨਿਸ਼ਟ ਪਾਰਟੀ ਕੋਲ ਨਹੀਂ ਸੀ। ਸਿੱਟੇ ਵਜੋਂ ਸਾਰੀਆਂ ਕੁਰਬਾਨੀਆਂ ਅਤੇ ਬਹਾਦਰੀ ਦੀਆਂ ਮਿਸਾਲਾਂ ਦੇ ਬਾਵਜੂਦ ਇਹ ਸੰਘਰਸ਼ ਅੰਨ੍ਹੀ ਗਲੀ 'ਚ ਜਾ ਕੇ ਖਤਮ ਹੋਏ ਅਤੇ ਭਾਰਤ ਦੀ ਮਜ਼ਦੂਰ ਜਮਾਤ ਯੋਗ ਅਗਵਾਈ ਦੀ ਘਾਟ ਕਾਰਨ ਇਕ ਬਹੁਤ ਵੱਡੇ ਇਤਿਹਾਸਕ ਮੌਕੇ ਤੋਂ ਹੱਥ ਧੋ ਬੈਠੀ। ਇਹਨਾਂ ਸੰਘਰਸ਼ ਦੀ ਹਾਰ ਤੋਂ ਪਿੱਛੋਂ ਦੀ ਨਿਰਾਸ਼ਾ ਤੇ ਦਿਸ਼ਾ ਹੀਣਤਾ ਦੇ ਹੀ ਮਹੌਲ 'ਚ ਭਾਰਤ ਦੀ ਕਮਿਊਨਿਸ਼ਟੀ ਪਾਰਟੀ ਨੇ ਸੋਧਵਾਦ ਦਾ ਰਾਹ ਅਪਣਾਇਆ ਅਤੇ 1951 'ਚ ਭਾਰਤੀ ਪੂੰਜੀਵਾਦੀ ਨਾਲ ਸਮਝੌਤਾ ਕਰ ਲਿਆ। ਪਾਰਟੀ ਨੇ ਪਾਰਲੀਮਾਨੀ ਰਾਹ ਅਖਤਿਆਰ ਕਰ ਲਿਆ। ਇਸ ਪਿੱਛੋਂ 1952 'ਚ ਆਮ ਪਹਿਲੀਆਂ ਚੋਣਾਂ ਹੋਈਆਂ। ਇਸ ਪਿੱਛੋਂ ਵੀ ਕਿਸੇ ਪਾਰਟੀ ਨੇ ਨਵੀਂ ਸੰਵਿਧਾਨ ਸਭਾ ਬਲਾਉਣ ਦੀ ਮੰਗ ਨਹੀਂ ਰੱਖੀ। ਕਿਸੇ ਵੀ ਬੁਰਜੂਆ ਪਾਰਟੀਆਂ ਵੱਲੋਂ ਨਵੀਂ ਸੰਵਿਧਾਨ ਸਭਾ ਦੀ ਮੰਗ 'ਤੇ ਜ਼ੋਰ ਨਾ ਦੇਣਾ ਕੁਦਰਤੀ ਹੀ ਸੀ ਕਿਉਂਕਿ ਆਪਣੇ ਜਮਾਤੀ ਕਿਰਦਾਰ ਦੇ ਹਿਸਾਬ ਨਾਲ ਉਹ ਵੀ ਬੋਦੀ, ਫਟੀ-ਪੁਰਾਣੀ, ਬੇਹੱਦ ਸੀਮਤ ਤੇ ਪਾਖੰਡੀ ਬੁਰਜੂਆ ਜਮਹੂਰੀਅਤ ਦੇ ਹਮਾਇਤੀ ਸਨ ਜਿਸ ਦੀ ਨੀਂਹ ਭਾਰਤੀ ਸੰਵਿਧਾਨ ਨੇ ਰੱਖੀ ਸੀ। ਬੁਰਜੂਆ ਜਮਹੂਰੀਅਤ ਨੂੰ ਮੰਨ ਲੈਣ ਪਿਛੋਂ ਕਮਿਊਨਿਸ਼ਟ ਪਾਰਟੀ ਤੋਂ ਵੀ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਜਿਸ ਗਠਜੋੜ ਨੂੰ ਪਹਿਲੀ ਸੰਵਿਧਾਨ ਸਭਾ ਦਾ ਦਰਜਾ ਹਾਸਲ ਹੋਣਾ ਚਾਹੀਦਾ ਸੀ ਉਹੀ ਭਾਰਤ ਦੀ ਸੰਸਦ ਬਣ ਗਿਆ। ਇਸ ਪਿੱਛੋਂ 1964 'ਚ ਹੋਂਦ 'ਚ ਆਈ ਭਾਰਤੀ ਕਮਿਊਨਿਸ਼ਟ ਪਾਰਟੀ (ਮਾਰਕਸਵਾਦੀ) ਨੇ ਵੀ ਨਵੀਂ ਸੰਵਿਧਾਨ ਸਭਾ ਦਾ ਮੁੱਦਾ ਕਦੀ ਨਾ ਉਠਾਇਆ। ਜ਼ਾਹਿਰ ਹੈ ਕਿ ਉਸ ਨੇ ਵੀ ਸੰਸਦਵਾਦ ਦੇ ਚਿੱਕੜ ਵਾਲੇ ਖਾਤੇ 'ਚ ਹੀ ਡੁਬਕੀ ਲਾਉਣੀ ਸੀ। ਪਿਛਲੇ 46 ਸਾਲਾਂ ਦੇ ਇਤਿਹਾਸ ਨੇ ਬਿਨਾਂ ਕਿਸੇ ਸ਼ੱਕ ਦੇ ਇਹ ਗੱਲ ਨੂੰ ਸਾਬਿਤ ਕਰ ਦਿੱਤਾ ਹੈ। ਉਸ ਪਿੱਛੋਂ ਇਕ ਇਨਕਲਾਬੀ ਕਮਿਊਨਸ਼ਟ ਅੰਦੋਲਨ 1960 ਦੇ ਦਹਾਕੇ 'ਚ ਹੋਂਦ 'ਚ ਆਇਆ ਪਰ ਉਸ ਦੇ ਏਜੰਡੇ 'ਤੇ ਵੀ ਇਹ ਸੁਆਲ ਕਦੀ ਨਹੀਂ ਆਇਆ। ਨਵੀਂ ਸੰਵਿਧਾਨ ਸਭਾ ਦਾ ਸੁਆਲ ਹੋਰ ਕਈ ਸੁਆਲਾਂ ਨਾਲ ਜੁੜਿਆ ਹੋਇਆ ਹੈ। ਭਾਰਤੀ ਸੰਵਿਧਾਨ ਅੰਦਰ

ਜਿੰਨੀਆਂ ਧਰਾਵਾਂ ਜਮਹੂਰੀ ਸ਼ਹਿਰੀਆਂ ਅਧਿਕਾਰਾਂ ਦੀ ਗੱਲ ਕਰਦੀਆਂ ਹਨ ਉਸ ਤੋਂ ਵੱਧ ਧਰਾਵਾਂ 'ਐਮਰਜੈਂਸੀ' ਹਾਲਤ 'ਚ ਉਹਨਾਂ ਨੂੰ ਰੱਦ ਕਰਨ ਲਈ ਹਨ। ਜਦੋਂ ਇਹਨਾਂ ਧਾਰਾਵਾਂ ਨਾਲ ਹੀ ਮਨ ਨਹੀਂ ਭਰਦਾ ਤਾਂ ਉਸ 'ਚ ਨਵੀਆਂ ਸੋਧਾਂ ਕਰਨ ਦੀ ਵਿਵਸਥਾ ਵੀ ਸੰਵਿਧਾਨ ਦੇ ਅੰਦਰ ਹੀ ਮੌਜੂਦ ਹੈ। ਇਹੀ ਕਾਰਨ ਹੈ ਕਿ ਪਿਛਲੇ 60 ਸਾਲਾਂ 'ਚ ਇਸ 'ਚ ਕਰੀਬ 90 ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਭਾਰਤੀ ਸੰਵਿਧਾਨ ਖੁਦ ਹਰ ਜਮਹੂਰੀ ਅਧਿਕਾਰ ਨੂੰ ਰੱਦ ਜਾਂ ਮੁਲਵਤੀ ਕਰਨ ਦਾ ਅਧਿਕਾਰ ਰਾਜ ਨੂੰ ਦਿੰਦਾ ਹੈ। ਜਦ ਤੱਕ ਤੁਸੀਂ ਦਲਾਲ ਨੌਕਰ ਸ਼ਾਹ ਸਰਮਾਏਦਾਰੀ ਤੇ ਅਰਧ ਜਾਗੀਰੂ ਪ੍ਰਬੰਧ ਦੇ ਦਾਬੇ ਹੇਠ ਦੱਬ ਕੇ ਰਹਿੰਦੇ ਹੋ, ਤੁਸੀਂ ਇਕ ਆਦਰਸ਼ ਸ਼ਹਿਰੀ ਮੰਨੇ ਜਾਂਦੇ ਹੋ ਜਿਉਂ ਹੀ ਤੁਸੀਂ ਲੁੱਟ-ਘਸੁੱਟ ਤੇ ਤਾਨਾਸ਼ਾਹੀ ਦੇ ਖਿਲਾਫ ਆਵਾਜ਼ ਉਠਾਉਂਦੇ ਹੋ, ਉਦੋਂ ਹੀ ਤੁਸੀਂ ਰਾਜ ਦੇ ਦੁਸ਼ਮਣ ਹੋ ਜਾਂਦੇ ਹੋ ਅਤੇ ਸਟੇਟ (ਰਾਜ) ਆਪਣੇ ਦੁਸ਼ਮਣਾਂ ਦੇ ਨਾਲ ਬੇਕਿਰਕ ਤੇ ਅਤਿਆਚਾਰੀ ਢੰਗਾਂ ਨੂੰ ਕਾਨੂੰਨੀ ਰੂਪ ਦੇਣ ਦਾ ਕੰਮ ਸੰਵਿਧਾਨ ਰਾਹੀਂ ਹੀ ਕਰਦਾ ਹੈ। ਜਦ ਵੀ ਪੂੰਜੀਵਾਦੀ ਲੋਕ ਰਾਜ (ਤਾਨਾਸ਼ਾਹੀ) ਲਈ ਸੰਕਟਮਈ ਹਾਲਾਤ ਪੈਦਾ ਹੁੰਦੀਆਂ ਹਨ ਤਾਂ ਰਾਜਸੱਤਾ ਐਮਰਜੰਸੀ ਨੂੰ ਬਿਨਾ ਪ੍ਰਤੱਖ ਫੌਜੀ ਤਾਨਾਸ਼ਾਹੀ ਕਾਇਮ ਕੀਤੇ ਲਾਗੂ ਕਰ ਦਿੰਦੀ ਹੈ। ਇਹ ਹੈ ਭਾਰਤ ਦਾ ਅਨੋਖਾ ਲੋਕ ਰਾਜ। 1975 'ਚ ਵੀ ਜਦ ਐਮਰਜੈਂਸੀ ਲਾਗੂ ਕੀਤੀ ਗਈ ਸੀ ਤਾਂ ਇੰਦਰਾ ਗਾਂਧੀ ਨੇ ਨਾ ਤਾਂ ਸੱਤਾ ਫੌਜ ਨੂੰ ਸੌਂਪੀ ਸੀ, ਨੜਾ ਹੀ ਜਬਰ ਲਈ ਫੌਜ ਦੀ ਵਰਤੋਂ ਕੀਤੀ ਸੀ। ਅਰਧ ਫੌਜੀ ਫੋਰਸਾਂ ਦੀ ਵਿਸ਼ਾਲ ਜਾਬਰ ਮਸ਼ੀਨਰੀ ਰਾਹੀਂ ਜਬਰ ਤੰਤਰ ਚਲਾਇਆ ਗਿਆ। ਧਿਆਨ ਰਹੇ ਕਿ ਐਮਰਜੈਂਸੀ ਸੰਵਿਧਾਨ ਨੂੰ ਹਟਾ ਕੇ ਨਹੀਂ, ਬਲਕਿ ਉਸੇ ਦੇ ਤਹਿਤ ਸਿਰਫ ਇਕ ਸੋਧ-42ਵੀਂ ਸੰਵਿਧਾਨ ਸੋਧ ਕਰਕੇ ਅਤੇ ਅਜਿਹੀ ਹੀ ਸੋਧ ਦੀ ਸੰਵਿਧਾਨ ਅੰਦਰ ਹੀ ਵਿਵਸਥਾ ਸੀ) ਲਾਗੂ ਕੀਤੀ ਗਈ। ਜ਼ਾਹਿਰ ਹੈ ਕਿ ਸੰਵਿਧਾਨ ਨੇ ਹਾਕਮ ਜਮਾਤਾਂ ਦੀਆਂ ਸਹੂਲਤਾਂ ਦਾ ਪੂਰਾ ਖਿਆਲ ਰੱਖਿਆ ਹੈ। ਗੱਲ ਬਹੁਤ ਸਾਫ਼ ਤੇ ਸਿੱਧੀ-ਸਾਦੀ ਹੈ। ਇਹ ਲੋਕਾਂ ਦੇ ਬੁਨਿਆਦੀ ਜਮਹੂਰੀ ਅਧਿਕਾਰਾਂ ਦੀ ਇਕ ਬੁਨਿਆਦੀ ਮੰਗ ਹੈ ਕਿ ਸਭ ਨੂੰ ਬਰਾਬਰ ਵੋਟ ਦੇ ਅਧਿਕਾਰ ਇਕ ਨਵੀਂ ਸੰਵਿਧਾਨ ਸਭਾ ਦੀ ਮੰਗ ਪੁਰਜ਼ੋਰ ਤਰੀਕੇ ਨਾਲ ਉਠਾਈ ਜਾਵੇ। ਜਿਸਦੇ ਪਲੇਟ ਫਾਰਮ ਤੇ ਲੋਕਾਂ ਨੂੰ ਅਸਲੀ ਜਮਹੂਰੀ ਤੇ ਸ਼ਹਿਰੀ ਅਧਿਕਾਰ ਦੇਣ ਵਾਲੇ ਇਸ ਸੰਵਿਧਾਨ ਦੀ ਉਸਾਰੀ ਲਈ ਸੰਘਰਸ਼ ਚਲਾਇਆ ਜਾ ਸਕੇ। ਜੋ ਬਸਤੀਵਾਦੀ ਵਿਰਾਸਤ ਦੇ ਸਰਾਪ ਤੋਂ ਮੁਕਤ ਹੋਣ। ਇਹੀ ਨਹੀਂ ਇਸ ਮੁੱਦੇ ਨੂੰ ਵੀ ਜ਼ੋਰਦਾਰ ਤਰੀਕੇ ਨਾਲ ਉਠਾਇਆ ਜਾਵੇ। ਚਾਹੀਦਾ ਹੈ ਕਿ ਉਸ ਨਵੀਂ ਸੰਵਿਧਾਨ ਸਭਾ ਨੂੰ ਆਈ. ਪੀ. ਸੀ., ਸੀ ਆਰ ਪੀ ਸੀ, ਜੇਲ੍ਹ ਮੈਨੂਅਲ, ਪੁਲਿਸ ਮੈਨੂਅਲ, ਜਾਇਦਾਦ ਦੇ ਅਧਿਕਾਰ ਕਾਨੂੰਨ, ਸਾਰੇ ਨਾਗਰਿਕ ਕਨੂੰਨਾਂ ਸਮੇਤ ਉਸ ਪੂਰੀ ਕਾਨੂੰਨ ਵਿਵਸਥਾ ਨੂੰ ਮੁੱਢੋਂ ਸੁਢੋਂ ਬਦਲ ਦੇਣਾ ਹੋਵੇਗਾ। ਜੋ ਲੱਗਭਗ ਪੂਰੀ ਤਰ੍ਹਾਂ ਉਹੀ ਹੈ ਜੋ ਅੰਗਰੇਜ਼ਾਂ ਦੀ ਹਕੂਮਤ ਵੇਲੇ ਸੀ। ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿਉਂਕਿ ਸੰਵਿਧਾਨ ਸਾਨੂੰ ਜੋ ਵੀ ਬੇਹੱਦ ਸੀਮਤ ਜਮਹੂਰੀ ਅਧਿਕਾਰ ਤੇ ਸ਼ਹਿਰੀ ਆਜ਼ਾਦੀਆਂ ਦਿੰਦਾ ਹੈ ਉਹ ਕਨੂੰਨੀ ਤਾਣੇ-ਬਾਣੇ ਦੇ ਮਕੜ ਜਾਲ 'ਚ ਉਲਝ ਕੇ ਰਹਿ ਜਾਂਦੇ ਹਨ। ਆਮ ਸ਼ਹਿਰੀ ਨੂੰ ਕੁਝ ਨਹੀਂ ਮਿਲਦਾ। ਰੋਜ਼-

ਰੋਜ਼ ਹੇਠਲੀਆਂ ਅਦਾਲਤਾਂ 'ਚ ਆਮ ਸ਼ਹਿਰੀ 'ਕਨੂੰਨੀ ਹੱਲ' ਲਈ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ, ਬਸਤੀਵਾਦੀ ਕਨੂੰਨਾਂ ਤੇ ਨਿਆਂਇਕ ਢਾਂਚੇ 'ਚ ਪਿਸਦਾ ਰਹਿੰਦਾ ਹੈ। ਜੋ ਸੀਮਤ 'ਸੰਵਿਧਾਨਕ ਰਾਹਤ' ਮੁਹੱਈਆ ਹੈ ਉਹਨਾਂ ਤੱਕ ਖੁਸ਼ਹਾਲ ਖਾਂਦੇ-ਪੀਂਦੇ ਮੱਧ ਵਰਗੀ ਨਾਗਰਿਕਾਂ ਵਿਚੋਂ ਕੁਝ ਹੀ ਪਹੁੰਚ ਸਕਦੇ ਹਨ ਜੋ ਹਾਈ ਕੋਰਟਾਂ ਤੇ ਸੁਪਰੀਮ ਕੋਰਟ ਦੇ ਸੰਵਿਧਾਨ ਬੈਂਚਾਂ ਤੱਕ ਕਿਸੇ ਮੁੱਦੇ ਨੂੰ ਲੈ ਕੇ ਪਹੁੰਚ ਸਕਦੇ ਹਨ। ਤੱਤ ਇਹ ਹੈ ਕਿ ਸੰਵਿਧਾਨ ਅੰਦਰਲੀ ਜਮਹੂਰੀਅਤ 90 ਫੀਸਦੀ ਵਿਖਾਵਾ ਹੈ ਜੋ 10 ਫੀਸਦੀ ਬੁਰਜੂਆ ਜਮਹੂਰੀਅਤ ਛਣ ਕੇ ਬਾਹਰ ਆਉਂਦੀ ਹੈ, ਉਸਦਾ ਵੀ 8 ਫੀਸਦੀ ਭਾਗ ਕਾਨੂੰਨੀ ਵਿਵਸਥਾ 'ਚ ਅਟਕ ਜਾਂਦਾ ਹੈ, ਸਿਰਫ ਦੋ ਫੀਸਦੀ ਹੀ ਆਮ ਲੋਕਾਂ ਤੱਕ ਪਹੁੰਚਦਾ ਹੈ। ਆਮ ਨਾਗਰਿਕ ਲਈ ਜਮਹੂਰੀਅਤ ਦਾ ਮੁੱਖ ਮਕਸਦ ਹਰ ਪੰਜ ਸਾਲ ਬਾਅਦ ਨਾਗਨਾਥ ਜਾਂ ਸੱਪਨਾਥ ਵਿਚੋਂ ਕਿਸੇ ਇਕ ਨੂੰ ਵੋਟ ਪਾਉਣੀ ਹੁੰਦੀ ਹੈ। ਆਮ ਲੋਕਾਂ ਕੋਲ ਜੇ ਕੋਈ ਸ਼ਹਿਰੀ ਤੇ ਜਮਹੂਰੀ ਅਧਿਕਾਰ ਹਨ ਤਾਂ ਉਹ ਸੰਵਿਧਾਨ ਦੀ ਨਹੀਂ ਬਲਕਿ ਲੋਕਾਂ ਦੇ ਸੰਘਰਸ਼ਾਂ ਤੇ ਅੰਦੋਲਨਾਂ ਦੀ ਦੇਣ ਹੈ। ਇਕ ਹੋਰ ਗੱਲ 'ਤੇ ਬਹੁਤ ਹੈਰਾਨੀ ਹੁੰਦੀ ਹੈ। ਇਸ ਦੇਸ਼ ਦੇ ਬਹੁਤ ਖੱਬੇ ਪੱਖੀ ਬੁੱਧੀਜੀਵੀ ਤੇ ਰੈਡੀਕਲ ਵਿਚਾਰ ਰੱਖਣ ਵਾਲੇ ਲੋਕ ਵੀ ਸੰਵਿਧਾਨ ਨਿਰਮਾਤਾ ਬੀ. ਆਰ. ਅੰਬੇਦਕਰ ਦੀ ਵਿਧਵਤਾ 'ਤੇ ਕਾਫੀ ਮੰਤਰਮੁਗਧ ਰਹਿੰਦੇ ਹਨ। ਵਿਦਵਾਨ ਤਾਂ ਉਹ ਜ਼ਰੂਰ ਸਨ ਪਰ ਉਹਨਾਂ ਦੀ ਵਿਧਵਤਾ ਦਾ ਕਿਰਦਾਰ ਕੀ ਸੀ? ਅੰਬੇਦਕਰ ਲਾਜ਼ਮੀ ਹੀ ਇਹ ਸਮਝਣ ਖਾਤਰ ਜਾਣਕਾਰ ਤੇ ਵਿਦਵਾਨ ਸਨ ਕਿ ਇਹ ਸੰਵਿਧਾਨ ਮੁੱਢੋਂ ਹੀ ਗੈਰ ਜਮਹੂਰੀ ਤੇ ਅਤਿਆਚਾਰ ਹੋਣ ਜਾ ਰਿਹਾ ਹੈ। ਅਸਲ 'ਚ ਇਹ ਲੋਕਾਂ ਨੂੰ ਸਾਰੇ ਜਮਹੂਰੀ ਅਧਿਕਾਰ ਨਹੀਂ ਦਿੰਦਾ ਅਤੇ ਜੋ ਦਿੰਦਾ ਹੈ ਉਹ ਵੀ ਖੋਹ ਲੈਣ ਦੀ ਵਿਵਸਥਾ ਆਪਣੇ ਅੰਦਰ ਛੁਪਾ ਕੇ ਰੱਖਦਾ ਹੈ। ਅਜਿਹਾ ਮੰਨਣਾ ਮਾਸੂਮੀਅਤ ਹੋਵੇਗੀ ਕਿ ਅੰਬੇਦਕਰ ਇਸ ਗੱਲ ਨੂੰ ਸਮਝ ਨਾ ਸਕੇ ਹੋਣ ਜਾਂ ਇਸ ਤੋਂ ਅਣਜਾਣ ਰਹੇ ਹੋਣ। ਉਹਨਾਂ ਦੀ ਧਿਰ ਸਾਫ ਸੀ। ਇਹ ਸੰਵਿਧਾਨ ਇਸ ਦੇਸ਼ ਦੇ ਦਲਿਤਾਂ, ਔਰਤਾਂ ਆਦੀਵਾਸੀਆਂ ਤੇ ਲੁੱਟੀਆਂ ਜਾਂਦੀਆਂ ਕੌਮਾਂ ਨੂੰ ਵੀ ਸਿਰਫ ਨਾਮਾਤਰ ਦੇ ਅਧਿਕਾਰ ਹੀ ਦਿੰਦਾ ਹੈ ਅਤੇ ਜੇ ਕਾਰਜਕਰਨੀ ਇਹਨਾਂ ਦਾ ਸਨਮਾਨ ਨਾ ਕਰੇ ਤਾਂ ਕਿਸੇ ਦੀ ਸਿਹਤ 'ਤੇ ਕੋਈ ਅਸਰ ਨਹੀਂ ਪੈਂਦਾ ਹੈ। ਅਜਿਹੇ 'ਚ ਕੋਈ ਵੀ ਲੋਕ ਪੱਖੀ ਬੁੱਧੀਜੀਵੀ ਸੰਵਿਧਾਨ ਉਸਾਰੀ 'ਚ ਅੰਬੇਦਕਰ ਦੀ ਭੂਮਿਕਾ ਦਾ ਅਜਿਹੇ ਗੈਰ-ਅਲੋਚਨਾਤਕ ਮੁਲਅੰਕਣ ਕਰ ਸਕਦਾ ਹੈ, ਇਹ ਵਾਕਿਆ ਹੀ ਹੈਰਾਨੀ ਪੈਦਾ ਕਰਦਾ ਹੈ। ਇਹਨਾਂ ਸਾਰੇ ਕਾਰਕਾਂ ਦੇ ਮੱਧੇ ਨਜ਼ਰ ਸੰਵਿਧਾਨ ਦੇ 60 ਸਾਲ ਪੂਰੇ ਹੋਣ 'ਤੇ ਭਾਰਤ ਦੀ ਦਲਾਲ ਨੌਕਰ ਸ਼ਾਹ ਸਰਮਾਏਦਾਰੀ, ਜਾਗੀਰਦਾਰੀ, ਉੱਚ ਮੱਧ ਵਰਗ ਦੀ ਖੁਸ਼ੀ ਤਾਂ ਸਮਝ 'ਚ ਆਉਂਦੀ ਹੈ ਪਰ ਆਮ ਘਰਾਂ ਦੇ ਪੁੱਤ-ਧੀਆਂ ਕਿਸ ਗੱਲ ਦਾ ਜਸ਼ਨ ਮਨਾਉਣ? ਇਸ ਦੇਸ਼ ਦਾ ਤਬਾਹ ਬਰਬਾਦ ਮਿਹਨਤਕਸ਼ ਕਿਸ ਗੱਲ ਦੀ ਖੁਸ਼ੀ ਮਨਾਵੇ? ਇਸ ਦੇਸ਼ ਦੀਆਂ ਔਰਤਾਂ, ਦਲਿਤ, ਆਦੀਵਾਸੀ ਤੇ ਦੱਬੀਆਂ ਕੁਚਲੀਆਂ ਕੌਮਾਂ ਕਿਸ ਗੱਲ ਦਾ ਜਸ਼ਨ ਮਨਾਉਣ? ਇਹ ਜਿਹਨਾਂ ਦਾ ਸੰਵਿਧਾਨ ਹੈ ਉਹ ਜਸ਼ਨ ਮਨਾ ਰਹੇ ਹਨ। ਕਸ਼ਮੀਰ ਤੋਂ ਲੈ ਕੇ ਉੱਤਰ ਪੂਰਬ ਦੇ ਰਾਜਾਂ ਵਿਚ ਲੋਕਾਂ ਨਾਲ ਪੁਲਸ ਤੇ ਹਥਿਆਰਬੰਦ ਫੋਰਸਾਂ ਜੋ ਮੰਦਾ ਸਲੂਕ ਕਰ ਰਹੀਆਂ ਹਨ ਉਸ ਦੀ ਵਿਵਸਥਾ

ਸੰਵਿਧਾਨ ਅੰਦਰ ਹੀ ਮੌਜੂਦ ਹੈ। ਦੇਸ਼ ਦੀ ਅਖੰਡਤਾ ਤੇ ਰਾਖੀ ਦੇ ਨਾਂ 'ਤੇ ਦੇਸ਼ ਦੀ ਜਨਤਾ ਨੂੰ ਹੀ ਮਾਰਿਆ ਜਾ ਰਿਹਾ ਹੈ, ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ ਉਹਨਾਂ 'ਤੇ ਬੇਕਿਰਕ ਜਬਰ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਸੰਵਿਧਾਨ 'ਚ ਦੇਸ਼ ਦੀ ਅਖੰਡਤਾ ਦਾ ਅਰਥ ਹੈ ਦੇਸ਼ ਦੇ ਮੁਨਾਫਾਖੋਰਾਂ ਦੀ ਮੁਨਾਫੇ ਦੀ ਮਸ਼ੀਨਰੀ ਦੀ ਆਖੰਡਤਾ ਅਤੇ ਦੇਸ਼ ਦੀ ਸੁਰੱਖਿਅਤਾ ਦਾ ਅਰਥ ਹੈ ਦੇਸ਼ ਦੇ ਸਰਮਾਏਦਾਰਾਂ ਤੇ ਉਨ੍ਹਾਂ ਦੀ ਵਿਵਸਥਾ ਦੀ ਇਸ ਦੇਸ਼ ਦੀ ਤਬਾਹ-ਬਰਬਾਦ ਜਨਤਾ ਦੀ ਨਫਰਤ ਤੋਂ ਰਾਖੀ। ਸਾਡਾ ਸੱਚਾ ਸੰਵਿਧਾਨ ਇਹ ਹੋਵੇਗਾ ਕਿ ਇਸ ਦੇਸ਼ ਦੀ ਬਹੁਗਿਣਤੀ ਮਿਹਨਤਕਸ ਆਬਾਦੀ ਨੂੰ ਜੀਵਨ, ਰੁਜ਼ਗਾਰ, ਰੋਟੀ-ਰੋਜ਼ੀ ਤੇ ਬੁਨਿਆਦੀ ਜ਼ਰੂਰਤਾਂ ਦੀ ਰਾਖੀ ਕਰੇ।

# ਕਾਰੋਬਾਰੀ ਤਣਾਅ ਘੱਟ ਕਿਵੇਂ ਕਰੀਏ?

ਅੱਜਕਲ ਹਰ ਬੰਦਾ ਤਣਾਅ 'ਚ ਰਹਿਣ ਲਈ ਮਜ਼ਬੂਰ ਹੈ। ਇਹ ਵੀ ਕਹਿ ਸਕਦੇ ਹਾਂ ਕਿ ਹੁਣ ਤਣਾਅ ਸਾਡੇ ਰੋਜ਼ਮਰਾ ਦੇ ਜੀਵਨ ਦਾ ਹਿੱਸਾ ਬਣ ਗਿਆ ਹੈ। ਅਧੁਨਿਕ ਮਨੁੱਖ ਆਪਣੀ ਹੁਣ ਤੱਕ ਦੀ ਉਨਤੀ ਦੇ ਬਾਵਜੂਦ, ਤਣਾਅ 'ਤੇ ਸਹੀ ਕੰਟਰੋਲ ਨਹੀਂ ਕਰ ਸਕਿਆ ਹੈ। ਤਣਾਅਪੂਰਨ ਹਾਲਤਾਂ ਦਾ ਮੁਕਾਬਲਾ ਕਰਨ ਦਾ ਢੰਗ ਹਰ ਬੰਦੇ ਦਾ ਵੱਖ-ਵੱਖ ਹੁੰਦਾ ਹੈ। ਕੁਝ ਲੋਕ ਸਾਧਾਰਨ ਜਿਹੀ ਘਟਨਾ 'ਤੇ ਵੀ ਵਧ ਤਣਾਅ ਗ੍ਰਸ਼ਤ ਹੋ ਜਾਂਦੇ ਹਨ ਅਤੇ ਹਾਰ ਮੰਨ ਕੇ ਟੁੱਟ ਜਾਂਦੇ ਹਨ। ਜਦ ਕਿ ਕਈ ਬੰਦੇ ਵੱਡੀ ਘਟਨਾ 'ਤੇ ਵੀ ਹਿੰਮਤ ਅਤੇ ਦਲੇਰੀ ਨਾਲ ਮੁਕਾਬਲਾ ਕਰਦੇ ਹਨ ਕਿਉਂਕਿ ਦਿਨ ਦਾ ਬਹੁਤਾ ਭਾਗ ਕੰਮਕਾਰ ਵਾਲੀ ਥਾਂ 'ਤੇ ਹੀ ਲੰਘਦਾ ਹੈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਕ ਤਣਾਅਰਹਿਤ ਮਾਹੌਲ 'ਚ ਕੰਮ ਕਰੀਏ। ਇਹ ਸਮਝਣ ਦੀ ਗੱਲ ਹੈ ਕਿ ਕੰਮ ਸਬੰਧੀ ਤਣਾਅ ਸਾਡੀ ਸਮਰੱਥਾ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ ਇਸ ਦਾ ਅਸਰ ਸਾਡੇ ਆਤਮ-ਸਨਮਾਨ 'ਤੇ ਵੀ ਪੈਂਦਾ ਹੈ। ਵੱਧ ਕੰਮ, ਕੰਮ ਦਾ ਅਸਰਾ, ਪ੍ਰਤੀ ਰੋਧੀ ਉਮੀਦਾਂ, ਅਸਥਿਰਤਾ, ਸਮਰੱਥਾ ਦੀ ਪੂਰੀ ਵਰਤੋਂ ਨਾ ਕਰ ਸਕਣਾ, ਬੌਸ ਦਾ ਪ੍ਰਤੀਕੂਲ ਵਿਹਾਰ, ਕੰਮ 'ਚ ਨਵਾਂਪਣ, ਰੋਚਿਕਤਾ ਦੀ ਘਾਟ ਆਦਿ ਕਾਰੋਬਾਰੀ ਤਣਾਅ ਦੇ ਕਾਰਨ ਹੋ ਸਕਦੇ ਹਨ। ਤਣਾਅ ਜਿਥੇ ਬੰਦੇ ਦੀ ਮਨੋਦਿਸ਼ਾ 'ਤੇ ਨਿਰਭਰ ਕਰਦਾ ਹੈ, ਉਥੇ ਬਾਹਰੀ ਹਾਲਤਾਂ ਤੇ ਵਿਅਕਤੀ ਦੀ ਉਹਨਾਂ ਨਾਲ ਨਿਬੜਣ ਦੀ ਯੋਗਤਾ ਨਾਲ ਵੀ ਉਸ ਦਾ ਸਬੰਧ ਹੁੰਦਾ ਹੈ। ਇਸ ਤਰ੍ਹਾਂ ਕਾਰੋਬਾਰ ਦਾ ਤਣਾਅ ਵਿਅਕਤੀ ਵਿਸ਼ੇਸ਼ ਉਸ ਦੇ ਕਾਰਜ ਸਥਾਨ ਅਤੇ ਵਾਤਾਵਰਣ 'ਤੇ ਨਿਰਭਰ ਕਰਦਾ ਹੈ। ਜੇ ਵਿਅਕਤੀ ਵਿਸ਼ੇਸ਼ ਦੀਆਂ ਹਾਲਤਾਂ ਨਾਲ ਨਿਪਟਣ ਦੀ ਸ਼ਕਤੀ ਹੱਦ ਪਾਰ ਕਰ ਜਾਵੇ ਤਾਂ ਮਾਨਸਿਕ ਤੌਰ 'ਤੇ ਟੁੱਟ ਜਾਣ ਦਾ ਡਰ ਵਧ ਜਾਂਦਾ ਹੈ। ਕਾਰੋਬਾਰ ਦਾ ਤਣਾਅ ਆਰਥਕ ਹਾਨੀ ਦਾ ਮੁੱਖ ਕਾਰਨ ਬਣ ਸਕਦਾ ਹੈ ਜਿਸ ਕਰਕੇ ਉਤਪਾਦਨ ਸ਼ਕਤੀ 'ਚ ਕਮੀ ਹੋਣ ਦੇ ਨਾਲ-ਨਾਲ ਉਸ ਦੀ ਮਨੋਦਿਸ਼ਾ 'ਤੇ ਵੀ ਭਰਵਾਂ ਅਸਰ ਪੈਂਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਤੁਸੀਂ ਆਪਣੇ ਤਣਾਅ ਦੇ ਲੱਛਣਾਂ ਦੀ ਪਹਿਚਾਣ ਕਿਵੇਂ ਕਰੋ। ਤਾਂ ਕਿ ਤਣਾਅ ਦੂਰ ਕਰਨ ਦਾ ਪ੍ਰੋਗਰਾਮ ਬਣਾਇਆ ਜਾ ਸਕੇ। ਹੇਠਾਂ ਕੁਝ ਆਮ ਲੱਛਣਾਂ ਦੀ ਸੂਚੀ ਦਿੱਤੀ ਜਾ ਰਹੀ ਹੈ ਜਿਸ ਦੀ ਪੜਤਾਲ ਤੁਸੀਂ ਆਪਣੇ ਆਪ 'ਤੇ ਕਰ ਸਮਕਦੇ ਹੋ :-

(1) ਸਰੀਰਕ ਜਾਂ ਮਾਨਸਿਕ ਥਕਾਵਟ ਬਣੀ ਰਹਿਣਾ (2) ਉਤਸ਼ਾਹ 'ਚ ਕਮੀ (3) ਨੀਂਦ 'ਚ ਕੰਮ (4) ਕੰਮ 'ਚ ਘੱਟ ਰੁਚੀ (5)ਚਿੜਚਿੜਾਪਨ ਜਾਂ ਮੂਡੀ ਹੋਣਾ (6) ਲੋਕਾਂ ਤੋਂ ਦੂਰ ਰਹਿਣਾ (7) ਕੰਮਕਾਰ ਬਾਰੇ ਨਕਾਰਤਮਕ ਵਿਚਾਰ (8) ਫੈਸਲਾ ਲੈਣ 'ਚ ਕਠਨਾਈ ਹੋਣਾ (9) ਕੰਮ ਨਾ ਕਰ ਸਕਣਾ (10) ਸਹਿ-ਕਰਮੀਆਂ ਜਾਂ ਬੌਸ ਨਾਲ ਗੱਲ ਨਾ ਕਰ ਸਕਣਾ (11) ਭੁਲੱਕੜ ਹੋ ਜਾਣਾ (12) ਇਕਾਗਰਤਾ ਦੀ ਘਾਟ (13) ਅਸੰਤੋਸ਼ ਪੈਦਾ ਹੋਣਾ (14) ਤਣਾਅ ਦੇ ਕਾਰਨ

ਵੱਧ ਸ਼ਰਾਬ ਪੀਣਾ ਜਾਂ ਸਿਗਰਟਨੋਸ਼ੀ।

**ਤਣਾਅ ਪੈਦਾ ਕਰਨ ਵਾਲੀ ਹਾਲਤ ਨੂੰ ਪਹਿਚਾਣੋ** - ਕਿਸੇ ਕੰਮ ਦੇ ਅਜਿਹੇ ਪਹਿਲੂ ਵੀ ਹੋ ਸਕਦੇ ਹਨ ਜਿਸ ਨੂੰ ਤੁਸੀਂ ਪਸੰਦ ਨਹੀਂ ਕਰਦੇ ਅਤੇ ਇਸ ਲਈ ਆਪ ਦੇ ਤਣਾਅ ਦਾ ਕਾਰਨ ਬਣਦੇ ਹਨ। ਮਿਸਾਲ ਵਜੋਂ ਕੰਟਰੋਲ ਦੀ ਘਾਟ (1) ਬਦਲ ਨਾ ਹੋਣ ਕਰਕੇ ਘੁਟਣ ਮਹਿਸੂਸ ਹੋਣਾ (2) ਮਨੋਨਕੂਲ ਕਰਨ ਲਈ ਕੁਝ ਨਾ ਕਰ ਸਕਣ ਦੀ ਮਜ਼ਬੂਰੀ। (3) ਬਾਹਰੀ ਦਖਲ ਅੰਦਾਜ਼ੀ (4) ਦਿੱਤੇ ਗਏ ਕੰਮਾਂ ਨੂੰ ਨਿਪਟਾ ਨਾ ਸਕਣਾ (5) ਕੁਝ ਖਾਸ ਕਿਸਮ ਦੇ ਕੰਮਾਂ ਹਿੱਤ ਸਾਧਨ ਦੀ ਘਾਟ।

ਸੂਚਨਾ ਦੀ ਕਮੀ (1) ਕੰਮ ਨਾਲ ਜੁੜੀ ਜਾਣਕਾਰੀ ਨਾ ਹੋਣਾ (2) ਮਾਰਗ ਦਰਸ਼ਨ ਦੀ ਘਾਟ,।

ਮਤਭੇਦ (1) ਬੌਸ ਜਾਂ ਸਹਿਕਰਮੀਆਂ ਨਾਲ ਮਤਭੇਦ। (2) ਆਪਸ ਵਿਰੋਧੀ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਮਜ਼ਬੂਰੀ। (ਕੰਮ ਦੀ ਸ਼ਰਤ ਹਿਤ ਜ਼ਰੂਰਤਾਂ ਦੀ ਘਾਟ।

ਮੁਲਅੰਕਣ ਦੀ ਘਾਟ (1) ਤੁਹਾਨੂੰ ਇਹ ਪਤਾ ਨਹੀਂ ਕਿ ਤੁਸੀਂ ਜੋ ਕੰਮ ਕਰ ਰਹੇ ਹੋ ਉਹ ਠੀਕ ਹੈ ਜਾਂ ਗਲਤ। (2) ਤੁਹਾਨੂੰ ਪਤਾ ਨਹੀਂ ਲੱਗਦਾ ਕਿ ਤੁਹਾਡੇ ਕੰਮ ਬਾਰੇ ਬੌਸ ਕੀ ਸੋਚਦੈ। (3) ਆਪ ਦੇ ਕੰਮ ਅਤੇ ਆਪ ਦੇ ਪ੍ਰਤੀ ਅਪਣਾਏ ਜਾਣ ਵਾਲੇ ਰਵੱਈਏ 'ਚ ਕੋਈ ਤਾਲਮੇਲ ਨਾ ਹੋਣਾ।

ਇਸ ਤੋਂ ਇਲਾਵਾ - ਤਰੱਕੀ 'ਚ ਰੁਕਾਵਟ, ਕੰਮ ਨਾ ਵੱਧ ਬੋਝ, ਕੰਮ ਦੀ ਘਾਟ। ਉਕਾਊ ਵਾਤਾਵਰਣ, ਸਹਿਕਰਮੀਆਂ ਜਾਂ ਬੌਸ ਨਾਲ ਮਤਭੇਦ ਇਹਨਾਂ ਸਾਰਿਆਂ ਬਿੰਦੂਆਂ 'ਤੇ ਧਿਆਨ ਦੇਣ ਨਾਲ ਤੁਹਾਨੂੰ ਤਣਾਅ ਦੇ ਕਾਰਨ ਮਿਲਦੇ ਜਾਣਗੇ। ਉਹਨਾਂ ਨੂੰ ਪਹਿਚਾਣੋ ਤੇ ਦੂਰ ਕਰਨ ਦਾ ਉਪਾਅ ਤਲਾਸ਼ੋ।

ਤਣਾਅ ਦੂਰ ਕਰਨ ਦੇ ਉਪਾਅ - (1) ਤਣਾਅ ਦਾ ਮੁਕਾਬਲਾ ਕਰਦੇ ਸਮੇਂ ਬਦਲਾਅ ਦੇ ਟੀਚੇ ਨਿਰਧਾਰਿਤ ਕਰੋ।

ਵੱਖ-ਵੱਖ ਤਰ੍ਹਾਂ ਦੇ ਤਣਾਵਾਂ ਦਾ ਮੁਕਾਬਲਾ ਕਰਨ ਦੇ ਆਪਣੇ ਤਰੀਕਿਆਂ ਨੂੰ ਇਕ ਵਾਰੀ ਪਹਿਚਾਣ ਲੈਣ ਪਿਛੋਂ ਤੁਸੀਂ ਨਵੇਂ ਤਰੀਕੇ ਸੋਚ ਸਕਦੇ ਹੋ ਅਤੇ ਤਣਾਅ ਉਪਰ ਬੇਹਤਰ ਢੰਗ ਨਾਲ ਕਾਬੂ ਰੱਖ ਸਕਦੇ ਹੋ।

ਬਦਲਾਅ ਤਿੰਨ ਉਪਾਵਾਂ ਨਾਲ ਕੀਤਾ ਜਾ ਸਕਦਾ ਹੈ (1) ਬਾਹਰੀ ਤਣਾਅ ਦੇ ਸਰੋਤ ਨੂੰ ਬਦਲ ਦਿਉ ਯਾਨੀ-ਨੌਕਰੀ ਛੱਡ ਦਿਉ। ਸ਼ਾਂਤ ਥਾਂ 'ਤੇ ਕੰਮ ਕਰੋ। ਬੌਸ ਨਾਲ ਕੰਮ ਕਰਦੇ ਸਮੇਂ ਆਪਣੇ ਵਿਚਾਰ ਬਿਨ੍ਹਾਂ ਹਿਚਕਚਾਹਟ ਜ਼ਾਹਰ ਕਰੋ। ਸਮੇਂ ਦੀ ਸਹੀ ਢੰਗ ਨਾਲ ਵਰਤੋਂ ਕਰੋ।

(2) ਆਪਣੇ ਰਵੱਈਏ ਨੂੰ ਬਦਲ ਦਿਉ ਯਾਨੀ-ਆਪਣੇ ਕੰਮ ਪ੍ਰਤੀ ਨਜ਼ਰੀਆ ਬਦਲ ਦਿਉ, ਘਰ ਆਉਣ ਪਿਛੋਂ ਕੰਮ ਬਾਰੇ ਨਾ ਸੋਚੋ। ਹਰ ਗਲਤੀ ਲਈ ਖੁਦ ਨੂੰ ਦੋਸ਼ੀ ਨਾ ਮੰਨੋ।

(3) ਰੋਜ਼ਾਨਾ ਦੇ ਕੰਮਾਂ 'ਚ ਤਬਦੀਲੀ ਕਰੋ-ਘੁਮਣ ਜਾਓ, ਕਸਰਤ ਕਰੋ, ਮੂਡ ਠੀਕ ਰੱਖਣ ਦੇ ਉਪਾਅ ਕਰੋ। ਲੋੜੀਂਦੀ ਨੀਂਦ ਲਓ, ਪੌਸ਼ਟਿਕ ਭੋਜਨ ਕਰੋ, ਟੈਲੀਵਿਜ਼ਨ 'ਤੇ ਮੰਨੋਰਜ਼ਨ ਦੇ ਪ੍ਰੋਗਰਾਮ ਵੇਖੋ।

**ਧਿਆਨ ਦਿਉ** - ਤਣਾਅ ਦੇ ਘੱਟ ਕਰਨ ਲਈ ਖੁਦ ਨੂੰ ਉਤਸ਼ਾਹਿਤ ਕਰੋ। ਨਾਕਾਰਤਮਕ ਸੋਚ ਬਦਲੋ ਤੇ ਸਕਾਰਤਮਕ ਸੋਚ ਅਪਣਾਓ, ਕੰਮ ਵਾਲੀ ਥਾਂ 'ਤੇ ਆਪਣੇ ਸਬੰਧ ਸੁਧਾਰੋ। ਸਮਝੌਤੇ ਦੀ ਕਲਾ ਸਿੱਖੋ ਅਤੇ ਅੰਤ ਵਿਚ ਜੇ ਤਣਾਅ ਹੱਦ ਤੋਂ ਜ਼ਿਆਦਾ ਵਧ ਜਾਵੇ ਤਾਂ ਮਾਨਸਕ ਹਾਲਤ ਵਿਗੜਦੀ ਹੀ ਜਾਵੇ ਤਦ ਉਸ ਕੰਮ ਨੂੰ ਛੱਡਣਾ ਹੀ ਬੇਹਤਰ ਹੈ, ਪਰ ਇਸ ਅੰਤਮ ਨਿਰਣੇ ਨੂੰ ਲਾਗੂ ਕਰਨ ਤੋਂ ਪਹਿਲਾਂ ਇਕ ਵਾਰੀ ਫਿਰ ਸੋਚੋ ਅਤੇ ਫੈਸਲਾ ਲਓ। ਕਿ ਅਜਿਹੀ ਮੁਸ਼ਕਲ ਹਾਲਤ 'ਚ ਕੰਮ ਕਰਦੇ ਰਹਿਣਾ ਬੇਹੱਦ ਜ਼ਰੂਰੀ ਹੈ। ਹੋ ਸਕਦਾ ਹੈ ਕਿ ਏਨੇ ਸਾਲ ਕੰਮ ਕਰਦੇ ਰਹਿਣ ਪਿੱਛੋਂ ਤੁਹਾਨੂੰ ਇਕਦਮ ਨੌਕਰੀ ਛੱਡਣਾ ਮੁਸ਼ਕਲ ਲੱਗੇ। ਪਰ ਆਪਣੀਆਂ ਇਹਨਾਂ ਉਮੀਦਾਂ ਤੇ ਡਰ ਦੀ ਸੂਚੀ ਬਣਾ ਲਓ ਤੇ ਫਿਰ ਇਕ-ਇਕ ਕਰਕੇ ਉਹਨਾਂ ਨੂੰ ਪਰਖਦੇ ਜਾਓ। ਉਦਾਹਰਣ ਵਜੋਂ ਜੇ ਮੰਨ 'ਚ ਸ਼ੱਕ ਉਠਦਾ ਹੈ ਕਿ 'ਹੁਣ ਤਾਂ ਕਾਫੀ ਉਮਰ ਹੋ ਗਈ ਹੈ, ਹੁਣ ਨਵੇਂ ਸਿਰੇ ਤੋਂ ਕੀ ਕੀਤਾ ਜਾ ਸਕਦਾ ਹੈ। ਤਾਂ ਉਸਦੇ ਉਲਟ ਤੁਹਾਡੇ ਮਨ 'ਚ ਇਹ ਪ੍ਰਤੀਕ੍ਰਿਆ ਹੋਣੀ ਚਾਹੀਦੀ ਹੈ ਕਿ' ਮੈਂ ਆਪਣੀ ਹੀ ਉਮਰ ਦੇ ਅਜਿਹੇ ਬੰਦੇ ਨਾਲ ਗੱਲ ਬਾਤ ਕਰੂੰਗਾ ਜਿਸ ਨੇ ਹੁਣੇ ਕੰਮ ਕਰਨਾ ਸ਼ੁਰੂ ਕੀਤਾ ਹੋਵੇ।' ਜੇ ਤੁਹਾਨੂੰ ਇਹ ਡਰ ਲੱਗਦਾ ਹੈ ਕਿ 'ਪਤਾ ਨਹੀਂ ਹੁਣ ਮੈਂ ਇੰਟਰਵਿਊ ਜਾਂ ਟੈਸਟ ਦੇ ਸਕੂੰਗਾ ਕਿ ਨਹੀਂ ਤਾਂ ਤੁਹਾਡੀ ਇਹ ਪ੍ਰਤੀ ਕ੍ਰਿਆ ਹੋਣੀ ਚਾਹੀਦੀ ਹੈ। "ਮੈਂ ਆਪਣੀ ਸਮਰੱਥਾ ਸੁਧਾਰਨ ਲਈ ਵਿਸ਼ੇਸ਼ ਤਿਆਰੀ ਕਰੂੰਗਾ।" ਜ਼ਰੂਰੀ ਇਹ ਹੈ ਕਿ ਆਪ ਧਿਆਨ ਪੂਰਵਕ ਉਹਨਾਂ ਸਾਰੇ ਵਿਕਲਪਾਂ 'ਤੇ ਗੌਰ ਕਰੋ ਜੋ ਤੁਹਾਡੇ ਸਾਹਮਣੇ ਉਪਲੱਭਦ ਹਨ। ਜੇ ਜ਼ਰੂਰੀ ਹੋਵੇ ਤਾਂ ਨਵੀਂ ਥਾਂ 'ਤੇ ਕੰਮ ਸ਼ੁਰੂ ਕਰਨ ਲਈ ਖੁਦ ਨੂੰ ਤਿਆਰ ਰਖੋ। ਪਰ ਜੇ ਆਪ ਉਸੇ ਥਾਂ 'ਤੇ ਕੰਮ ਕਰਦੇ ਰਹਿਣਾ ਚਾਹੁੰਦੇ ਹੋ ਤਾਂ ਪੱਕਾ ਨਿਸ਼ਚਾ ਕਰਕੇ ਇਕ ਸਮਾਰਤਮਕ ਤੇ ਆਸ਼ਾਵਾਦੀ ਸੋਚ ਦੇ ਨਾਲ ਨਵੀਂ ਸ਼ੁਰੂਆਤ ਕਰੋ। ਯਾਦ ਰੱਖੋ, ਜੇ ਤੁਸੀਂ ਖੁਦ ਤਿਆਰ ਹੋ ਤਾਂ ਦੌੜਨ ਲਈ, ਕਦੀ ਵੀ ਦੇਰ ਨਹੀਂ ਹੁੰਦੀ।

**ਕੰਮ ਦੀ ਥਾਂ 'ਤੇ ਤਣਾਅ ਘੱਟ ਕਰਨ ਲਈ ਉਪਾਅ** - ਇਥੇ ਤਣਾਅ ਘੱਟ ਕਰਨ ਦੇ ਕੁਝ ਸੁਝਾਅ ਦਿੱਤੇ ਜਾ ਰਹੇ ਹਨ ਜੋ ਵਿਅਕਤੀ, ਸੰਸਥਾ ਜਾਂ ਸਮਾਜ ਸਭ ਲਈ ਲਾਭਦਇਕ ਹਨ।

**ਵਿਅਕਤੀ** - ਆਪਣੇ ਪ੍ਰਤੀ ਆਪਣੀ ਕਾਰਜ ਸਮਰੱਥਾ ਤੇ ਕੰਮ ਪ੍ਰਤੀ ਅਸਲੀ ਨਜ਼ਰੀਆ ਅਪਣਾਓ।

ਕੰਮ ਦੀ ਲੋੜ ਦੇ ਹਿਸਾਬ ਨਾਲ ਜ਼ਰੂਰੀ ਵਿਹਾਰ ਤੇ ਗੁਣਾਂ ਨੂੰ ਸਿੱਖੋ ਤਾਂ ਕਿ ਆਪ ਠੀਕ ਢੰਗ ਨਾਲ ਕੰਮ ਕਰ ਸਕੋ।

ਆਪਣੇ ਸਹਿਕਰਮੀਆਂ, ਪ੍ਰੀਵਾਰ ਤੇ ਦੋਸਤਾਂ ਦੇ ਨਾਲ ਸਦਭਾਵਨਾ ਪੂਰਣ ਸਬੰਧਾਂ ਦਾ ਵਿਕਾਸ ਕਰੋ। ਲੋੜੀਂਦੀ ਨੀਂਦ, ਪੌਸ਼ਟਿਕ ਭੋਜਨ, ਤੇ ਸਹੀ ਕਸਰਤ ਰਾਹੀਂ ਖੁਦ ਨੂੰ ਪੂਰੀ ਤਰ੍ਹਾਂ ਸਿਹਤਮੰਦ ਰੱਖੋ। ਰਿਲੈਕਸ ਕਰਨਾ ਸਿੱਖੋ। ਆਪਣੇ ਸਮੇਂ ਦੀ ਠੀਕ ਵਰਤੋਂ, ਮਨੋਰੰਜਨ ਤੇ ਸਕਾਰਤਮਕ ਕੰਮਾਂ 'ਚ ਕਰੋ।

**ਸੰਸਥਾ** - ਬੇਲੋੜੇ ਤਣਾਅ ਨੂੰ ਘੱਟ ਕਰਨ ਲਈ ਜੇ ਜ਼ਰੂਰੀ ਹੈ ਤਾਂ ਕੰਮ ਨੂੰ ਨਵਾਂ ਰੂਪ ਦਿਉ।

# ਭਾਰਤੀ ਰਾਜ ਦਾ ਕਰੂਰ ਚਿਹਰਾ

ਭਾਰਤੀ ਰਾਜ ਦਾ ਅਤਿਆਚਾਰੀ ਤੰਤਰ ਆਪਣਾ ਜਾਲ ਫੈਲਾਉਂਦਾ ਜਾ ਰਿਹਾ ਹੈ। ਭਾਰਤ ਦੇ ਹਰੇਕ ਸੂਬੇ ਹਰੇਕ ਜ਼ਿਲ੍ਹੇ ਵਿਚ "ਇਨਕਾਊਂਟਲ ਸਪੈਸ਼ਲਿਸਟ" ਵਧਦੇ ਜਾ ਰਹੇ ਹਲ। ਭਾਰਤੀ ਰਾਜ ਦੀ ਸ਼ਹਿ ਪਾ ਕੇ ਪੁਲਸ ਅਧਿਕਾਰੀ ਅਤਿਆਚਾਰੀ ਹੁੰਦੇ ਜਾ ਰਹੇ ਹਨ। ਉਹ ਅਦਾਲਤੀ ਕਾਰਵਾਈਆਂ ਨੂੰ ਫਜ਼ੂਲ ਸਮਝਦੇ ਹਨ। ਉਹ ਖੁਦ ਹੀ 'ਫੌਰਨ ਨਿਆਂ' ਕਰ ਦਿੰਦੇ ਹਨ। ਭਾਰਤੀ ਰਾਜ ਦੀ ਬੇਰਹਿਮੀ ਦੀ ਇਕ ਮਿਸਾਲ ਆਦਿਲਾਬਾਦ ਦੀ ਅਖੌਤੀ ਮੁਠਭੇੜ 'ਚ ਸਾਹਮਣੇ ਆਈ ਹੈ। ਇਸ ਫਰਜ਼ੀ ਪੁਲਿਸ ਮੁਕਾਬਲੇ 'ਚ ਸੀ. ਪੀ. ਆਈ. (ਮਾਓਵਾਦੀ) ਦੇ ਚੋਟੀ ਦੇ ਨੇਤਾ ਆਜ਼ਾਦ ਤੇ ਉਤਰਾਖੰਡ ਦੇ ਪੱਤ੍ਰਕਾਰ ਹੇਮ ਪਾਂਡੇ ਦੀ ਬੇਰਹਿਮੀ ਹੱਤਿਆ ਕਰ ਦਿੱਤੀ ਗਈ।

ਉਹਨਾਂ ਨੂੰ ਨਾਗਪੁਰ ਤੋਂ ਚੁੱਕਿਆ ਗਿਆ ਅਤੇ ਆਦਿਲਾਬਾਦ ਦੇ ਜੰਗਲਾਂ ਵਿਚ ਫਰਜ਼ੀ ਪੁਲਸ ਮੁਕਾਬਲਾ ਬਣਾ ਦਿੱਤਾ ਗਿਆ। ਇਥੇ ਸੁਆਲ ਮਾਓਵਾਦੀ, ਗੈਰ ਮਾਓਵਾਦੀ ਦਾ ਨਹੀਂ ਹੈ, ਇਥੇ ਸੁਆਲ ਇਹ ਹੈ ਕਿ ਕਿਸੇ ਬੰਦੇ ਦਾ ਕਤਲ ਭਾਰਤੀ ਸਟੇਟ ਵਲੋਂ ਬੇਰਹਿਮੀ ਨਾਲ ਕਰ ਦਿੱਤਾ ਜਾਂਦਾ ਹੈ ਕਿਉਂਕਿ ਭਾਰਤੀ ਰਾਜ ਕਾਨੂੰਨ ਪ੍ਰਣਾਲੀ ਦਾ ਅਮਨ ਨਹੀਂ ਅਪਣਾਉਂਦਾ ਹੈ। ਜਦ ਕਿ ਭਾਰਤੀ ਰਾਜ ਨੇ ਆਪਣੇ ਆਪ ਨੂੰ ਇਕ ਤੋਂ ਵਧਕੇ ਇਕ ਕਾਲੇ ਕਾਨੂੰਨਾਂ ਨਾਲ ਲੈਸ ਕੀਤਾ ਹੋਇਆ ਹੈ। ਕੁਝ ਕਾਨੂੰਨ ਤਾਂ ਅਜਿਹੇ ਹਨ ਜੋ ਸਿਰਫ ਭਾਰਤੀ ਸੰਵਿਧਾਨ ਦੇ ਨਾਗਰਿਕਾਂ ਨੂੰ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਖੁੱਲ੍ਹੀ ਉਲੰਘਣਾ ਹੈ। ਬਲਕਿ ਕੌਮਾਂਤਰੀ ਪੱਧਰ 'ਤੇ ਮੰਨ ਗਏ ਮਨੁੱਖੀ ਅਧਿਕਾਰਾਂ ਨੂੰ ਵੀ ਨਜ਼ਰ ਅੰਦਾਜ ਕਰ ਦਿੰਦੇ ਹਨ। ਭਾਰਤੀ ਰਾਜ ਕਸ਼ਮੀਰ ਤੇ ਉੱਤਰ ਪੂਰਬੀ ਰਾਜਾਂ ਵਿਚ 'ਡਿਸਟਰਬ ਏਰੀਆ ਐਕਟ' ਅਤੇ 'ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ' ਦੇ ਤਹਿਤ ਜੋ ਕੁਝ ਕਾਨੂੰਨ ਦੀ ਆੜ ਵਿਚ ਕਰਦਾ ਹੈ ਉਹੀ ਉਹ ਬਾਕੀ ਭਾਰਤ 'ਚ ਬਿਨਾਂ ਆੜ ਦੇ ਕਰਦਾ ਹੈ। ਯਾਨੀ ਭਾਰਤੀ ਰਾਜ ਭਾਰਤ ਦੇ ਨਾਗਰਿਕਾਂ ਦੀਆਂ ਹੱਤਿਆਵਾਂ ਬਿਲਕੁਲ ਠੰਡੇ ਦਿਮਾਗ ਨਾਲ ਕਰਦਾ ਹੈ। ਅਜਿਹੇ ਕਰਦੇ ਸਮੇਂ ਆਪਣੀਆਂ ਹੀ ਸੰਸਥਾਵਾਂ ਕਨੂੰਨਾਂ ਦੀ ਪਾਲਣਾ ਨਹੀਂ ਕਰ ਰਿਹਾ ਹੈ। ਉਹ ਕੋਈ ਅਦਾਲਤੀ ਵਿਖਾਵਾ ਵੀ ਨਹੀਂ ਕਰਵਾਉਣਾ ਚਾਹੁੰਦਾ ਹੈ। ਅਜਿਹਾ ਨਹੀਂ ਕਿ ਆਮ ਨਾਗਰਿਕਾਂ ਜਾਂ ਸਮੂਹਾਂ/ਸੰਗਠਨਾਂ ਦੀਆਂ ਬੇਕਿਰਕ ਹੱਤਿਆਵਾਂ ਕੋਈ ਨਵੀਂ ਪ੍ਰੀਘਟਨਾ ਹੈ ਬਲਕਿ ਸੱਚ ਇਹ ਹੈ ਕਿ ਭਾਰਤੀ ਰਾਜ ਆਪਣੇ ਜਨਮ ਸਮੇਂ ਤੋਂ ਹੀ ਇਸ ਤਰ੍ਹਾਂ ਦੀਆਂ ਹੱਤਿਆਵਾਂ ਨੂੰ ਅੰਜਾਮ ਦਿੰਦਾ ਆ ਰਿਹਾ ਹੈ। ਪਿਛਲੇ ਸਾਲਾਂ 'ਚ ਇਹ ਘਟਨਾਵਾਂ ਪਹਿਲਾਂ ਨਾਲੋਂ ਵਧੀਆਂ ਹਨ ਅਤੇ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੇਂਦਰ ਜਾਂ ਰਾਜ ਵਿੱਚ ਕਿਸ ਪਾਰਟੀ ਜਾਂ ਗਠਜੋੜ ਦੀ ਸਰਕਾਰ ਹੈ। ਕਸ਼ਮੀਰ ਦੀ ਗੱਲ ਹੋਵੇ ਜਾਂ ਪੰਜਾਬ, ਇਹਨਾਂ ਰਾਜਾਂ ਵਿੱਚ ਸਮੂਹਕ ਕਬਰਾਂ ਮਿਲਦੀਆਂ ਹਨ, ਇਹ ਸਮੂਹਕ ਕਬਰਾਂ ਆਪਣੀ ਕਹਾਣੀ ਆਪ ਕਹਿੰਦੀਆਂ ਹਨ। ਕਸ਼ਮੀਰ, ਪੰਜਾਬ ਤੇ ਉੱਤਰਪੂਰਬ ਦੇ ਰਾਜਾਂ 'ਚ ਸੁਰੱਖਿਆ ਬਲਾਂ ਵਲੋਂ ਗਾਇਬ

ਕੀਤੇ ਗਏ ਨੌਜਵਾਨਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ। ਇਹਨਾਂ ਕਬਰਾਂ ਦਾ ਪਾਇਆ ਜਾਣਾ ਅਤੇ ਗਾਇਬ ਨੌਜਵਾਨਾਂ ਦੀ ਗਿਣਤੀ ਸੈਂਕੜਿਆਂ 'ਚ ਹੋਣਾ ਦੱਸਦਾ ਹੈ ਕਿ ਰਾਜ ਦੇ ਨਾਗਰਿਕਾਂ ਦੀਆਂ ਜਾਇਜ਼ ਮੰਗਾਂ ਨਾਲ ਨਿਬੜਨ ਲਈ ਤੌਰ-ਤਰੀਕੇ ਕਿਹੜੇ ਹਨ। ਭਾਰਤ ਰਾਜ ਨੂੰ ਇਸ ਗੱਲ ਨਾਲ ਉਦੋਂ ਬਹੁਤ ਇਤਰਾਜ ਹੁੰਦਾ ਹੈ ਜਦੋਂ ਕੋਈ ਸੰਘਰਸ਼ਸ਼ੀਲ ਸਮੂਹ ਉਸ ਨਾਲ ਉਸੇ ਦੀ ਭਾਸ਼ਾ ਵਿਚ ਗੱਲ ਕਰਦਾ ਹੈ। ਭਾਰਤੀ ਰਾਜ ਦੇ ਹਥਿਆਰਬੰਦ ਸਮੂਹਾਂ/ਜਥੇਬੰਦੀਆਂ ਨਾਲ ਗੱਲ ਕਰਨ ਦੀ ਪਹਿਲੀ ਸ਼ਰਤ ਹੁੰਦੀ ਹੈ ਕਿ ਉਹ ਆਪਣੇ ਹਥਿਆਰ ਸੁੱਟਣ ਪਰ ਭਾਰਤੀ ਰਾਜ ਆਪਣੀ ਤਰਫੋਂ ਇਹ ਵੀ ਨਹੀਂ ਕਰਦਾ ਕਿ ਉਹ ਉਨ੍ਹਾਂ ਕਾਲੇ ਕਨੂੰਨਾਂ ਨੂੰ ਵਾਪਸ ਲਵੇ ਜੋ ਆਮ ਲੋਕਾਂ ਲਈ ਮੁਸੀਬਤ ਬਣ ਗਏ ਹਨ। ਲੋਕਾਂ ਦੇ ਕਤਲ ਨਾ ਕਰਨ ਅਤੇ ਦਹਿਸ਼ਤ ਨਾ ਫੈਲਾਉਣ। ਕਿਸੇ ਵੀ ਬੰਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਨਾ ਕਰਨ। ਅਸਾਮ 'ਚ ਭਾਰਤੀ ਰਾਜ ਹਿੰਸਾ ਕਰਨ ਤੇ ਹਥਿਆਰਾਂ ਨਾਲ ਲੈਸ ਹੋਣ ਦਾ ਆਪਣਾ ਇਕੋ ਇਕ ਅਧਿਕਾਰ ਸਮਝਦਾ ਹੈ ਅਤੇ ਆਪਣੇ ਵਲੋਂ ਕੀਤੀ ਜਾ ਰਹੀ ਹਿੰਸਾ ਨੂੰ ਪਵਿੱਤਰ ਨਿਆਂਸ਼ੀਲ ਤੇ ਲਾਜ਼ਮੀ ਸਮਝਦਾ ਹੈ। ਰਾਜ ਵਲੋਂ ਕੀਤੀ ਜਾਣ ਵਾਲੀ ਹਿੰਸਾ 'ਤੇ ਸੁਆਲ ਨਹੀਂ ਉੱਠ ਸਕਦਾ ਹੈ। ਜੋ ਉਠਾਏਗਾ ਉਹ ਤੁਰੰਤ ਦੇਸ਼ ਧ੍ਰੋਹੀ ਆਦਿ ਅਲੰਕਾਰਾਂ ਨਾਲ ਨਵਾਜਿਆ ਜਾਵੇਗਾ। ਵਿਦੇਸ਼ੀ ਜਸੂਸੀ ਸੰਸਥਾਵਾਂ ਉਹਨਾਂ ਨੂੰ ਮੱਲੋ-ਮੱਲੀ ਜੋੜ ਦਿੱਤਾ ਜਾਵੇਗਾ ਅਤੇ ਅੱਗੇ ਵਧ ਕੇ ਉਹ ਵੀ ਰਾਜ ਦੀ ਹਿੰਸਾ ਦਾ ਸ਼ਿਕਾਰ ਹੋ ਜਾਵੇਗਾ। ਭਾਰਤੀ ਨਿਆਂ ਪ੍ਰਣਾਲੀ, ਮਨੁੱਖੀ ਅਧਿਕਾਰ ਕਮਿਸ਼ਨ ਸੰਸਦ ਸਭ ਇਸ ਹਿੰਸਾ 'ਤੇ ਚੁੱਪ ਧਾਰ ਲੈਂਦੇ ਹਨ। ਕਿਸੇ ਦੀ ਵੀ ਜ਼ਮੀਰ ਇਹਨਾਂ ਬੇਕਿਰਕ ਹੱਤਿਆਵਾਂ ਨੂੰ ਨਹੀਂ ਕੰਬਦੀ। ਕਸ਼ਮੀਰ ਘਾਟੀ ਵਿਚ ਪਿਛਲੇ ਇਕ ਡੇਢ ਸਾਲ ਤੋਂ ਦਰਜਨਾਂ ਨੌਜਵਾਨਾਂ ਅਤੇ ਇਥੋਂ ਤੱਕ ਕਿ ਮਾਸੂਮ ਬੱਚੇ ਅਤੇ ਨਿਰਦੋਸ਼ ਔਰਤਾਂ ਮਾਰ ਦਿੱਤੀਆਂ ਗਈਆਂ ਪਰ ਭਾਰਤੀ ਸੰਸਦ 'ਚ ਬੈਠਣ ਵਾਲੀ ਕਿਸੇ ਵੀ ਪਾਰਟੀ ਨੇ ਇਸ ਦੀ ਨਿੰਦਾ ਨਹੀਂ ਕੀਤੀ ਹੈ। ਇਹ ਕੀ ਜ਼ਾਹਰ ਕਰਦਾ ਹੈ। ਸੀ. ਆਰ. ਪੀ. ਐਫ ਕਸ਼ਮੀਰ 'ਚ ਜੋ ਕਰ ਰਹੀ ਹੈ, ਉਹੀ ਦੂਜੇ ਰੂਪ ਵਿਚ ਮੱਧ ਭਾਰਤ 'ਚ ਕਰ ਰਹੀ ਹੈ। ਅਜਿਹਾ ਕਿਉਂ ਕੀਤਾ ਜਾਂਦਾ ਹੈ। ਜਿਥੋਂ ਤੱਕ ਇਹਨਾਂ ਸੁਰੱਖਿਆ ਫੋਰਸਾਂ ਦੇ ਜਵਾਨਾਂ ਦੀ ਹੱਤਿਆ ਦਾ ਸੁਆਲ ਹੈ ਇਸ ਲਈ ਭਾਰਤੀ ਰਾਜ ਦੇ ਖਿਲਾਫ ਲੜਨ ਵਾਲਿਆਂ ਦੀ ਬਜਾਏ ਭਾਰਤੀ ਰਾਜ ਹੀ ਜ਼ਿੰਮੇਵਾਰ ਹੈ। ਭਾਰਤੀ ਰਾਜ ਨੇ ਸਮੇਂ-ਸਮੇਂ 'ਤੇ ਦੇਸ਼ ਦੇ ਲੁੱਟ-ਘਸੁੱਟ ਤੇ ਕੁਟੇ ਜਾਂਦੇ ਵਰਗਾਂ/ਤਬਕਿਆਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਦੀ ਬਜਾਏ, ਉਹਨਾਂ ਨੂੰ ਰੱਦ ਕੀਤਾ ਹੈ। ਅਤੇ ਜਦ ਲੋਕ ਆਪਣੀਆਂ ਜਾਇਜ਼ ਮੰਗਾਂ 'ਤੇ ਡਟੇ ਰਹੇ ਹਨ ਤਾਂ ਭਾਰਤੀ ਰਾਜ ਨੇ ਹਿੰਸਾ ਦਾ ਨੰਗਾ ਨਾਚ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਇਸ ਤਰ੍ਹਾਂ ਉਹਨਾਂ ਨੇ ਆਪਣੀਆਂ ਕਾਰਗੁਜ਼ਾਰੀਆਂ ਗੱਲਾਂ ਨਾਲ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਉਸਦੇ ਸੁਰੱਖਿਆ ਬਲ ਪੁਲਿਸ ਤੇ ਹੋਰ ਸੰਸਥਾਵਾਂ ਆਮ ਲੋਕਾਂ ਨੂੰ ਲੈ ਕੇ ਆਪਣੀਆਂ ਮੰਗਾਂ ਲਈ ਹਥਿਆਰਬੰਦ ਸਮੂਹਾਂ/ਸੰਗਠਨਾਂ ਦੇ ਨਿਸ਼ਾਨੇ 'ਤੇ ਆ ਜਾਂਦੀਆਂ ਹਨ। ਹਿੰਸਾ ਨਾਲ ਜੋ ਚੱਕਰ ਜਨਮ ਲੈਂਦਾ ਹੈ। ਉਸ ਲਈ ਭਾਰਤੀ ਰਾਜ ਹੀ ਜ਼ਿੰਮੇਵਾਰ ਹੈ।

ਭਾਰਤ ਰਾਜ ਦੀਆਂ ਸੁਰੱਖਿਆ ਫੋਰਸਾਂ, ਫੌਜ ਪੁਲਿਸ ਆਦਿ ਵਿਚ ਕੰਮ

ਕਰਨ ਵਾਲੇ ਸਿਪਾਹੀ ਅਤੇ ਛੋਟੇ ਅਫਸਰ ਆਪਣੀ ਪ੍ਰੀਵਾਰਿਕ ਪਿਛੋਕੜ ਤੋਂ ਗਰੀਬ ਤੇ ਮਿਹਨਤਕਸ਼ ਵਰਗਾਂ 'ਚੋਂ ਹੋਣ ਦੇ ਬਾਵਜੂਦ ਜਿੰਨ੍ਹਾ ਕੰਮਾਂ ਨੂੰ ਅੰਜਾਮ ਦਿੰਦੇ ਹਨ, ਉਹ ਉਹਨਾਂ ਦੇ ਵਰਗੀ ਤਬਕਾਈ ਹਿੱਤਾਂ ਖਿਲਾਫ ਹੁੰਦੇ ਹਨ। ਪਰ ਉਹ ਆਪਣੀ ਨੌਕਰੀ ਆਦਿ ਕਾਰਨਾਂ ਕਰਕੇ ਭਾਰਤੀ ਰਾਜ ਦੇ ਜਿਉਂਦੇ ਹਥਿਆਰ-ਔਜ਼ਾਰ ਬਣ ਜਾਂਦੇ ਹਨ। ਇਸ ਤਰ੍ਹਾਂ ਨਾਲ ਭਾਰਤੀ ਰਾਜ ਨੂੰ ਕੰਟਰੋਲ ਕਰਨ ਵਾਲੀ ਜਮਾਤ ਭਾਰਤ ਦੇ ਮਜ਼ਦੂਰਾਂ ਤੇ ਹੋਰ ਮੇਹਨਤਕਸ਼ ਜਮਾਤਾਂ ਦੇ ਤਬਕਿਆਂ ਦੇ ਲੋਕਾਂ ਨੂੰ ਇਕ ਦੂਜੇ ਵਿਰੁੱਧ ਖੜ੍ਹਾ ਕਰਕੇ ਆਪਣੀ ਹਕੂਮਤ ਚਲਾਉਂਦੀ ਹੈ। ਅਕਸਰ ਹੀ ਜਦ ਰਾਜ ਦੀ ਹਿੰਸਾ ਦੀ ਅਲੋਚਨਾ ਕੁਝ ਮਨੁੱਖੀ ਅਧਿਕਾਰ ਵਰਕਰਾਂ ਜਾਂ ਸੰਵੇਦਨਸ਼ੀਲ ਲੇਖਕਾਂ-ਪੱਤਰਕਾਰਾਂ ਰਾਹੀਂ ਕੀਤੀ ਜਾਂਦੀ ਹੈ ਤਦ ਇਹ ਸੁਆਲ ਬੜੇ ਜ਼ੋਰ ਨਾਲ ਉਠਾਇਆ ਜਾਂਦਾ ਹੈ ਕਿ ਆਪ ਜਦ ਸੁਰੱਖਿਆ ਫੋਰਸ ਕਤਲ ਜਾਂ ਜਬਰ ਕਰਦੇ ਹੋ ਤਦ ਬੜੇ ਮੂੰਹ ਫੱਟ ਹੁੰਦੇ ਹੈ ਪਰ ਜਦ ਬਾਗੀ ਅਜਿਹਾ ਕਰਦੇ ਹਨ ਅਤੇ ਸੁਰਖਿਆ ਫੋਰਸਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਤਾਂ ਤਦ ਚੁੱਪ ਵੱਟ ਲੈਂਦੇ ਹੋ। ਇਸ ਸੁਆਲ ਦੇ ਜਵਾਬ 'ਚ ਕਈ ਤਾਂ ਸਫਾਈ ਦਿੰਦੇ ਫਿਰਦੇ ਹਨ ਕਿ ਨਹੀਂ ਅਸੀਂ ਉਦੋਂ ਅਲੋਚਨਾ ਕੀਤੀ ਸੀ ਜਦ ਅਜਿਹਾ ਹੋਇਆ ਸੀ ਪਰ ਇੱਥੇ ਸੁਆਲ ਰਾਜ ਦੀ ਹਿੰਸਾ ਅਤੇ ਉਸ ਖਿਲਾਫ਼ ਲੁੱਟੇ ਤੇ ਕੁਟੇ ਜਾਂਦੇ ਤਬਕਿਆਂ ਦੀ ਹਿੰਸਾ ਨੂੰ ਇਕੋ ਤਕੜੀ 'ਚ ਤੋਲਣ ਜਾਂ ਨਿਰਪੱਖਤਾ ਵਰਤਣ ਦਾ ਨਹੀਂ ਹੈ। ਇਨ੍ਹਾਂ ਤੋਂ ਇਕੋ ਜਿਹੀ ਦੂਰੀ ਬਣਾਉਣ ਅਤੇ ਹਰ ਤਰ੍ਹਾਂ ਦੀ ਹਿੰਸਾ ਨੂੰ ਨਜਾਇਜ਼ ਠਹਿਰਾਉਣ ਨਾਲ ਉਹ ਕਾਰਨ ਤਾਂ ਨਹੀਂ ਖਤਮ ਹੋ ਜਾਂਦੇ, ਜਿਸ ਕਾਰਨ ਰਾਜ ਵਲੋਂ ਹਿੰਸਾ ਹੁੰਦੀ ਹੈ ਅਤੇ ਖੁਦ ਭਾਰਤੀ ਰਾਜ ਜਾਂ ਉਸ ਦੀਆਂ ਸੰਸਥਾਵਾਂ ਇਥੋਂ ਤੱਕ ਕਿ ਸੱਚਾ ਗਾਂਧੀਵਾਦੀ ਜਾਂ ਜੈਨ ਬੁੱਧ ਧਰਮ ਨੂੰ ਮੰਨਣ ਵਾਲਾ ਵੀ ਹਰ ਹਿੰਸਾ ਦਾ ਨਿੰਦਕ ਨਹੀਂ ਬਣਦਾ ਹੈ। ਖੁਦ ਮਹਾਤਮਾ ਗਾਂਧੀ ਦਾ ਜੀਵਨ ਤੇ ਵਿਹਾਰ ਇਸ ਗੱਲ ਦਾ ਗਵਾਹ ਹੈ ਕਿ ਉਹਨਾਂ ਨੇ ਅਨੇਕਾਂ ਮੌਕਿਆ ਸਮੇਂ ਬ੍ਰਿਟਿਸ਼ ਰਾਜ ਵਲੋਂ ਭਾਰਤੀ ਲੋਕਾਂ ਖਿਲਾਫ ਕੀਤੀ ਗਈ ਹਿੰਸਾ ਸਬੰਧੀ ਮੋਨ ਧਾਰ ਲਿਆ ਸੀ। ਇਸ ਗੱਲ ਦਾ ਸਿਰਫ ਤੇ ਸਿਰਫ ਇਕ ਅਰਥ ਹੈ ਕਿ ਹਿੰਸਾ ਜਦ ਹਾਕਮ ਜਮਾਤ ਵਲੋਂ ਕੀਤੀ ਜਾਵੇਗੀ ਤਦ ਜਾਇਜ਼ ਹੈ, ਨਿਆਂਪੂਰਨ ਹੈ ਪਰ ਜਦ ਲੁੱਟੇ ਤੇ ਕੁਟੇ ਜਾਂਦੇ ਵਰਗਾਂ ਤੇ ਤਬਕਿਆਂ ਵਲੋਂ ਕੀਤੀ ਜਾਵੇਗੀ ਤਦ ਉਹ ਗਲਤ ਹੈ ਉਹਨਾਂ ਨੂੰ ਆਪਣੇ ਉਪਰ ਹੋਣ ਵਾਲੇ ਜ਼ੋਰ ਜੁਲਮ ਸਹਿਣ ਕਰਨਾ ਚਾਹੀਦੈ ਕੋਈ ਵਿਰੋਧ ਦਰਜ ਨਹੀਂ ਕਰਾਉਣਾ ਚਾਹੀਦਾ।

ਇਸ ਗੱਲ 'ਤੇ ਹੋਰ ਡੂੰਘਾਈ ਨਾਲ ਵਿਚਾਰ ਕਰਨ 'ਤੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਟੇਟ ਕਿਉਂਕਿ ਇਕ ਜਮਾਤ ਵਲੋਂ ਦੂਜੀ ਜਮਾਤ ਦੀ ਲੁੱਟ ਤੇ ਜਬਰ ਦਾ ਔਜਾਰ ਹੈ ਇਸ ਲਈ ਜਦ ਤੱਕ ਇਹ ਸੰਸਥਾ ਮਾਨਵ ਸਮਾਜ 'ਚ ਰਹੇਗੀ ਤਦ ਤੱਕ ਅਜਿਹਾ ਹੀ ਕਰੇਗੀ। ਮਨੁੱਖੀ ਸਮਾਜ 'ਚ ਰਾਜ ਨਾ ਸੰਸਥਾ ਹੋਂਦ 'ਚ ਆਈ ਹੀ ਉਦੋਂ, ਜਦੋਂ ਸਮਾਜ ਜਮਾਤਾਂ 'ਚ ਵੰਡਿਆ ਜਾਣ ਲੱਗਿਆ ਸੀ। ਜ਼ਾਹਿਰ ਜਿਹੀ ਗੱਲ ਹੈ ਕਿ ਇਹ ਉਦੋਂ ਤੱਕ ਬਣੀ ਰਹੇਗੀ ਜਦੋਂ ਤੱਕ ਸਮਾਜ ਜਮਾਤਾਂ 'ਚ ਵੰਡਿਆ ਰਹੇਗਾ। ਇਸ ਲਈ ਅਜਿਹੇ ਕਿਸੇ ਰਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਜੋ ਹਿੰਸਾ ਨਾ ਕਰਦਾ ਹੋਵੇ, ਜਬਰ ਨਾ ਕਰਦਾ ਹੋਵੇ।

ਸੁਆਲ ਬਸ ਏਨਾ ਹੈ ਕਿ ਇਹ ਰਾਜ (ਸਟੇਟ) ਕਿਸੇ ਦੇ ਕਬਜੇ ਵਿਚ ਹੈ। ਜਿਸ ਜਮਾਤ ਦਾ ਰਾਜ 'ਤੇ ਕਬਜਾ ਹੋਵੇਗਾ ਰਾਜ ਉਸ ਜਮਾਤ ਦੇ ਹਿਤਾਂ ਦੀ ਰਾਖੀ ਲਈ ਸਭ ਕੁਝ ਕਰੇਗਾ। ਚਾਹੇ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੀ ਕਿਉਂ ਨਾ ਕਰਨੀ ਪਵੇ। ਅੱਜ ਭਾਰਤੀ ਸਟੇਟ (ਰਾਜ) ਕਰ ਰਹੀ ਹੈ ਜਿਵੇਂ-ਜਿਵੇਂ ਇਸ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ ਅਤਿਆਚਾਰ ਵਧਦਾ ਜਾ ਰਿਹਾ ਹੈ। ਉਹ ਵੱਧ ਤੋਂ ਵੱਧ ਆਪਣੀ ਫੌਜ ਨੂੰ ਲੋਕਾਂ 'ਤੇ ਜਬਰ ਲਈ ਲਾ ਰਿਹਾ ਹੈ। ਜਮਹੂਰੀਅਤ ਤੇ ਜਮਹੂਰੀ ਅਧਿਕਾਰਾਂ ਦਾ ਨਕਾਬ ਉਤਾਰ ਕੇ ਰੋਜ਼ ਆਪਣਾ ਅਸਲੀ ਚਿਹਰਾ ਵਿਖਾ ਰਿਹਾ ਹੈ। ਦਿਨ-ਬ-ਦਿਨ ਇਹ ਉੱਥੇ ਪਹੁੰਚ ਰਿਹਾ ਹੈ ਜਿਥੇ ਇਸ ਦਾ ਵੀ ਵਜੂਦ ਖਤਰੇ 'ਚ ਪੈ ਜਾਵੇਗਾ ਫੇਰ ਮੇਹਨਤਕਮ ਮਜ਼ਦੂਰ ਦੀ ਇਸਦੇ ਯੁੱਗ ਦਾ ਅੰਤ ਕਰਨਗੇ। ਇਸ ਤਰ੍ਹਾਂ ਇਕ ਸਮਾਂ ਅਜਿਹਾ ਆਵੇਗਾ ਜਦ ਮਨੁੱਖ ਜਾਤੀ ਇਸ ਸੰਸਥਾ ਤੋਂ ਮੁਕਤ ਹੋ ਜਾਵੇਗੀ ਤਦ ਇਸ ਸੰਸਥਾ ਦਾ ਨਾਮੋ ਨਿਸ਼ਾਨ ਨਹੀਂ ਬਚੇਗਾ।

# ਪੁਰਾਣੀਆਂ ਕਿਸ਼ਤੀਆਂ ਰਾਹੀਂ ਜਲ ਆਵਾਜਾਈ ਸਮੇਂ ਮੌਤਾਂ ਕਿਵੇਂ?

ਜਦ ਰੇਲ ਹਾਦਸੇ 'ਚ 66 ਲੋਕਾਂ ਦੀ ਮੌਤ ਹੋ ਜਾਂਦੀ ਹੈ ਤਾਂ ਮ੍ਰਿਤਕਾਂ ਦੇ ਸਕੇ ਸਬੰਧੀਆਂ 'ਚ ਪੰਜ-ਪੰਜ ਲੱਖ ਮੁਆਵਜਾ ਅਤੇ ਨੌਕਰੀ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ ਪੂਰਾ ਦੇਸ਼ ਰੇਲ ਮੰਤਰੀ ਦੀ ਜਾਨ ਦਾ ਪਿਆਸਾ ਹੋ ਜਾਂਦਾ ਹੈ ਅਤੇ ਅਖਬਾਰਾਂ ਢੇਰਾਂ ਲੇਖ ਲਿਖਦੇ ਹਨ। ਗੱਲ ਸਹੀ ਹੈ ਪਰ ਜਦ ਇਕ ਕਿਸ਼ਤੀ ਦੇ ਉਲਝਣ ਨਾਲ ਉਸ 'ਤੇ ਸਵਾਰ 62 ਹੋਰ ਲੋਕਾਂ ਦੀਆਂ ਕਬਰਾਂ ਪਾਣੀ 'ਚ ਹੀ ਬਣ ਜਾਂਦੀਆਂ ਹਨ ਤਾਂ ਮ੍ਰਿਤਕਾਂ ਦੇ ਸੰਬੰਧੀਆਂ ਨੂੰ ਸਿਰਫ ਇਕ ਲੱਖ ਰੁਪਏ ਦਾ ਮੁਆਵਜਾ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ ਹੋਰ ਤਾਂ ਹੋਰ ਇਸ ਦੁਰਘਟਨਾ ਦੀ ਖ਼ਬਰ ਵੀ ਕੌਮੀ ਅਖਬਾਰਾਂ 'ਚ ਛਪਣ ਲਾਇਕ ਨਹੀਂ ਸਮਝੀ ਜਾਂਦੀ ਅਤੇ ਨਾ ਹੀ ਇਸ ਨਾਲ ਜਲ ਆਵਾਜਾਈ ਨੂੰ ਸੁਰੱਖਿਅਤ ਬਣਾਉਣ ਦੇ ਤਰੀਕਿਆਂ 'ਤੇ ਬਹਿਸ ਛਿੜਦੀ ਹੈ। ਇਸ ਕਾਰਨ ਮਾਮਲਾ ਸੰਗੀਨ ਹੋ ਜਾਂਦਾ ਹੈ। ਇਹ ਪੜ੍ਹੇ ਜਾਣ ਤੋਂ ਬਾਅਦ ਵੀ ਉੱਤਰ ਪ੍ਰਦੇਸ਼ ਦੀਆਂ ਨਦੀਆਂ 'ਚ ਅਜਿਹੀਆਂ ਹੋਰ ਕਈਆਂ ਘਟਨਾਵਾਂ ਹੋਣਗੀਆਂ ਅਤੇ ਕਈ ਹੋਰ ਹੋਣ ਦਾ ਡਰ ਬਣਿਆ ਰਹੇਗਾ। ਵਜ੍ਹਾ ਇਸ ਦੀ ਮੌਜੂਦਾ ਅੰਦਰੂਨੀ ਜਲ ਆਵਾਜਾਈ ਕਾਰਨ ਜੇ ਅਜਿਹਾ ਕਿਹਾ ਜਾ ਸਕੇ ਤਾਂ ਅਜਿਹੀਆਂ ਦੁਰਘਟਨਾਵਾਂ ਹੋਣੀਆ ਅਟੱਲ ਹਨ। ਹਰੇਕ ਕਿਸ਼ਤੀ ਦੁਰਘਟਨਾ ਪਿੱਛੇ ਇਕ ਤੋਂ ਬਾਅਦ ਦੂਜੀ ਆਈ ਸੂਬਾ ਸਰਕਾਰ ਦਾ ਉਦਾਸੀਨ ਰਵੱਈਆ ਜ਼ਿੰਮੇਵਾਰ ਹੈ। ਹਰ ਸਰਕਾਰ ਅੰਗ੍ਰੇਜ਼ਾਂ ਦੇ ਜ਼ਮਾਨੇ 'ਚ ਬਣਾਏ ਕਨੂੰਨਾਂ ਤੇ ਸਰਕਾਰੀ ਨੀਤੀਆਂ 'ਚ ਸੁਧਾਰ ਕਰਨ ਦੇ ਵੱਧ ਮਹੱਤਵਪੂਰਨ ਕੰਮ ਦੀ ਬਜਾਏ ਅਸਥਾਈ ਉਪਾਵਾਂ ਦਾ ਹੀ ਸਹਾਰਾ ਲੈਂਦੀ ਹੈ। ਇਹਨਾਂ ਦੁਰਘਟਨਾਵਾਂ 'ਤੇ ਜ਼ਰਾ ਡੂੰਘਾਈ ਨਾਲ ਗੱਲ ਕਰੀਏ ਤਾਂ ਇਹਨਾਂ 'ਚੋਂ ਬਹੁਤਿਆਂ ਨੂੰ ਟਾਲਿਆ ਜਾ ਸਕਦਾ ਸੀ ਮਿਸਾਲ ਵਜੋਂ ਪਿਛੇ ਜਿਹੇ ਬਾਲੀਆ 'ਚ ਹੋਏ ਹਾਦਸੇ ਨੂੰ ਲਈਏ। 15 ਜੂਨ ਨੂੰ ਬਲੀਆ 'ਚ ਸ਼ਰਧਾਲੂ ਲੋਕ ਔਝਵਾਲਿਆ ਘਾਟ 'ਤੇ ਗੰਗਾ ਔਹਾਰ ਉਤਸਵ ਲਈ ਇੱਕਠੇ ਹੋਏ ਸਨ ਮੌਨਸੂਨ ਤੋਂ ਪਹਿਲਾਂ ਦੀ ਬਾਰਸ਼ ਕਾਰਨ ਨਦੀ 'ਚ ਪਾਣੀ ਦਾ ਪੱਧਰ ਵਧ ਗਿਆ ਤੇ ਵਹਾਅ 'ਚ ਤੇਜ਼ੀ ਆ ਗਈ ਪਰ ਇਹ ਦੇਖ ਕੇ ਵੀ ਪੇਂਡੂਆਂ ਦਾ ਉਤਸ਼ਾਹ ਘੱਟ ਨਹੀਂ ਹੋਇਆ ਅਤੇ ਉਹ ਨਦੀ ਪਾਰ ਕਰਨ ਲਈ ਸਥਾਨਕ ਤੌਰ 'ਤੇ ਬਣਾਈ ਇਕ ਕਿਸ਼ਤੀ ਵਿੱਚ ਚੜ ਗਏ। ਸਵੇਰੇ 7 ਵਜੇ 80 ਮੁਸਾਫਰਾਂ ਨੂੰ ਲੈ ਕੇ ਇਹ ਕਿਸ਼ਤੀ ਚਲ ਪਈ। ਇਸ 'ਤੇ ਸਵਾਰ ਸ਼ਰਧਾਲੂ ਗੰਗਾ ਮਾਈ ਦੇ ਗੀਤ ਗਾ ਰਹੇ ਸਨ। ਉਹਨਾਂ ਨੂੰ ਆਉਣ ਵਾਲੇ ਸੰਕਟ ਦੀ ਕੋਈ ਖਬਰ ਨਹੀਂ ਸੀ। 11 ਸਾਲ ਪੁਰਾਣੀ ਇਹ ਕਿਸ਼ਤੀ ਹੌਲੀ-ਹੌਲੀ ਨਦੀ ਪਾਰ ਕਰ ਰਹੀ ਸੀ ਕਿ ਅਚਾਨਕ ਕਿਸੇ ਨੇ ਇਸ ਵਿਚ ਪਾਣੀ ਭਰਦਾ ਵੇਖ ਲਿਆ, ਨਦੀ ਦੀ ਮੱਧ ਧਾਰ 'ਚ ਕੋਈ ਸਹਾਇਤਾ ਵੀ ਮੁਹੱਈਆ ਨਹੀਂ ਸੀ। ਬੁਰੀ ਤਰ੍ਹਾਂ ਲੱਦੀ ਇਹ ਕਿਸ਼ਤੀ ਡੁੱਬਣ ਲੱਗੀ। ਭਗਦੜ ਮੱਚਣ ਨਾਲ ਸਥਿਤੀ ਬਦਤਰ ਹੋ ਗਈ। ਸਿਰਫ

17 ਲੋਕ ਹੀ ਤੈਰ ਕੇ ਸੁਰੱਖਿਅਤ ਕਿਨਾਰੇ ’ਤੇ ਪਹੁੰਚੇ। ਅਜਿਹੀਆਂ ਦੁਰਘਟਨਾਵਾਂ ਰਾਜ ਦੀਆਂ ਨਦੀਆਂ, ਨਹਿਰਾਂ ਤੇ ਝੀਲਾਂ ’ਚ ਅਕਸਰ ਹੁੰਦੀਆਂ ਰਹਿੰਦੀਆਂ ਹਨ। ਇਹਨਾਂ ਕਰਕੇ ਸੈਂਕੜੇ ਲੋਕ ਹਰ ਸਾਲ ਬਰਸਾਤ ਦੇ ਮੌਸਮ ’ਚ ਆਪਣੀ ਜਾਨ ਤੋਂ ਹੱਥ ਧੋ ਲੈਂਦੇ ਹਨ ਪਰ ਕਿਸੇ ਵੀ ਸਰਕਾਰ ਨੇ ਜਲ ਆਵਾਜਾਈ ਨੂੰ ਨਿਯਮਤ ਕਰਨ ਦੀ ਕਦੇ ਜਹਿਮਤ ਨਹੀਂ ਉਠਾਈ। ਇਕ ਜ਼ਿਲ੍ਹਾ ਜੱਜ ਦਾ ਕਹਿਣਾ ਹੈ “ਰਾਜ ’ਚ ਜਾਲ ਆਵਾਜਾਈ ਬਿਲਕੁਲ ਬੇਲਗਾਤ ਤੇ ਬੇਨਿਯਮੀ ਹੈ। ਜ਼ਿਲ੍ਹਾ ਪ੍ਰਸ਼ਾਸਨ ਕੋਲ ਕੋਈ ਐਸੀ ਵਿਵਸਥਾ ਜਾਂ ਪ੍ਰਣਾਲੀ ਨਹੀਂ ਹੈ ਜਿਸ ਰਾਹੀਂ ਇਹ ਕਿਸ਼ਤੀਆਂ ਦੇ ਚੱਲਣ ਨੂੰ ਕੰਟਰੋਲ ਕਰ ਸਕਣ।” ਛੋਟੀਆਂ ਤੇ ਵੱਡੀਆਂ ਅਨੇਕਾਂ ਨਦੀਆਂ ਰਾਜ ਦੇ ਲੱਗਭਗ 72 ਜ਼ਿਲ੍ਹਿਆਂ ’ਚ ਲੰਘਦੀਆਂ ਹਨ। ਪਰ ਸ਼ਹਿਰਾਂ ਤੇ ਕੁਝ ਸੰਘਣੀ ਵਸੋਂ ਵਾਲੇ ਇਲਾਕਿਆਂ ਨੂੰ ਛੱਡ ਕੇ ਬਾਕੀ ਇਲਾਕਿਆਂ ’ਚ ਬਹੁਤੀਆਂ ਨਦੀਆਂ ’ਤੇ ਕੋਈ ਪੁਲ ਨਹੀਂ ਹੈ। ਜਿਸ ਕਾਰਨ ਲੋਕਾਂ ਨੂੰ ਸਥਾਨਕ ਤੌਰ ’ਤੇ ਬਣੀਆਂ ਘਟੀਆ ਕਿਸ਼ਤੀਆਂ ’ਤੇ ਨਿਰਭਰ ਰਹਿਣਾ ਪੈਂਦਾ ਹੈ। ਰਾਜ ਦੀ ਰਾਜਧਾਨੀ ’ਚ ਚੰਦਰਿਕਾ ਦੇਵੀ ਮੰਦਰ ਇਲਾਕੇ ਵਾਲਿਆਂ ਅਨੁਸਾਰ ਲੋਕ ਨਿਰਮਾਣ ਵਿਭਾਗ ਲਖਨਾਊ ਦੇ ਬਾਹਰੀ ਇਲਾਕੇ ਦੀ ਰਾਮਘਾਟ ’ਤੇ ਪੁਲ ਬਣਾਉਣ ਦੀ ਮੰਜੂਰੀ ਦੇ ਚੁੱਕਿਆ ਹੈ ਪਰ ਉਥੇ ਉਸਾਰੀ ਅਜੇ ਵੀ ਸ਼ੁਰੂ ਨਹੀਂ ਹੋਈ ਹੈ। ਇਸ ਲਈ ਲੋਕਾਂ ਕੋਲ ਕਿਸ਼ਤੀਆਂ ’ਤੇ ਨਿਰਭਰ ਰਹਿਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਹੈ। ਭਾਰੀ ਮੀਂਹ ਕਾਰਨ ਜਿਉਂ ਹੀ ਨਦੀਆਂ ’ਚ ਤੂਫਾਨ ਆਉਂਦਾ ਹੈ ਮਲਾਹ ਲੋਕ ਸਰਕਾਰ ਵਲੋਂ ਨਿਰਧਾਰਿਤ ਕਿਸੇ ਰੇਟ ਦੀ ਘਾਟ ਕਾਰਨ ਸਵਾਰੀਆਂ ਨੂੰ ਬਲੈਕਮੇਲ ਕਰਨ ਤੇ ਲੁੱਟਣ ਲੱਗਦੇ ਹਨ। ਬਦਤਰ ਤਾਂ ਇਹ ਹੈ ਕਿ ਉਹ ਆਪਣੀ ਕਿਸ਼ਤੀ ’ਤੇ ਕਿੰਨਾ ਭਾਰ ਢੋਹਣ, ਉਹਨਾਂ ਨੂੰ ਅਕਸਰ ਇਹ ਪਤਾ ਹੀ ਨਹੀਂ ਹੁੰਦਾ ਅਤੇ ਕਈ ਵਾਰੀ ਤਾਂ ਉਹ ਮੋਟੀ ਕਮਾਈ ਦੇ ਲਾਲਚ ਵਿਚ ਜਾਣ-ਬੁਝ ਕੇ ਖਚਾ-ਖਚਾ ਸਵਾਰੀਆਂ ਭਰ ਲੈਂਦੇ ਹਨ। ਹੜ੍ਹ ਦੇ ਦੌਰਾਨ ਤਾਂ ਕਿਸ਼ਤੀਆਂ ’ਚ ਵੱਡੇ-ਵੱਡੇ ਜਾਨਵਰਾਂ ਤੇ ਸਾਰੇ ਘਰੇਲੂ ਸਮਾਨ ਸਮੇਤ ਪਿੰਡਾਂ ਨੂੰ ਵੀ ਢੋਹੇ ਜਾਂਦੇ ਵੇਖਿਆ ਜਾ ਸਕਦਾ ਹੈ।

20 ਜੁਲਾਈ ਨੂੰ ਮੁਰਾਦਾਬਾਦ ’ਚ ਜੋ ਕੁਝ ਹੋਇਆ ਉਹ ਆਪਣੇ ਆਪ ’ਚ ਹੀ ਅਣਦੇਖੀ ਸੀ ਇਕ ਅਣਜਾਣ ਮਲਾਹ ਕਿਸੇ ਪ੍ਰਕਾਰ ਦੇ ਜੀਵਨ ਰਖਿਅਕ ਦੀ ਘਾਟ ਕਾਰਨ ਆਪਣੀ ਲਕੜ ਦੀ ਕਿਸ਼ਤੀ ਵਿਚ 35 ਪੇਂਡੂਆਂ ਨੂੰ ਰਾਮ ਗੰਗਾ ਦੇ ਪਾਰ ਲੈ ਜਾ ਰਿਹਾ ਸੀ ਤਾਂ ਕਿਸ਼ਤੀ ਡੁੱਬਣ ਨਾਲ 22 ਲੋਕਾਂ ਦੀ ਮੌਤ ਦਾ ਡਰ ਹੈ। ਕਿਸ਼ਤੀ ਦੀਆਂ ਸਵਾਰੀਆਂ ਨਦੀ ਪਾਰ ਆਪਣੇ ਖੇਤਾਂ ’ਚ ਜਾ ਰਹੀਆਂ ਸਨ। ਦੂਜੇ ਕਿਨਾਰੇ ਪਹੁੰਚਦੇ ਹੀ ਕੁਝ ਲੋਕ ਜਲਦੀ ਨਾਲ ਉਤਰ ਗਏ ਜਿਸ ਨਾਲ ਕਿਸ਼ਤੀ ਉਲਟ ਗਈ ਤੇ ਪਾਣੀ ’ਚ ਡੁੱਬ ਗਈ। 22 ਜੂਨ ’ਚ ਬਹਰਾਈਚ ਵਿੱਚ ਇਸ ਤਰ੍ਹਾਂ ਸਰਯੂ ਨਦੀ ਵਿਚ 22 ਲੋਕ ਹੋਰ ਆਪਣੀ ਜਾਨ ਤੋਂ ਹੱਥ ਧੋ ਬੈਠੇ। ਹਾਦਸੇ ਦਾ ਕਾਰਨ ਮਾਮੂਲੀ ਹੋ ਸਕਦਾ ਹੈ। 23 ਜੂਨ 2007 ਨੂੰ ਕੌਸ਼ਾਬੀ ਜ਼ਿਲ੍ਹੇ ’ਚ 30 ਲੋਕਾਂ ਨੂੰ ਲੈ ਜਾ ਰਹੀ ਇਕ ਕਿਸ਼ਤੀ ਯਮੁਨਾ ਨਦੀ ਦੀ ਮਝਧਾਰ ’ਚ ਡੁੱਬ ਗਈ। ਇਸ ਤਰ੍ਹਾਂ ਦੀ ਘਟਨਾਵਾਂ ਦੀ ਵਧਦੀ ਗਿਣਤੀ ਨੂੰ ਵੇਖਦਿਆਂ ਰਾਜ ਸਰਕਾਰ ਨੇ ਲਗਭਗ 10 ਸਾਲ ਪਹਿਲਾਂ ਗੰਗਾ, ਯਮੁਨਾ, ਗੋਮਤੀ ਤੇ ਬੇਤਵਾ

ਸਮੇਤ ਜ਼ਿਆਦਾਤਰ ਮੁੱਖ ਨਦੀਆਂ ਲਈ ਇਕ ਜਲ ਪੁਲਸ ਫੋਰਸ ਦਾ ਗਠਨ ਕੀਤਾ ਗਿਆ ਸੀ। ਸੂਬਾਈ ਹਥਿਆਰਬੰਦ ਪੁਲਸ ਤੋਂ ਲਈ ਗਈ ਇੱਕ ਛੋਟੀ ਜਿਹੀ ਟੁੱਕੜੀ ਨੂੰ ਨਦੀ ਕਿਨਾਰੇ ਤੈਨਾਤ ਕੀਤਾ ਗਿਆ ਸੀ। ਅੱਜ ਇਹ ਟੁੱਕੜੀ ਨਾਂ ਦੀ ਹੀ ਰਹਿ ਗਈ ਹੈ। ਜਦ ਨੂੰ ਦਿੱਤੀਆਂ ਕਿਸ਼ਤੀਆਂ 'ਚ ਜੰਗ ਲੱਗ ਗਿਆ ਅਤੇ ਉਹਨਾਂ 'ਚ ਤਰੇੜਾਂ ਵੀ ਆ ਗਈਆਂ। ਉਸ ਦੇ ਬਹੁਤ ਜਵਾਨ ਨਿਰਾਸ਼ ਹੋ ਗਏ ਕਿਉਂਕਿ ਉਨ੍ਹਾਂ ਦੀ ਤੈਨਾਤੀ ਨੂੰ ਸਜ਼ਾ ਮੰਨਿਆ ਜਾਂਦਾ ਹੈ। ਲਖਨਊ 'ਚ ਜਲ ਪੁਲਿਸ ਦੇ ਇਕ ਸਿਪਾਹੀ ਅਨੁਸਾਰ "ਸਾਨੂੰ ਜੀਵਨ ਰਖਿਅਕ ਜੈਕਟ ਅਤੇ ਰੱਸੇ ਵਰਗੀਆਂ ਘਟੋ-ਘੱਟ ਲੋੜਾਂ ਵੀ ਨਹੀਂ ਮਿਲਦੀਆਂ।" ਉਨ੍ਹਾਂ ਅਨੁਸਾਰ ਵਿਭਾਗ ਤਾਂ ਇਸ ਫੋਰਸ ਨੂੰ ਏਨਾ ਪੈਸਾ ਵੀ ਨਹੀਂ ਦਿੰਦਾ ਕਿ ਉਹ ਐਮਰਜੰਸੀ ਸਮੇਂ ਸਥਾਨਕ ਤੈਰਾਕਾਂ ਨੂੰ ਹੀ ਪੜ੍ਹੇ

'ਤੇ ਰੱਖ ਲੈਣ। ਬਦਬੂ ਮਾਰਦੀਆਂ ਨਦੀਆਂ ਦੇ ਨੇੜੇ ਆਪਣੇ ਫਟੇ-ਪੁਰਾਣੇ ਤੰਬੂ ਹਨ ਜਿਸ ਕਾਰਨ ਆਫਤ ਸਮੇਂ ਉਹ ਕੋਈ ਮਦਦ ਵੀ ਨਹੀਂ ਕਰ ਸਕਦੇ। ਇਹਨਾਂ ਜਵਾਨਾਂ ਨੂੰ ਵਿਸ਼ੇਸ਼ ਭੱਤੇ ਦਾ ਭਰੋਸਾ ਦਿੱਤਾ ਗਿਆ ਸੀ ਪਰ ਕੁਝ ਨਹੀਂ ਹੋਇਆ। ਲਖਨਊ ਸਥਿਤ ਕੰਟਰੋਲ ਰੂਮਾਂ 'ਚ ਇਸ ਫੋਰਸ ਦਾ ਕੋਈ ਫੋਨ ਨੰਬਰ ਨਹੀਂ ਹੈ। ਜਿਸ ਨੂੰ ਪੁਲਸ ਐਮਰਜੰਸੀ ਮੌਕੇ ਵਰਤਿਆ ਜਾ ਸਕੇ ਅਤੇ ਇਹ ਸਥਿਤੀ ਉਸ ਫੋਰਸ ਦੀ ਹੈ ਜੋ ਰਾਜ ਦੇ ਸਿਰਫ 10 ਫੀਸਦੀ ਜਲ ਮਾਰਗਾਂ 'ਤੇ ਨਿਗਰਾਨੀ ਰੱਖਣ ਲਈ ਹਨ।

ਰਾਜਰ ਸਰਕਾਰ ਦੀ ਉਦਾਸੀਨਤਾ ਤੋਂ ਚਿੰਤਤ ਹੋ ਕੇ 1999 'ਚ ਇਲਾਹਾਬਾਦ ਦੇ ਡੀ. ਆਈ. ਜੀ. ਸੁਲੱਖਣ ਸਿੰਘ ਨੇ ਅਜਿਹੀਆਂ ਦੁਰਘਟਨਾਵਾਂ ਦੀ ਵਧਦੀ ਗਿਣਤੀ ਦਾ ਹਵਾਲਾ ਦਿੰਦੇ ਹੋਇਆਂ ਤਤਕਲੀਨ ਡੀ. ਆਈ. ਜੀ. ਕੇ. ਐੱਲ. ਗੁਪਤਾ ਨੂੰ ਇਕਪ੍ਰੱਤ ਲਿਖਿਆ ਸੀ ਉਹਨਾਂ ਨੇ ਕਿਸ਼ਤੀਆਂ, ਮਲਾਹਾਂ, ਸਵਾਰੀਆਂ ਲਈ ਬੀਮੇ ਤੋਂ ਇਲਾਵਾ ਹੋਰ ਸੁਰੱਖਿਆ ਉਪਾਵਾਂ ਦੀ ਵੀ ਜ਼ੋਰਦਾਰ ਸਿਫਾਰਸ਼ ਕੀਤੀ ਸੀ। ਚਿੱਠੀ 'ਚ ਕਿਹਾ ਗਿਆ ਸੀ ਕਿ 1878 ਦਾ ਉੱਤਰ ਭਾਰ ਕਿਸ਼ਤੀ ਕਨੂੰਨ ਮੁੱਖ ਤੌਰ 'ਤੇ ਅੰਗ੍ਰੇਜ਼ਾਂ ਲਈ ਟੈਕਸ ਇੱਕਠਾ ਕਰਨ ਲਈ ਸੀ, ਉਸ 'ਚ ਮਲਾਹਾਂ ਨੂੰ ਠੇਕੇ ਦੇਣ ਦਾ ਵੀ ਵੇਰਵਾ ਦਿੱਤਾ ਗਿਆ ਹੈ। ਹਾਲ ਦੀ ਘੜੀ ਉਹਨਾਂ ਦਾ ਤਰਕ ਸੀ ਕਿ 'ਆਜ਼ਾਦੀ' ਪਿਛੋਂ ਹਰ ਸਾਲ ਲੋਕਾਂ ਦੀ ਮੌਤ ਹੋਣ ਦੇ ਬਾਵਜੂਦ ਕਿਸੇ ਨੇ ਵੀ ਹੁਣ ਤੱਕ ਇਸ ਕਨੂੰਨ ਦਾ ਰੀਵਿਊ ਨਹੀਂ ਕੀਤਾ ਅਤੇ ਨਾ ਇਸ ਵਿਚ ਕੋਈ ਸੋਧ ਕੀਤੀ। ਸੁਲੱਖਣ ਸਿੰਘ ਅਨੁਸਾਰ ਸੜਕਾਂ 'ਤੇ ਤਾਂ ਵਾਹਨਾਂ ਦੇ ਚਾਲਕਾਂ ਲਈ ਸੜਕ ਆਵਾਜਾਈ ਵਿਭਾਗ ਘਟੋ ਘੱਟ ਮਾਪਦੰਡ ਤੇ ਕਾਨੂੰਨ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਜਦ ਹਰ ਰੋਜ਼ ਭਾਰੀ ਗਿਣਤੀ 'ਚ ਕਿਸ਼ਤੀਆਂ ਹਜ਼ਾਰਾਂ ਸਵਾਰੀਆਂ ਢੋਂਹਦੀਆਂ ਹਨ। ਅਜਿਹੇ 'ਚ ਕਿਸ਼ਤੀਆਂ ਤੇ ਮਲਾਹਾਂ ਲਈ ਕੋਈ ਲਾਇਸੈਂਸ ਪ੍ਰਣਾਲੀ 'ਤੇ ਕੰਟਰੋਲ ਨਹੀਂ ਹੈ। ਪਰ ਇਨ੍ਹਾਂ ਸਿਫ਼ਾਰਿਸ਼ਾਂ 'ਤੇ ਕਿਸੇ ਨੇ ਗੌਰ ਨਹੀਂ ਕੀਤਾ। ਲਕੜਾਂ ਦੀਆਂ ਪੁਰਾਣੀਆਂ ਅਤੇ ਜਰਜਰ ਕਿਸ਼ਤੀਆਂ ਨੱਕੋਨੱਕ ਭਰੀਆਂ ਹੁੰਦੀਆਂ ਹਨ ਅਤੇ ਉਹਨਾਂ ਨੂੰ ਅਕਸਰ ਅਣਜਾਣ ਅਤੇ ਗੈਰ ਤਜ਼ਰਬੇਕਾਰ ਮਲਾਹ ਚਲਾਉਂਦੇ ਹਨ। ਉਹਨਾਂ ਨੂੰ ਇਸ ਕੰਮ ਦੀ ਨਾ ਕੋਈ ਦਿਲਚਸਪੀ ਹੁੰਦੀ ਹੈ ਤੇ ਨਾ ਹੀ ਉਨ੍ਹਾਂ ਨੇ ਇਸ ਦੀ ਸਿਖਲਾਈ

ਲਈ ਹੁੰਦੀ ਹੈ। ਇਸ ਵਿਚ ਉਹ ਸਿਰਫ ਪ੍ਰਵਾਰਿਕ ਰਵਾਇਤਾਂ ਦਾ ਹੀ ਪਾਲਣ ਕਰਦੇ ਹਨ। ਉਹ ਖਾਨਦਾਨੀ ਮਲਾਹ ਹੁੰਦੇ ਹਨ, ਇਸ ਲਈ ਸਿੱਖਣ ਦੀ ਲੋੜ ਹੀ ਨਹੀਂ ਸਮਝਦੇ। ਜਲ ਆਵਾਜਾਈ ਪ੍ਰਤੀ ਸਰਕਾਰ ਦੀ ਢਿੱਲ ਮੱਠ ਪਿੱਛੇ ਇਕ ਵਜ੍ਹਾ ਇਹ ਹੈ ਕਿ ਅਜਿਹੀਆਂ ਦੁਰਘਟਨਾਵਾਂ 'ਚ ਬੇਹੱਦ ਪਿਛੜੇ ਇਲਾਕੇ ਦੇ ਗਰੀਬ ਲੋਕ ਹੀ ਪ੍ਰਭਾਵਿਤ ਹੁੰਦੇ ਹਨ ਤੇ ਉਹ ਹਰੇਕ ਪੰਜ ਸਾਲ 'ਚ ਇਕ ਵਾਰੀ ਵੋਟ ਬੈਂਕ ਦਾ ਹੀ ਕੰਮ ਦਿੰਦੇ ਹਨ। ਇਸ ਦਾ ਪ੍ਰਬੰਧ ਹੀ ਵਿਕਾਸ ਦੇ ਝੂਠੇ ਵਾਅਦਿਆਂ ਨਾਲ ਕੀਤਾ ਜਾਂਦਾ ਹੈ। ਇਹੀ ਨਹੀਂ ਇਹਨਾਂ ਇਲਾਕਿਆਂ ਵਿੱਚ ਵਿਕਾਸ ਸ਼ਾਇਦ ਹੀ ਕਦੀ ਗਰਮਾ ਗਰਮ ਮੁੱਦਾ ਬਣਦਾ ਹੈ। ਉਥੇ ਬੁਨਿਆਦੀ ਸਹੂਲਤਾਂ ਦੇ ਮੁਕਾਬਲੇ 'ਚ ਜਾਤੀ ਵਧ ਅਹਿਮੀਅਤ ਰੱਖਦੀ ਹੈ। ਅਜਿਹੇ ਇਲਾਕੇ ਡਕੈਤਾਂ ਤੇ ਨਜਾਇਜ਼ ਸ਼ਰਾਬ ਦੇ ਧੰਦੇਬਾਜ਼ਾਂ ਲਈ ਸੁਰਖਿਅਤ ਪਨਾਹ-ਗਾਹਾਂ ਹਨ। ਕਿਸ਼ਤੀਆਂ ਦੀ ਰਜਿਸਟਰੇਸ਼ਨ ਜਾਂ ਮਲਾਹਾਂ ਦੇ ਲਾਇਸੈਂਸ ਦੀ ਘਾਟ ਕਾਰਨ ਉਹ ਸਮਾਜ ਵਿਰੋਧੀ ਤੱਤਾਂ ਲਈ ਸਭ ਤੋਂ ਸੌਖੀ ਤੇ ਸੁਰੱਖਿਅਤ ਆਵਾਜਾਈ ਹੈ। ਚੰਬਲ ਇਲਾਕੇ 'ਚ ਚੰਬਲ ਤੇ ਬੇਤਵਾਂ ਨਦੀਆਂ ਹੋਣ ਜਾਂ ਉਤਰਪੂਰਵੀ ਪ੍ਰਦੇਸ਼ ਦੇ ਦੂਰ-ਦਰਾਡੇ ਇਲਾਕਿਆਂ 'ਚ ਗੰਡਕ ਨਦੀ ਹੋਵੇ, ਰਵਾਇਤੀ ਕਿਸ਼ਤੀਆਂ ਹਥਿਆਰ ਤੇ ਗੋਲੀਬਰੂਦ ਜਾਂ ਤਸਕਰੀ ਦਾ ਸਮਾਨ ਲੈ ਜਾਣ-ਲਿਆਉਣ ਲਈ ਸਭ ਤੋਂ ਸੁਰੱਖਿਅਤ ਸਾਧਨ ਹਨ। ਜਾਲੌਨ ਜ਼ਿਲ੍ਹੇ ਵਿੱਚ ਐਸ. ਪੀ. ਰਹੇ ਇਕ ਆਈ. ਪੀ. ਐਸ. ਅਨੁਸਾਰ ਕਈ ਵਾਰੀ ਅਸੀਂ ਡਕੈਤੀ ਗਰੋਹਾਂ ਨੂੰ ਕਿਸ਼ਤੀਆਂ ਤੇ ਨਦੀ ਪਾਰ ਕਰਦੇ ਵੇਖਦੇ ਹਾਂ ਪਰ ਅਸੀਂ ਬੇਵੱਸ ਹਾਂ" ਅਜਿਹੀਆਂ ਗਲਤੀਆਂ ਨੂੰ ਸਧਾਰਨ ਤੇ ਹਰ ਬਰਸਾਤ ਵਿਚ ਹਜ਼ਾਰਾਂ ਲੋਕਾਂ ਦੀਆਂ ਕਬਰਾਂ ਨਦੀਆਂ 'ਚ ਬਣਨ ਤੋਂ ਬਚਾਉਣ ਲਈ ਮਾਇਆਵਤੀ ਸਰਕਾਰ ਨੂੰ ਜ਼ੋਰਦਾਰ ਇੱਛਾ ਸ਼ਕਤੀ ਵਿਖਾਉਣੀ ਚਾਹੀਦੀ ਹੈ।

# ਵਿਸ਼ਵ ਵਿਆਪੀ ਦੇ ਮੰਦੀ ਤੋਂ ਉਭਰਨ ਦੇ ਸਾਰੇ ਦਾਅਵੇ ਫੇਲ੍ਹ ਕਿਵੇਂ?

2006 'ਚ ਸ਼ੁਰੂ ਹੋਈ ਅਤੇ 2008 'ਚ ਆਪਣੀ ਚੋਟੀ ਤੇ ਪਹੁੰਚੀ ਵਿਸ਼ਵਵਿਆਪੀ ਆਰਥਿਕ ਮੰਦੀ ਦੇ ਰੂਪ 'ਚ ਪਏ ਦੌਰੇ ਤੋਂ ਸੰਸਾਰ ਪੂੰਜੀਵਾਦੀ (ਸਾਮਰਾਜ) ਉਭਰਨ ਦੀ ਕੋਸ਼ਿਸ਼ ਕਰ ਹੀ ਰਿਹਾ ਸੀ ਕਿ ਯੂਰਪੀ ਕਰਜ ਸੰਕਟ ਵਜੋਂ ਉਸ ਨੂੰ ਇਕ ਨਵਾਂ ਧੱਕਾ ਲੱਗਿਆ। ਪਿਛਲੀ ਵਾਰ ਵੀ ਬੇਲਆਊਟ ਪੈਕੇਜ 'ਤੇ ਡਾਇਲਿਸਿਸ 'ਤੇ ਰੱਖ ਕੇ ਵਿਸ਼ਵ ਪੂੰਜੀਵਾਦ ਦੇ ਮਾਹਿਰਾਂ ਨੇ ਉਸ ਦੀ ਜਾਨ ਬਚਾਈ ਸੀ ਅਤੇ ਇਸ ਵਾਰੀ ਵੀ ਇਕ ਟ੍ਰੀਲੀਅਨ ਡਾਲਰ ਦੇ ਬੈਲਆਊਟ ਪੈਕੇਜ ਰਾਹੀਂ ਯੂਰਪੀ ਸੰਘ ਤੇ ਕੌਮਾਂਤਰੀ ਮੁਦਰਾਕੋਸ਼ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਰ ਵਾਲ ਸਟਰੀਟ ਤੇ ਦਲਾਲ ਸਟਰੀਟ ਦੇ ਬੈਂਕਰਾਂ, ਦਲਾਲਾਂ ਤੇ ਪ੍ਰਜੀਵੀ ਸੱਟੇਬਾਜ਼ਾਂ ਤੋਂ ਲੈ ਕੇ ਵਾਸਿੰਗਟਨ ਡੀ.ਸੀ. ਡਾਊਨਿੰਗ ਸਟ੍ਰੀਟ ਅਤੇ ਭਾਰਤ ਦੇ ਜਨ ਪੱਥ ਦੇ ਪੂੰਜੀਵਾਦੀ ਨੀਤੀ ਨਿਰਧਾਰਕ ਤੱਕ, ਸਭ ਜਾਣਦੇ ਹਨ ਕਿ ਇਹ ਰੋਗ ਦਾ ਇਲਾਜ ਨਹੀਂ ਹੈ। ਬਲਕਿ ਲੱਛਣਾਂ ਦੀ ਬਲੈਕ ਮੇਲਿੰਗ ਹੈ। 2008 ਵਿਚ ਵਿੱਤੀ ਮੁਨਾਫਾ ਖੋਰੀ ਕਾਰਨ ਲਾਲਚੀ ਬੈਂਕਾਂ ਦੇ ਸੰਕਟ ਤੋਂ ਲੈ ਕੇ 2010 ਦੇ ਕਰਜਾ ਸਕੰਟ (ਯਾਨੀ ਸਰਕਾਰਾਂ ਦੇ ਹੀ ਦਿਵਾਲਿਆ ਹੋ ਜਾਣ ਦਾ ਸੰਕਟ) ਤਕ ਸਿਰਫ ਇਕ ਅਜਿਹੀ ਬੇ-ਦਲੀਲੀ ਅਰਾਜੁਕ ਅਰਥਵਿਵਸਥਾ ਦੀ ਮੂਲ ਤੇ ਅੰਤਰਕਾਰੀ (ਟ੍ਰਮੀਨਲ) ਬੀਮਾਰੀ ਦੇ ਲੱਛਣ ਹਨ। ਜਿਸ ਦਾ ਇਲਾਜ ਇਸ ਪ੍ਰਬੰਧ ਦੇ ਦਾਇਰੇ 'ਚ ਰਹਿ ਕੇ ਸੰਭਵ ਨਹੀਂ ਹੈ। ਪੂੰਜੀਵਾਦੀ ਸਰਕਾਰ ਜੋ ਪੂੰਜੀਪਤੀ ਜਮਾਤ ਦੇ ਹਿੱਤਾ ਦਾ ਪ੍ਰਬੰਧ ਤੇ ਉਹਨਾਂ ਦੀ ਰਾਖੀ ਦਾ ਕੰਮ ਕਰਦੀਆਂ ਹਨ, ਵੱਧ ਤੋਂ ਵੱਧ ਇਹੀ ਕਰ ਸਕਦੀਆਂ ਹਨ ਕਿ ਹਰ ਸੰਕਟ ਪਿਛੋਂ ਬੇਲ ਆਊਟ ਪੈਕੇਜ ਵਰਗਾ ਕੋਈ ਫੌਰੀ ਕਦਮ ਚੁੱਕਣ ਅਤੇ ਫਿਰ (ਇਹਨਾਂ ਹੀ ਦਲੀਲ ਰਹਿਤ ਉਪਾਵਾਂ ਦੇ ਹੀ ਕਾਰਨ) ਮੰਦੀ ਦੇ ਹੋਰ ਭਿੰਅਕਰ ਹੋ ਕੇ ਆਉਣ ਦੀ ਉਡੀਕ ਕਰੇ। ਗਲਵੱਢ ਮੁਕਾਬਲੇ ਵਾਲੀ ਪੂੰਜੀਵਾਦੀ ਬਜ਼ਾਰ ਵਿਵਸਥਾ ਕਦੀ ਵੀ ਨੀਤੀ ਨਿਰਧਾਰਿਕਾਂ ਨੂੰ ਲੰਮੇ ਸਮੇਂ ਦੇ ਸਿੱਟੇ ਸੋਚਣ ਦੀ ਇਜਾਜ਼ਤ ਨਹੀਂ ਦਿੰਦੀ। ਜੋ ਫੌਰੀ ਮੁਨਾਫੇ ਦੀ ਬਜਾਏ ਦੂਰਗਾਮੀ ਰਣਨੀਤੀ ਬਾਰੇ ਸੋਚੇਗਾ ਉਹ ਮਾਰਿਆ ਜਾਵੇਗਾ।

ਪਿੱਛੇ ਜਿਹੇ ਯੂਨਾਨ ਦੀ ਸਰਕਾਰ ਦਿਵਾਲੀਆ ਹੋਣ ਦੇ ਕੰਢੇ ਪੁੱਜ ਗਈ। ਯੂਨਾਨ 'ਤੇ ਕਰਜਾ ਉਸ ਦੀ ਕੁਲ ਘਰੇਲੂ ਪੈਦਾਵਰ ਤੋਂ ਵੀ 15 ਫੀਸਦੀ ਵਧ ਹੋ ਗਿਆ। ਉਸ ਦੀ ਕੁਲ ਘਰੇਲੂ ਪੈਦਾਵਰ ਦੀ ਵਾਧਾ ਦਰ ਨਾਕਾਰਤਮਕ 'ਚ ਪਹੁੰਚ ਗਈ (-4 ਤੋਂ -5 ਪ੍ਰਤੀਸ਼ਤ ਦੇ ਵਿਚਕਾਰ) ਵਿੱਤੀ ਘਾਟਾ ਵੀ ਖਤਰਨਾਕ ਅਨੁਪਾਤ 'ਚ ਪਹੁਚ ਚੁੱਕਿਆ ਹੈ। ਸਰਕਾਰ ਨੇ 2006 'ਚ ਸ਼ੁਰੂ ਹੋਏ ਵਿਸ਼ਵੀ ਸੰਕਟ 'ਚ ਦਿਵਾਲੀਆ ਹੋ ਰਹੇ ਬੈਂਕਾਂ ਨੂੰ ਬਚਾਉਣ ਲਈ ਆਪਣੀਆਂ ਜਨਤਕ ਮੱਦਾਂ ਵਿੱਚ ਕਟੌਤੀ ਕਰਕੇ ਸਹਾਇਤਾ ਪੈਕੇਜ ਦਿੱਤੇ ਅਤੇ ਪਿੱਛੋਂ ਜਨਤਕ ਪ੍ਰੋਗ੍ਰਾਮਾਂ ਤੇ ਸਰਕਾਰੀ ਖਰਚਿਆਂ ਲਈ ਉਹਨਾਂ ਹੀ ਬੈਂਕਾਂ ਤੋਂ ਵੱਡੀ ਪੱਧਰ 'ਤੇ ਉੱਚੀਆਂ

ਵਿਆਜ ਦਰ 'ਤੇ ਕਰਜਾ ਲਿਆ ਕਿਉਂਕਿ ਯੂਨਾਨ ਯੂਰਪੀ ਆਰਥਿਕ ਸੰਘ ਦੇ ਸਾਰੇ ਮੈਂਬਰ ਆਪਣੀਆਂ ਆਪਣੀਆਂ ਵੱਖ-ਵੱਖ ਮੁਦਰਾ ਦੀ ਥਾਂ ਯੂਰੋ ਦੀ ਵਰਤੋਂ ਕਰਦੇ ਹਨ। ਇਸ ਲਈ ਕੋਈ ਇਕ ਦੇਸ਼ ਯੂਰੋ ਦੀ ਕਦਰ ਘਟਾਈ ਜਾਂ ਵਟਾਂਦਰਾ ਦਰਾਂ ਬਾਰੇ ਇਕੱਲਾ ਫੈਸਲਾ ਨਹੀਂ ਲੈ ਸਕਦਾ। ਦੂਜੀ ਗੱਲ ਇਹ ਕਿ ਕਰਜਾ ਸੰਕਟ ਜਾਂ ਦਿਵਾਲੀਆ ਹੋਣ ਵਰਗੀ ਸਥਿਤੀ ਵਿੱਚ ਯੂਰਪੀ ਸੰਘ 'ਚ ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਕੋਈ ਬੇਲ ਆਊਟ ਪੈਕੇਜ ਦੇਣ ਦੀ ਕੋਈ ਵਿਵਸਥਾ ਨਹੀਂ ਸੀ। ਇਸ ਯੂਨਾਨ ਪਾਸ ਅਜਿਹਾ ਕੋਈ ਸਾਧਨ ਨਹੀਂ ਸੀ ਜਿਸ ਨਾਲ ਉਹ ਆਪਣੇ ਦੇਸ਼ (ਗ੍ਰੀਕ) ਦੇ ਸਰਕਾਰੀ ਖਜਾਨੇ ਨੂੰ ਵਾਪਸ ਥੋੜਾ ਸਿਹਤਮੰਦ ਬਣਾ ਸਕਦਾ। ਜੇ ਯੂਨਾਨ ਦੇ ਕੋਈ ਆਪਣੀ ਕਰੰਸੀ ਹੁੰਦੀ ਤਾਂ ਉਹ ਆਪਣੀ ਕਰੰਸੀ ਦਾ ਮੁੱਲ ਘਟਾ ਕੇ ਕਰੰਸੀ ਦੀ ਸਪਲਾਈ ਨੂੰ ਵਧਾ ਲੈਂਦਾ ਅਤੇ ਨਾਲ ਹੀ ਵਟਾਂਦਰਾ ਵਿੱਚ ਤਬਦੀਲੀ ਕਰਕੇ ਆਪਣੇ ਮੁਦਰਾ ਭੰਡਾਰ ਨੂੰ ਵਧਾ ਲੈਂਦਾ। ਪਰ ਯੂਰਪੀ ਸੰਘ ਦਾ ਮੈਂਬਰ ਹੋਣ ਕਰਕੇ ਯੂਨਾਨ ਅਜਿਹਾ ਨਹੀਂ ਕਰ ਸਕਦਾ ਸੀ।

ਪਰ ਇਹਨਾਂ ਵਿੱਤੀ-ਮੁਦਰਿਕ ਅਦਾਰਿਆਂ (ਜੋ ਖੁਦ ਇਕ ਸਟੀਰਾਇਡ ਤੋਂ ਵੱਧ ਅਹਿਮੀਅਤ ਨਹੀਂ ਰੱਖਦੇ) ਤੋਂ ਵਾਂਝਿਆਂ ਹੋਣ ਕਰਕੇ ਯੂਨਾਨ ਦੀ ਸਰਕਾਰ ਨੇ ਆਪਣੀਆਂ ਯੋਜਨਾਵਾਂ ਤੇ ਸਰਕਾਰੀ ਕੰਮਕਾਜ ਦੇ ਵਿੱਤ ਪੋਸ਼ਣ ਲਈ ਨਿੱਜੀ ਬੈਂਕਾਂ ਤੋਂ ਬੇਹਿਸਾਬ ਉੱਚੀਆਂ ਵਿਆਜ ਦਰਾਂ 'ਤੇ ਕਰਜਾ ਲੈਣਾ ਜਾਰੀ ਰੱਖਿਆ। ਜਿਵੇਂ ਕਿ ਹੋਣਾ ਹੀ ਸੀ, ਕੁਝ ਸਮੇਂ ਪਿਛੋਂ ਨਿੱਜੀ ਬੈਂਕਾਂ ਨੇ ਕਰਜ਼ਾ ਦੇਣਾ ਹੀ ਬੰਦ ਕਰ ਦਿੱਤਾ ਹਾਲਾਂਕਿ ਉਨ੍ਹਾਂ ਨੂੰ ਸਾਲ ਭਰ ਪਹਿਲਾਂ ਹੀ ਯੂਨਾਨੀ ਲੋਕਾਂ ਦੇ ਹੀ ਪੈਸੇ ਨਾਲ ਬਚਾਇਆ ਗਿਆ ਸੀ ਅਤੇ ਆਪਣੇ ਕਰਜੇ ਦੀ ਅਦਾਇਗੀ ਲਈ ਹੀ ਉਹ ਯੂਨਾਨੀ ਸਰਕਾਰ 'ਤੇ ਦਬਾਅ ਪਾਉਣ ਲੱਗੇ। ਪਰ ਯੂਨਾਨੀ ਸਰਕਾਰ ਦਾ ਖਜ਼ਾਨਾ ਤਾਂ ਖਾਲੀ ਸੀ। ਉਹ ਬੈਂਕ ਅੱਗੇ ਕਰਜੇ ਦੇਣ ਲਈ ਤਿਆਰ ਨਹੀਂ ਸਨ ਅਤੇ ਯੂਰਪੀ ਸੰਘ ਯੂਨਾਨ ਨੂੰ ਕਿਸੇ ਕਿਸਮ ਦਾ ਸਹਾਇਤਾ ਪੈਕੇਜ ਦੇਣ ਲਈ ਤਿਆਰ ਨਹੀਂ ਸੀ। ਇਹ ਦੋਨੋਂ ਹੀ ਯੂਨਾਨ ਦੀ ਸਰਕਾਰ 'ਤੇ ਦਬਾਅ ਪਾ ਰਹੇ ਸਨ ਕਿ ਸਾਰੇ ਸਰਕਾਰੀ ਜਨਤਕ ਅਦਾਰਿਆਂ ਨੂੰ ਨਿੱਜੀ ਹੱਥਾਂ ਵਿਚ ਸੌਂਪ ਦੇਣ ਅਤੇ "ਕਲਿਆਣਕਾਰੀ" ਯੋਜਨਾਵਾਂ ਨੂੰ ਤਿਲਾਂਜਲੀ ਦੇ ਕੇ ਕੁਝ ਪੈਸੇ ਇੱਕਠੇ ਕਰਨ ਅਤੇ ਆਪਣੇ ਖਰਚੇ ਨੂੰ ਘੱਟ ਕਰਨ। ਇਸ ਦੇ ਨਾਲ ਹੀ ਮਜ਼ਦੂਰੀ ਘੱਟ ਕਰਨ ਅਤੇ ਪੈਨਸ਼ਨ ਯੋਜਨਾਵਾਂ ਆਦਿ ਨੂੰ ਰੱਦ ਕਰਨ ਲਈ ਵੀ ਯੂਨਾਨ ਦੀ ਸਰਕਾਰ 'ਤੇ ਦਬਾਅ ਬਣਾਇਆ ਜਾਣ ਲੱਗਿਆ ਜਿਉਂ ਹੀ ਯੂਨਾਨੀ ਸਰਕਾਰ ਨੇ ਅਜਿਹੇ ਦਬਾਵਾਂ ਅੱਗੇ ਗੋਡੇ ਟੇਕਣੇ ਸ਼ੁਰੂ ਕੀਤੇ ਯੂਨਾਨੀ ਮਜ਼ਦੂਰ ਤੇ ਵਿਦਿਆਰਥੀ-ਨੌਜਵਾਨ ਵੱਡੀ ਗਿਣਤੀ ਵਿੱਚ ਸੜਕਾਂ ਤੇ ਉਤਰ ਆਏ। ਜਗ੍ਹਾ-ਜਗ੍ਹਾ ਸੱਤਾ ਦੇ ਕੇਂਦਰਾਂ 'ਤੇ ਹਮਲੇ ਹੋਣ ਲੱਗੇ।

ਪਹਿਲਾਂ ਤੋਂ ਹੀ ਗਰੀਬਾਂ ਤੇ ਮੁਫਲਿਸੀ ਦੀ ਮਾਰ ਝੱਲ ਰਹੇ ਯੂਨਾਨੀ ਮਜ਼ਦੂਰ ਤੇ ਨੌਜਵਾਨ ਆਪਣੀ ਕੀਮਤ 'ਤੇ ਬੈਂਕਾਂ, ਦਲਾਲਾਂ, ਸੱਟੇਬਾਜ਼ਾਂ ਤੇ ਜੁਆਖੋਰਾਂ ਦੀ ਸੇਵਾ ਅਤੇ ਖਿਦਮਤ ਕੀਤੇ ਜਾਣ ਨੂੰ ਹੁਣ ਸਹਿਣ ਨਹੀਂ ਕਰ ਸਕਦੇ ਸਨ। ਪੁਲਸ ਤੇ ਫੌਜ ਇਸ ਸਮਾਜਕ ਉਥਲ-ਪੁਥਲ 'ਤੇ ਕਾਬੂ ਪਾਉਣ 'ਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੇ ਸਨ। ਯੂਨਾਨੀ ਲੋਕਾਂ ਨੇ ਸੰਸਦ ਨੂੰ ਘੇਰ ਲਿਆ ਅਤੇ

ਸਰਕਾਰੀ ਜਾਬਰ ਮਸ਼ਨੀਰੀ ਨਾਲ ਉਲਝਣ ਲੱਗੇ। ਜਲਦੀ ਹੀ ਯੂਨਾਨ ਦੇ ਸਰਮਾਏਦਾਰ ਵਰਗ ਦੇ ਦੂਰਦਰਸ਼ੀ ਰਾਜਸੀ ਨੇਤਾਵਾਂ ਨੂੰ ਇਹ ਸਮਝ ਆ ਗਿਆ ਕਿ ਬੈਂਕਰਾਂ ਤੇ ਵਿੱਤੀ ਮਗਰਮੱਛਾਂ ਦੇ ਲਾਲਚ ਦੀ ਕੀਮਤ ਦੇਣ ਲਈ ਯੂਨਾਨੀ ਲੋਕਾਂ ਨੂੰ ਮਜ਼ਬੂਰ ਕੀਤਾ ਗਿਆ ਤਾਂ ਉਸ ਦੇ ਵਿਨਾਸ਼ਕਾਰੀ ਸਿੱਟੇ ਸਾਹਮਣੇ ਆ ਸਕਦੇ ਹਨ। ਯੂਨਾਨ ਦੀ ਸਰਕਾਰ ਨੇ ਯੂਰਪੀ ਸੰਘ ਸਾਹਮਣੇ ਸਪੱਸ਼ਟ ਕਰ ਦਿੱਤਾ ਕਿ ਜਾਂ ਤਾਂ ਉਸ ਨੂੰ ਸਹਾਇਤਾ ਪੈਕੇਜ ਦਿੱਤਾ ਜਾਵੇ ਨਹੀਂ ਤਾਂ ਯੂਨਾਲ ਮੂਹਰੇ ਯੂਰਪੀ ਆਰਥਕ ਸੰਘ ਦਾ ਮੈਂਬਰਸ਼ਿਪ ਛੱਡਣ ਪਿਛੋਂ ਆਪਣੀ ਮੁਦਰਾ ਨੂੰ ਮੁੜ ਸੁਰਜੀਤ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਹੋਵੇਗਾ। ਜਰਮਨੀ ਤੇ ਫਰਾਂਸ ਯੂਰਪੀ ਸੰਘ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਅਮੀਰ ਦੇਸ਼ ਹੋਣ ਕਰਕੇ ਜ਼ਿਆਦਾਤਾਰ ਮਾਮਲਿਆਂ 'ਚ ਨਿਆਂਕਾਰੀ ਹਾਲਤ 'ਚ ਹੁੰਦੇ ਹਨ। ਸ਼ੁਰੂਆਤੀ ਦੌਰ ਵਿਚ ਜਰਮਨੀ ਤੇ ਫਰਾਂਸ ਨੇ ਯੂਨਾਨ ਨੂੰ ਮਦਦ ਦੇਣ ਤੋਂ ਸਾਫ ਨਾਂਹ ਕਰ ਦਿੱਤੀ। ਇਸ ਪਿੱਛੇ ਉਹਨਾਂ ਦੀਆਂ ਆਪਣੀਆਂ ਮਜ਼ਬੂਰੀਆਂ ਸਨ ਕਿਉਂਕਿ 2006 ਵਿਚ ਸੰਕਟ ਸ਼ੁਰੂ ਹੋਣ ਪਿੱਛੋਂ ਤੋਂ ਉਹ ਬਹੁਤ ਵਧੀਆ ਹਾਲਤ ਵਿਚ ਨਹੀਂ ਸਨ। ਜਰਮਨੀ ਯੂਰਪੀ ਸੰਘ ਦੇ ਹੋਰ ਕੰਮਜ਼ੋਰ ਦੇਸ਼ਾਂ ਦੀ ਲੁੱਟ ਦੇ ਜ਼ੋਰ 'ਤੇ ਆਪਣੀ ਹਾਲਤ 'ਚ ਥੋੜ੍ਹਾ ਸੰਭਾਲ ਕੇ ਰੱਖ ਸਕੇ ਸਨ। ਪਰ ਇਹ ਵੀ ਬਾਰੀਕ ਸੰਤੁਲਨ ਹੀ ਸੀ। ਅਜਿਹੇ 'ਚ ਜਰਮਨੀ ਆਪਣੇ ਖਜ਼ਾਨੇ ਦੇ ਸਿਰ 'ਤੇ ਜੇ ਕਿਸੇ ਬੇਲਆਊਟ ਪੈਕੇਜ ਦੀ ਇਜਾਜ਼ਤ ਦਿੰਦਾ ਤਾਂ ਉਸ ਦਾ ਆਪਣਾ ਅਰਥਚਾਰਾ ਜੋ ਕਾਫੀ ਕੋਸ਼ਿਸ਼ਾਂ ਪਿੱਛੋਂ ਥੋੜ੍ਹਾ ਸਾਹ ਲੈਣ ਦੀ ਹਾਲਤ 'ਚ ਹੋਇਆ ਸੀ, ਉਹ ਫਿਰ ਤੋਂ ਹਿਚਕੀਆਂ ਲੈਣ ਲੱਗਦਾ ਅਤੇ ਏਂਜੇਲ ਮਰਕੇਲ ਨੂੰ ਇਹ ਮੰਜੂਰ ਨਹੀਂ ਸੀ।

ਯੂਰਪੀ ਸੰਘ ਯੂਨਾਨ ਦੀ ਸਰਕਾਰ 'ਤੇ ਇਹ ਦਬਾਅ ਪਾ ਰਹੀ ਸੀ ਕਿ ਉਹ ਆਪਣੇ ਲੋਕਾਂ ਨੂੰ ਹੋਰ ਨਿਚੋੜ ਕੇ (ਯਾਨੀ ਅਪਨਿਵੇਸ਼ ਕਰਕੇ ਕਲਿਆਣੀ ਯੋਜਨਾਵਾਂ ਬੰਦ ਕਰਕੇ ਅਤੇ ਮਜ਼ਦੂਰੀ 'ਚ ਕਟੌਤੀ ਕਰਕੇ) ਆਪਣੇ ਸੰਕਟ ਨੂੰ ਦੂਰ ਕਰੇ ਅਤੇ ਬੈਂਕਾਂ ਦਾ ਕਰਜਾ ਮੋੜੇ ਪਰ ਜਲਦੀ ਹੀ ਯੂਨਾਨੀ ਲੋਕਾਂ ਦੇ ਵਿਰੋਧ ਤੋਂ ਇਹ ਸਾਫ ਹੋ ਗਿਆ ਕਿ ਅਜਿਹਾ ਕਰ ਸਕਣਾ ਸੰਭਵ ਨਹੀਂ ਹੈ। ਜਿਹੜੇ ਬੈਂਕਾਂ ਨੇ ਕਰਜਾ ਦਿੱਤਾ ਸੀ ਉਹ ਯੂਨਾਨੀ ਸਰਕਾਰ ਦੇ ਡਫਾਲਟਰ ਕਰਨ ਦੀ ਅਸਲੀ ਸੰਭਾਵਨਾ ਪੈਦਾ ਹੁੰਦਿਆਂ ਹੀ ਨਿਰਾਸਤਾ 'ਚ ਡੁੱਬ ਗਏ ਯੂਨਾਨੀ ਸਰਕਾਰ ਜੇ ਆਪਣੇ ਕਰਜੇ ਅਦਾ ਨਹੀਂ ਕਰਦੀ ਤਾਂ ਇਹਨਾਂ ਬੈਂਕਾਂ ਨੂੰ ਬਚਾ ਸਕਣਾ ਸੰਭਵ ਨਹੀਂ ਸੀ। ਇਥੇ ਅਮਰੀਕਾ ਵੀ ਇਸ ਮਾਮਲੇ 'ਚ ਸ਼ਾਮਲ ਹੋ ਗਿਆ। ਇਸ ਦਾ ਕਾਰਨ ਇਹ ਸੀ ਕਿ ਜਿਨ੍ਹਾਂ ਬੈਂਕਾਂ ਦੀ ਤਬਾਹੀ ਦੀ ਸੰਭਾਵਨਾ ਪੈਦਾ ਹੋ ਰਹੀ ਸੀ ਉਸ 'ਚ 3.6 ਟ੍ਰਿਲੀਅਨ ਅਮਰੀਕੀ ਡਾਲਰ ਵੀ ਫਸੇ ਹੋਏ ਸਨ। ਸਿੱਟੇ ਵਜੋਂ ਓਬਾਮਾ ਨੇ ਸਰਕੋਜੀ ਤੇ ਮਰਕੇਲ ਨਾਲ ਫੋਨ 'ਤੇ ਲੰਮੀ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਬੈਲ-ਆਊਟ ਪੈਕੇਜ ਦੇਣ ਲਈ ਰਾਜੀ ਕੀਤਾ। ਪਰ ਜਰਮਨੀ ਪੂਰੀ ਸਹਾਇਤਾ ਦੇਣ ਨੂੰ ਖੁਦ ਤਿਆਰ ਨਹੀਂ ਸੀ। ਇਸ ਲਈ ਅਮਰੀਕਾ ਨੇ ਕੌਮਾਂਤਰ ਮੁਦਰਾ ਕੋਸ਼ ਨੂੰ ਵੀ ਇਸ ਸਮੀਕਰਨ 'ਚ ਸ਼ਾਮਲ ਕਰ ਲਿਆ। ਅੰਤ 'ਚ ਇਹ ਤੈਅ ਹੋਇਆ ਕਿ ਯੂਰਪੀ ਸੰਘ ਅਤੇ ਕੌਮਾਂਤਰੀ ਮੁਦਰਾ ਕੋਸ਼ ਮਿਲ ਕੇ ਇੱਕ ਟ੍ਰਿਲੀਅਨ ਡਾਲਰ ਦਾ ਬੇਲ ਆਊਟ ਪੈਕੇਜ ਮੁੱਖ ਤੌਰ 'ਤੇ ਯੂਨਾਨ ਨੂੰ ਦੇਣਗੇ ਪਰ ਇਸ

ਪੈਕੇਜ ਦਾ ਫਾਇਦਾ ਭਿਅੰਕਰ ਕਰਜੇ ਹੇਠ ਦੱਬੇ ਪੁਰਤਗਾਲ ਤੇ ਸਪੇਨ ਨੂੰ ਵੀ ਮਿਲੇਗਾ। ਪਰ ਮੁੱਖ ਮਰੀਜ਼ ਤਾਂ ਯੂਨਾਨ ਹੀ ਸੀ।

ਜਿਸ ਨੂੰ ਜਾਨ ਬਚਾਊ ਯੰਤਰ ਦੀ ਲੋੜ ਸੀ ਪਰ ਇਹ ਬੇਲਆਊਟ ਪੈਕੇਜ ਮਿਲਣ ’ਤੇ ਉਹ ਸੱਟੇਬਾਜ਼ ਬਹੁਤ ਮਿਣਕੇ ਜਿਹਨਾਂ ਨੇ ਯੂਨਾਨ ਦਿਵਾਲੀਆ ਹੋਣ ’ਤੇ ਹੀ ਸੱਦਾ ਲਾ ਦਿੱਤਾ ਸੀ। ਅਜਿਹੇ ਸੱਟੇਬਾਜ਼ ਵੀ ਸਨ ਜਿਨ੍ਹਾਂ ਨੇ ਇੱਕ ਵਿੱਤੀ ਅਦਾਰੇ (ਕੰਟਰੀ ਡਿਲਾਲਟ ਸਵਾਪ) ਸੀ. ਡੀ. ਐੱਮ. ਰਾਹੀਂ ਇਸ ਗੱਲ ’ਤੇ ਸੱਟਾ ਲਾਇਆ ਸੀ ਕਿ ਯੂਨਾਨ ਦਿਵਾਲੀਆ ਹੋ ਜਾਵੇਗਾ। ਸੱਟੇਬਾਜ਼ੀ ਦੇ ਇਸ ਹੱਦ ਤੱਕ ਹੋ ਜਾਣ ਨਾਲ ‘ਸੱਤਾ ਪੂੰਜੀਵਾਦ’ ਦੀ ਪੂਜਾ ਕਰਨ ਵਾਲੇ ਲੋਕਾਂ ਨੂੰ ਵੱਡੀ ਠੇਸ ਪੁੱਜੀ। ਪਰ ਉਹਨਾਂ ਨੇ ਨੇਕੀ ਤੇ ਸੰਜਮ ਦੇ ਉਪਦੇਸ਼ ਦਿੱਤੇ। ਪਰ ਸੱਟੇਬਾਜ਼ ਉਹਨਾਂ ਨੂੰ ਸੁਣਨ ਦੀ ਬਜਾਏ ਨਵੇਂ ਦਾਅ ਲਾਉਣ ਵਿਚ ਮਸਤ ਹੋ ਗਏ। ਸੱਟੇਬਾਜ਼ ਪੂੰਜੀ ਦਾ ਵਿਸ਼ਵ ਪੂੰਜੀਵਾਦ ਤੰਤਰ ’ਤੇ ਕਿਸ ਹੱਦ ਤੱਕ ਕਬਜਾ ਹੈ ਇਸ ਨੂੰ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਇਹਨਾਂ ਸੀ. ਡੀ. ਐਸ. ਸੱਟੇਬਾਜ਼ਾਂ ਨੇ ਬੈਂਕਾਂ ਤੇ ਆਪਣੇ ਪ੍ਰਭਾਵ ਰਾਹੀਂ ਯੂਨਾਨ ਨੂੰ ਮਿਲਣ ਵਾਲੇ ਕਰਜੇ ਦੀਆਂ ਵਿਆਜ ਦਰਾਂ ਭਿਅੰਕਰ ਤਰੀਕੇ ਨਾਲ ਵਧਾ ਦਿੱਤੀਆਂ ਜਾਂ ਫਿਰ ਕਰਜਾ ਦੇਣ ਤੋਂ ਇਨਕਾਰ ਕਰਵਾ ਦਿੱਤਾ ਕਿਉਂਕਿ ਇਸ ਨਾਲ ਯੂਨਾਨ ਦੇ ਦਿਵਾਲੀਆ ਹੋਣ ਦੀ ਸੰਭਾਵਨਾ ਵਧ ਜਾਂਦੀ ਸੀ। ਪਰ ਵਿਸ਼ਵ ਪੂੰਜੀਵਾਦ ਦੇ ਮੁਖੀਆਂ ਨੂੰ ਇਹ ਗੱਲ ਸਮਝ ’ਚ ਆ ਗਈ ਸੀ ਕਿ ਯੂਨਾਨ ਦਾ ਡਿਫਾਲਟ ਕਰਨਾ ਇਕ ‘ਚੇਨ ਰੀਐਕਸ਼’ ਨੂੰ ਸ਼ੁਰੂ ਕਰ ਦੇਵੇਗਾ ਜੋ ਪੂੰਜੀਵਾਦੀ ਪ੍ਰਬੰਦ ਲਈ ਜਾਨ ਲੇਵਾ ਸਿੱਧ ਹੋ ਸਕਦਾ ਹੈ, ਇਸ ਲਈ ਇਹਨਾਂ ਸੱਟੇਬਾਜ਼ਾਂ ਦੀ ਉਮੀਦ ’ਤੇ ਪਾਣੀ ਫਿਰ ਗਿਆ। ਇਸ ਦੌਰਾਨ ਯੂਨਾਨ ਲਈ ਨਵੇਂ ਸਮਾਜਕ ਜਨਵਾਦੀ ਪ੍ਰਧਾਨ ਮੰਤਰੀ ਜਾਰਜ ਪਾਪੈਂਡ੍ਰੂ, ਜੋ ਕਿ ਇਕ ਕੀਨਸਾਈ ਅਰਥ ਸਾਸ਼ਤਰੀ ਵੀ ਸਨ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਰਹੇ ਸਨ ਕਿ ਪੂੰਜੀਵਾਦੀ ਵਿੱਤੀ ਲੁੱਟ ਨੂੰ ਖੁੱਲਾ ਛੱਡ ਦੇਣ ਨਾਲ ਇਹੀ ਸਥਿਤੀ ਪੈਦਾ ਹੋਵੇਗੀ ਅਤੇ ਇਸ ਤੋਂ ਬਚਣਾ ਹੈ ਤਾਂ ਰਾਜ ਨੂੰ ਦਖਲਅੰਦਾਜੀ ਕਰਨੀ ਪਵੇਗੀ। ਰਾਜ ਨੂੰ ਪੰਜੀਵਾਦੀ ਜਮਾਤ ਦੀ ਪ੍ਰਬੰਦਕੀ ਸੰਮਤੀ ਦੀ ਭੂਮਿਕਾ ਨਿਭਾਉਣੀ ਪਵੇਗੀ। ਪੰਜੀਵਾਦੀ ਬਾਜ਼ਾਰ ਅਰਥਚਾਰੇ ’ਚ ਸਾਰੇ ਖਿਡਾਰੀਆਂ ਨੂੰ ਬਜ਼ਾਰ ਦੇ ‘‘ਸਵੈਚਾਲਿਕ ਸੰਤੁਲਨਕਾਰੀ’’ ਤੰਤਰ ਦੇ ਭਰੋਸੇ ਛੱਡ ਦੇਣ ਦੇ ਵਿਨਾਸ਼ਕਾਰੀ ਸਿੱਟੇ ਸਾਹਮਣੇ ਆਉਣਗੇ। ਅਜਿਹੇ ਸੋਧਵਾਦੀ ਹਮੇਸ਼ਾ ਪੂੰਜੀਵਾਦ ਦੇ ਮੋਢੇ ਤੇ ਬੈਠੇ ਚਾਲਕ ਵਾਂਗ ਇਹ ਮੰਤਰ ਜਪਦੇ ਰਹਿੰਦੇ ਹਨ’’ ਹੌਲੀ ਚੱਲੋ, ਸੰਜਮ ਵਰਤੋਂ, ਸੰਭਲ ਕੇ ਚਲੋ’’ ਪਰ ਪੂੰਜੀਵਾਦੀ ਦੀ ਗਤੀ ਹੀ ਅਜਿਹੀ ਹੁੰਦੀ ਹੈ ਕਿ ਉਹ ਮੁਨਾਫੇ ਦੀ ਹਫਸ਼ ਵਿਚ ਆਤਮਘਾਤੀ ਕਦਮ ਉਠਾਉਂਦਾ ਰਹਿੰਦਾ ਹੈ। ਪਰ ਅਜਿਹੇ ਕਿੰਨੇ ਵੀ ਸਲਾਹਕਾਰ ਹੋਣ ਉਹ ਪੂੰਜੀਵਾਦ ਨੂੰ ਆਪਣੇ ਅੰਤਕਾਰੀ ਰੋਗ ਤੋਂ ਮੁਕਤੀ ਨਹੀਂ ਦੇ ਸਕਦੇ। ਇਹ ਅੰਤਕਾਰੀ ਰੋਗ ਹੈ। ਅਤੀ-ਪੈਦਾਵਾਰ ਤੇ ਮੰਦੀ ਦਾ ਰੋਗ ਜੋ ਪੂੰਜੀਵਾਦ ਅਰਾਜਕਤਾ ਪੂਰਨ ਗਲਵੱਢ ਮੁਕਾਬਲੇ ਵਾਲੀ ਰਫ਼ਤਾਰ ਹਮੇਸ਼ਾ ਕਰਦੀ ਰਹਿੰਦੀ ਹੈ। ਪਹਿਲੇ ਚੱਕਰ ਵਜੋਂ ਆਉਣ ਵਾਲੇ ਸੰਕਟਾਂ ਨੂੰ ਦਹਾਕਿਆਂ ’ਚ ਨਾਪਿਆ ਜਾਂਦਾ ਹੈ ਪਰ ਹੁਣ ਇਹ ਸਾਲਾਂ ’ਤੇ ਮਹੀਨਿਆਂ ’ਚ ਨਾਪੀ ਜਾਣ ਲੱਗੀ ਹੈ। ਇਹ ਖੁਦ ਦਿਖਾਉਂਦਾ ਹੈ ਕਿ ਪੂੰਜੀਵਾਦ ਦੇ ਅਮਰ

ਹੋਣ ਦੇ ਦਾਅਵੇ ਦੇ ਉਲਟ ਇਹ ਅੰਦਰੋਂ ਹੋਰ ਵੱਧ ਪ੍ਰਜੀਵੀ ਤੇ ਮਰਨਕੰਡੇ ਹੋ ਚੁੱਕਿਆ ਹੈ। ਇਹ ਸਿਰਫ ਆਪਣੀ ਜੜ੍ਹਤਾ ਦੀ ਤਾਕਤ ਨਾਲ ਟਿਕਿਆ ਹੋਇਆ ਹੈ। ਇਹ ਸਿਰਫ ਇਹ ਲਈ ਟਿਕਿਆ ਹੋਇਆ ਹੈ ਕਿ ਉਸ ਨੂੰ ਧੱਕਾ ਦੇ ਕੇ ਇਤਿਹਾਸ ਦੇ ਕੂੜੇਦਾਨ 'ਚ ਪਹੁੰਚਾ ਦੇਣ ਵਾਲਾ ਕੋਈ ਤਾਕਤ ਅੱਜ ਜਥੇਬੰਦ ਤੌਰ 'ਤੇ ਮੌਜੂਦ ਨਹੀਂ ਹੈ। 26ਵੀਂ ਸਦੀ ਦੇ ਮਹਾਂ ਸਮਾਜਵਾਦੀ ਪ੍ਰਯੋਗਾਂ ਦੇ ਡਿੱਗਣ ਪਿਛੋਂ, ਪੂਰੇ ਸੰਸਾਰ 'ਚ ਇਨਕਲਾਬੀ ਮਜ਼ਦੂਰ ਅੰਦੋਲਨ ਨਿਰਾਸ਼ਤਾ ਤੇ ਫੁੱਟ ਦਾ ਸ਼ਿਕਾਰ ਹੈ। ਇਕ ਭਿਆਕਰ ਭਰਮ ਦੀ ਹਾਲਤ ਬਣੀ ਹੋਈ ਹੈ। ਪੂਰਾ ਅੰਦੋਲਨ ਇਕ ਸੰਕਟ ਦਾ ਸ਼ਿਕਾਰ ਹੈ। ਪੂੰਜੀਵਾਦੀ ਵਿਚਾਰਧਾਰਕ ਹਮਲਿਆ 'ਚ ਕੁਝ ਵੀ ਨਵਾਂ ਨਹੀਂ ਹੈ। ਬੱਸ ਨਾਂ 'ਤੇ ਤਰੀਕ ਹੀ ਬਦਲਦੀ ਹੈ। ਇਹ ਸਾਰੀ ਪੂੰਜੀਵਾਦ ਲਫਾਜ਼ੀ ਹੈ।

ਜੋ ਪੂੰਜੀਵਾਦ ਚਿੰਤਕ-ਦਾਰਸ਼ਨਿਕ-ਰਾਜਸੀ ਨੇਤਾ 19ਵੀਂ ਸਦੀ ਦੇ ਉਤਰਾਅ ਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਪ੍ਰਚਾਰਦੇ ਰਹੇ ਹਨ। ਅਸਲੀ ਵਿਸ਼ਵ ਵਿਆਪੀ ਸਥਿਤੀ 'ਤੇ ਇਕ ਨਜ਼ਰ ਸਾਫ ਕਰ ਦਿੰਦੀ ਹੈ ਕਿ ਸੰਕਟ ਦਾ ਸ਼ਿਕਾਰ ਵਿਚਾਰਕ ਤੌਰ 'ਤੇ ਬਹੁਤ ਪਹਿਲਾਂ ਹਾਰ ਚੁੱਕੀ ਪੂੰਜੀਵਾਦੀ (ਸਾਮਰਾਜੀ) ਵਿਸਸਥਾ ਹੀ ਹੈ। ਇਹ ਆਰਥਕ ਤੇ ਸਮਾਜਕ ਤੌਰ 'ਤੇ ਜਿੰਨੀ ਵੱਧ ਮਰਨ ਕੰਡੇ ਹੁੰਦੀ ਜਾ ਰਹੀ ਹੈ, ਉਨੇ ਹੀ ਗਲੇ-ਸੜੇ ਸਿਧਾਂਤ ਵੀ ਇਹ ਪੇਸ਼ ਕਰ ਰਹੀ ਹੈ। ਸਾਰੇ ਪਿਛਾਖੜੀ ਪੂੰਜੀਵਾਦੀ ਦਾਰਸ਼ਨਿਕਾਂ ਦੀਆਂ ਸੜੀਆਂ-ਗਲੀਆਂ ਆਤਮਾਵਾਂ ਆਪਣੀਆਂ-ਆਪਣੀਆਂ ਕਬਰਾਂ ਚੋਂ ਨਿਕਲ ਕੇ ਤਲਵਾਰ ਚਲਾ ਰਹੀਆਂ ਹਨ। ਯੂਰਪ ਦੇ ਕਰਜਾ ਸੰਕਟ ਨੇ ਫਿਰ ਤੋਂ ਸਾਬਤ ਕਰ ਦਿੱਤਾ ਹੈ ਕਿ ਉਸ 'ਚ ਕੁਝ ਵੀ ਨਹੀਂ ਬਚਿਆ ਹੈ। ਇਹ ਆਪਣੀ ਜੜ੍ਹਤਾ ਦੀ ਸ਼ਕਤੀ ਨਾ ਸਿਰਫ ਇਸ ਲਈ ਟਿੱਕਿਆ ਹੋਇਆ ਹੈ ਕਿ ਅੱਜ ਦੁਨੀਆਂ 'ਚ ਮਜ਼ਦੂਰ-ਮਿਹਨਤਕਸ਼ ਅੰਦੋਲਨ ਵਿਚਾਰਧਾਰਕ, ਰਾਜਸੀ ਤੇ ਜਥੇਬੰਦਕ ਤੌਰ 'ਤੇ ਖਿੰਡਿਆ ਹੋਇਆ ਹੈ।

# ਕੀ ਹੈ ਬਿੱਲ ਗੇਟਸ ਦਾ ਨਵਾਂ ਨਾਹਰਾ - ਗਰੀਬੀ ਹਟਾਓ?

ਮੁਨਾਫੇ ਦੀ ਬੁਨਿਆਦ ’ਤੇ ਟਿਕਿਆ ਇਹ ਪ੍ਰਬੰਧ ਉਸ ਬਿੱਲੀ ਵਾਂਗ ਹੈ ਜੋ ਚੂਹੇ ਮਾਰਦੀ ਰਹਿੰਦੀ ਹੈ ਅਤੇ ਕਦੇ-ਕਦੇ ਹੱਜ ਕਰਨ ਚਲੀ ਜਾਂਦੀ ਹੈ। ਵਿਆਪਕ ਮਿਹਨਤਕਸ਼ ਆਵਾਮ ਦੀਆਂ ਹੱਡੀਆਂ ਨਿਚੋੜਨ ਵਾਲੇ ਮੁਨਾਫਾਖੋਰ ਵਿੱਚ-ਵਿੱਚ ਐਨ. ਜੀ. ਓ. (ਗੈਰ ਸਰਕਾਰੀ ਸੰਗਠਨ) ਤੇ ਸਮਾਰ ਸੇਵੀ ਸੰਸਥਾਵਾਂ ਰਾਹੀਂ ਲੋਕਾਂ ਦੀ ਸੇਵਾ ਕਰਨ ਤੇ ਉਹਨਾਂ ਦੇ ਦੁੱਖ ਦਰਦ ਦੂਰ ਕਰਨ ਦਾ ਦਾਅਵਾ ਕਰਦੇ ਹਨ। ਅਜਿਹਾ ਹੀ ਦਾਅਵਾ ਕਰਨ ਵਾਲੇ ਇਕ ਸਖਸ਼ ਬਿੱਲ ਗੇਟਸ ਹਨ ਜੋ ਪਿੱਛੇ ਜਿਹੇ ਹੀ ਭਾਰਤ ਯਾਤਰਾ ’ਤੇ ਆਏ। ਰਾਹੁਲ ਗਾਂਧੀ ਨਾਲ ਉਹਨਾਂ ਨੇ ਅਮੇਠੀ ਤੇ ਰਾਏ ਬਰੇਲੀ ਦੇ ਕਈ ਪਿਛੜੇ ਇਲਾਕਿਆਂ ਦਾ ਦੌਰਾ ਕੀਤਾ। ਉਨ੍ਹਾਂ ਨੇ ਦੁਨੀਆਂ ਦੇ ਹਾਲਾਤ ਬਦਲਣ ਦਾ ਦਾਅਵਾ ਕੀਤਾ। ਇਹੀ ਕਾਰਣ ਹੈ ਕਿ ਸਾਰੀਆਂ ਅਮਰੀਕੀ ਫਾਊਡੇਸ਼ਨਾਂ ਜਿਵੇਂ ਫੋਰਡ ਫਾਊਡੇਸ਼ਨ, ਰਾਕਫਲੇਰ ਫਾਊਡੇਸ਼ਨ ਬਿਲ ਐਂਡ ਮਿਲਿੰਡਾ ਗੇਟਸ ਫਾਊਡੇਸ਼ਨ ਅਤੇ ਭਾਰਤ ’ਚ ਕੰਮ ਕਰ ਰਹੇ NGO (ਜਿਹਨਾਂ ਦੀ ਫੰਡਿਗ ਦਾ ਬਹੁਤਾ ਹਿੱਸਾ ਵਿਦੇਸ਼ੀ ਸ੍ਰੋਤਾਂ ਤੋਂ ਆਉਂਦਾ ਹੈ) ਜੋ ਅਲੀਸ਼ਾਨ ਹੋਟਲਾਂ ’ਚ ਰਹਿੰਦੇ ਤੇ ਏ. ਸੀ. ਕਾਰਾਂ ’ਚ ਪਿਛੜੇ ਇਲਾਕਿਆਂ ਦਾ ਦੌਰਾ ਕਰਦੇ ਹਨ।’ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ? 19ਵੀਂ ਸਦੀ ਦੇ ਦੌਰਾਨ ‘ਧਰਮ ਦੇ ਨਾਲ ਸੇਵਾ’ ਦਾ ਨਾਹਰਾ ਲਾਉਂਦਿਆਂ ਸਾਰੇ ਪੱਛਮੀ ਦੇਸ਼ਾਂ ਨੇ ਤੀਜੀ ਦੁਨੀਆਂ ਦੇ ਸਾਰੇ ਦੇਸ਼ਾਂ ’ਚ ਇਸਾਈ ਮਿਸ਼ਨਰੀਆਂ ਨੂੰ ਭੇਜਿਆ। ਇਹਨਾਂ ਮਿਸ਼ਨਰੀਆਂ ਦਾ ਅਸਲੀ ਉਦੇਸ਼ ਜਨਤਾ ਤੇ ਹਾਕਮ ਜਮਾਤ ਵਿਚਕਾਰ ਤਿੱਖੀਆਂ ਹੁੰਦੀਆਂ ਵਿਰੋਧਤਾਈਆਂ ਦੀ ਧਾਰ ਨੂੰ ਖੁੰਢਾ ਕਰਨਾ ਸੀ। ਇਹ ਮਿਸ਼ਨਰੀ ਆਮ ਗਰੀਬ ਲੋਕਾਂ ਨੂੰ ਦੱਸਦੇ ਸਨ ਕਿ ਉਹਨਾਂ ਦੇ ਦੁੱਖ ਤਕਲੀਫਾਂ ਦਾ ਕਾਰਨ ਇਹ ਲੋਕ ’ਚ ਨਹੀਂ ਬਲਕਿ ਪ੍ਰਲੋਕ ’ਚ ਹੈ। ਜਦ ਸੰਸਾਰ ਦੇ ਕਈ ਹਿੱਸਿਆਂ ਵਿਚ ਮਜ਼ਦੂਰ ਇਨਕਲਾਬ ਹੋਏ ਅਤੇ ਮਜ਼ਦੂਰ ਸੱਤਾ ਹੋਂਦ ’ਚ ਆਈ ਤਾਂ ਇਹਨਾਂ ਦੇਸ਼ਾਂ ’ਚ ਜਬਰਦਸਤ ਤਰੱਕੀ ਹੋਈ। ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਵੇਸ਼ਵਾਬਿਰਤੀ ਬੀਮਾਰੀਆਂ ਆਦਿ ਦਾ ਸਫਾਇਆ ਹੋ ਗਿਆ’। ਅਜਿਹੇ ’ਚ ਪੂੰਜੀਪਤੀ ਦੇਸ਼ਾਂ ਦੀਆਂ ਹਕੂਮਤ ਕੁਝ ‘ਕਲਿਆਣਕਾਰੀ” ਅਦਾਰੇ ਖੜੇ ਕਰਨ ਲਈ ਮਜ਼ਬੂਰ ਹੋਈਆਂ। ਤੀਜੀ ਦੁਨੀਆਂ ’ਚ ਜਿੱਥੇ ਜਿੱਥੇ ਮਜ਼ਦੂਰ ਜਮਾਤ ਅਸੂਲੀ ਤਬਦੀਲੀ ਦੀ ਚੇਤਨਾ ਵੱਲ ਵਧ ਰਹੀ ਸੀ ਉਥੇ ਇਹਨਾਂ ਨੇ ਅਜਿਹੀਆਂ ਜਥੇਬੰਦੀਆਂ ਨੂੰ ਭੇਜਣਾ ਸ਼ੁਰੂ ਕੀਤਾ ਜੋ ਸਮਾਜ ’ਚ ਸਿੱਖਿਆ ਤੇ ਸਵੈਰੁਜ਼ਗਾਰ, ਰੋਗ-ਨਿਵਾਰਣ ਆਦਿ ਵਰਗੇ ਸਾਰੇ ਕੰਮ ਕਰਦੀਆਂ ਹਨ। ਇਹਨਾਂ ਦਾ ਟੀਚਾ ਸੀ ਤਿੱਖੇ ਹੁੰਦੇ ਅੰਤਰ ਵਿਰੋਧਾਂ ’ਤੇ ਪਾਣੀ ਦੇ ਛਿੱਟੇ ਮਾਰਨਾ। ਕੁਝ ਸਮੇਂ ਪਿਛੋਂ ਅਜਿਹੀਆਂ ਸਵੈ-ਸੇਵੀ ਸੰਸਥਾਵਾਂ ਵਿਆਪਕ ਨੈੱਟਕਵਰਕ ਹੋਂਦ ’ਚ ਆਉਣ ਲੱਗਿਆ। ਸਾਰੀਆਂ ਦਿਓਕੱਦ ਕਾਰਪੋਰੇਸ਼ਨਾਂ ਨੇ ਫੰਡਿੰਗ ਏਜਸੀਆਂ ਦੀ ਸਥਾਪਨਾ ਕੀਤੀ ਅਤੇ ਇਹਨਾਂ ਸਵੈ ਸੇਵੀ ਸੰਗਠਨਾਂ ਨੂੰ ਆਪਣੀ ਲੁੱਟ ਦੇ

ਮਾਲ 'ਚੋਂ ਪਾਲਣਾ ਪੋਸਣਾ ਸ਼ੁਰੂ ਕਰ ਦਿੱਤਾ। ਦੱਸਣ ਦੀ ਲੋੜ ਨਹੀਂ ਹੈ ਕਿ ਇਹ ਰਾਸ਼ੀ ਲੁੱਟ ਦੇ ਮਾਲ ਦਾ ਬਹੁਤ ਮਾਮੂਲੀ ਹਿੱਸਾ ਸੀ। ਇਹਨਾਂ ਸਵੈ ਸੇਵੀ ਸੰਗਠਨਾਂ ਦੇ ਪੂਰੇ ਦਰਸ਼ਨ ਤੇ ਕਾਰਜ ਪ੍ਰਣਾਲੀ 'ਤੇ ਪੂੰਜੀਪਤ ਵਗਰ ਦੇ ਟੁਕੜਿਆਂ ਤੇ ਪਾਲਣ ਵਾਲੇ ਬੁੱਧੀ ਜੀਵੀਆਂ ਨੇ ਕਾਫੀ ਕੰਮ ਕੀਤਾ। ਇਹਨਾਂ ਬੁੱਧੀ ਜੀਵੀਆਂ ਵਿੱਚੋਂ ਸਾਰੇ ਨਿਰਾਸ਼ ਰਿਟਾਇਰਡ ਬੁਧੀਜੀਵੀ ਸਨ। ਪੱਛਮੀ ਯੂਰਪ ਦੇ ਦੇਸ਼ਾਂ ਵਿਚ ਪ੍ਰੋਲੇਤਾਰੀ ਇਨਕਲਾਬਾਂ ਦੀ ਅਸਫਲਤਾ ਪਿਛੋਂ "ਖੱਬੇਪੱਖੀਆਂ" ਬੁਧੀਜੀਵੀਆਂ ਦਾ ਇਕ ਪੂਰਾ ਵਰਗ ਹੋਂਦ ਵਿਚ ਆਇਆ ਜੋ ਨਿਰਾਸ਼ਾਵਾਦੀ ਹੋ ਚੁੱਕਾ ਸੀ ਪਰ ਹਰਕਤਾਂ ਨਾਲ ਉਹ ਪੂੰਜੀਵਾਦੀ ਦਾਬੇ ਨੂੰ ਵਿਆਪਕ ਬਣਾਉਣ ਦੇ ਜੁਰਮ 'ਚ ਗਰਕ ਚੁੱਕਿਆ ਸੀ ਅਜਿਹੇ ਬੁੱਧੀਜੀਵੀਆਂ ਦੀ ਐਨ ਜੀ ਓ ਸੈਕਟਰ ਨੇ ਦਬ ਕੇ ਵਰਤੋਂ ਕੀਤੀ। ਇਹਨਾਂ ਦੇ ਦਿਮਾਗ ਦੀ ਇਹ ਪੈਦਾਵਾਰ ਸੀ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਜਮਾਤੀ ਭਿਆਲੀ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਕੇ ਜਮਾਤੀ ਸੰਘਰਸ਼ ਦੀ ਰਾਜਨੀਤੀ ਨੂੰ ਕੰਮਜ਼ੋਰ ਕੀਤਾ ਜਾਵੇ।

ਆਕਸਫੈਮ ਅਤੇ ਐਕਸ਼ਨ ਇੰਡ ਵਰਗੀਆਂ ਸਾਰੀਆਂ ਸੰਸਥਾਵਾਂ ਨੇ ਇਸ ਸੋਚ 'ਤੇ ਕਾਫੀ ਸੰਜੀਦਗੀ ਨਾਲ ਕੰਮ ਕੀਤਾ ਅਤੇ ਅੱਜ ਵੀ ਕਰ ਰਹੇ ਹਨ। ਇਹ ਦਲਿਤਾਂ ਅਤੇ ਔਰਤਾਂ ਦੇ ਅੰਦੋਲਨ ਦੀ ਗੱਲ ਕਰਦੇ ਹਨ ਦੱਬੀਆਂ ਕੌਮਾਂ ਤੇ ਆਦੀਵਾਸੀਆਂ ਦੇ ਅੰਦੋਲਨ ਦੀ ਗੱਲ ਕਰਦੇ ਹਨ ਅਤੇ ਇਹਨਾਂ ਅੰਦੋਲਨਾਂ ਲਈ ਅੱਜਕੱਲ੍ਹ "ਸਮਾਜਕ ਅੰਦੋਲਨ" ਸ਼ਬਦ ਕਾਫੀ ਚਲਦਾ ਹੈ। ਇਹਨਾਂ ਦੇ ਵਿਚ-ਵਿਚ ਇਹ ਤਰ੍ਹਾਂ ਤਰ੍ਹਾਂ ਦੀਆਂ ਸਮਾਜਕ ਸੁਧਾਰ ਦੀਆਂ ਸਰਗਰਮੀਆਂ ਚਲਾਉਂਦੇ ਹਨ। ਪੈਸੇ ਤੇ ਮਾਲ ਦੀ ਬਾਰਸ਼ ਕਰਕੇ ਇਹਨਾਂ 'ਚ ਭੀਖ ਮੰਗਣ ਦਾ ਰੁਝਾਨ ਪੈਦਾ ਕਰਦੇ ਹਨ। ਰਾਜਸੱਤਾ ਨੂੰ ਉਹਨਾਂ ਦੀ ਨਜ਼ਰ 'ਚ ਦੋਸ ਮੁਕਤ ਕਰਦੇ ਹਨ। 'ਹੇਠਾਂ ਤੋਂ ਪਹਿਲ ਕਦਮੀ' ਦਾ ਹਵਾਲਾ ਦੇ ਕੇ ਉਹਨਾਂ ਨੂੰ ਹੀ ਉਹਨਾਂ ਦੀ ਬਦਹਾਲੀ ਜ਼ਿੰਮੇਵਾਰ ਮਹਿਸੂਸ ਕਰਾਉਣ ਲੱਗਦੇ ਹਨ। ਇਹਨਾਂ ਦੀ ਜਨਮਪੱਤਰੀ ਤੇ ਇਕ ਨਜ਼ਰ ਮਾਰਦਿਆਂ ਹੀ ਇਹਨਾਂ ਦਾ ਅਸਲੀ ਕਿਰਦਾਰ ਸਾਹਮਣੇ ਆ ਜਾਂਦਾ ਹੈ। 1892 'ਚ ਹੋਮਸਟੇਡ ਵਿਚ ਆਪਣੇ 16 ਮਜ਼ਦੂਰਾਂ ਨੂੰ ਹਥਿਆਰਬੰਦ ਹਮਲਾ ਕਰਕੇ ਮਾਰਨ ਵਾਲੇ ਕਾਰਨਗੇ ਫਾਊਂਡੇਸ਼ਨ ਦੀ ਸਥਾਪਨਾ 1911 'ਚ ਕੀਤੀ। 1913 ਵਿਚ ਤੇਲ ਸਮਰਾਟ ਰਾਕਫੇਲਰ ਨੇ ਵੀ ਫਾਊਂਡੇਸ਼ਨ ਬਣਾਈ ਅਤੇ ਉਸ ਤੋਂ ਅਗਲੇ ਸਾਲ 1914 ਵਿਚ ਆਪਣੀ ਖਾਨ 'ਤੇ ਮਜ਼ਦੂਰਾਂ ਦਾ ਕਤਲੇਆਮ ਕੀਤਾ। (33 ਮਰੇ 100 ਜਖਮੀ) ਫੋਰਡ ਫਾਊਂਡੇਸ਼ਨ ਦੀ ਸਥਾਪਨਾ 1936 'ਚ ਹੋਈ। ਇਹ ਉਹੀ ਦੌਰ ਹੈ ਜਦ ਫੋਰਡ ਮੋਟਰ ਕੰਪਨੀ ਸਮੇਤ ਹਰ ਥਾਂ ਮਜ਼ਦੂਰਾਂ ਦੇ ਜਥੇਬੰਦ ਹੋਣ ਦੀ ਲਹਿਰ ਚੋਟੀ 'ਤੇ ਸੀ। ਦੂਜੀ ਸੰਸਾਰ ਜੰਗ ਦੌਰਾਨ ਜਦ ਸੋਵੀਅਤ ਸੰਘ ਨੇ ਹਿਟਲਰ ਨੂੰ ਹਰਾਇਆ, 1949 'ਚ ਚੀਨ ਸਮਾਜਵਾਦ ਦੀ ਸਥਾਪਨਾ ਹੋਈ ਅਤੇ ਕਈ ਹੋਰ ਦੇਸ਼ਾਂ ਵਿਚ ਕਮਿਊਨਿਸਟ ਦੇਸ਼ਾਂ ਦੀ ਅਗਵਾਈ 'ਚ ਮੁਕਤੀ ਸੰਘਰਸ਼ ਸ਼ੁਰੂ ਹੋ ਗਏ ਤਾਂ ਸਮਰਾਜੀ ਬੁਖਲਾ ਉਠੇ। ਲੱਖਾਂ ਦੀ ਗਿਣਤੀ ਵਿਚ ਐਨ. ਜੀ. ਓ. ਤੇ ਸਵੇ ਸੇਵੀ ਸੰਗਠਨ ਹੋਂਦ 'ਚ ਆਏ ਅਤੇ ਖੁੰਬਾਂ ਵਾਂਗੂ ਫੈਲਦੇ ਹੀ ਗਏ। ਭਾਰਤ 'ਚ ਵੀ ਜਦ 1967-68 'ਚ ਨਕਸਲਬਾੜੀ ਦਾ ਉਭਾਰ ਚੋਟੀ 'ਤੇ ਸੀ ਤਾਂ ਸੀ. ਆਈ. ਓ. ਨੇ ਆਪਣੇ ਬਹੁਤ ਸਾਰੇ ਬੁੱਧੀਜੀਵੀ ਜਸੂਸਾਂ ਨੂੰ ਭਾਰਤੀ ਸਮਾਜ ਦਾ

ਅਧਿਐਨ ਕਰਨ ਲਈ ਭੇਜਿਆ। ਰਿਪੋਰਟਾਂ ਦੇ ਆਧਾਰ ’ਤੇ ਜਨਤਾ ਵਿਚਕਾਰ ਵੱਖ-ਵੱਖ NGO ਸਵੈ ਸੇਵੀ ਸੰਸਥਾਵਾਂ ਤੇ ਧਾਰਮਿਕ ਬਾਬਿਆਂ ਨੂੰ ਕਰੋੜਾਂ ਡਾਲਰ ਝੋਂਕ ਕੇ ਖੜਾ ਕੀਤਾ ਗਿਆ। ਜਨਤਾ ਦੇ ਉਭਾਰ ਨੂੰ ਫੌਜੀ ਜਬਰ ਨਾਲ ਦਬਾਉਣ ਦੇ ਨਾਲ-ਨਾਲ ਉਹਨਾਂ ਦੀ ਏਕਤਾ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਪਹਿਚਾਣ ਦੀ ਰਾਜਨੀਤੀ ਨੂੰ ਉਤਸ਼ਾਹਿਤ ਕੀਤਾ ਜਾਣ ਲੱਗਿਆ। ਜਾਤੀ ਧਰਮ, ਖੇਤਰ ਆਦਿ ਦੇ ਅਧਾਰ ’ਤੇ ਲੋਕਾਂ ਨੂੰ ਵੰਡਣ ਦਾ ਕੰਮ ਸ਼ੁਰੂ ਹੋ ਗਿਆ। ਅੱਜ ਵੀ ਇਹ ਸਿਲਸਿਲਾ ਜਾਰੀ ਹੈ। ਇਸ ਪੂਰੇ ਕੰਮ ਵਿਚ ਜਿਸ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਕਈ ਵਾਰ ਸਰਕਾਰ ਦੀ ਅਲੋਚਨਾ ਕਰਨ ਵਾਲੀ ਰੈਡੀਕਲ ਸ਼ਬਦਵਾਲੀ ਵਰਤੀ ਹੁੰਦੀ ਹੈ। ਤੇ ਕਈ ਵਾਰ ਸਰਕਾਰ ਦੀ ਆਲੋਚਨਾ ਕਰਵਾਈ। ਪਰ ਜਦ ਵੀ ਲੋਕ ਅਸਲ ਰੂਪ ’ਚ ਰੈਡੀਕਲ ਦਿਸ਼ਾ ਵੱਲ ਮੁੜਦੀ ਹੈ ਤਾਂ ਇਹ ਜਥੇਬੰਦੀਆਂ ਉਨ੍ਹਾਂ ਦੇ ਗੁੱਸੇ ਤੇ ਨਫਰਤ ਨੂੰ ਠੰਡਾ ਕਰਨ ਦਾ ਕੰਮ ਕਰਦੀਆਂ ਹਨ। ਇਸ ਪੂਰੇ ਸੈਕਟਰ ’ਚ ਜਬਰ ਦਸਤ ਭ੍ਰਿਸ਼ਟਾਚਾਰ ਵੀ ਹੈ। ਪੂਰੇ ਦੇਸ਼ ’ਚ ਅੱਜ ਲੱਖਾਂ NGO ਕੰਮ ਕਰ ਰਹੀਆਂ ਹਨ ਅਤੇ ਉਹਨਾਂ ਕੋਲ “ਸਮਾਜ ਸੇਵਾ” ਦੇ ਨਾਂ ’ਤੇ ਅਰਬਾਂ ਡਾਲਰ ਆਉਂਦੇ ਹਨ। ਇਹ ਅਥਾਹ ਰਾਸ਼ੀ ’ਤੇ NGO ਦੇ ਖਿਡਾਰੀਆਂ ਅਤੇ ਉਹਨਾਂ ਦੇ ਲਲੂਆਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਦਾ ਭਵਿੱਖ ਤੱਕ ਸੰਵਾਰ ਜਾਂਦਾ ਹੈ। ਇਸ ਦਾ ਇਕ ਛੋਟਾ ਜਿਹਾ ਹਿੱਸਾ ਜਨਤਾ ਵਿਚ ਸੁਧਾਰਵਾਦੀ ਕਾਰਵਾਈਆਂ ਅਤੇ ਦਲਿਤਵਾਦੀ ਰਾਜਨੀਤੀ, ਨਾਰੀਵਾਦੀ ਰਾਜਨੀਤੀ ਵਾਤਾਵਰਣਵਾਦੀ ਨੀਤੀ, ਆਦੀ ਵਾਸੀਆਂ ਦੀਆਂ ਗੱਲਾਂ ਕਰਨ ਵਾਲੀ ਰਾਜਨੀਤੀ ਆਦਿ ਦੇ ਪ੍ਰਚਾਰ ’ਤੇ ਖਰਚ ਹੁੰਦਾ ਹੈ। ਇਕ ਰਿਪੋਰਟ ਮੁਤਾਬਿਕ ਪਿਛਲੇ ਕੁਝ ਦਿਨਾਂ ਵਿਚ ਦੇਸ਼ ਦੀਆਂ 18,996 ਸਮਾਜਸੇਵੀ ਸੰਸਥਾਵਾਂ ਨੂੰ 1000 ਅਰਬ ਰਪਏ ਮਿਲੇ ਹਨ। ਇਹ ਪੈਸੇ ਸਮਾਜਸੇਵੀ ਸੰਸਥਾਵਾਂ ਨੂੰ ਸਪੇਨ, ਜਾਪਾਨ, ਇੰਗਲੈਂਡ, ਬੇਲਜਿਅਮ, ਜਰਮਨੀ, ਕਨੇਡਾ, ਫਰਾਂਸ ਦੀਆਂ ਮਸ਼ੂਹਰ ਕੰਪਨੀਆਂ ਵੱਲੋਂ ਮਿਲੇ ਹਨ। ਜੀਵਨ ਦੀਆਂ ਸਾਰੀਆਂ ਬੁਨਿਆਦੀ ਸਮੱਸਿਆਵਾਂ ਜਿਵੇਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਕੁਪੋਸ਼ਣ ਆਦਿ ਨੂੰ ਦੂਰ ਕਰਨ ਲਈ ਐਨ. ਜੀ. ਓ. ਅਤੇ ਸਵੈਸੇਵੀ ਸੰਸਥਾਵਾਂ ਰਾਮਬਾਣ ਨੁਸਖੇ ਲੈ ਕੇ ਆ ਰਹੀਆਂ ਹਨ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਸਾਡੀਆਂ ਸਮੱਸਿਆਵਾਂ ਦੇ ਜ਼ਿੰਮੇਵਾਰ ਅਸੀਂ ਖੁਦ ਹਾਂ। ਟੀ. ਬੀ., ਮਲੇਰੀਆ ਵਰਗੀਆਂ ਬਿਮਾਰੀਆਂ (ਜਿਹਨਾਂ ਦਾ ਇਲਾਜ ਕਈ ਦਹਾਕਿਆਂ ਤੋਂ ਖੋਜਿਆਂ ਜਾ ਚੁੱਕਾ ਹੈ) ਦੇ ਕਾਰਣ ਲੱਖਾਂ ਲੋਕ ਮਰ ਰਹੇ ਹਨ। 12 ਤੋਂ 14 ਘੰਟਿਆਂ ਤੱਕ ਮਜ਼ਦੂਰ ਆਪਣੀਆਂ ਹੱਡੀਆਂ ਗਾਲ ਕੇ ਵੀ ਆਪਣੇ ਪ੍ਰੀਵਾਰ ਲਈ ਦੋ ਜੂਨ ਦੀ ਰੋਟੀ ਮੁਸ਼ਕਲ ਨਾਲ ਕਮਾ ਸਕਦੇ ਹਨ। ਤਦ ਇਹ ਸੰਸਥਾਵਾਂ ਇਹਨਾਂ ਨੂੰ ਕਹਿੰਦੀਆਂ ਹਨ ਕਿ ਤੁਹਾਡੇ ਲਈ ਸਭ ਤੋਂ ਵੱਡੀ ਬੀਮਾਰੀ ਏਡਜ਼ ਹੈ। ਸਿੱਖਿਆ ਤੇ ਸਿਹਤ ਵਰਗੀਆਂ ਸਹੂਲਤਾਂ ਤੋਂ ਸਰਕਾਰਾਂ ਲਗਾਤਾਰ ਆਪਣੇ ਹੱਥ ਪਿੱਛੇ ਖਿਚ ਰਹੀਆਂ ਹਨ। ਅਜਿਹੇ ’ਚ ਇਹ ਐਨ. ਜੀ. ਓ. ਸਾਡੇ ਵਿਚ ਆ ਕੇ ਕੁਝ ਲੋਕਾਂ ਨੂੰ ਸਿੱਖਿਆ ਤੇ ਸਿਹਤ ਦੀਆਂ ਨਾਮਾਤਰ ਸੇਵਾਵਾਂ ਦੇ ਕੇ ਕਹਿੰਦੇ ਹਨ ਕਿ ਸਿੱਖਿਆ ਦੀ ਜ਼ਿੰਮੇਵਾਰੀ ਸਰਕਾਰ ਦੀ ਨਹੀਂ ਹੈ। ਇਸ ਦੇ ਲਈ ਸਾਨੂੰ ‘ਹੇਠਾਂ ਤੋਂ ਪਹਿਲਕਦਮੀ’ ਕਰਨੀ ਪੈਣੀ ਹੈ। ਪਰ ਕੋਈ ਦੱਸੇ ਤਾਂ ਸਹੀ ਇਹ ਹੇਠਾਂ ਤੋਂ ‘ਪਹਿਲਕਦਮੀ’ ਹੁੰਦੀ

ਕੀ ਹੈ। ਇਹ ਸੰਸਥਾਵਾਂ ਅੱਜਕਲ ਅਜਿਹੀ ਭਾਸ਼ਾਵਾਂ ਬੋਲ ਰਹੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਆਮ ਲੋਕ ਖੁਸ਼ ਹੋ ਜਾਣ। ਪਿੱਛੇ ਜਿਹੇ ਹੀ ਬਿੱਲ ਗੇਟਸ ਨੇ ਕਿਹਾ ਹੈ। "ਪੂਰੀ ਦੁਨੀਆਂ 'ਚ ਕਰੀਬ 2.5 ਅਰਬ ਲੋਕ ਰੋਜ਼ਾਨਾ ਡਾਲਰ ਤੋਂ ਘੱਟ ਪੈਸੇ ਨਾਲ ਗੁਜ਼ਾਰਾ ਕਰਦੇ ਹਨ ਅਤੇ ਇਕ ਅਰਬ ਤੋਂ ਵੱਧ ਲੋਕ ਭਿਅੰਕਰ ਭੁੱਖ ਦਾ ਸ਼ਿਕਾਰ ਹਨ। ਸਾਡਾ ਵਿਸਵਾਸ਼ ਹੈ ਕਿ ਇਹ ਸਥਿਤੀ ਬਦਲ ਸਕਦੀ ਹੈ ਅਤੇ ਵੱਡੇ ਪੈਮਾਨੇ 'ਤੇ ਵਿਕਾਸ ਸੰਭਵ ਹੈ।" ਇਹਨਾਂ ਲੱਛੇਦਾਰ ਗੱਲਾਂ ਦੇ ਫੇਰ ਵਿੱਚ ਪੜ ਕੇ ਬਹੁਤ ਸਾਰੇ ਬਾਗੀ ਨੌਜਵਾਨ ਜੋ ਸਮਾਜ ਬਦਲਣਾ ਚਾਹੁੰਦੇ ਹਨ, NGO ਵੱਲ ਮੁੜ ਜਾਂਦੇ ਹਨ। NGO ਬਦਲਾਅ ਦਾ ਭਰਮ ਫੈਲਾਅ ਕੇ ਤੇ ਉਹਨਾਂ ਦੀਆਂ ਸ਼ੁੱਭ ਇੱਛਾਵਾਂ ਦਾ ਫਾਇਦਾ ਉਠਾ ਕੇ ਇਨਕਲਾਬੀ ਅੰਦੋਲਨ ਦੇ ਭਰਤੀ ਕੇਂਦਰਾਂ 'ਤੇ ਭਾਰੀ ਸੱਟ ਮਾਰਦੇ ਹਨ।

ਸਮਾਜ 'ਚ ਮੌਜੂਦ ਲੁੱਟ-ਖਸੁੱਟ ਨੂੰ ਖਤਮ ਕਰਨ ਦੀ ਦਿਲੀ ਇੱਛਾ ਰੱਖਣ ਵਾਲੇ ਯੋਗ ਵਰਕਰਾਂ ਦੇ ਸਾਹਮਣੇ ਬਦਲਾਅ ਦਾ ਤੁਰੰਤ ਨਤੀਜਾ ਦੇਣ ਵਾਲਾ, ਪਰ ਕੰਮ ਘੱਟ ਕਠਿਨਾਈ ਤੇ ਜੋਖਿਮ ਭਰਿਆ ਰਾਹ ਪੇਸ਼ ਕਰਕੇ ਉਹ ਰਾਖਵੀਆਂ ਕ੍ਰਾਂਤੀਕਾਰੀ ਸੰਭਾਵਨਾਵਾਂ 'ਤੇ ਗੜੇਮਾਰ ਕਰਦੇ ਹਨ। ਪਰ ਥੋੜ੍ਹੇ ਸਮੇਂ ਲਈ ਐਨ. ਜੀ. ਓ. ਭਾਵੇਂ ਹੀ ਲੋਕਾਂ ਨੂੰ ਗੁਮਰਾਹ ਕਰ ਲਵੇ ਅਤੇ ਪੂੰਜੀਵਾਦ ਦੇ ਫਟੇ ਕੁੜਤੇ 'ਚ ਟਾਕੀ ਲਾ ਲਵੇ ਪਰ ਪੂੰਜੀਵਾਦ ਦੇ ਖ਼ੂਨ ਨਾਲ ਲਿਬੜੇ ਹੱਥ NGO ਤੇ ਸਮਾਜ ਸੇਵੀ ਸੰਸਥਾਵਾਂ ਦੇ ਬਹਾਏ ਗੰਦੇ ਨਾਲੇ ਵਿੱਚ ਘੁਲਣ ਵਾਲੇ ਨਹੀਂ ਹਨ। ਅਖਰਕਰਾ ਇਸ ਨੇ ਇਤਿਹਾਸ ਦੀ ਰੱਦੀ ਦੀ ਟੋਕਰੀ 'ਚ ਜਾਣਾ ਹੀ ਹੈ। ਲਤੀਨੀ ਅਮਰੀਕਾ ਦਾ ਇਤਿਹਾਸ ਇਸ ਦਾ ਗਵਾਹ ਹੈ ਕਿ ਜਦ 1990 ਦੇ ਦਹਾਕੇ 'ਚ ਕੋਈ ਲਤੀਨੀ ਅਮਰੀਕੀ ਦੇਸ਼ ਆਰਥਕ ਸੰਕਟ ਤੇ ਦਵਾਲੀਏਪਣ ਦੇ ਖਤਰੇ ਨੂੰ ਝੱਲ ਰਹੇ ਸਨ ਉਸ ਸਮੇਂ ਵੀ ਸਮਾਜ ਸੇਵੀ ਸੰਗਠਨਾਂ ਦੇ ਮੋਹਰੇ ਲੋਕਾਂ ਨੂੰ ਇਹ ਦੱਸਣ 'ਚ ਲੱਗੇ ਹੋਏ ਸਨ ਕਿ ਸਰਕਾਰ ਵਿਚਾਰੀ ਕੀ ਕਰੇ। ਗਲਤੀ ਤੁਹਾਡੀ ਹੈ ਤਦ ਨੌਜਵਾਨ ਵਿਦਿਆਰਥੀਆਂ ਤੇ ਮਜ਼ਦੂਰਾਂ ਨੇ ਉਹਨਾਂ ਨੂੰ ਮਾਰ ਕੇ ਭਜਾ ਦਿੱਤਾ ਸੀ। ਜਿਥੇ ਵੀ ਪੂੰਜੀਵਾਦੀ ਸਮਾਜ ਦੇ ਅੰਦਰੂਨੀ ਵਿਰੋਧ ਵੱਧ ਤਿਖੇ ਹੁੰਦੇ ਗਏ ਜਮਾਤੀ ਚੇਤਨਾ ਵਧੀ ਤੇ ਸਮਾਜ ਸੇਵੀ ਸੰਗਠਨਾਂ ਦੇ ਖਤਰਨਾਕ ਜਾਲ ਵਿਚ ਫਸਣ ਵਾਲੇ ਲੋਕ ਵੀ ਘੱਟ ਹੋਣਗੇ। ਸਾਡੇ ਦੇਸ਼ ਵਿਚ ਵੀ ਸਵੈ ਸੇਵੀ ਸੰਗਠਨਾਂ ਖਿਲਾਫ ਕਈ ਥਾਵਾਂ 'ਤੇ ਲੋਕਾਂ ਦਾ ਗੁੱਸਾ ਫੁੱਟਣ ਲੱਗਿਆ ਹੈ। ਹੁਣ ਇਹ ਸੰਸਥਾਵਾਂ ਲੋਕਾਂ ਦੀ ਨਜ਼ਰ 'ਚ ਕਾਫੀ ਨੰਗੀਆਂ ਹੋ ਚੁੱਕੀਆਂ ਹਨ। ਇਸ ਹਥਿਆਰ ਨੂੰ ਹੌਲੀ-ਹੌਲੀ ਪ੍ਰਭਾਵਹੀਣ ਹੋਣ ਕਰਕੇ ਦੁਨੀਆਂ ਭਰ ਦੇ ਪੂੰਜੀਵਾਦੀ ਚਿੰਤਕ ਪ੍ਰੇਸ਼ਾਨ ਹਨ।

# ਕੁਪੋਸ਼ਣ ਤੇ ਭੁੱਖਮਰੀ ਦਾ ਸ਼ਿਕਾਰ ਬਚਪਨ ਬਨਾਮ ਅਰਥਚਾਰਾ

ਸਾਡੇ ਦੇਸ਼ ਦਾ ਕਾਰਪੋਰੇਟ ਮੀਡੀਆ ਤੇ ਸਰਕਾਰ ਦੇ ਹੋਰ ਭੌਂਪੂ ਸਮੇਂ-ਸਮੇਂ ਸਿਰ ਸਾਨੂੰ ਯਾਦ ਦਿਵਾਉਂਦੇ ਰਹਿੰਦੇ ਹਨ ਕਿ ਸਾਡਾ ਮੁਲਕ "ਉਭਰਦਾ ਅਰਥਚਾਰਾ" ਹੈ। 2020 ਤੱਕ ਮਹਾਂ ਸ਼ਕਤੀ ਬਣ ਜਾਵੇਗਾ, ਸਾਡੇ ਮੁਲਕਾਂ ਦੇ ਅਮੀਰਾਂ ਦੀ ਅਮੀਰੀ 'ਤੇ ਪੱਛਮੀ ਦੇਸ਼ ਵੀ ਲਲਚਾਉਂਦੇ ਹਨ, ਸਾਡੀਆਂ(?) ਕੰਪਨੀਆਂ ਵਿਦੇਸ਼ 'ਚ ਜ਼ਮੀਨ ਹਥਿਆ ਰਹੀਆਂ ਹਨ। ਸਾਡੀ (?) ਫੌਜ ਦੇ ਕੋਲ ਕਿੰਨੇ ਉਨਤ ਹਥਿਆਰ ਹਨ। ਸਾਡੇ ਦੇਸ਼ ਦੇ ਸ਼ਹਿਰ ਕਿੰਨੇ ਸੰਸਾਰ ਪੱਧਰ ਹੋ ਗਏ ਹਨ, 'ਇੰਡੀਆ ਇੰਕ' ਕਿੰਨੀ ਤਰੱਕੀ ਕਰ ਰਿਹਾ ਹੈ। ਵਗੈਰਾ-ਵਗੈਰਾ ਤਾਂਕਿ ਅਸੀਂ ਆਪਣੀਆਂ ਅੱਖਾਂ ਨਾਲ ਸੜਕਾਂ 'ਤੇ ਰੋਜ਼ਾਨਾ ਜਿਸ ਭਾਰਤ ਨੂੰ ਵੇਖਦੇ ਹਾਂ ਉਹ ਅੱਖੋਂ ਉਹਲੇ ਹੋ ਜਾਵੇ। ਇਹ 'ਉਭਰਦਾ ਅਰਥਚਾਰਾ' ਦੀ ਉਜੜਦੀ ਜਨਤਾ ਦੀ ਤਸਵੀਰ ਹੈ। ਭੁੱਖ ਨਾਲ ਦਮ ਤੋੜਦੇ ਬੱਚੇ, ਮੁਠੀਭਰ ਰੁਪਿਆਂ ਲਈ ਵਿਕਦੀਆਂ ਔਰਤਾਂ, ਕੁਪੋਸ਼ਣ ਦੀ ਮਾਰ ਹੇਠ ਆਏ ਕੰਮਜ਼ੋਰ, ਪੀਲੇ ਪੈ ਚੁੱਕੇ ਬੱਚੇ। ਪੂੰਜੀਪਤੀਆਂ ਦੇ ਹਿੱਤਾਂ ਦੇ ਅਨੁਕੂਲ ਆਮ ਰਾਏ ਬਣਾਉਣ ਲਈ ਕੰਮ ਕਰਨ ਵਾਲਾ ਪੂੰਜੀਵਾਦੀ ਮੀਡੀਆ ਭਾਰਤ ਦੀ ਕਿੰਨੀ ਵੀ ਚਮਕਦੀ ਤਸਵੀਰ ਸਾਡੇ ਸਾਹਮਣੇ ਪੇਸ਼ ਕਰੇ ਅਸਲ ਸੱਚਾਈ ਪਿੱਛਾ ਨਹੀਂ ਛੱਡਦੀ ਤੇ ਸਾਡੇ ਦੇਸ਼ ਦੀ ਸਾਰੀਆਂ ਤਲਖ ਹਕੀਕਤਾਂ ਵਿਚੋਂ ਸ਼ਾਇਦ ਭਿਅੰਕਰ ਸਚਾਈ ਪਿੱਛੇ ਜਿਹੇ ਇਕ ਰਿਪੋਰਟ ਰਾਹੀਂ ਸਾਹਮਣੇ ਆਈ ਹੈ।

ਯੂਨੀ ਸੈਫ ਦੇ ਸਾਲ 2009 ਦੇ ਇਕ ਤਾਜਾ ਮੁਲਅੰਕਣ ਅਨੁਸਾਰ ਪੂਰੀ ਦੁਨੀਆਂ 'ਚ ਸਭ ਤੋਂ ਵੱਧ ਕੁਪੋਸ਼ਣ ਦੇ ਸ਼ਿਕਾਰ ਬੱਚੇ ਭਾਰਤ ਵਿੱਚ ਹਨ। ਏਨਾ ਹੀ ਨਹੀਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਸੂਚਕਾਂਕ 'ਚ ਭਾਰਤ ਦੀ ਥਾਂ 182 ਦੇਸ਼ਾਂ ਵਿਚੋਂ 134ਵੀਂ ਹੈ। ਇਕ ਹੋਰ ਰਿਪੋਰਟ ਅਨੁਸਾਰ ਸੰਸਾਰ ਭੁੱਖ ਸੂਚਕਾਂਕ 'ਚ ਭਾਰਤ ਦੀ ਥਾਂ 119 ਦੇਸ਼ਾਂ ਵਿਚੋਂ 94ਵੀਂ ਹੈ। ਇਕ ਅਜਿਹੇ ਦੇਸ਼ ਲਈ ਇਹ ਸ਼ਰਮ ਨਾਲ ਡੁੱਬ ਜਾਣ ਵਾਲੀ ਗੱਲ ਹੈ। ਜੋ ਕੁਦਰਤੀ ਤੇ ਮਨੁੱਖੀ ਵਸੀਲਿਆਂ ਦਾ ਧਨੀ ਹੈ। ਖੈਰ ਖੁਦ ਪ੍ਰਧਾਨ ਮੰਤਰੀ ਇਸ ਨੂੰ ਮੰਨਣ ਤੋਂ ਪਿੱਛੇ ਨਹੀਂ ਰਹੇ। ਪਿੱਛੇ ਜਿਹੇ ਹੀ ਇਕ ਬਿਆਨ ਵਿੱਚ ਉਹਨਾਂ ਨੇ ਇਸ ਨੂੰ 'ਦੇਸ਼ ਲਈ ਸ਼ਰਮਨਾਕ' ਦੱਸਿਆ। ਪਰ ਪ੍ਰਧਾਨ ਮੰਤਰੀ ਸ਼ਾਇਦ ਇਹ ਭੁੱਲ ਗਏ ਕਿ ਸਿਰਫ ਮੰਨ ਲੈਣਾ ਹੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ। ਜਾਂ ਫਿਰ ਸਿੱਖਿਆ, ਸਿਹਤ ਤੇ ਬਾਲ ਅਧਿਕਾਰਾਂ ਨੂੰ ਆਪਣੀ ਸਰਕਾਰ ਦੀ ਤਰਜੀਹ ਦਸ ਦੇਣ ਨਾਲ ਵੀ ਕੁਝ ਨਹੀਂ ਹੁੰਦਾ। ਯਾਦ ਹੋਵੇ ਕਿ ਬੀਤੀ ਜੂਨ 2010 ਨੂੰ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ ਸਰਕਾਰ ਦੇ ਦੂਜੇ ਪੜਾਅ ਦਾ ਪਹਿਲਾ ਸਾਲ ਪੂਰਾ ਹੋਣ 'ਤੇ ਪ੍ਰਧਾਨ ਮੰਤਰੀ ਨੇ "ਜਨਤਾ ਦੇ ਨਾਂ ਜਾਰੀ ਰਿਪੋਰਟ 2009-10" ਪੇਸ਼ ਕੀਤੀ। ਉਕਤ ਰਿਪੋਰਟ 'ਚ ਪ੍ਰਧਾਨ ਮੰਤਰੀ ਨੇ ਸਿੱਖਿਆ, ਸਿਹਤ ਤੇ ਬਾਲ ਅਧਿਕਾਰਾਂ ਪ੍ਰਤੀ ਆਪਣੀ ਸਰਕਾਰ ਦੀ ਬੱਚਨਬੱਧਤਾ ਨੂੰ ਦਰਸਾਇਆ ਸੀ। ਇਸ ਤੋਂ ਇਸ ਰਿਪੋਰਟ ਵਿਚ ਹੋਰ ਕੁਝ

ਵੀ ਨਹੀਂ ਸੀ। ਸਿਵਾਏ ਇਹ ਦੱਸਣ ਦੇ ਕਿ ਕਿਸ-ਕਿਸ ਕੰਮ ਲਈ ਸਰਕਾਰ ਨੇ ਕਿੰਨਾ ਪੈਸਾ ਅਲਾਟ ਕੀਤਾ। ਹੁਣ ਇਹ ਤਾਂ ਬੱਚਾ-ਬੱਚਾ ਜਾਣਦਾ ਹੈ ਕਿ ਵੱਡੀਆਂ-ਵੱਡੀਆਂ ਯੋਜਨਾ ਰਾਸ਼ੀਆਂ ਭ੍ਰਿਸ਼ਟਾਚਾਰੀਆਂ ਦੇ ਪੇਟ ਤੇ ਤਿਜੋਰੀ ਵਿੱਚ ਭਰ ਜਾਂਦੀਆਂ ਹਨ ਅਤੇ ਇਹ ਰਕਮਾਂ ਉਹਨਾਂ ਰਾਸ਼ੀਆਂ ਦੇ ਸਾਹਮਣੇ ਬੌਣੀਆਂ ਲੱਗਦੀਆਂ ਹਨ ਜੋ ਕਾਰਪੋਰੇਟ ਜਗਤ ਦੇ ਪੂੰਜੀਪਤੀਆਂ ਨੂੰ ਸਰਕਾਰ ਦਿੰਦੀ ਹੈ। ਇਹੀ ਸਰਕਾਰ ਦੇ ਵਿੱਤ ਮੰਤਰੀ 11 ਲੱਖ ਕਰੋੜ ਰੁਪਏ ਦੇ ਬਜਟ ਵਿਚੋਂ 5 ਲੱਖ ਕਰੋੜ ਰੁਪਏ ਕਾਰਪੋਰੇਟ ਜਗਤ ਨੂੰ ਸਾਰੀਆਂ ਛੋਟਾਂ ਤੇ ਰਿਆਇਤਾਂ ਦੀ ਸ਼ਕਲ ਵਿੱਚ ਦਿੰਦੇ ਹਨ। ਉੱਥੇ ਦੂਜੇ ਪਾਸੇ ਆਮ ਆਦਮੀ ਦੇ ਹਿੱਤਾਂ ਲਈ ਇਹੀ ਸਰਕਾਰ ਸਿਰਫ 31036 ਕਰੋੜ ਦੀ ਰਾਸ਼ੀ ਸਕੂਲ ਸਿਖਿਆ ਲਈ ਅਲਾਟ ਕਰਦੀ ਹੈ। ਇਸ ਤੋਂ ਇਲਾਵਾ ਸਿਹਤ ਤੇ ਪ੍ਰੀਵਾਰ ਕਲਿਆਣ ਲਈ ਸਿਰਫ 22300 ਕਰੋੜ ਰੁਪਏ ਦੀ ਵਿਵਸਥਾ ਕੀਤੀ ਜਾਂਦੀ ਹੈ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਇਹ ਸਰਕਾਰ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਦੀ ਜ਼ਰੂਰਤਾਂ ਦੀ ਪੂਰਤੀ ਲਈ ਕਿੰਨੀ ਚਿੰਤਤ ਤੇ ਪ੍ਰਤੀਬੱਧ ਹੈ। ਸਿਹਤ ਅਤੇ ਅਨਾਜ ਸੁਰੱਖਿਆ ਦੇ ਨਾਂ ’ਤੇ ਮਿਲਣ ਵਾਲੀ ਖੈਰਾਤ ਤੇ ਉਸ ’ਚ ਵੀ ਭ੍ਰਿਸ਼ਟਾਚਾਰੇ ਦੇ ਕਾਰਨ ਦੇਸ਼ ’ਚ ਕੁਪੋਸ਼ਣ ਦੀ ਸਥਿਤੀ ਭਿਅੰਕਰ ਹੱਦਾਂ ਤੱਕ ਪਹੁੰਚ ਗਈ ਹੈ। ਯੂਨੀਸੇਫ ਦੇ ਉਪਰ ਲਿਖੀ ਰਿਪੋਰਟ ਦੇ ਅੰਕੜਿਆਂ ’ਤੇ ਇਕ ਨਜ਼ਰ ਹੀ ਦਿਲ ਦਹਿਲਾ ਦਿੰਦੀ ਹੈ।

**ਭੁੱਖ ਤੇ ਬੀਮਾਰੀ ਨਾਲ ਦਮ ਤੋੜਦਾ ਹੈ ਬਚਪਨ** : ਭਾਰਤ ’ਚ 5 ਸਾਲ ਤੋਂ ਘੱਟ ਉਮਰ ਦੇ 42 ਫੀਸਦੀ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ। ਹਰ ਸਾਲ ਦੇਸ਼ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਲੱਗਭਗ 20 ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਇਹਨਾਂ ’ਚੋਂ ਲਗਭਗ 10 ਲੱਖ ਮੌਤਾਂ ਦਾ ਕਾਰਨ ਕੁਪੋਸ਼ਣ ਤੇ ਭੁੱਖ ਹੈ। ਹਾਲ ਹੀ ’ਚੋਂ ਜਾਰੀ ਇਕ ਰਿਪੋਰਟ ਅਨੁਸਾਰ ਇਕੱਲੇ ਮਹਾਂ-ਰਾਸ਼ਟਰ ’ਚ ਜੋ ਦੇਸ਼ ਦੇ ਖੁਸ਼ਹਾਲ ਸੂਬਿਆਂ ’ਚੋਂ ਹੈ- ਕੁਪੋਸ਼ਣ ਕਾਰਨ ਹਰ 45000 ਬੱਚਿਆਂ ਦੀ ਮੌਤ ਹੁੰਦੀ ਹੈ। ਕੁਪੋਸ਼ਣ ਤੇ ਭੁੱਖਮਰੀ ਦੇ ਕਾਰਨ ਮਨੁੱਖੀ ਵਿਕਾਸ ਸਬੰਧੀ ਭਾਰਤ ਸਬ-ਸਹਾਰਾ ਦੇ ਦੇਸ਼ਾਂ ਤੋਂ ਵੀ ਕਾਫੀ ਪਿੱਛੇ ਹੈ। ਪਕਿਸਤਾਨ, ਬੰਗਲਾ ਦੇਸ਼, ਨਜ਼ੀਰੀਆ ਵਰਗੇ ਪਿਛੜੇ ਦੇਸ਼ਾਂ ’ਚ ਕੁਲ ਮਿਲਾ ਕੇ ਕੁਪੋਸ਼ਣ ਨਾਲ 15 ਫੀਸਦੀ ਬੱਚੇ ਪ੍ਰਭਾਵਿਤ ਹਨ। ਵਿਕਾਸਸ਼ੀਲ ਦੇਸ਼ਾਂ ’ਚ 5 ਸਾਲ ਤੋਂ ਘੱਟ ਉਮਰ ਦੇ ਲੱਗਭਗ 19,50,00,000 ਬੱਚੇ ਬੌਣੇ ਵਿਕਾਸ ਦਾ ਸ਼ਿਕਾਰ ਹਨ। ਇਹਨਾਂ ’ਚ ਲਗਭਗ 6,10,00,000 ਬੱਚੇ ਭਾਰਤ ਵਿਚ ਹਨ। ਵਿਕਾਸਸ਼ੀਲ ਦੇਸ਼ਾਂ ਵਿਚ 5 ਸਾਲ ਤੋਂ ਘੱਟ ਉਮਰ ਦੇ ਲੱਗਭਗ 12,90,00,000 ਬੱਚੇ ਘੱਟ ਵਜ਼ਨ ਦੇ ਹਨ। ਇਨ੍ਹਾਂ ਵਿਚੋਂ ਲਗਭਗ 50,40,00,000 ਭਾਰਤ ਵਿਚ ਹਨ। 2005-06 ਵਿਚ ਪੰਜ ਸਾਲ ਤੋਂ ਘੱਟ ਉਮਰ ਦੇ 43 ਫੀਸਦੀ ਭਾਰਤੀ ਬੱਚੇ ਘੱਟ ਵਜਣ ਦੇ ਸਨ ਅਤੇ 48 ਫੀਸਦੀ ਬੱਚਿਆ ਦਾ ਵਿਕਾਸ ਬੌਣਾ ਸੀ। ਭਾਰਤ ਦੇ ਮੁਕਾਬਲੇ ਚੀਨ ਵਿਚ ਇਸ ਉਮਰ ਵਰਗ ਵਿਚ ਸਿਰਫ 7 ਫੀਸਦੀ ਬੱਚੇ ਘੱਟ ਵਜਣ ਦੇ ਸਨ ਅਤੇ 11 ਫੀਸਦੀ ਬੱਚਿਆਂ ਦਾ ਵਿਕਾਸ ਬੌਣਾ ਸੀ। ਅਫਰੀਕੀ ਦੇਸ਼ਾਂ ਵਿਚ ਵੀ ਬੱਚਿਆਂ ’ਚ ਕੁਪੋਸ਼ਣ ਭਾਰਤ ਤੋਂ ਕਾਫੀ ਘੱਟ ਹੈ। ਪੰਜ ਸਾਲ ਤੋਂ ਘੱਟ ਉਮਰ ਦੇ 21 ਫੀਸਦੀ ਅਫਰੀਕੀ ਬੱਚੇ ਘੱਟ ਵਜਣ ਦੇ ਹਨ ਅਤੇ 36 ਫੀਸਦੀ ਬੱਚਿਆਂ ਦੇ ਵਿਕਾਸ

'ਚ ਅੜਿਕਾ ਹੈ। ਇਹਨਾਂ ਅੰਕੜਿਆਂ ਨੂੰ ਪੇਸ਼ ਕਰਨ ਪਿੱਛੇ ਮੰਸ਼ਾ ਅੰਕੜਾ-ਬਾਜ਼ੀ ਬਿਲਕੁਲ ਨਹੀਂ ਹੈ। ਇਹ ਸਭ ਅੰਕੜੇ ਇਸ ਘਿਨੌਣੀ ਸਚਾਈ ਨੂੰ ਉਜਾਗਰ ਕਰਦੇ ਹਨ, ਜਿਸ ਨੂੰ ਇਸ ਵਿਵਸਥਾ ਦੇ ਹਮਾਇਤੀ ਆਰਥਕ ਵਿਕਾਸ ਦੇ ਖੋਖਲੇ ਦਾਅਵਿਆਂ ਦੀ ਧੁੰਦ ਪੈਦਾ ਕਰਕੇ ਛਿਪਾਉਣ ਦੀ ਕੋਸ਼ਿਸ਼ ਕਰਦੇ ਹਨ। ਪੂੰਜੀਵਾਦੀ ਪ੍ਰਬੰਦ 'ਚ ਆਰਥਕ ਵਿਕਾਸ ਦਾ ਕੇਵਲ ਇਕੋ ਅਰਥ ਹੈ - ਮਾਸੂਮ ਬੱਚਿਆਂ ਦਾ ਬੌਣਾ ਸਰੀਰਕ-ਮਾਨਸਿਕ ਵਿਕਾਸ। ਸਾਰੀਆਂ ਵਿਗਿਆਨਿਕ ਖੋਜਾਂ ਇਸ ਗੱਲ ਦੀ ਪੁਸਟੀ ਕਰਦੀਆਂ ਹਨ ਕਿ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਨੂੰ ਜਿਊਂਦੇ ਰਹਿਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਸਿਹਤਮੰਦ ਬੱਚਿਆਂ ਦੀ ਤੁਲਨਾ ਵਿਚ ਕੁਪੋਸ਼ਿਤ ਬੱਚਿਆਂ ਦੇ ਮਰਨ ਦੀ ਸੰਭਾਵਨਾ ਨੌਂ ਗੁਣਾ ਵੱਧ ਹੁੰਦੀ ਹੈ ਅਤੇ ਜੇ ਇਹ ਬੱਚੇ ਵੱਡੇ ਹੋਣ ਤੱਕ ਜਿਊਂਦੇ ਰਹਿ ਵੀ ਜਾਂਦੇ ਹਨ, ਤਾਂ ਵੀ ਉਸ ਸਮੇਂ ਤੱਕ ਇਹ ਕਈ ਬੀਮਾਰੀਆਂ ਦਾ ਸ਼ਿਕਾਰ ਹੋ ਚੁੱਕੇ ਹੁੰਦੇ ਹਨ। ਪੂਰੇ ਦੇਸ਼ ਵਿਚ ਜੇ ਕੁਪੋਸ਼ਣ ਦੀ ਸਥਿਤੀ 'ਤੇ ਇਕ ਨਜ਼ਰ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਕੁਪੋਸ਼ਿਤ ਬੱਚਿਆਂ ਦੀ ਗਿਣਤੀ ਸ਼ਹਿਰਾਂ ਦੀ ਤੁਲਨਾ ਵਿਚ ਪਿੰਡ 'ਚ ਵੱਧ ਹੈ। 2005-06 'ਚ ਜਿਥੇ ਸ਼ਹਿਰੀ ਹਲਕਿਆਂ ਵਿਚ 36 ਫੀਸਦੀ ਬੱਚੇ ਕੁਪੋਸ਼ਿਤ ਸਨ ਉਥੇ ਪਿੰਡਾਂ ਵਿਚ ਇਹ ਅੰਕੜਾ 49 ਫੀਸਦੀ ਸੀ। ਜੇ ਵੱਖ-ਵੱਖ ਰਾਜਾਂ ਦੀ ਗੱਲ ਕਰੀਏ ਤਾਂ ਪੂਰਵੋਤਰ ਰਾਜਾਂ ਵਿਚ ਬਾਕੀ ਦੇਸ਼ਾਂ ਦੇ ਮੁਕਾਬਲੇ ਸਥਿਤੀ ਥੋੜੀ ਬੇਹਤਰ ਹੈ। ਸਿੱਕਮ ਤੇ ਮਣੀਪੁਰ ਵਿਚ ਜਿਥੇ ਪੰਜ ਸਾਲ ਤੋਂ ਘੱਟ ਉਮਰ ਦੇ 22 ਫੀਸਦੀ ਬੱਚੇ ਕੁਪੋਸ਼ਿਤ ਹਨ, ਉਥੇ ਝਾਰਖੰਡ ਤੇ ਮੱਧ ਪ੍ਰਦੇਸ਼ ਵਿਚ ਇਹ ਅੰਕੜਾ ਕ੍ਰਮਵਾਰ 57 ਤੇ 60 ਫੀਸਦੀ ਹੈ। ਹੇਠਾਂ ਆਪਾਂ ਦੇਸ਼ ਦੇ ਕਈ ਰਾਜਾਂ 'ਚ ਮੌਜੂਦ ਕੁਪੋਸ਼ਣ ਦੀ ਸਥਿਤੀ ਤੇ ਇਕ ਸਰਸਰੀ ਨਜ਼ਰ ਮਾਰਾਂਗੇ।

**ਮੱਧ ਪ੍ਰਦੇਸ਼** - ਜੇ ਤੁਸੀਂ ਦੇਸ਼ ਦੇ 10 ਮੈਗਜ਼ੀਨ ਚੁੱਕੋ ਤਾਂ ਉਹਨਾਂ ਵਿਚੋਂ 8 ਵਿਚ ਆਪ ਨੂੰ ਮੱਧ ਪ੍ਰਦੇਸ਼ ਸਰਕਾਰ ਦੀ ਵਿਕਾਸ ਮੁਖੀ ਤੇ ਗਰੀਬ ਪੱਖੀ ਨੀਤੀਆਂ ਦਾ ਪ੍ਰਚਾਰ ਮਿਲ ਜਾਵੇਗਾ। ਇਹਨਾਂ ਪ੍ਰਚਾਰਾਂ ਹੇਠਾਂ ਦੀਨ ਦਿਆਲ ਉਪਾਧਿਆ ਦੀ ਤਸਵੀਰ ਛਪੀ ਹੁੰਦੀ ਹੈ ਅਤੇ ਹੇਠਾਂ ਲਿਖਿਆ ਹੁੰਦਾ ਹੈ "ਮੱਧ ਪ੍ਰਦੇਸ਼ ਸਰਕਾਰ ਪ. ਦੀਨ ਦਿਆਲ ਦੇ ਇਕਾਤਮ ਮਾਨਵਤਾਵਾਦ ਦੇ ਸਿਧਾਂਤ 'ਤੇ ਕੰਮ ਕਰਦੀ ਹੈ।" ਹੇਠਾਂ ਪੇਸ਼ ਅੰਕੜਿਆਂ ਤੋਂ ਲੱਗਦਾ ਹੈ ਕਿ ਇਕਾਤਮ ਮਾਨਵਤਾਵਾਦ ਦਾ ਅਰਥ - ਸਿਰਫ ਇਕ ਵਿਅਕਤੀ ਲਈ ਮਾਨਵਾਤਾਵਾਦ - ਸ੍ਰੀ ਸ਼ਿਵਰਾਜ ਚੌਹਾਨ। ਪੂਰੇ ਦੇਸ਼ ਵਿਚ ਮੱਧ ਪ੍ਰਦੇਸ਼ ਨੂੰ ਕੁਪੋਸ਼ਣ ਤੇ ਉਸ ਤੋਂ ਹੋਣ ਵਾਲੀਆਂ ਮੌਤਾਂ ਸਬੰਧੀ ਨੰਬਰ ਵਨ ਰਾਜ ਹੋਣ ਦਾ ਮਾਣ ਹਾਸਲ ਹੈ। ਰਾਜ ਦੇ 60ਫੀਸਦੀ ਬੱਚੇ ਕੁਪੋਸ਼ਣ ਤੋਂ ਪੀੜਤ ਹਨ। ਕੌਮੀ ਪ੍ਰੀਵਾਰ ਸਿਹਤ ਸਰਵੇਖਣ-3 (NFSH -3) ਅਤੇ ਨਮੂਨਾ ਪੰਜੀਕਰਨ ਪ੍ਰਣਾਲੀ 2008 ਦੀਆਂ ਰਿਪੋਰਟਾਂ ਅਨੁਸਾਰ 2008-09 'ਚ ਮੱਧ ਪ੍ਰਦੇਸ਼ 'ਚ ਜਨਮ ਸਮੇਂ ਸਿਸ਼ੂ ਮੌਤ ਦਰ ਪ੍ਰਤੀ 1000 ਪਿੱਛੇ 70 ਸੀ ਜੋ ਕਿ ਪੂਰੇ ਦੇਸ਼ ਵਿਚ ਸਭ ਤੋਂ ਵੱਧ ਸੀ। 2005-06 ਤੋਂ 2009-10 ਤੱਕ ਦੇ ਸਮੇਂ ਵਿਚ ਰਾਜ ਭਰ ਵਿਚ ਕੁਪੋਸ਼ਣ ਕਾਰਨ 6 ਲੱਖ ਤੋਂ ਵੱਧ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਇਹੀ ਨਹੀਂ NFSH -3 ਅਨੁਸਾਰ ਰਾਜ 'ਚ 82 ਫੀਸਦੀ ਬੱਚੇ ਅਨੀਮੀਆ (ਖ਼ੂਨ ਦੀ ਕਮੀ) ਤੋਂ ਪੀੜਤ ਹਨ ਆਦੀਵਾਸੀ ਇਲਾਕਿਆਂ ਵਿਚ ਸਥਿਤੀ ਹੋਰ

ਵੀ ਗੰਭੀਰ ਹੈ। ਆਦੀਵਾਸੀਆਂ 'ਚ ਜਨਮ ਸਮੇਂ ਸ਼ਿਸ਼ੂ ਮੌਤ ਦਰ ਪ੍ਰਤੀ ਹਜ਼ਾਰ 95.6 ਹੈ, ਉਥੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਪ੍ਰਤੀ 1000 'ਤੇ 140.4 ਹੈ। ਤਾਂ ਇਹ ਹਨ ਕਿ ਮੱਧ ਪ੍ਰਦੇਸ਼ ਸਰਕਾਰ ਵਲੋਂ ਦੀਨ ਦਿਆਲ ਉਪਾਧਿਆ ਦੇ 'ਇਕਾਤਮ ਮਾਨਵਤਾਵਾਦ' ਦੇ ਸਿਧਾਂਤ ਦੇ ਵਿਹਾਰਕ ਪ੍ਰਯੋਗ ਦੇ ਫਲ।

**ਝਾਰਖੰਡ** - ਸੱਤਾ ਲੋਭੀ ਸ਼ਿਬੂ ਸੋਰੇਨ ਅਤੇ ਬਦੇਮ ਭਾਜਪਾ ਦੀ ਕੁਰਸੀ ਦੀ ਉਠਕ-ਬੈਠਕ ਪਿਛੋਂ ਝਾਰਖੰਡ ਵਿਚ ਰਾਸ਼ਟਰਪਤੀ ਹਕੂਮਤ ਲਾਗੂ ਹੋ ਗਈ। ਪਰ ਇਹ ਦੋਨੋ ਆਪਣੇ ਝਾਰਖੰਡ 'ਚ ਆਪਣੀ ਹਕੂਮਤ ਦੌਰਾਨ ਇਕ ਅਜੀਬ ਵਿਰਾਸਤ ਛੱਡ ਗਏ। ਭੁੱਖਮਰੀ ਤੇ ਕੁਪੋਸ਼ਣ ਦੀ ਵਿਰਾਸਤ, NFSH-2 ਅਨੁਸਾਰ ਝਾਰਖੰਡ 'ਚ ਜਨਮ ਸਮੇਂ ਸ਼ਿਸ਼ੂ ਮੌਤ ਦਰ 1000 ਪਿੱਛੇ 70 ਹੈ। ਰਾਜ 'ਚ ਤਿੰਨ ਸਾਲ ਤੋਂ ਘੱਟ ਉਮਰ ਦੇ ਲਗਭਗ 54.4 ਫੀਸਦੀ ਬੱਚੇ ਘੱਟ ਵਜਨ ਦੇ ਹਨ। ਤਿੰਨ ਸਾਲ ਤੋਂ ਘੱਟ ਉਮਰ ਦੇ ਲਗਭਗ ਦਸ ਲੱਖ ਤੋਂ ਵੱਧ ਬੱਚੇ ਕੁਪੋਸ਼ਿਤ ਹਨ। ਹਰ ਸਾਲ ਪੈਦਾ ਹੋਣ ਵਾਲੇ 713088 ਬੱਚਿਆਂ ਵਿਚੋਂ 49916 ਆਪਣੇ ਪਹਿਲੇ ਜਨਮ ਤੱਕ ਜਿਉਂਦੇ ਨਹੀਂ ਰਹਿ ਸਕਦੇ। ਦੇਸ਼ ਦੀ ਲਗਭਗ 70 ਫੀਸਦੀ ਖ਼ੂਨ ਦੀ ਕਮੀ ਨਾਲ ਪੀੜਤ ਔਰਤਾਂ ਅਤੇ ਬੱਚੇ ਬਿਹਾਰ ਤੇ ਝਾਰਖੰਡ ਵਿਚ ਹਨ। ਮਾਰਚ 2009 ਵਿਚ ਸੰਯੁਕਤ ਰਾਸ਼ਟਰ ਵਿਸ਼ਵ ਅਨਾਜ ਪ੍ਰੋਗ੍ਰਾਮ ਅਤੇ ਐਮ. ਐਸ. ਸਵਾਮੀਨਾਥਨ ਖੋਜ ਅਦਾਰੇ ਵਲੋਂ ਜਾਰੀ ਕੀਤੀ ਗਈ ਸਾਂਝੀ ਰਿਪੋਰਟ "ਪੇਂਡੂ ਭਾਰਤ 'ਚ ਅਨਾਜ ਸੁਰੱਖਿਆ ਦੀ ਸਥਿਤੀ ਅਨੁਸਾਰ ਦੇਸ਼ ਦੇ ਭੁੱਖਮਰੀ ਨਾਲ ਗ੍ਰਸਿਤ ਸੂਬਿਆਂ ਦੀ ਸੂਚੀ 'ਚ ਝਾਰਖੰਡ ਨੇ ਉੜੀਸਾ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਰਿਪੋਰਟ ਅਨੁਸਾਰ ਝਾਰਖੰਡ 'ਚ ਦੋ ਤਿਹਾਈ ਪੇਂਡੂ ਪ੍ਰੀਵਾਰਾਂ ਨੂੰ ਪੀਣ ਦਾ ਸਾਫ ਪਾਣੀ ਵੀ ਮੁਹੱਈਆ ਨਹੀਂ ਹੁੰਦਾ। ਲੱਗਦਾ ਹੈ ਕਿ ਸੂਬੇ ਦੀ ਮੌਜੂਦਾ ਸਥਿਤੀ ਤੋਂ ਪਹਿਲਾਂ ਮੁੱਖ ਮੰਤਰੀ ਸ਼ਿਬੂ ਸੋਰੇਨ ਸੰਤੁਸ਼ਟ ਨਹੀਂ ਸਨ ਸ਼ਾਇਦ ਇਸ ਲਈ ਸਾਰੇ ਰਾਜਸੀ ਦਾਅਪੇਚਾਂ ਦੀ ਵਰਤੋਂ ਕਰਕੇ ਫਿਰ ਤੋਂ ਸੱਤਾ ਹਥਿਆਉਣ 'ਚ ਲੱਗੇ ਹੋਏ ਸਲ। ਬਚੀ-ਖੁਚੀ ਕਸਰ ਪੂਰੀ ਕਰਨਾ ਚਾਹੁੰਦੇ ਹੋਣਗੇ।

ਹਰਿਆਣਾ ਦੇਸ਼ ਦੇ ਉਹਨਾਂ ਮੁਠੀਭਰ ਸੂਬਿਆਂ ਵਿਚੋਂ ਇਕ ਹੈ ਜੋ ਆਪਣੇ ਆਰਥਕ ਵਿਕਾਸ ਦੀ ਕਹਾਣੀ ਸਬੰਧੀ ਲਗਾਤਾਰ ਸੁਰਖੀਆਂ 'ਚ ਬਣੇ ਰਹਿੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਕੁਪੋਸ਼ਣ ਦੀ ਕਹਾਣੀ ਵਿਚ ਵੀ ਇਸ ਦੀ ਭੂਮਿਕਾ ਕਿਸੇ ਤੋਂ ਘੱਟ ਨਹੀਂ ਲੱਗਦੀ। ਹਰਿਆਣੇ 'ਚ 6-35 ਮਹੀਨੇ ਦੇ ਉਮਰ ਵਰਗ ਦੇ ਲਗਭਗ 82.3 ਫੀਸਦੀ ਬੱਚੇ ਖ਼ੂਨ ਦੀ ਘਾਟ ਦਾ ਸ਼ਿਕਾਰ ਹਨ। NFSH-3 ਦੇ ਅਨੁਸਾਰ ਸੂਬੇ ਵਿਚ ਤਿੰਨ ਸਾਲ ਤੋਂ ਘੱਟ ਉਮਰ ਦੇ 43.3 ਫੀਸਦੀ ਬੱਚਿਆਂ ਦਾ ਸਰੀਰਕ ਵਿਕਾਸ ਬੌਣਾ ਹੈ ਅਤੇ ਇਕ ਸਾਲ ਤੋਂ ਘੱਟ ਉਮਰ ਦੇ 38.2 ਫੀਸਦੀ ਬੱਚੇ ਘੱਟ ਵਜਨ ਦੇ ਹਨ। ਇਹ ਉਸ ਸੂਬੇ ਦੇ ਬੱਚਿਆਂ ਦੀ ਸਥਿਤੀ ਹੈ ਜੋ ਬੀਮਾਰ ਸੂਬਿਆਂ (ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼) ਜਾਂ ਉੜੀਸਾ, ਝਾਰਖੰਡ ਤੇ ਸਤੀਸ਼ਗੜ੍ਹ ਵਰਗੇ ਗਰੀਬ ਰਾਜਾਂ ਵਿਚ ਸ਼ਾਮਲ ਨਹੀਂ ਹੈ ਅਤੇ ਆਪਣੀ ਖੁਸ਼ਹਾਲੀ ਲਈ ਜਾਣਿਆ ਜਾਂਦਾ ਹੈ। ਜਿਥੇ ਪ੍ਰਤੀ ਵਿਅਕਤੀ ਔਸਤ ਆਮਦਨ ਕਾਫੀ ਵੱਧ ਹੈ। ਖੇਤੀ ਵਿਕਾਸ ਦਰ ਵੀ ਮੁਕਾਬਲਤਨ ਵੱਧ ਹੈ। ਆਰਥਕ ਵਿਕਾਸ ਦੇ ਸਭ

ਦਾਅਵੇ ਕਿੰਨੇ ਭਰਮਾਊ ਤੇ ਖੋਖਲੇ ਹਨ ਇਸ ਤੋਂ ਸਾਫ਼ ਹੋ ਜਾਂਦਾ ਹੈ। ਨਿਸ਼ਚਤ ਤੌਰ 'ਤੇ ਹਰਿਆਣੇ ਦੇ ਕੁਲਕਾਂ ਤੇ ਫਾਰਮਰਾਂ ਲਈ ਤਾਂ ਵਿਕਾਸ ਦੀ ਹਰ ਨੇਮਤ ਹੈ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਵਧ ਹੋਣ ਦਾ ਇਕ ਕਾਰਣ ਉਹਨਾਂ ਦੀ ਆਕਾਸ਼ ਛੂੰਹਦੀ ਆਮਦਨੀ ਵੀ ਹੈ। ਪਰ ਉਹਨਾਂ ਦੀ ਖੁਸ਼ਹਾਲੀ ਦੀ ਇਮਾਰਤ ਦੀਆਂ ਨੀਹਾਂ 'ਚ ਦਲਿਤ, ਖੇਤ ਮਜ਼ਦੂਰਾਂ ਤੇ ਆਮ ਮਿਹਨਤਕਸ਼ਾਂ ਦੀ ਭਾਰੀ ਅਬਾਦੀ ਹੈ, ਜੋ ਭੁੱਖਮਰੀ ਤੇ ਕੁਪੋਸ਼ਣ ਦੀ ਚੱਕੀ 'ਚ ਪਿਸ ਰਹੀ ਹੈ। ਇਹ ਅੰਕੜੇ ਉਸ ਅਬਾਦੀ ਦੀਆਂ ਜੀਵਨ ਹਾਲਤਾਂ ਦੀ ਇਕ ਤਸਵੀਰ ਪੇਸ਼ ਕਰਦੇ ਹਨ।

**ਮਹਾਂਰਾਸ਼ਟਰ** - ਕਾਂਗਰਸ ਦੀ ਹਕੂਮਤ ਵਾਲੇ ਰਾਜਾਂ ਵਿਚੋਂ ਮਹਾਂਰਾਸ਼ਟਰ ਦੂਜਾ ਸੂਬਾ ਹੈ ਜਿਥੇ ਕੁਪੋਸ਼ਣ ਤੇ ਭੁੱਖਮਰੀ ਦੀ ਮੌਜੂਦਾ ਗੰਭੀਰ ਹਾਲਤ ਉਥੋਂ ਦੇ ਆਰਥਿਕ ਵਿਕਾਸ ਦੀ ਕਹਾਣੀ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ। ਮਹਾਂਰਾਸ਼ਟਰ 'ਚ ਹਰ ਸਾਲ ਬੱਚਿਆਂ ਦੀਆਂ ਹੋਣ ਵਾਲੀਆਂ ਮੌਤਾਂ ਵਿਚੋਂ 50 ਤੋਂ 56 ਫੀਸਦੀ ਯਾਨੀ ਲਗਭਗ 45000 ਬੱਚਿਆਂ ਦੀ ਮੌਤ ਦਾ ਕਾਰਜ ਕੁਪੋਸ਼ਣ ਹੈ। ਅਸਲੀ ਮੌਤਾਂ ਦੀ ਗਿਣਤੀ ਇਸ ਤੋਂ ਕਿਤੇ ਵਧ ਹੋ ਸਕਦੀ ਹੈ ਕਿਉਂਕਿ ਕੁਪੋਸ਼ਣ ਤੇ ਉਸ ਨਾਲ ਹੋਣ ਵਾਲੀਆਂ ਮੌਤਾਂ ਦੇ ਸਹੀ ਅੰਕੜੇ ਇਕੱਠੇ ਕਰ ਸਕਣਾ ਹੀ ਇਕ ਵੱਡੀ ਮੁਸ਼ਕਲ ਹੈ। ਅਵੱਲ ਤਾਂ ਸਰਕਾਰੀ ਹਸਪਤਾਲ ਬਹੁਤੀਆਂ ਮੌਤਾਂ ਨੂੰ ਦਰਜ ਹੀ ਨਹੀਂ ਕਰਦੇ। ਦੂਸਰੇ ਮਹਾਂਰਾਸ਼ਟਰ ਦੇ ਜੋ ਆਦੀਵਾਸੀ ਇਲਾਕੇ ਕੁਪੋਸ਼ਣ ਨਾਲ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ, ਉਥੇ ਕੁਪੋਸ਼ਣ ਤੇ ਉਸ ਨਾਲ ਹੋਣ ਵਾਲੀਆਂ ਬੀਮਾਰੀਆਂ ਏਨੀਆਂ ਆਮ ਹਨ ਕਿ ਲੋਕ ਬੱਚਿਆਂ ਨੂੰ ਹਸਪਤਾਲ ਲਿਜਾਣ ਦੀ ਜ਼ਰੂਰਤ ਹੀ ਨਹੀਂ ਸਮਝਦੇ। ਸਿਰਫ ਉਹੀ ਕੇਸ ਹਸਪਤਾਲ ਪਹੁੰਚਦੇ ਹਨ ਜਾਂ ਸਿਹਤ ਅਧਿਕਾਰੀ ਦੀ ਜਾਣਕਾਰੀ ਵਿਚ ਆਉਂਦੇ ਹਨ ਜੋ ਬਹੁਤ ਗੰਭੀਰ ਹੋਣ। ਇਹਨਾਂ ਇਲਾਕਿਆਂ 'ਚ ਬੁਨਿਆਦੀ ਸਿਹਤ ਸਹੂਲਤਾਂ ਤੱਕ ਮੁਹੱਈਆ ਨਹੀਂ ਹਨ, ਮੁੱਖ ਮੰਤਰੀ ਚੌਹਾਨ ਦੇ ਵਿਕਾਸ ਦੀ ਮਲਾਈ ਮੁੰਬਈ ਦੀ ਦਲਾਲ ਸਟਰੀਟ ਤੇ ਕਾਰਪੋਰੇਟ ਘਰਾਨਿਆਂ ਦੇ ਮਾਲਕਾਂ ਦੇ ਪੇਟ ਭਰਨ ਵਿੱਚ ਹੀ ਖਤਮ ਹੋ ਜਾਂਦੀ ਹੈ। ਰਾਜ ਦੀ ਗਰੀਬ ਜਨਤਾ ਤੱਕ ਵਿਕਾਸ ਦੀ ਰਹਿੰਦ-ਖੂੰਹਦ ਵੀ ਨਹੀਂ ਪਹੁੰਚਦੀ।

**ਪੂਰਬੋਤਰ ਰਾਜ** - ਦੇਸ਼ ਦੇ ਸੱਤ ਉਤਰੀ ਪੂਰਬੀ ਰਾਜਾਂ 'ਚ ਸਭ ਤੋਂ ਵੱਧ ਕੁਪੋਸ਼ਿਤ ਬੱਚਿਆਂ ਦੀ ਗਿਣਤੀ ਅਸਾਮ ਵਿਚ ਹੈ। ਪਿਛਲੇ ਸਾਲ ਜਾਰੀ ਇਕ ਰਿਪੋਰਟ ਅਨੁਸਾਰ ਅਸਾਮ 'ਚ 6,59,355 ਬੱਚੇ ਮੁਕਾਬਲਤਣ ਘੱਟ ਤੀਬਰਤਾ ਨਾਲ ਕੁਪੋਸ਼ਿਤ (ਗਰੇਡ 1 ਅਤੇ 2 ਦਾ ਕੁਪੋਸ਼ਣ) ਅਤੇ 1869 ਬੱਚੇ ਵੱਧ ਤੀਬਰਤਾ ਨਾਲ ਕੁਪੋਸ਼ਿਤ ਸਨ (ਗਰੇਡ 3 ਅਤੇ 4 ਦਾ ਕੁਪੋਸ਼ਣ) ਮਣੀਪੁਰ ਵਿੱਚ ISDS (ਸਮੇਕਿਤ ਬਾਲ ਵਿਕਾਸ ਯੋਜਨਾਵਾਂ) ਯੋਜਨਾ ਦੇ ਤਹਿਤ ਜਾਂਚ ਗਏ। 190815 ਬੱਚਿਆਂ 'ਚ 25935 ਮੁਕਾਬਲਤਣ ਘੱਟ ਤੀਬਰਤਾ ਨਾਲ ਕੁਪੋਸ਼ਿਤ ਸਨ ਅਤੇ 453 ਗੰਭੀਰ ਰੂਪ ਨਾਲ ਕੁਪੋਸ਼ਿਤ ਸਨ। ਮੇਘਾਲਿਆ 'ਚ ਇਹੀ ਅੰਕੜੇ ਘੱਟ ਤੀਬਰਤਾ ਨਾ ਕੁਪੋਸ਼ਿਤ ਬੱਚਿਆਂ ਦੇ ਲਈ 70566 ਸਨ ਅਤੇ ਗੰਭੀਰ ਰੂਪ ਨਾਲ ਗੰਭੀਰ ਤੌਰ 'ਤੇ ਕੁਪੋਸ਼ਿਤ ਬੱਚਿਆਂ ਦੀ ਗਿਣਤੀ 272 ਸੀ ਤ੍ਰਿਪੁਰਾ 'ਚ 75381 ਬੱਚੇ ਮੁਕਾਬਲਤਣ ਘੱਟ ਤੀਬਰਤਾ ਨਾਲ ਕੁਪੋਸ਼ਿਤ ਪਾਏ ਗਏ ਅਤੇ 621 ਗੰਭੀਰ ਰੂਪ ਵਿਚ ਨਾਗਾਲੈਂਡ ਤੇ ਮਿਜੋਰਮ ਲਈ ਉਹ ਅੰਕੜੇ ਕ੍ਰਮਵਾਰ 11613 ਅਤੇ

144 ਅਤੇ 30.751 ਤੇ 121 ਸਨ। ਅਸਾਮ 'ਚ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਚ ਕੁਪੋਸ਼ਣ ਦਾ ਪੱਧਰ 33 ਫੀਸਦੀ (NFSH-2) ਤੋਂ ਵੱਧ ਕੇ 40 ਫੀਸਦੀ (NFSH-3) ਹੋ ਗਿਆ ਹੈ। ਜੇ ਸਿਸ਼ੂ ਮੌਤ ਦਰ ਦੀ ਗੱਲ ਕਰੀਏ ਤਾਂ ਪੂਰੇ ਦੇਸ਼ 'ਚ ਅਸਾਮ ਦੀ ਥਾਂ ਚੌਥੀ ਹੈ। ਹਰ ਰੋਜ਼ ਲਗਭਗ 132 ਸਿਸ਼ੂਆਂ ਦੀ ਮੌਤ ਹੁੰਦੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਕਾਫੀ ਚਿੰਤਾ ਜਨਕ ਹੈ। ਅਜਿਹੇ 169 ਬੱਚਿਆਂ ਦੀ ਮੌਤ ਰੋਜ਼ਾਨਾ ਹੁੰਦੀ ਹੈ।

ਦੇਸ਼ ਦੀ ਹਾਕਮ ਜਮਾਤ ਲੋਕ ਸਮੂਹ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਤਰ੍ਹਾਂ-ਤਰ੍ਹਾਂ ਦੀ "ਕਲਿਆਣਕਾਰੀ" ਯੋਜਨਾਵਾਂ ਬਣਾਉਂਦਾ ਰਿਹਾ ਹੈ ਹਾਲਾਂਕਿ ਉਹਨਾਂ ਨੂੰ ਲਾਗੂ ਘੱਟ ਕੀਤਾ ਜਾਂਦਾ ਹੈ। ਉਸ ਦਾ ਢਿੰਡੋਰਾ ਵਧ ਪਿਟਿਆ ਜਾਂਦਾ ਹੈ। ਜਨਤਕ ਵੰਡ ਪ੍ਰਣਾਲੀ ਸਮੇਕਿਤ ਬਾਲ ਵਿਕਾਸ ਯੋਜਨਾ, ਰੁਜ਼ਗਾਰ ਗਰੰਟੀ ਯੋਜਨਾ, ਫਲਾਂ ਗਾਂਧੀ ਰੁਜ਼ਗਾਰ ਯੋਜਨਾ, ਫਲਾਂ ਗਾਂਧੀ ਆਵਾਸ ਯੋਜਨਾ ਵਰਗੀਆਂ ਸੈਂਕੜੇ ਯੋਜਨਾਵਾਂ ਕਿਤਾਬਾਂ ਤੇ ਫਾਇਲਾਂ ਵਿਚ ਸੜ ਰਹੀਆਂ ਹਨ ਪਰ ਇਹ ਸ਼ਾਇਤ ਘੱਟ ਸਨ ਕਿ ਸਾਡੀ ਯੂ. ਪੀ. ਏ. ਸਰਕਾਰ ਇਕ ਨਵੀਂ ਯੋਜਨਾ ਲਿਆ ਰਹੀ ਹੈ, ਅਨਾਜ ਸੁਰੱਖਿਆ ਯੋਜਨਾ ਇਸ ਯੋਜਨਾ ਦੇ ਪ੍ਰਸਤਾਵ ਨੂੰ ਪੜ ਕੇ ਅਜਿਹਾ ਲੱਗਦਾ ਹੈ ਕਿ ਇਹ ਅਨਾਜ ਸੁਰੱਖਿਆ ਯੋਜਨਾ ਘੱਟ ਅਤੇ ਅਨਾਜ ਅਸੁਰੱਖਿਆ ਯੋਜਨਾ ਵਧ ਹੈ। ;ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਸੀ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪ੍ਰੀਵਾਰਾਂ ਨੂੰ 35 ਕਿਲੋਗ੍ਰਾਮ ਅਨਾਜ ਰਿਆਇਤੀ ਦਰਾਂ 'ਤੇ ਮੁਹਈਆ ਕਰਵਾਇਆ ਜਾਵੇ ਅਤੇ ਇਸ ਲਈ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ। ਪਰ ਇਸ ਨਵੇਂ ਬਿੱਲ ਦੇ ਮਸੌਦੇ ਤੋਂ ਪਤਾ ਲਗਦਾ ਹੈ ਕਿ ਇਹ ਸੀਮਾ ਸਰਕਾਰ ਨੇ 35 ਕਿਲੋ ਤੋਂ ਘਟਾ ਕੇ 25 ਕਿਲੋ ਕਰਨ ਦਾ ਮਨਸੂਬਾ ਬਣਾ ਰੱਖਿਆ ਹੈ। ਇਸ ਤੋਂ ਇਲਾਵਾ ਜਨਤਕ ਵੰਡ ਪ੍ਰਣਾਲੀ ਦੀ ਬਜਾਏ ਕੂਪਨ ਪ੍ਰਬੰਦ ਲਾਗੂ ਕਰਕੇ ਇਸ ਅਨਾਜ ਦੀ ਵੰਡ 'ਚ ਭ੍ਰਿਸ਼ਟਾਚਾਰ ਨੂੰ ਹੋਰ ਉਤਸ਼ਾਹਿਤ ਕਰਨ ਦੀ ਸਾਜਿਸ਼ ਵੀ ਕੀਤੀ ਜਾ ਰਹੀ ਹੈ। ਜ਼ਾਹਿਰ ਹੈ ਕਿ ਜੇ ਇਹ ਯੋਜਨਾ ਆਪਣੇ ਮੌਜੂਦਾ ਰੂਪ 'ਚ ਲਾਗੂ ਹੋ ਗਈ ਤਾਂ ਜੋ ਭੋਰਾ ਭਰ ਵੀ ਅਨਾਜ ਸੁਰੱਖਿਆ ਮੌਜੂਦ ਹੈ, ਉਹ ਵੀ ਜਾਂਦੀ ਰਹੇਗੀ। ਸਰਕਾਰ ਇਹ ਸਾਰਾ ਕੰਮ ਇਸ ਲਈ ਕਰ ਰਹੀ ਹੈ ਕਿ ਅਨਾਜ ਵੰਡ ਦਾ ਬਚਿਆ-ਖੁਚਿਆ ਕੰਟਰੋਲ ਵੀ ਖਤਮ ਹੋ ਜਾਵੇ। ਇਸ ਦੇ ਨਾਲ ਹੀ ਅਨਾਜ ਵਪਾਰ ਵਿਚ ਵਾਅਦਾ ਵਪਾਰ ਤੇ ਪ੍ਰਤੱਖ ਵਿਦੇਸ਼ੀ ਨਿਵੇਸ਼ ਨੂੰ ਮੰਜ਼ੂਰੀ ਦੇ ਕੇ ਸਰਕਾਰ ਨੇ ਦੇਸ਼ ਦੇ ਅਨਾਜ ਨੂੰ ਕਾਰਪੋਰੇਟਾਂ ਦੇ ਗੋਦਾਮਾਂ ਅਤੇ ਸ਼ੇਅਰ ਮਾਰਕਿਟ ਦੇ ਦਲਾਲਾਂ ਦੇ ਪੇਟ 'ਚ ਪਹੁੰਚਾਉਣ ਦਾ ਵੀ ਪੂਰਾ ਪ੍ਰਬੰਧ ਕਰ ਦਿੱਤਾ ਹੈ। ਅਜਿਹੇ 'ਚ ਸਾਡੇ ਦੇਸ਼ ਦੇ "ਮਾਸੂਮ" , "ਮਾਨਵਤਾਵਾਦੀ" ਤੇ "ਮਜ਼ਬੂਰ" ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇਸ਼ ਦੇ ਗਰੀਬਾਂ ਦੀ ਬਦਹਾਲੀ ਭੁੱਖ ਅਤੇ ਗਰੀਬੀ 'ਤੇ ਕਿੰਨੇ ਵੀ ਮਗਰ ਮੱਛ ਦੇ ਹੰਝੂ ਵਹਾ ਲੈਣ ਇਹ ਗੱਲ ਸਾਫ ਸਮਝ 'ਚ ਆਉਂਦੀ ਹੈ ਕਿ ਉਹਨਾਂ ਦੀ ਮਾਸੂਮੀਅਤ ਤੇ ਮਾਨਵਤਾਵਾਦ ਟਾਟਾ-ਬਿਡਲਾ-ਅੰਬਾਨੀ ਦੇ ਲਈ ਹੈ ਅਤੇ ਮਜ਼ਬੂਰੀ ਲੋਕਾਂ ਲਈ ਹੈ।

ਕਹਿਣ ਦੀ ਲੋੜ ਨਹੀਂ ਕਿ ਉਪਰ ਦੱਸੇ ਅੰਕੜੇ ਹਰ ਸੰਵੇਦਨਸ਼ੀਲ ਬੰਦੇ

ਦੀ ਅੰਤਰ ਆਤਮਾ ਨੂੰ ਝੰਜੋੜ ਦੇਣ ਲਈ ਕਾਫੀ ਹਨ। ਇਹ ਸਚਾਈ ਉਸ ਦੇਸ਼ ਦੀ ਹੈ ਜੋ 2020 ਤੱਕ ਦੁਨੀਆਂ ਦੀ ਮਹਾਂਸ਼ਕਤੀ ਬਨਣ ਦਾ ਦਮ ਭਰ ਰਿਹਾ ਹੈ ਅਤੇ ਜਿਸ ਦੇਸ਼ ਦਾ ਅਮੀਰ ਦੁਨੀਆਂ ਦੀ ਹਰ ਸੁੱਖ ਸਹੂਲਤ ਨਾਲ ਲੈਸ ਹੈ ਅਤੇ ਵਿਲਾਸਤਾ ਦੇ ਚਿੱਕੜ ਵਿਚ ਡੂੰਘਾ ਉਤਰਿਆ ਹੋਇਆ ਹੈ। ਰਿਚਰਡ ਬ੍ਰੈਂਸਨ ਨਾਮਕ ਇਕ ਅਮਰੀਕੀ ਸਰਮਾਏਦਾਰ ਨੇ ਭਾਰਤ ਦੇ ਦੌਰੇ ਸਮੇਂ ਕਿਹਾ ਸੀ ਕਿ ਭਾਰਤ ਵਰਗੀ ਗਰੀਬੀ ਵੀ ਅਮਰੀਕਾ ਕੋਲ ਨਹੀਂ ਹੈ ਅਤੇ ਭਾਰਤ ਵਰਗੀ ਅਮੀਰੀ ਵੀ ਅਮਰੀਕਾ ਕੋਲ ਨਹੀਂ ਹੈ। ਇਹ ਕਥਨ ਹੀ ਦੱਸ ਦਿੰਦਾ ਹੈ ਕਿ 'ਇੰਡੀਆ ਇੰਕ' ਦੀ ਸ਼ਾਨੋ ਸ਼ੌਕਤ ਅਤੈ ਸ਼ੋਹਰਤ ਪਿੱਛੇ ਕਰੋੜਾਂ ਕਰੋੜ ਦਮ ਤੋੜਦੇ ਬੱਚੇ ਹਨ। ਜਿਹਨਾਂ 'ਤੇ ਸਾਮਰਾਜੀ ਪ੍ਰਬੰਧ ਅਤੇ ਮੀਡੀਆ ਲਗਾਤਾਰ ਪੜਦੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਮਰਾਜੀ ਪ੍ਰਬੰਧ ਦੇ ਅੰਤਰ ਵਿਰੋਧਾਂ ਕਾਰਨ ਜੋ ਆਧੂਰੀ ਨੂੰ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ ਉਹ ਵੀ ਦਿਲ ਕੰਬਾਊ ਹੈ। ਇਹ ਸੋਚਣ ਦੀ ਗੱਲ ਹੈ ਕਿ ਜੇ 63 ਸਾਲ ਦੀ ਸੱਤਾ ਬਦਲੀ ਪਿੱਛੋਂ ਸਮੁੱਚੇ ਕੁਦਰਤੀ ਸੋਮਿਆਂ ਨਾਲ ਲੈਸ ਇਕ ਦੇਸ਼ ਆਪਣੇ ਬੱਚਿਆਂ ਨੂੰ ਸਿਹਤ ਤੇ ਸੁੰਦਰ ਬਚਪਨ ਤੱਕ ਨਹੀਂ ਦੇ ਸਕਦਾ ਤਾਂ ਕਸੂਰ ਲਾਜ਼ਮੀ ਹੀ ਉਸ ਪ੍ਰਬੰਧ ਵਿਚ ਹੈ ਜਿਸ ਦੇ ਤਹਿਤ ਅਸੀਂ ਜਿਊਂ ਰਹੇ ਹਾਂ। ਇਹ ਚਾਹੇ ਕਿੰਨੀ ਵੀ ਘੱਸੀ ਪਿਟੀ ਗੱਲ ਲੱਗੇ ਪਰ ਸੱਚ ਹੈ। ਇਕ ਮੁਨਾਫਾ ਕੇਂਦਰੀ ਪ੍ਰਬੰਧ ਆਪਣੇ ਦੇਸ਼ ਦੇ ਲੋਕਾਂ ਨੂੰ ਇਹੀ ਤੋਹਫੇ ਦੇ ਸਕਦਾ ਹੈ। ਜਿਸ ਵਿਵਸਥਾ 'ਚ ਆਦਮੀ ਆਪਣੀ ਜਾਨ ਤੋਂ ਉਪਰ ਧਨ ਪਸ਼ੂਆਂ, ਕਫਨਖੋਰਾਂ ਦਾ ਮੁਨਾਫਾ ਹੋਵੇ ਉਸ 'ਚ ਅਸੀਂ ਕੀ ਉਮੀਦ ਕਰ ਸਕਦੇ ਹਾਂ। ਇਹ ਪੂਰੀ ਭਿਅੰਕਰ ਤਸਵੀਰ ਕਿਸੇ ਲਈ ਕੁਝ ਦੇਰ ਦੀ ਸਨਸਨੀ ਹੋ ਸਕਦੀ ਹੈ – ਸਿਰਫ ਇਕ ਖਬਰ। ਪਰ ਸੱਚੇ ਨੌਜਵਾਨਾਂ ਲਈ ਇਹ ਇਸ ਮੁਦਰਾਖੋਰ ਅਤੇ ਬੱਚਿਆਂ ਦੀ ਲਾਸ਼ਾਂ 'ਤੇ ਰੋਟੀਆਂ ਸੇਕਣ ਵਾਲੀ ਵਿਵਸਥਾ ਖਿਲਾਫ ਬਗਾਵਤ ਦਾ ਬਿਗਲ ਫੂਕ ਦੇਣ ਦੇ ਹਜ਼ਾਰਾਂ ਕਾਰਣਾਂ ਵਿਚੋਂ ਇਕ ਹੈ। ਇਤਿਹਾਸ ਉਡੀਕ ਕਰ ਰਿਹਾ ਹੈ ਕਿ ਲੋਕ ਕਦੋਂ ਜਾਗਣਗੇ ਅਤੇ ਇਸ ਪ੍ਰਬੰਧ ਨੂੰ ਰੱਦੀ ਦੀ ਟੋਕਰੀ ਤੱਕ ਪਹੁੰਚਾਉਣਗੇ?

# ਕੀ ਹੈ ਸਵਾਈਨ ਫਲੂ ਦਾ ਰਾਜਸੀ ਅਰਥਸਾਸ਼ਤਰ?

ਐਤਕੀ ਵਾਂਗੂੰ ਪਿਛਲੇ ਸਾਲ ਵੀ ਸਵਾਈਨ ਫਲੂ ਦਾ ਹਊਆ ਪੂਰੀ ਦੁਨੀਆ 'ਚ ਫੈਲਿਆ ਹੋਇਆ ਸੀ। ਮਹਾਂਨਗਰਾਂ 'ਚ ਸੜਕਾਂ 'ਤੇ ਮਾਸਕ ਲਾ ਕੇ ਚਲਦੇ ਲੋਕਾਂ ਦੇ ਦ੍ਰਿਸ਼ ਆਮ ਸਨ। ਅਖਬਾਰਾਂ, ਟੀ. ਵੀ. 'ਤੇ ਲਗਾਤਰ ਸਵਾਈਨ ਫਲੂ ਨਾਲ ਸਬੰਧਤ ਖਬਰਾਂ ਤੇ ਇਸ਼ਤਿਹਾਰ ਆ ਰਹੇ ਸਨ। ਦਵਾਈਆਂ ਦੀਆਂ ਦੁਕਾਨਾਂ 'ਤੇ ਵੈਮੀਫਲੂ ਦੀ ਗੋਲੀ, ਮਾਸਕ, ਹੱਥ ਸਾਫ਼ ਕਰਨ ਲਈ ਐਂਟੀਸੈਪਟਿਕ ਲੋਸ਼ਨ ਆਦਿ ਖਰੀਦਣ ਲਈ ਭਾਰੀ ਭੀੜ ਪਹੁੰਚ ਰਹੀ ਸੀ ਪਰ ਹੁਣ ਜਦ ਕਿ ਇਹ ਸਾਫ ਹੋਣ ਲੱਗਿਆ ਹੈ ਕਿ ਸਵਾਈਨ ਫਲੂ ਦਾ ਪੂਰਾ ਮਾਮਲਾ ਦਵਾਈ ਕੰਪਨੀਆਂ ਵਲੋਂ ਆਪਣੇ ਮੁਨਾਫੇ ਨੂੰ ਵਧਾਉਣ ਲਈ ਵਿਉਂਤਬੱਧ ਕੀਤਾ ਗਿਆ ਸੀ ਤਾਂ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਬਹੁਕੌਮੀ ਦਵਾ ਕੰਪਨੀਆਂ ਵਲੋਂ ਲੋਕਾਂ ਦੀ ਸਿਹਤ ਨਾਲ ਕੀਤੇ ਜਾ ਰਹੇ ਖਿਲਵਾੜ ਦੀ ਜਾਂਚ ਕੀਤੀ ਜਾਵੇ। ਪਹਿਲਾਂ ਥੋੜ੍ਹੀ ਇਤਿਹਾਸ ਦੀ ਚਰਚਾ ਕਰੀਏ। ਅਧੁਨਿਕ ਸਭਿਅਕ ਸਮਾਜ ਲਈ ਸਿਹਤ ਬੁਨਿਆਦੀ ਜੀਵਨ ਦੀ ਅਣਗਰਦੀ ਲੋੜ ਹੈ। ਪੂੰਜੀਵਾਦੀ ਸਮਾਜ ਦੇ ਉਲਟ ਸਮਾਜਵਾਦੀ ਦੇਸ਼ਾਂ ਨੇ ਲੋਕ ਸਿਹਤ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਤੇ ਇਹਨਾਂ ਸਮਾਜਾਂ 'ਚ ਜਨਮੇ ਹਰ ਬੰਦੇ ਦੀ ਪਹੁੰਚ ਸਿਹਤ ਸਹੂਲਤਾਂ ਤੱਕ ਸੀ। ਇਹਨਾਂ ਦੇਸ਼ਾਂ ਵਿੱਚ ਇਕ ਹੀ ਕਿਸਮ ਦਾ ਇਲਾਜ ਪ੍ਰਬੰਦ ਦੀ ਵਰਤੋਂ ਹਰ ਨਾਗਰਿਕ ਕਰਦਾ ਸੀ। ਸਿਹਤ ਸਹੂਲਤਾਂ ਮੁਨਾਫਾ ਕਮਾਉਣ ਦਾ ਜ਼ਰੀਆ ਨਹੀਂ ਸਨ ਨਾਲ ਹੀ ਇਹਨਾਂ ਸਮਾਜਾਂ ਦੇ ਲੋਕਾਂ ਦੇ ਜੀਵਨ ਨੂੰ ਰੋਗਮੁਕਤ ਕਰਨ ਲਈ ਭੋਜਨ, ਸਫਾਈ ਤੇ ਜੀਵਨ ਸ਼ੈਲੀ ਦੇ ਮਹੱਤਵ ਨੂੰ ਮੰਨਿਆ ਗਿਆ। ਇਸ ਲਈ ਇਹਨਾਂ ਸਮਾਜਾਂ 'ਚ ਇਲਾਜ ਤੋਂ ਬੇਹਤਰ ਬਚਾਅ ਦੀ ਸਹੀ ਤਰੀਕੇ ਨਾਲ ਪਾਲਣਾ ਹੋਈ। ਸਮਾਜਵਾਦੀ ਸਮਾਜਾਂ 'ਚ ਲੋਕ ਸਿਹਤ ਦੇ ਉੱਚ ਪੱਧਰ ਦੇ ਦਬਾਅ 'ਚ ਪੂੰਜੀਵਾਦੀ ਦੇਸ਼ਾਂ ਵਿਚ ਵੀ ਸਰਕਾਰਾਂ ਨੇ ਸਿਹਤ ਸਹੂਲਤਾਂ ਮੁਹੱਈਆਂ ਕਰਾਉਣੀਆਂ ਸ਼ੁਰੂ ਕੀਤੀਆਂ। ਪਰ ਇਸ ਦੇ ਬਾਵਜੂਦ ਉਥੇ ਦੋਹਰੀ ਸਿਹਤ ਵਿਵਸਥਾ ਬਰਕਰਾਰ ਰਹੀ ਇਹਨਾਂ ਸਮਾਜਾਂ ਵਿੱਚ ਇਲਾਜ ਤੇ ਦਵਾ ਖੇਤਰ ਮੁਨਾਫੇ ਦਾ ਜਰੀਆ ਬਣੇ ਰਹੇ। ਇਹੀ ਨਹੀਂ ਇਹਨਾਂ ਦੇਸ਼ਾਂ ਦੀਆਂ ਕੁਝ ਦਵਾਈ ਕੰਪਨੀਆਂ ਨੇ ਆਪਣੇ ਵਿਸ਼ਾਲ ਆਕਾਰ ਦੇ ਜ਼ੋਰ 'ਤੇ ਅਤੇ ਪੇਟੈਂਟ ਕਾਨੂੰਨਾਂ ਦੀ ਵਰਤੋਂ ਕਰਕੇ ਨਵੀਆਂ ਵਿਕਸਤ ਦਵਾਈਆਂ ਦੇ ਵਪਾਰ 'ਤੇ ਅਜ਼ਾਰੇਦਾਰੀ ਕਾਇਮ ਕਰ ਲਈ। ਸਤਰ ਦੇ ਦਹਾਕੇ ਤੋਂ ਪੂਰੀ ਦੁਨੀਆਂ ਦਾ ਅਰਥਚਾਰਾ ਠਹਿਰਾਅ ਦਾ ਸ਼ਿਕਾਰ ਹੋ ਗਿਆ। ਇਸ ਦੌਰਾਨ ਅੰਤਿਮ ਸਮਾਜਵਾਦੀ ਦੇਸ਼ਾਂ ਵਿੱਚ ਪੂੰਜੀਵਾਦੀ ਦੀ ਮੁੜ ਸਥਾਪਤੀ ਹੋ ਜਾਣ ਨਾਲ ਪੂੰਜੀਵਾਦੀ ਪ੍ਰਬੰਦ ਉਪਰ ਜਨਤਾ ਦੀਆਂ ਲੋੜਾਂ ਦਾ ਧਿਆਨ ਰੱਖਣ ਦਾ ਦਬਾਅ ਵੀ ਖਤਮ ਹੋ ਗਿਆ। ਇਹਨਾਂ ਹਾਲਤਾਂ 'ਚ ਪੂਰੀ ਦੁਨੀਆਂ ਦੀਆਂ ਸਰਕਾਰਾਂ ਨੇ ਕਲਿਆਣਕਾਰੀ ਢਾਂਚੇ ਨੂੰ ਢਹਿ ਢੇਰੀ ਕਰਨਾ ਸ਼ੁਰੂ ਕਰ ਦਿੱਤਾ। ਆਮ ਲੋਕਾਂ ਨੂੰ ਜੋ ਥੋੜ੍ਹੀਆਂ ਬਹੁਤੀਆਂ ਸਿਹਤ ਸਹੂਲਤਾਂ ਸਰਕਾਰ ਵਲੋਂ ਮੁਹੱਈਆਂ ਕਰਵਾਈਆਂ

ਜਾਂਦੀਆਂ ਸਨ, ਉਹ ਖਤਮ ਕੀਤੀਆਂ ਜਾਣ ਲੱਗੀਆਂ। ਨਿੱਜੀ ਹਸਪਤਾਲਾਂ ਦਾ ਮੁੱਖ ਮਕਸਦ ਮਰੀਜ਼ਾਂ ਤੋਂ ਭਾਰੀ ਪੈਸਾ ਨਿਚੋੜਨਾ ਬਣ ਗਿਆ। ਬੇਲੋੜੇ ਟੈਸਟ ਕਰਵਾ ਕੇ ਅਤੇ ਮਹਿੰਗੀਆਂ ਤੋਂ ਮਹਿੰਗੀਆਂ ਦਵਾਈਆਂ ਲਿਖਣਾ ਸਫਲ ਡਾਕਟਰ ਦੇ ਗੁਣ ਬਣ ਗਏ। ਗਰੀਬ ਲੋਕ ਇਹਨਾਂ ਸਿਹਤ ਸਹੂਲਤਾਂ ਦੇ ਦਾਇਰੇ ਤੋਂ ਬਾਹਰ ਤਾਂ ਸਨ ਹੀ। ਨਾਲ ਹੀ ਉਹਨਾਂ ਦਾ ਡਿੱਗਦਾ ਜੀਵਨ ਪੱਧਰ ਉਹਨਾਂ ਨੂੰ ਵੱਧ ਤੋਂ ਵੱਧ ਬੀਮਾਰੀਆਂ ਦੀ ਮਾਰ ਹੇਠ ਲੈਣ ਲੱਗਿਆ। ਸਮਾਜਵਾਦੀ ਦੇਸ਼ਾਂ ਦੀ ਤੁਲਨਾ ’ਚ ਪਿਛੜੇ ਦੇਸ਼ਾਂ ਦੀ ਹਾਲਤ ਵੱਧ ਬੁਰੀ ਸੀ। ਅੱਜ ਗਿਆਨ-ਵਿਗਿਆਨ ਤੇ ਪੈਦਾਵਾਰ ਦਾ ਪੱਧਰ ਉਥੇ ਪਹੁੰਚ ਗਿਆ ਹੈ ਕਿ ਲਾਗ ਦੇ ਰੋਗਾਂ ਨੂੰ ਮੁਢੋਂ ਖਤਮ ਕੀਤਾ ਜਾ ਸਕਦਾ ਹੈ। ਪਰ ਪਿਛੜੇ ਦੇਸ਼ਾਂ ’ਚ ਇਹ ਬਿਮਾਰੀਆਂ ਨਾ ਸਿਰਫ ਬਚੀਆਂ ਹੋਈਆਂ ਹਨ ਬਲਕਿ ਭਾਰੀ ਗਿਣਤੀ ’ਚ ਲੋਕਾਂ ਦੀਆਂ ਜਾਨਾਂ ਵੀ ਲੈ ਰਹੀਆਂ ਹਨ। ਸਰਕਾਰਾਂ ਦੇ ਵਿਕਸਤ ਦੇਸ਼ਾਂ ਦੀ ਸ਼੍ਰੇਣੀ ’ਚ ਭਾਰਤ ਨੂੰ ਖੜਾ ਕਰਨ ਦੇ ਦਾਅਵਿਆਂ ਦਰਮਿਆਨ ਇਥੇ ਸਿਹਤ ਨਾਲ ਸਬੰਧਤ ਸੂਚਕਾਂਕ ਕਈ ਹੋਰ ਕਮਜ਼ੋਰ ਦੇਸ਼ਾਂ ਤੋਂ ਵੀ ਹੇਠਾਂ ਹਨ। ਭਾਰਤ ’ਚ ਇਕ ਸਾਲ ਤੋਂ ਘੱਟ ਉਮਰ ਦੇ ਸਿਸ਼ੂਆਂ ’ਚ ਮੌਤ ਦਰ 59 ਪ੍ਰਤੀ ਹਜ਼ਾਰ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਦੁਨੀਆਂ ’ਚ ਸਲਾਨਾਂ ਹੋਣ ਵਾਲੀਆਂ ਇਕ ਕਰੋੜ ਅੱਠ ਲੱਖ ਮੌਤਾਂ ਵਿੱਚ ਭਾਰਤ ਦਾ ਹਿੱਸਾ 24 ਲੱਖ ਹੈ। ਭਾਰਤ ਵਿੱਚ ਇਕ ਲੱਖ ਜਣੇਪਿਆਂ ਪਿਛੇ 254 ਮਾਵਾਂ ਦੀ ਮੌਤ ਹੋ ਜਾਂਦੀ ਹੈ। 12 ਤੋਂ 23 ਸਾਲ ਦੀ ਉਮਰ ਦੇ ਬੱਚਿਆਂ ’ਚ ਟੀਕਾਕਰਣ ਦੀ ਪ੍ਰਤੀਸ਼ਤ 2007-08 ’ਚ 54 ਫੀਸਦੀ ਸੀ। ਲਾਗ ਦੇ ਰੋਗਾਂ ’ਚ ਦੇਸ਼ ’ਚ 2008 ’ਚ ਫੇਫੜਿਆਂ ਦੀ ਤਪਦਿਕ ਨਾਲ 64524 ਮੌਤਾਂ, ਇਕੂਟ ਰੇਸਪੀਰੇਟਰੀ ਇਨਫੈਕਸ਼ਨ ਨਾਲ 4681 ਮੌਤਾਂ, ਨਮੂਨੀਆਂ ਨਾਲ 3765 ਮੌਤਾਂ, ਦਸਤਾਂ ਨਾਲ 2841, ਮੌਤਾਂ ਮਲੇਰੀਆਂ ਨਾਲ 868 ਮੌਤਾਂ, ਜਪਾਨੀ ਇਨਸੈਫਲਾਈਟਸ ਨਾਲ 534 ਮੌਤਾਂ, ਟਾਈਫਾਈਡ ਨਾਲ 338 ਮੌਤਾਂ, ਰੇਬੀਜ਼ (ਹਲਕਾਅ) ਨਾਲ 262 ਮੌਤਾਂ, ਟੈਟੇਨਸ ਨਾਲ 253 ਮੌਤਾਂ, ਖਸਰੇ ਨਾਲ 188 ਮੌਤਾਂ ਤੇ ਕਾਲਾਜ਼ਾਰ ਨਾਲ 141 ਮੌਤਾਂ ਹੋਈਆਂ। ਭਾਰਤ ਵਿੱਚ ਹਰ ਸਾਲ 30 ਤੋਂ 40 ਲੱਖ ਲੋਕ ਮਲੇਰੀਆਂ ਨਾਲ ਪੀੜਤ ਹੁੰਦੇ ਹਨ। ਇਹ ਸਭ ਰੋਗ ਅਜੇਹੇ ਹਨ ਜੋ ਕਿ ਅਵੱਲ ਤਾਂ ਸਹੀ ਪੋਸ਼ਣ, ਟੀਕਾਕਰਣ ਤੇ ਸਾਫ ਸੁਥਰੇ ਮਹੌਲ ’ਚ ਹੋਣ ਹੀ ਨਾ, ਦੂਜਾ ਗਿਆਨ-ਵਿਗਿਆਨ ਦਾ ਪੱਧਰ ਏਨਾ ਤਾਂ ਹੋ ਹੀ ਗਿਆ ਹੈ ਕਿ ਇਹਨਾਂ ਰੋਗਾਂ ਨਾਲ ਪੀੜਤ ਮਰੀਜ਼ਾਂ ਨੂੰ ਸਮੇਂ ਸਿਰ ਡਾਕਟਰੀ ਸਹੂਲਤ ਮਿਲ ਜਾਏ ਤਾਂ ਇਹਨਾਂ ਦੀ ਜਾਨ ਬਚਾਈ ਜਾ ਸਕੇ। ਪਰ ਇਹਨਾਂ ਰੋਗਾਂ ਦੀ ਰੋਕਥਾਮ ਲਈ ਨਾ ਤਾਂ ਸਰਕਾਰ, ਨਾ ਦਵਾਈ ਕੰਪਨੀਆਂ ਤੇ ਨਾ ਹੀ ਮੀਡੀਆ ਇਸ ਲਈ ਉਨ੍ਹਾਂ ਮਾਮੂਲੀ ਜਿਹਾ ਵੀ ਸਰਗਰਮ ਦਿਸਦਾ ਹੈ ਜਿੰਨਾ ਕਿ ਉਹ ਸਵਾਈਨ ਫਲੂ ਦੇ ਮਾਮਲੇ ’ਚ ਸਰਗਰਮ ਰਿਹਾ ਹੈ। ਗੱਲ ਸਮਝਣੀ ਕੋਈ ਔਖੀ ਨਹੀਂ ਹੈ। ਵੈਸੇ ਲੋਕ ਜੋ ਸਹੀ ਤੇ ਪੂਰਾ ਭੋਜਨ ਵੀ ਨਾ ਕਰ ਸਕਦੇ ਹੋਣ ਤੇ ਬੀਮਾਰ ਪੈ ਜਾਂਦੇ ਹੋਣ ਉਹ ਮੁਨਾਫਾਖੋਰਾਂ ਲਈ ਕਿਸ ਕੰਮ ਦੇ। ਗਰੀਬਾਂ ਦੀਆਂ ਬੀਮਾਰੀਆਂ ਦੇ ਇਲਾਜ ਦਾ ਬਾਜ਼ਾਰ ਕਿਉਂਕਿ ਕਾਰਜਸ਼ਕਤੀ ਘੱਟ ਹੋਣ ਦੀ ਵਜ੍ਹਾ ਕਰਕੇ ਅਰਥਚਾਰੇ ਨੂੰ ਰਫ਼ਤਾਰ ਨਹੀਂ ਦੇ ਸਕਦਾ, ਇਸ ਲਈ ਅਜਿਹੀਆਂ ਬੀਮਾਰੀਆਂ ਲੱਭੀਆਂ ਜਾਣ ਲੱਗੀਆਂ ਹਨ ਜੋ ਦਵਾ

ਕੰਪਨੀਆਂ ਕੋਲ ਭਾਰੀ ਮਾਤਰਾ 'ਚ ਜਮ੍ਹਾਂ ਪੂੰਜੀ ਨੂੰ ਵਧਾ ਸਕਣ। ਇਹ ਵਿਡੰਬਨਾ ਹੈ ਕਿ ਜਿਨ੍ਹਾਂ ਵਿਗਿਆਨੀਆਂ ਨੂੰ ਪਹਿਲਾਂ ਤੋਂ ਮੌਜੂਦ ਬੀਮਾਰੀਆਂ ਦਾ ਹੋਰ ਬੇਹਤਰ ਇਲਾਜ ਲੱਭਣਾ ਚਾਹੀਦਾ ਹੈ, ਉਹ ਨਵੀਂ ਬੀਮਾਰੀਆਂ ਨੂੰ ਪੈਦਾ ਕਰਨ ਦੇ ਤਰੀਕੇ ਲੱਭ ਰਹੇ ਹਨ ਤਾਂ ਕਿ ਇਸ ਦੀ ਦਵਾਈ ਤੇ ਟੀਕਿਆਂ ਨੂੰ ਪੇਟੈਂਟ ਕਰਵਾ ਕੇ ਮੁਨਾਫਾ ਕਮਾਇਆ ਜਾ ਸਕੇ। ਸਵਾਈਨ ਫਲੂ ਦਾ ਵਾਇਰਸ ਅਜਿਹੀ ਹੀ ਇਕ ਕੋਸ਼ਿਸ਼ ਦਾ ਸਿੱਟਾ ਹੈ। ਡਾਲਿਓਨਾਰਡ ਹੈਰੋਵਿਟਜ਼ ਨੇ ਇਕ ਹਲਫਨਾਮੇ ਦੇ ਰਾਹੀਂ ਇਸ ਗੱਲ ਦੇ ਸਬੂਤ ਪੇਸ਼ ਕੀਤੇ ਹਨ ਕਿ ਅਫਰੀਕਾ ਦੇ ਸੈਂਟਰ ਫਾਰ ਡਿਸੀਜ਼ ਕੰਟਰੋਲ ਅਤੇ ਪ੍ਰਵੈਨਸ਼ਨ ਨਾਂ ਦੀ ਸੰਸਥਾ ਨੇ ਮੁਰਗੀ, ਸੂਰ ਤੇ ਸਪੇਮੀ ਫਲੂ ਦਾ ਵਾਇਰਸ ਤਿਆਰ ਕੀਤਾ। ਡਾ. ਹੈਰੋਵਿਟਜ਼ ਦਾ ਦੋਸ਼ ਹੈ ਕਿ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰਵੈਨਸ਼ਨ ਨੇ ਚੁਪਚਾਪ ਤਰੀਕੇ ਨਾਲ ਨੋਵਾ ਵੈਕਸ ਨਾਂ ਦੀ ਟੀਕੇ ਬਣਾਉਣ ਵਾਲੀ ਅਮਰੀਕੀ ਕੰਪਨੀ ਦੇ ਨਾਲ ਸਮਝੌਤਾ ਕੀਤਾ। ਨੋਵਾ ਵੈਕਸ ਦਾ ਇਸ ਸੈਂਟਰ ਨਾਲ ਜੈਵਿਕ ਸਮੱਗਰੀ ਦੇ ਲੈਣ ਦੇਣ ਅਤੇ ਇਸ ਦੇ ਵਿਗਿਆਨੀਆਂ ਨੂੰ ਆਪਣੇ ਇਥੇ ਉਚੇ ਅਹੁਦਿਆਂ 'ਤੇ ਭਰਤੀ ਕਰਨ ਦੇ ਸਬੰਧ ਪਹਿਲਾਂ ਤੋਂ ਰਹੇ ਹਨ। ਨੋਵਾਵੈਕਸ ਦੇ ਵਿਸ਼ਵੀ ਇਨਫਲੂਇੰਜਾ ਪ੍ਰੋਗ੍ਰਾਮ ਦੇ ਉਪ-ਪ੍ਰਧਾਨ ਡਾ. ਰਿਕ ਬ੍ਰਾਈਟ ਪਹਿਲੇ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰਵੈਨਸ਼ਨ ਦੀ ਇੰਫਲੂਇੰਜਾ ਬ੍ਰਾਂਚ ਵਿੱਚ ਸਨ। ਅਸਲ 'ਚ ਇਹ ਸਾਜਿਸ਼ਾਂ ਰਚੀਆਂ ਕਿਵੇਂ ਜਾਂਦੀਆਂ ਹਨ? ਸੈਂਟਰ ਐਚ ਫਾਈਵ ਐਨਵਨ ($H_5$ $N_1$) ਏਸ਼ੀਅਨ ਫਲੂ ਤੋਂ ਪ੍ਰਭਾਵਿਤ ਮੁਰਗਿਆਂ ਨੂੰ ਯੂਰਪ ਲਿਆਉਂਦਾ ਹੈ, ਉਸ 'ਚੋ ਡੀ ਐਨ ਏ ਕੱਢ ਕੇ ਉਸ ਨੂੰ 1918 ਦੇ ਸਪੇਨੀ ਆਈਸੋਲੇਟਸ ਵਿੱਚੋਂ ਕੱਢ ਹੋਏ ਐਚ ਵਨ ਐਨ ਵਨ ($H_1$ $N_1$) ਵਾਇਰਲ ਨੂੰ ਮਿਲਾਉਂਦਾ ਹੈ ਅਤੇ ਫਿਰ ਮਨੁੱਖ ਨੂੰ ਇਸ ਦੀ ਲਾਗ ਲਾਉਣ ਯੋਗ ਬਣਾਉਣ ਲਈ ਜੇਨੇਟਿਕ ਇੰਜਨੀਰਿੰਗ ਦੀ ਵਰਤੋਂ ਕੀਤੀ ਜਾਂਦੀ ਹੈ। ਫਿਰ ਇਹ ਉਤਪਾਦ ਬ੍ਰਿਟੇਨ ਤੋਂ ਅਮਰੀਕਾ ਹੁੰਦਾ ਹੋਇਆ ਮੈਕਸੀਕੋ ਪਹੁੰਚਦਾ ਹੈ। ਮੈਕਸੀਕੋ 'ਚ ਕੁਝ ਦਰਜਨ ਫਲੂ ਨਾਲ ਮੌਤਾਂ ਦੇ ਨਾਲ ਹੀ ਨੋਵਾਵੈਕਸ ਦੇ ਸ਼ੇਅਰਾਂ ਦੀਆਂ ਕੀਮਤਾਂ ਅਸਮਾਨ ਛੂਹਣ ਲੱਗਦੀਆਂ ਹਨ। ਡਾਕਟਰੀ ਜਗਤ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਘਪਲੇ 'ਚ ਵੱਡੇ-ਵੱਡੇ ਸਨਅਤਕਾਰਾਂ ਦੀ ਮਿਲੀ ਭੁਗਤ ਹੈ। ਡੇਵਿੰਡ ਰਾਕਫੇਲਰਸ ਟ੍ਰਸਟ ਜਿਸ ਵਿੱਚ ਰੂਪਰਟ ਮੂਡੋਕ ਮੋਰਟਨ ਜੁਫਰਮੈਨ ਥਾਮਸ ਗਲੋਸਰ ਅਤੇ ਨਿਊਯਾਰਕ ਦੇ ਫੇਡਰਲ ਰਿਜ਼ਰਵ ਬੈਂਕ ਦੇ ਬੋਰਡ ਆਫ ਡਾਇਰੈਕਟਰਸ ਦੇ ਸਾਬਕਾ ਪ੍ਰਧਾਨ ਜੇਰੀ ਸਪੇਚਰ ਵਰਗੀਆਂ ਵਾਲ ਸਟਰੀਟ ਦੀਆਂ ਵੱਡੀਆਂ ਹਸਤੀਆਂ ਸ਼ਾਮਲ ਹਨ, ਇਸ ਵਿਸ਼ਵੀ ਕਤਲੇਆਮ 'ਚ ਦੋਸ਼ੀ ਹਨ। ਇਹ ਸਾਂਝ ਵਿਸ਼ਵੀ ਪੱਧਰ 'ਤੇ ਬਾਇਓ ਟੈਕਨੋਲੋਜੀ ਦੀ ਖੋਜ ਤੇ ਵਿਕਾਸ ਨੂੰ ਕੰਟਰੋਲ ਕਰਦੀ ਹੈ। ਨਾਲ ਹੀ ਦਵਾਈ ਕਾਰਟੇਲ ਦੇ ਇਸ ਜਥੇਬੰਦ ਅਪਰਾਧ ਲਈ ਇਸ ਦੀਆਂ ਵਸਤਾਂ ਤੇ ਸੇਵਾਵਾਂ ਦੇ ਵਾਧੇ ਤੇ ਪ੍ਰਚਾਰ ਲਈ ਮੁਖਧਾਰਾ ਦੀ ਮੀਡੀਆ ਉਪਰ ਲਗਭਗ ਪੂਰਾ ਕੰਟਰੋਲ ਕਰਦਾ ਹੈ। ਇਹ ਟਰਸਟ ਅਸਲ 'ਚ ਸਮਾਜਕ ਮਾਨਸਿਕਤਾ 'ਚ ਬਦਲਾਅ ਅਤੇ ਬਜ਼ਾਰ ਉਸਾਰੀ ਲਈ ਜੋ ਮਾਸ ਮੀਡੀਆ ਕੰਪਨੀਆਂ ਦੇ ਰਾਹੀਂ ਪ੍ਰਚਾਰ ਕਰਦਾ ਹੈ। ਉਸ ਨਾਲ ਦਵਾ ਬਾਜ਼ਾਰ ਬਣਦਾ ਤੇ ਵਿਗੜਦਾ ਹੈ। ਇਹ ਟਰੱਸਟ ਇਸ ਬੀਮਾਰੀ ਦੇ ਪੈਦਾ ਹੋਣ, ਮੀਡੀਆ ਰਾਹੀਂ ਇਸ ਦਾ ਖੌਫ ਪੈਦਾ ਕੀਤੇ ਜਾਣ, ਟੀਕਾ

ਬਣਾਉਣ ਤੇ ਸਿਹਤ ਅਧਿਕਾਰੀਆਂ ਵਲੋਂ ਸਿਫਾਰਸ਼ ਕੀਤੇ ਜਾਣ ਪਿੱਛੇ ਰਿਹਾ ਹੈ। ਦਵਾ ਕੰਪਨੀਆਂ ਨੇ ਆਪਣੇ ਮੁਨਾਫੇ ਲਈ ਵਿਸ਼ਵ ਸਿਹਤ ਸੰਗਠਨ (WHO) ਦੀ ਵੀ ਵਰਤੋਂ ਕੀਤੀ। 2004 'ਚ ਵਿਸ਼ਵ ਸਿਹਤ ਸੰਗਠਨ ਨੇ ਸਵਾਈਨ ਫਲੂ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਿਸ 'ਚ ਸਭ ਦੇਸ਼ਾਂ ਨੂੰ ਸੁਝਾਅ ਦਿੱਤਾ ਗਿਆ ਸੀ ਕਿ ਉਹ ਆਪਣੇ ਕੋਲ ਵਾਇਰਸ ਵਿਰੋਧੀ ਦਵਾਈਆਂ ਜਮ੍ਹਾਂ ਕਰ ਲੈਣ। ਇਸ ਸੁਝਾਅ ਪਿੱਛੋਂ ਸਭ ਦੇਸ਼ਾ ਨੇ ਰੋਸ਼ ਕੰਪਨੀ ਵਲੋਂ ਬਣਾਈ ਦਵਾ ਟੈਮੀਫਲੂ ਅਤੇ ਸਲੈਕਸੋ ਸਿਮਥਕਲਾਟੀਨ ਦੀ ਦਵਾ ਰੇਲੇਂਜਾ ਦਾ ਭਾਰੀ ਮਾਤਰਾ 'ਚ ਸਟਾਕ ਜਮ੍ਹਾਂ ਕਰ ਲਿਆ। ਇਸ ਤਰ੍ਹਾਂ ਹੀ ਪਿਛਲੇ ਸਾਲ ਵਿਸ਼ਵ ਸਿਹਤ ਸੰਗਠਨ ਨੇ ਸਵਾਈਨ ਫਲੂ ਦੇ ਛੇਵੇਂ ਫੇਜ ਦੀ ਮਹਾਂਮਾਰੀ ਦਾ ਰੂਪ ਲੈ ਲੈਣ ਦਾ ਐਲਾਨ ਕੀਤਾ। ਅੱਜ ਇਕ ਸਾਲ ਬਾਅਦ ਸਥਿਤੀ ਇਹ ਹੈ ਕਿ ਸਰਕਾਰ ਕੋਲ ਭਾਰੀ ਮਾਤਰਾ 'ਚ ਸਵਾਈਨ ਫਲੂ ਦੇ ਟੀਕੇ ਬੇਕਾਰ ਪਏ ਹੋਏ ਹਨ ਅਤੇ ਸਰਕਾਰਾਂ ਇਸ ਚੀਜ਼ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਉਹ ਮਿਆਂਦ ਪੁਕਾ ਲੈਣ। ਦਵਾ ਕੰਪਨੀਆਂ ਨੇ ਟੀਕੇ ਦੇ ਹੀ ਵਪਾਰ ਨਾਲ 4.6 ਅਰਬ ਪਾਊਂਡ ਦਾ ਮੁਨਾਫਾ ਹਾਸਲ ਕੀਤਾ ਹੈ। ਬ੍ਰਿਟਿਸ਼ ਮੈਡੀਕਲ ਜਰਨਲ, ਬਿਊਰੋ ਆਫ ਇੰਵੇਸਟੀਗੇਸ਼ਨ ਜਰਨਲਿਜ਼ਮ ਅਤੇ ਕਾਊਂਸਲਿੰਗ ਆਫ ਯੂਰੋਪ ਨੇ ਦਾਅਵਾ ਕੀਤਾ ਹੈ ਕਿ ਵਿਸ਼ਵ ਸਿਹਤ ਸੰਸਥਾ ਦੀ ਐਚ ਵੈਨ ਐਨ ਵਨ ($H_1$ $N_1$) ਪ੍ਰਤੀ ਪ੍ਰਤੀਕਿਰਿਆ ਦਵਾ ਕੰਪਨੀਆਂ ਵਲੋਂ ਪ੍ਰਭਾਵਿਤ ਸੀ ਅਤੇ ਇਹ ਸੁਝਾਅ ਦੇਣ ਲਈ ਜ਼ਿੰਮੇਵਾਰ ਵਿਗਿਆਨਕਾਂ ਦੇ ਰੋਸ਼ ਤੇ ਗਲੈਕਸੀ ਸਿਮਥਕਲਾਈਨ ਨਾਲ ਵਿੱਤੀ ਸੰਬੰਧ ਸਨ। ਦਵਾ ਕੰਪਨੀਆਂ ਨੇ ਆਪਣੀ ਤਾਕਤ ਦੀ ਵਰਤੋਂ ਕਰਕੇ ਬਨਾਉਟੀ ਤੌਰ 'ਤੇ ਇਕ ਬੀਮਾਰੀ ਨੂੰ ਪ੍ਰਯੋਗਸ਼ਾਲਾ 'ਚ ਤਿਆਰ ਕੀਤਾ ਇਸ ਬੀਮਾਰੀ ਦਾ ਸ਼ਿਕਾਰ ਮਨੁੱਖੀ ਆਬਾਦੀ ਨੂੰ ਬਣਾਇਆ। ਮੀਡੀਆ ਦੀ ਵਰਤੋਂ ਕਰਕੇ ਸਮਾਜ 'ਚ ਇਸ ਬੀਮਾਰੀ ਪ੍ਰਤੀ ਖੌਫ਼ ਦਾ ਮਾਹੌਲ ਪੈਦਾ ਕੀਤਾ। ਸਿਹਤ ਅਧਿਕਾਰੀਆਂ ਨੂੰ ਖਰੀਦ ਕੇ ਦਵਾਈਆਂ ਤੇ ਟੀਕਿਆਂ ਦੇ ਵਿਸ਼ਾਲ ਭੰਡਾਰ ਹਾਸਿਲ ਕੀਤੇ ਅਤੇ ਅਥਾਹ ਮੁਨਾਫਾ ਕਮਾਇਆ। ਸਵਾਈਨ ਫਲੂ ਦਾ ਇਹ ਘਪਲਾ ਮਾਨਵਤਾ 'ਤੇ ਮੰਡਰਾ ਰਹੇ ਖਤਰੇ ਦਾ ਸੰਕੇਤ ਦਿੰਦਾ ਹੈ। ਬਹੁਕੌਮੀ ਕੰਪਨੀਆਂ ਦਾ ਸਾਈਜ਼ ਲਗਾਤਾਰ ਹੋਰ ਵਿਸ਼ਾਲ ਹੁੰਦਾ ਜਾ ਰਿਹਾ ਹੈ। ਅਜਿਹੇ ਵਿੱਚ ਇਹ ਆਪਣੇ ਮੁਨਾਫ਼ੇ ਲਈ ਇਸ ਤੋਂ ਵੀ ਭਿਅੰਕਰ ਸਾਜ਼ਿਸ਼ ਰਚਣਗੇ। ਮਨੁੱਖਤਾ ਨੂੰ ਅਜਿਹੇ ਖ਼ਤਰਿਆਂ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਮੁਨਾਫਾਖੋਰੀ ਦੇ ਪ੍ਰਬੰਦ ਦਾ ਖਾਤਮਾ ਹੋਵੇ, ਦਵਾ ਕੰਪਨੀਆਂ ਦਾ ਕੰਟਰੋਲ ਮਜ਼ਦੂਰ-ਮਿਹਨਤਕਸ਼ ਜਮਾਤ ਦੇ ਹੱਥ 'ਚ ਆਵੇ, ਦਵਾ ਪੈਦਾਵਾਰ ਦਾ ਮਕਸਦ ਆਮ ਆਦਮੀ ਦੀ ਸਿਹਤ ਦੀ ਸੁਰੱਖਿਆ ਹੋਵੇ, ਭਾਵੇਂ ਹੀ ਇਸ ਲਈ ਦਵਾ ਕੰਪਨੀਆਂ ਨੂੰ ਨੁਕਸਾਨ ਉਠਾਉਣਾ ਪਵੇ।

# ਜਿਗਰ ਦੀ ਸੋਜ (ਹੈਪੇਟਾਈਟਸ) ਹੈ ਕੀ?

ਜਿਗਰ ਦਾ ਵਜ਼ਨ 1200 ਤੋਂ 1500 ਗ੍ਰਾਮ ਹੁੰਦਾ ਹੈ। ਇਹ ਸਾਡੇ ਸਰੀਰ ਦਾ ਸਭ ਤੋਂ ਵੱਡਾ ਅੰਦਰੂਨੀ ਅੰਗ ਹੈ। ਜਿਗਰ ਸਾਡੀਆਂ ਪਸਲੀਆਂ ਦੇ ਸੱਜੇ ਹੇਠਲੇ ਹਿੱਸੇ ਦੇ ਪਿੱਛੇ ਅਤੇ ਢਿੱਡ ਦੀ ਖੋੜ ਦੀ ਝਿੱਲੀ ਦੇ ਹੇਠਾਂ ਹੁੰਦਾ ਹੈ। ਜਿਗਰ ਦਾ ਮੁੱਖ ਕੰਮ ਖ਼ੂਨ ਨੂੰ ਛਾਨਣਾ ਹੈ। ਇਹ ਲਾਗ ਤੋਂ ਬਚਾਅ ਕਰਨ 'ਚ ਮਨੁੱਖੀ ਸਰੀਰ ਦੀ ਮੱਦਦ ਕਰਦਾ ਹੈ। ਤੰਦਰੁਸਤ ਰਹਿਣ ਲਈ ਖ਼ੂਨ 'ਚੋਂ ਬੈਕਟੀਰੀਆ ਅਤੇ ਦੂਜੇ ਜ਼ਹਿਰੀਲੇ ਤੱਤਾਂ ਨੂੰ ਹਟਾਉਂਦਾ ਹੈ। ਜਿਗਰ ਕਈ ਭੂਮਿਕਾਵਾਂ ਨਿਭਾਉਂਦਾ ਹੈ। ਖਾਧੇ ਹੋਏ ਭੋਜਨ 'ਚੋਂ ਵਿਟਾਮਿਨ, ਸੱਕਰ, ਚਰਬੀ ਤੇ ਦੂਜੇ ਪੌਸ਼ਟਿਕ ਤੱਤ ਸੁਰੱਖਿਅਤ ਕਰਦਾ ਹੈ। ਤੰਦਰੁਸਤ ਰਹਿਣ ਲਈ ਦੂਜੇ ਸਰੀਰ ਲਈ ਲੋੜੀਂਦੇ ਰਸਾਇਣ ਬਣਾਉਂਦਾ ਹੈ। ਨੁਕਸਾਨਦਾਇਕ ਪਦਾਰਥ ਜਿਵੇਂ ਸ਼ਰਾਬ ਤੇ ਦੂਜੇ ਜ਼ਹਿਰੀਲੇ ਰਸਾਇਣਾਂ ਨੂੰ ਵਿਭਾਜਿਤ ਕਰਦਾ ਹੈ। ਤੁਹਾਡੇ ਖ਼ੂਨ 'ਚੋਂ ਵਿਅਰਥ ਪਦਾਰਥ ਬਾਹਰ ਕੱਢਦਾ ਹੈ। ਖ਼ੂਨ 'ਚ ਹਾਰਮੋਨਾਂ ਦੇ ਪੱਧਰ ਨੂੰ ਕੰਟਰੋਲ ਕਰਦਾ ਹੈ। ਇਨਕਫੈਕਸ਼ਨ (ਲਾਗ) ਦਾ ਮੁਕਾਬਲਾ ਕਰਨ 'ਚ ਮੱਦਦ ਕਰਦਾ ਹੈ।

ਹੈਪੇਟਾਈਟਸ ਭਾਵ ਜਿਗਰ ਦੀ ਸੋਜ ਕਈ ਕਾਰਨਾਂ ਕਰਕੇ ਹੋ ਸਕਦੀ ਹੈ। ਕਈ ਵੱਖੋ-ਵੱਖਰੇ ਵਾਇਰਸ ਵਾਇਰਲ ਹੈਪੇਟਾਈਟਸ ਪੈਦਾ ਕਰਦੇ ਹਨ। ਉਨ੍ਹਾਂ ਨੂੰ ਹੈਪੇਟਾਈਟਸ ਏ. ਬੀ. ਸੀ. ਡੀ. ਤੇ ਈ. ਵਾਇਰਸ ਕਿਹਾ ਜਾਂਦਾ ਹੈ। ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਅਲਕੋਲਿਕ ਹੈਪੇਟਾਈਸ ਹੋ ਸਕਦਾ ਹੈ। ਆਟੋਇਮੂਨ ਹੈਪੇਟਾਇਸ (ਜੈਨੇਟਿਕ ਬਿਮਾਰੀ) ਉਹ ਹੈ ਜਿਸ 'ਚ ਸਰੀਰ ਦੀ ਰੋਗ ਨਾਸ਼ਕ ਪ੍ਰਣਾਲੀ ਜਿਗਰ ਦੇ ਸੈਲਾਂ 'ਤੇ ਅਸਰ ਕਰਦੀ ਹੈ। ਜਿਗਰ ਦੀ ਸੋਜ ਦਾ ਆਮ ਕਾਰਨ ਵਾਇਰਲ ਹੈਪੇਟਾਈਟਸ ਹੈ। ਇਹ ਕਈ ਵੱਖੋ-ਵੱਖਰੇ ਵਾਇਰਸਾਂ ਕਾਰਨ ਹੁੰਦਾ ਹੈ। ਇਨ੍ਹਾਂ ਨੂੰ ਹੈਪੇਟਾਈਟਸ ਵਾਰਸ ਕਿਹਾ ਜਾਂਦਾ ਹੈ। ਇਨ੍ਹਾਂ ਸਭ ਵਾਇਰਸਾਂ ਕਰਕੇ ਗੰਭੀਰ ਜਾਂ ਥੁੜ ਚਿਰਾ ਵਾਇਰਲ ਹੈਪੇਟਾਈਟਸ ਹੁੰਦਾ ਹੈ। ਹੈਪੇਟਾਈਟਸ ਬੀ. ਸੀ. ਡੀ. ਵਾਇਰਸਾਂ ਕਰਕੇ ਚਿਰਕਾਲੀਨ ਹੈਪੇਟਾਈਟਸ (Chnonic Hepatities) ਵੀ ਹੋ ਸਕਦਾ ਹੈ। ਜਿਸ 'ਚ ਲਾਗ ਲੰਮੇਂ ਸਮੇਂ (ਇਥੋਂ ਤੱਕ ਕਿ ਜ਼ਿੰਦਗੀ ਭਰ) ਤੱਕ ਵੀ ਰਹਿੰਦੀ ਹੈ। ਹੈਪੇਟਾਈਟਸ ਬੀ ਤੇ ਸੀ ਖ਼ੂਨ 'ਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਹਨ। ਜੇਕਰ ਤੰਦਰੁਸਤ ਵਿਅਕਤੀ ਦੇ ਖ਼ੂਨ ਦੇ ਵਹਾਅ 'ਚ ਅਜਿਹੇ ਕਿਸੇ ਵਿਅਕਤੀ ਜਿਸ ਅੰਦਰ ਵਾਇਰਸ ਮੌਜੂਦ ਹੈ, ਦੇ ਖ਼ੂਨ ਦੀ ਥੋੜ੍ਹੀ ਜਿਹੀ ਵੀ ਮਾਤਰਾ ਦਾਖਲ ਹੁੰਦੀ ਹੈ ਜਿਵੇਂ ਕਿਸੇ ਖੁੱਲ੍ਹੀ ਸੱਟ, ਚੀਰੇ, ਜਾਂ ਝਰੀਟ ਰਾਹੀਂ ਜਾਂ ਕਿਸੇ ਦੂਸ਼ਿਤ ਸੂਈ ਤੋਂ, ਤਾਂ ਉਹ ਲਾਗ (ਇਨਫੈਕਸ਼ਨ) ਪੈਦਾ ਕਰ ਸਕਦੀ ਹੈ। ਭਾਰਤ 'ਚ ਦਾਨ ਕੀਤੇ ਜਾਣ ਵਾਲੇ ਖ਼ੂਨ ਦੇ ਸਭ ਦਾਨੀਆਂ ਦੀ ਹੈਪੇਟਾਈਟਸ ਬੀ ਤੇ ਸੀ ਦਾ ਜਾਂਚ ਕੀਤੀ ਜਾਂਦੀ ਹੈ ਪਰ ਜਾਂਚ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਲਾਗ ਤੋਂ ਪੀੜਤ ਵਿਅਕਤੀ ਤੋਂ ਖ਼ੂਨ ਜਾਂ ਖ਼ੂਨ ਦੇ ਤੱਤ ਹਾਸਲ ਕਰਨ ਕਰਕੇ ਲਾਗ ਤੋਂ ਪੀੜਤ ਹੋਣ ਦੀ ਸੰਭਾਵਨਾ ਹੁੰਦੀ ਹੈ। ਉਨ੍ਹਾਂ ਦੇਸ਼ਾਂ 'ਚ ਜਿਥੇ ਬਲੱਡ ਬੈਂਕਾਂ 'ਚ ਖ਼ੂਨ ਦੀ ਜਾਂਚ ਨਹੀਂ ਕੀਤੀ ਜਾਂਦੀ, ਖ਼ੂਨ ਦੀ ਬਦਲੀ

ਹੁਣ ਵੀ ਲਾਗ ਦਾ ਕਾਰਨ ਹੋ ਸਕਦੀ ਹੈ। ਹੈਪੇਟਾਈਟਸ ਸੀ ਦਾ ਵਾਇਰਸ ਪਹਿਲਾਂ ਗੈਰ-ਏ, ਗੈਰ-ਬੀ ਹੈਪੇਟਾਈਟਸ ਵਾਇਰਸ ਆਖਿਆ ਜਾਂਦਾ ਸੀ ਤੇ 1992 'ਚ ਹੈਪੇਟਾਈਟਸ-ਸੀ ਦੇ ਵਾਇਰਸ ਵਜੋਂ ਵਰਗੀਕ੍ਰਿਤ ਕੀਤਾ ਗਿਆ। ਇਸ ਲਈ 1992 ਤੋਂ ਪਹਿਲਾਂ ਖ਼ੂਨ ਦੀ ਬਦਲੀ ਕਰਵਾ ਚੁੱਕੇ ਲੋਕਾਂ ਨੂੰ ਆਪਣੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਖ਼ੂਨ ਦੀ ਜਾਂਚ ਹੀ ਐਚ. ਸੀ. ਵੀ. ਲਾਗ ਦੀ ਜਾਂਚ ਦਾ ਪਤਾ ਲਗਾਉਣ ਦਾ ਇਕੋ ਇਕ ਸੰਭਾਵੀ ਤਰੀਕਾ ਹੈ। ਜ਼ਿਆਦਾਤਰ ਹੈਪੇਟਾਈਟਸ ਬੀ ਅਤੇ ਸੀ 'ਚ ਸੰਚਾਰ ਦੇ ਤਰੀਕੇ ਇਕੋ ਜਿਹੇ ਹੁੰਦੇ ਹਨ। ਇਨ੍ਹਾਂ ਦੋ ਸਮੂਹਾਂ ਦੇ ਦਰਮਿਆਨ ਲਾਗ ਦੀ ਸੰਭਾਵਨਾ 'ਚ ਮੁੱਖ ਫਰਕ ਲਿੰਗੀ ਸੰਚਾਰ ਤੇ ਸਿੱਧਾ ਸੰਚਾਰ (ਲਾਗਤ ਤੋਂ ਪੀੜਤ ਮਾਂ ਤੋਂ ਬੱਚੇ ਨੂੰ) ਹਨ ਜੋ ਹੈਪੇਟਾਈਟਸ-ਸੀ ਦੇ ਮੁਕਾਬਲੇ ਹੈਪੇਟਾਈਟਸ ਬੀ ਦੇ ਮਾਮਲੇ 'ਚ ਜ਼ਿਆਦਾ ਹਨ। ਹੈਪੇਟਾਈਟਸ-ਬੀ ਲਿੰਗੀ ਤੌਰ 'ਤੇ ਵੱਧ ਸੰਚਾਰਿਤ ਹੁੰਦਾ ਹੈ ਪਰ ਹੈਪੇਟਾਈਟਸ-ਸੀ ਲਿੰਗੀ ਤੌਰ 'ਤੇ ਘੱਟ ਸੰਚਾਰਿਤ ਹੁੰਦਾ ਹੈ। ਖ਼ੂਨ ਚੜ੍ਹਾਉਣ ਨਾਲ ਦੋਨੋਂ ਹੀ (ਬੀ ਤੇ ਸੀ) ਇਕੋ ਜਿਹੇ ਸੰਚਾਰਿਤ ਹੁੰਦੇ ਹਨ। ਨਸ਼ੀਲੀਆਂ ਦਵਾਈਆਂ ਦੀਆਂ ਸੂਈਆਂ ਸਾਂਝੀਆਂ ਕਰਨ ਨਾਲ ਦੋਨੋਂ ਹੀ ਵਾਇਰਸ ਬਹੁਤ ਜ਼ਿਆਦਾ ਸੰਚਾਰਿਤ ਹੁੰਦੇ ਹਨ। ਹੀਮੋਡਾਇਲਿਸਸ (ਕਿਡਨੀ ਦੀ ਖਰਾਬੀ ਵਾਲੇ ਮਰੀਜ਼ਾਂ 'ਚ) ਇਹ ਵੱਧ ਸੰਚਾਰਿਤ ਹੁੰਦੇ ਹਨ। ਹੈਪੇਟਾਈਟਸ-ਬੀ ਦੁੱਧ ਚੁੰਘਾਉਣ ਵਾਲੀਆਂ ਮਾਂ ਤੋਂ ਬੱਚੇ ਨੂੰ ਸੰਚਾਰਿਤ ਹੋ ਸਕਦਾ ਹੈ ਜਦਕਿ ਹੈਪੇਟਾਇਟਸ-ਸੀ ਇਸ ਤਰ੍ਹਾਂ ਸੰਚਾਰਿਤ ਨਹੀਂ ਹੁੰਦਾ। ਲਾਗ ਵਾਲੀ ਸੂਈ ਚੁੰਭਣ ਨਾਲ ਬੀ ਤੇ ਸੀ ਦੋਨੋਂ ਹੈਪੇਟਾਈਟਸ ਸੰਚਾਰਿਤ ਹੁੰਦੇ ਹਨ। ਅਪਰੇਸ਼ਨ ਦੌਰਾਨ ਜੇ ਔਜਾਰ ਜੀਵਾਣੂ ਰਹਿਤ ਨਾ ਕੀਤੇ ਗਏ ਹੋਣ ਤਾਂ ਦੋਨੋਂ ਵਾਇਰਸ ਬੀ ਤੇ ਸੀ ਵੱਧ ਸੰਚਾਰਿਤ ਹੁੰਦੇ ਹਨ। ਲਾਗ ਵਾਲੀ ਮਾਂ ਤੋਂ ਬੱਚੇ ਨੂੰ ਹੈਪੇਟਾਈਟਸ-ਬੀ ਦਾ ਸੰਚਾਰ ਬਹੁਤ ਜ਼ਿਆਦਾ ਹੁੰਦਾ ਹੈ ਜਦਕਿ ਸੀ-ਵਾਇਰਸ ਮੁਕਾਬਲਤਨ ਘੱਟ ਸੰਚਾਰਿਤ ਹੁੰਦਾ ਹੈ। ਦੰਦਾਂ ਦੇ ਇਲਾਜ ਦੌਰਾਨ ਵੀ ਇਹ ਵਾਇਰਸ ਇਕ ਤੋਂ ਦੂਜੇ ਵਿਅਕਤੀ ਨੂੰ ਫੈਲ ਸਕਦੇ ਹਨ।

**ਹੈਪੇਟਾਈਟਸ ਵਾਇਰਸ** - ਛਿਕਾਂ ਮਾਰਣ, ਖੰਘਣ, ਭੋਜਨ ਜਾਂ ਪਾਣੀ, ਭਾਂਡੇ ਸਾਂਝੇ ਕਰਨ, ਹੱਥ ਮਿਲਾਉਣ, ਹੱਥ ਫੜਨ, ਜੱਫੀ ਪਾਉਣ, ਚੁੰਮਣ, ਬੱਚਿਆਂ ਆਦਿ ਦੇ ਇਕੱਠਿਆਂ ਖੇਡਣ ਰਾਹੀਂ ਨਹੀਂ ਫੈਲਦਾ।

**ਹੈਪੇਟਾਈਟਸ ਬੀ ਤੇ ਸੀ ਦੇ ਲੱਛਣ** - ਥਕਾਵਟ, ਬੁਖਾਰ, ਭੁੱਖ ਮਰਨੀ, ਪੇਟ ਦਰਦ ਤੇ ਦਸਤ ਇਨ੍ਹਾਂ ਦੇ ਮੁੱਖ ਲੱਛਣ ਹਨ। ਕੁਝ ਲੋਕਾਂ ਦੇ ਪੇਸ਼ਾਬ ਦਾ ਰੰਗ ਪੀਲਾ ਹੋ ਸਕਦਾ ਹੈ, ਅੱਖਾਂ ਤੇ ਚਮੜੀ ਪੀਲੀ ਹੋ ਸਕਦੀ ਹੈ। ਜੇ ਤੁਹਾਨੂੰ ਉਪਰੋਕਿਤ ਲੱਛਣ ਹੋਣ ਤਾਂ ਹੈਪੇਟਾਈਟਸ ਲਈ ਖ਼ੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

**ਹੈਪੇਟਾਈਟਸ ਬੀ** - ਇਹ ਨੂੰ ਐਚ ਬੀ ਵੀ ਵਾਇਰਸ ਵੀ ਕਿਹਾ ਜਾਂਦਾ ਹੈ। ਹੈਪੇਟਾਈਟਸ ਬੀ ਵਾਇਰਸ ਨਾਲ ਹੋਣ ਵਾਲੀ ਸੋਜ ਜਿਗਰ ਦੀ ਇਕ ਬਿਮਾਰੀ ਹੈ। ਤੁਸੀਂ ਵਾਇਰਸ ਤੋਂ ਸੁਰੱਖਿਆ ਹਾਸਲ ਕਰਨ ਲਈ ਇਸ ਦੀ ਵੈਕਸੀਨ ਦੇ ਟੀਕੇ ਲਵਾ ਕੇ ਇਸ ਤੋਂ ਬਚੇ ਰਹਿ ਸਕਦੇ ਹੋ। ਸੰਸਾਰ ਸਿਹਤ ਸੰਸਥਾ ਅਨੁਸਾਰ ਦੁਨੀਆਂ ਦੀ ਇਕ ਤਿਹਾਈ ਅਬਾਦੀ ਕਿਸੇ ਸਮੇਂ ਇਸ ਵਾਇਰਸ ਤੋਂ ਪ੍ਰਭਾਵਿਤ

ਹੋ ਚੁੱਕੀ ਹੈ। ਲਗਭਗ 35 ਕਰੋੜ ਲੋਕ ਹਨ ਜਿਨ੍ਹਾਂ 'ਤੇ ਲੰਮੇਂ ਸਮੇਂ ਲਈ ਵਾਇਰਸ ਦੀ ਲਾਗ ਦਾ ਅਸਰ ਹੋਇਆ ਹੈ। ਯੂਰਪ 'ਚ ਹਰ ਸਾਲ ਇਕ ਮਿਲੀਅਨ ਭਾਵ ਦਸ ਲੱਖ ਲੋਕਾਂ ਦੇ ਪ੍ਰਭਾਵਿਤ ਹੋਣ ਦਾ ਅੰਦਾਜ਼ਾ ਹੈ। ਕੁਝ ਅੰਦਰੂਨੀ ਸ਼ਹਿਰੀ ਖੇਤਰਾਂ ਵਿਚ ਜਿਥੇ ਵੱਡੀ ਗਿਣਤੀ 'ਚ ਦੁਨੀਆਂ ਦੇ ਅਜਿਹੇ ਲੋਕ ਰਹਿੰਦੇ ਹਨ ਜਿੱਥੇ ਵਾਇਰਸ ਆਮ ਹੈ, 50 'ਚੋਂ ਇਕ ਗਰਭਵਤੀ ਔਰਤ ਲਾਗ ਤੋਂ ਪੀੜਤ ਹੋ ਸਕਦੀ ਹੈ। ਯੂ ਕੇ 'ਚ 1000 'ਚੋਂ ਲਗਭਗ ਇਕ ਵਿਅਕਤੀ ਅੰਦਰ ਵਾਇਰਸ ਮੌਜੂਦ ਹੋਣ ਦਾ ਅੰਦਾਜ਼ਾ ਹੈ। ਭਾਰਤ 'ਚ ਹੈਪੇਟਾਈਟਸ-ਬੀ ਸਥਾਨਕ ਹੈ। ਭਾਰਤ 'ਚ ਬੀ-ਹੈਪੇਟਾਈਟਸ ਵਾਹਕਾਂ ਦੀ ਗਿਣਤੀ ਲਗਭਗ 40 ਮਿਲੀਅਨ (4 ਕਰੋੜ) ਹੈ। ਭਾਰਤ 'ਚ ਹਰ ਸਾਲ ਜੰਮਦੇ 25 ਮਿਲੀਅਨ ਨਿਆਣਿਆਂ 'ਚੋਂ 10 ਲੱਖ ਤੋਂ ਵੱਧ ਨੂੰ ਪੂਰੀ ਜ਼ਿੰਦਗੀ ਲਈ ਚਿਰਕਾਲੀਨ ਐਚ. ਬੀ. ਪੀ. ਵਾਇਰਸ ਦੀ ਲਾਗ ਦਾ ਖਤਰਾ ਹੈ। ਐਚ. ਬੀ. ਵੀ. ਦੀ ਲਾਗ ਨਾਲ ਸਬੰਧਤ ਬੀਮਾਰੀਆਂ ਕਰਕੇ ਹਰ ਸਾਲ ਇਕ ਲੱਖ ਭਾਰਤੀਆਂ ਦੀ ਮੌਤ ਹੋ ਜਾਂਦੀ ਹੈ। ਸਰੀਰ ਦਰਵਾਂ ਜਿਵੇਂ ਖ਼ੂਨ, ਥੁੱਕ, ਵੀਰਜ਼ ਤੇ ਯੌਨੀ ਦੇ ਤਰਲ 'ਚ ਇਹ ਵਾਇਰਸ ਮੌਜੂਦ ਰਹਿੰਦਾ ਹੈ। ਯੂ. ਕੇ., ਯੂਰਪ ਤੇ ਉਤਰੀ ਅਮਰੀਕਾ 'ਚ ਮੁੱਖ ਤੌਰ 'ਤੇ ਅਸੁਰੱਖਿਅਤ ਯੌਨ ਸਬੰਧ ਰਾਹੀਂ ਇਕ ਵਿਅਕਤੀ ਤੋਂ ਦੂਜੇ ਨੂੰ ਹੈਪੇਟਾਈਟਸ-ਬੀ ਫੈਲਦਾ ਹੈ। ਦੁਨੀਆਂ ਦੇ ਬਾਕੀ ਹਿੱਸਿਆਂ 'ਚ ਲਾਗ ਹੋਣ ਦਾ ਸਭ ਤੋਂ ਆਮ ਤਰੀਕਾ ਲਾਗ ਤੋਂ ਪੀੜਤ ਮਾਵਾਂ ਤੇ ਬੱਚਿਆਂ ਜਾਂ ਬੱਚੇ ਤੋਂ ਬੱਚੇ ਨੂੰ ਲਾਗ ਹੋਣਾ ਹੈ। ਹੈਪੇਟਾਈਟਸ-ਬੀ 'ਚ 90-95 ਫੀਸਦੀ ਬਾਲਗ 6 ਮਹੀਨੇ ਅੰਦਰ ਆਪਣੇ ਸਰੀਰ 'ਚੋਂ ਵਾਈਰਸ ਸਾਫ਼ ਕਰ ਲੈਂਦੇ ਹਨ ਅਤੇ ਉਨ੍ਹਾਂ 'ਚੋਂ ਕੁਝ 'ਚ ਚਿਰਕਾਲੀਨ ਹੈਪੇਟਾਈਟਸ ਬੀ (5-10 ਫੀਸਦੀ) ਵਿਕਸਤ ਹੋ ਜਾਂਦਾ ਹੈ। ਪਰ 5 ਸਾਲ ਤੱਕ ਦੀ ਉਮਰ ਦੇ ਛੋਟੇ ਬੱਚਿਆਂ 'ਚ ਗੰਭੀਰ ਸਥਿਤੀ 'ਚ ਵਾਇਰਸ ਸਾਫ ਕਰਨ ਦੀ 50 ਫੀਸਦੀ ਸੰਭਾਵਨਾ ਹੁੰਦੀ ਹੈ। ਜਦ ਕਿ 90 ਫੀਸਦੀ ਸਿਸ਼ੂ ਜਨਮ ਦੇ ਸਮੇਂ ਆਪਣੀ ਮਾਂ ਤੋਂ ਲਾਗ ਹਾਸਲ ਹੋਣ 'ਤੇ ਵਾਇਰਸ ਸਾਫ਼ ਨਹੀਂ ਕਰ ਸਕਦੇ। 6 ਮਹੀਨੇ ਅੰਦਰ ਵਾਇਰਸ ਸਾਫ਼ ਕਰਨ 'ਚ ਅਸਮਰੱਥ ਮਰੀਜ਼ਾਂ 'ਚ ਹੈਪੇਟਾਈਟਸ ਬੀ ਦੀ ਚਿਰਕਾਲੀਨ ਸਥਿਤੀ ਵਿਕਸਤ ਹੋ ਜਾਂਦੀ ਹੈ। ਜ਼ਿਆਦਾਤਰ ਛੋਟੇ ਬੱਚਿਆਂ ਤੇ ਸਿਸ਼ੂਆਂ 'ਚ ਹੈਪੇਟਾਈਟਸ ਬੀ ਦੀ ਚਿਰਕਾਲੀਨ ਹਾਲਤ ਵਿਕਸਤ ਹੋ ਜਾਂਦੀ ਹੈ। ਜਦੋਂ ਲਾਗ ਚਿਰਕਾਲੀਨ (Chronic) ਬਣ ਜਾਂਦੀ ਹੈ ਤਾਂ ਉਹ ਹੌਲੀ-ਹੌਲੀ ਕਈ ਸਾਲਾਂ ਤੱਕ ਜਿਗਰ ਦੀ ਭੰਨ ਤੋੜ ਕਰਦੀ ਰਹਿੰਦੀ ਹੈ। ਇਸ ਕਰਕੇ ਐਚ. ਬੀ. ਵੀ. ਦੀ ਲਾਗ ਤੋਂ ਪੀੜਤ ਕਈ ਮਰੀਜ਼ ਕੋਈ ਵੀ ਲੱਛਣ ਮਹਿਸੂਸ ਨਹੀਂ ਕਰਦੇ। ਹੈਪੇਟਾਈਟਸ ਬੀ ਦੀ ਪਹਿਚਾਣ ਖ਼ੂਨ ਦੀ ਜਾਂਚ Hbs Ag ਦੀ ਮੌਜੂਦਗੀ ਲਈ ਕੀਤੀ ਜਾਂਦੀ ਹੈ। ਹੋਰ ਵੀ ਕਈ ਟੈਸਟ ਤੋਂ ਇਲਾਵਾ ਜਿਗਰ ਦੀ ਬਾਇਓਪਸੀ ਵੀ ਕੀਤੀ ਜਾ ਸਕਦੀ ਹੈ। ਜਿਗਰ ਦਾ ਅਲਟ੍ਰਾਸਾਊਂਡ ਵੀ ਕੀਤਾ ਜਾਂਦਾ ਹੈ।

**ਇਲਾਜ**

**ਇੰਟਰਫੇਰੋਨ** - ਸਰੀਰ 'ਚ ਕੁਦਰਤੀ ਤੌਰ 'ਤੇ ਪੈਦਾ ਹੋਣ ਵਾਲੇ ਪ੍ਰੋਟੀਨ ਹੁੰਦੇ ਹਨ। ਉਹ ਬੰਦਾ ਵੀ ਬਣਾ ਸਕਦੇ ਹੈ। ਲੋਕਾਂ 'ਚ ਇੰਟਰਫੇਰੋਨ ਦੀ ਪੂਰਤੀ ਵਧਾਉਣ ਲਈ ਟੀਕੇ ਰਾਹੀਂ ਇਨ੍ਹਾਂ ਨਾਲ ਲਾਇਆ ਜਾ ਸਕਦਾ ਹੈ। ਟੀਕੇ ਇਕ

ਸਾਲ ਤੱਕ ਲਾਏ ਜਾਂਦੇ ਹਨ। ਇੰਟਰਫੇਰੋਨ ਨੂੰ ਜੀਵ ਵਿਗਿਆਨੀ ਇਲਾਜ ਕਿਹਾ ਜਾਂਦਾ ਹੈ ਕਿਉਂਕਿ ਇਹ ਸਰੀਰ 'ਚ ਪੈਦਾ ਹੋਣ ਵਾਲੇ ਪਦਾਰਥ ਦੀ ਵਰਤੋਂ ਕਰਦਾ ਹੈ।

**ਜਿਗਰ ਦੀ ਖਰਾਬੀ** - ਇਸ ਦਾ ਮਤਲਬ ਉਦੋਂ ਹੈ ਜਦੋਂ ਜਿਗਰ ਆਪਣੀ ਪੂਰੀ ਸਮਰੱਥਾ ਖਤਮ ਕਰ ਚੁੱਕਿਆ ਹੁੰਦਾ ਹੈ। ਇਹ ਇਕ ਜਾਨਲੇਵਾ ਹਾਲਤ ਹੁੰਦੀ ਹੈ ਜਿਸ ਲਈ ਫੌਰੀ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ। ਜਦੋਂ ਸਿਰਹੋਸਿਸ ਕਰਕੇ ਜਿਗਰ ਦੀ ਖਰਾਬੀ ਹੁੰਦੀ ਹੈ ਤਾਂ ਇਸ ਦਾ ਭਾਵ ਹੁੰਦਾ ਹੈ ਕਿ ਕੁਝ ਸਮੇਂ ਤੋਂ ਕਈ ਸਾਲਾਂ ਤੋਂ ਜਿਗਰ ਹੌਲੀ-ਹੌਲੀ ਖਰਾਬ ਹੋ ਰਿਹਾ ਹੈ।

# ਕਰੋੜਾਂ ਅਪਾਹਜ ਲੋਕਾਂ ਦਾ ਸੰਘਰਸ਼ ਹੀ ਜ਼ਿੰਦਗੀ ਹੈ

'ਖਾਮੋਸ਼ੀ' 'ਬਲੈਕ' ਤੇ 'ਗੁਜਾਰਿਸ਼' ਦੇ ਜ਼ਰੀਏ ਸੰਜੇ ਲੀਲਾ ਭੰਸਾਲੀ ਨੇ ਅਪਾਹਜਾਂ ਦੇ ਦਰਦ ਨੂੰ ਬਿਆਨ ਕਰਨ ਦੀ ਬੇਹਤਰੀਨ ਕੋਸ਼ਿਸ਼ ਕੀਤੀ ਹੈ। ਉਹਨਾਂ ਦੀ ਤਾਜਾ ਫ਼ਿਲਮ 'ਗੁਜਾਰਿਸ਼ 'ਚ ਰਿਤਕ ਰੋਸ਼ਨ ਆਪਣੀ ਅਪਾਹਜ ਜ਼ਿੰਦਗੀ ਤੋਂ ਤੰਗ ਆ ਕੇ ਦਇਆ ਮੌਤ (ਯਾਨੀ ਯੁਥੁਨੇਜਿਆ) ਦੀ ਮੰਗ ਕਰਦੇ ਨਜ਼ਰ ਆਉਂਦੇ ਹਨ। ਕੁਝ ਸਮਾਂ ਪਹਿਲਾਂ ਅਮਿਤਾਬ ਬੱਚਨ ਨੇ ਵੀ 'ਪਾ' ਫ਼ਿਲਮ 'ਚ ਆਪਣੀ ਬੇਹਤਰੀਨ ਅਦਾਕਾਰੀ ਦੇ ਜ਼ਰੀਏ ਇਸ ਵਰਗ ਵਿਸ਼ੇਸ਼ ਦੀਆਂ ਸਾਰੀਆਂ ਤਕਲੀਫਾਂ ਨੂੰ ਦੇਸ਼-ਦੁਨੀਆਂ ਦੇ ਸਾਹਮਣੇ ਰੱਖਿਆ ਸੀ। ਗੌਰ ਕਰਨ ਲਾਇਕ ਹੈ ਕਿ 'ਪਾ' 'ਚ ਬਿੱਗ ਬੀ ਨੇ ਪ੍ਰੋਜੇਰਿਆ (ਜਿਸ ਕਾਰਨ ਇਕ ਬੰਦਾ ਆਪਣੀ ਅਸਲੀ ਉਮਰ ਤੋਂ 5 ਗੁਣਾ ਵੱਡਾ ਦਿਖਾਈ ਦਿੰਦਾ ਹੈ) ਤੋਂ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੋਕਾਂ ਸਾਹਮਣੇ ਰੱਖਿਆ ਸੀ। ਫ਼ਿਲਮ ਜਗਤ ਨਾਲ ਜੁੜੀਆਂ ਸਾਰੀਆਂ ਹਸਤੀਆਂ ਅਕਸਰ ਅਪਾਹਜਾਂ ਦੀ ਮਦਦ ਲਈ ਆਪਣਾ ਯੋਗਦਾਨ ਦਿੰਦੀਆਂ ਰਹਿੰਦੀਆਂ ਹਨ। ਬੀਤੇ ਦਿਨੀ ਅਕਸ਼ੈ ਕੁਮਾਰ ਨੇ ਤਾਂ ਅਪਾਹਜ ਸ਼ਬਦ 'ਤੇ ਹੀ ਇਤਰਾਜ਼ ਜਾਹਿਰ ਕਰਦਿਆਂ ਸਿਨੇਮੇ ਦੀ ਦੁਨੀਆਂ 'ਚ ਇਸ ਤੋਂ ਤੋਬਾ ਕਰਨ ਦੀ ਮੰਗ ਕੀਤੀ ਸੀ। ਉਹਨਾਂ ਦਾ ਮੰਨਣਾ ਹੈ ਕਿ ਸਰੀਰਕ ਤੌਰ 'ਤੇ ਕੰਮਜ਼ੋਰ ਲੋਕਾਂ ਨੂੰ ਵੀ ਇਕ ਆਮ ਇਨਸਾਨ ਵਰਗਾ ਸਨਮਾਨ ਹਾਸਲ ਹੋਵੇ ਅਤੇ ਉਹਨਾਂ ਨੂੰ ਆਪਣੀ ਕਾਬਲੀਅਤ ਸਾਬਤ ਕਰਨ ਦਾ ਮੌਕਾ ਮਿਲੇ। ਉਹਨਾਂ ਦੀ ਇਸ ਮੁਹਿੰਮ 'ਚ ਬਿੱਗ ਬੀ, ਸਲਮਾਨ ਖਾਨ ਸਮੇਤ ਸਾਰੇ ਲੋਕਾਂ ਨੇ ਹਮਾਇਤ ਦਿੱਤੀ ਪਰ ਸਮਾਜ 'ਚ ਅਣਗੌਲਿਆਂ ਇਹ ਵਰਗ ਅੱਜ ਵੀ ਆਪਣੇ ਹੱਕਾਂ ਦੀ ਲੜਾਈ ਲੜਦਾ ਨਜ਼ਰ ਆਉਂਦਾ ਹੈ। ਨੈਸ਼ਨਲ ਸੈਂਟਰ ਫਾਰ ਪ੍ਰਮੋਸ਼ਨ ਐਂਡ ਇਮਪਲਾਇਮੈਂਟ ਫਾਰ ਡਿਸਏਬਲਡ ਪੀਪਲਜ਼ ਦੇ ਨਿਦੇਸ਼ਕ ਜਾਵੇਦ ਆਬਦੀ ਦੀ ਮੰਨੀਏ ਤਾਂ ਵਿਕਲਾਂਗ ਪਹਿਲਾਂ ਵੀ ਹਾਸ਼ੀਏ 'ਤੇ ਸਨ ਅਤੇ ਅੱਜ ਵੀ ਹਨ। ਇਸ ਵਰਗ ਵਿਸ਼ੇਸ਼ ਦੇ ਅਧਿਕਾਰਾਂ ਲਈ ਪਿਛਲੇ 20 ਸਾਲਾਂ ਤੋਂ ਲੜਾਈ ਲੜਨ ਵਾਲੇ ਜਾਵੇਦ ਖੁਦ ਜਨਮ ਤੋਂ ਅਪਾਹਜ ਹਨ। ਉਹਨਾਂ ਮੁਤਾਬਕ ਐਸਾ ਵੀ ਨਹੀਂ ਹੈ ਕਿ ਇਸ ਦਿਸ਼ਾ 'ਚ ਸਰਕਾਰ ਨੇ ਕੁਝ ਹੀ ਨਹੀਂ ਕੀਤਾ। ਤਸਵੀਰ ਥੋੜੀ ਜਿਹੀ ਬਦਲੀ ਹੈ ਪਰ ਉਨੀ ਨਹੀਂ ਜਿੰਨੀ ਕਿ ਹੋਣੀ ਚਾਹੀਦੀ ਸੀ। ਸਹੀ ਕਹੀਏ ਤਾਂ ਮੰਜਿਲ ਅਸੀਂ ਤਹਿ ਕੀਤੀ ਸੀ। ਉਸ ਦੇ ਦੂਰ-ਦੂਰ ਤੱਕ ਅਸੀਂ ਕਿੱਧਰੇ ਨਜ਼ਰ ਨਹੀਂ ਆਏ। ਇਸ ਦਾ ਵੱਡਾ ਕਾਰਨ ਰਾਜ ਸੀ ਇੱਛਾ ਸ਼ਕਤੀ ਦੀ ਘਾਟ ਹੈ। ਆਮ ਜਨਤਾ ਤੋਂ ਲੈ ਕੇ ਸਮਾਜਕ ਸੰਗਠਨਾਂ ਤੇ ਮੀਡੀਆ ਦੇ ਯਤਨਾਂ 'ਚ ਕੋਈ ਕਮੀ ਨਹੀਂ ਹੈ। ਵਸੀਲਿਆਂ ਦੀ ਵੀ ਕੋਈ ਘਾਟ ਨਹੀਂ ਹੈ ਜਿਸ ਦਾ ਬਹਾਨਾ ਅਕਸਰ ਸਾਰੇ ਸਰਕਾਰੀ ਅਦਾਰਿਆਂ 'ਚ ਲਾਇਆ ਜਾਂਦਾ ਹੈ। ਉਹਨਾਂ ਮੁਤਾਬਕ ਅੱਜ ਦੇਸ਼ ਅੰਦਰ ਲਗਭਗ 6-7 ਕਰੋੜ ਅਬਾਦੀ ਅਪਾਹਜ ਹੈ ਜਿਸ ਨੂੰ ਦੂਰ ਕਰਨ ਲਈ ਅਕਸਰ ਲੋਕਾਂ ਦੀ ਨੀਂਦ 3 ਦਸੰਬਰ ਨੂੰ ਖੁੱਲ੍ਹ ਜਾਂਦੀ ਹੈ। ਬਾਕੀ ਦਿਨ ਇਹ ਮੁੱਦਾ ਅਣ ਗੌਲਿਆਂ ਰਹਿੰਦਾ ਹੈ। ਜਿਸ ਗੰਭੀਰਤਾ ਨਾਲ ਵਿਕਾਲਾਂਗਤਾ ਦੀ ਸਮੱਸਿਆ

ਨੂੰ ਲੈਣਾ ਚਾਹੀਦਾ ਸੀ, ਉਸ ਨੂੰ ਸਾਡੇ ਇਥੇ ਨਹੀਂ ਲਿਆ ਗਿਆ ਨੇਤਾ ਭਾਵੇਂ ਅਕਸਰ ਵਿਸ਼ੇਸ਼ ਤੌਰ 'ਤੇ ਅਪਾਹਜਾਂ ਲਈ ਗੱਲਾਂ ਕਰਦੇ ਨਜ਼ਰ ਆਉਂਦੇ ਹਨ ਪਰ ਰਾਜਨੀਤੀ ਦੇ ਰਾਡਾਰ 'ਚ ਕਿਧਰੇ ਫਿੱਟ ਨਹੀਂ ਹੈ। ਇਸ ਲਈ ਜਦ ਤੱਕ ਦੇਸ਼ ਦੇ ਰਾਜਨੇਤਾ ਇਸ ਨੂੰ ਗੰਭੀਰ ਮੁੱਦਾ ਮੰਨਦੇ ਹੋਏ ਸਰਗਰਮ ਨਹੀਂ ਹੁੰਦੇ ਤਦ ਤੱਕ ਦੇਸ਼ ਦਾ ਪੂਰਨ ਵਿਕਾਸ ਅਸੰਭਵ ਹੈ। ਪਰ ਰਾਜਨੀਤੀ ਇਹ ਦੋਸ਼ਾਂ ਨੂੰ ਮੰਨਣ ਲਈ ਤਿਆਰ ਨਹੀਂ ਹਨ। ਅੱਜ ਸ਼ਹਿਰੀ ਤੋਂ ਪੇਂਡੂ ਹਲਕਿਆਂ ਵੱਲ ਵਧਣ ਦੀ ਲੋੜ ਹੈ। ਇਸ ਕੰਮ ਲਈ ਹਰੇਕ ਸੰਸਥਾ ਨੂੰ ਅੱਗੇ ਆਉਣਾ ਚਾਹੀਦਾ ਹੈ। ਪੇਂਡੂ ਇਲਾਕਿਆਂ ਵੱਲ ਕਿਸੇ ਸੰਸਥਾ ਦਾ ਧਿਆਨ ਨਹੀਂ ਹੈ। ਅਪਾਹਜਾਂ ਨੂੰ ਤਰਸ ਦਾ ਪਾਤਰ ਬਣਾਉਣ ਦੀ ਬਜਾਏ ਨਜ਼ਰੀਆ ਬਦਲਦਿਆਂ ਉਹਨਾਂ ਨੂੰ ਮਾਨ-ਸਨਮਾਨ ਦੇਣਾ ਚਾਹੀਦਾ ਹੈ। ਜਨਮ ਤੋਂ ਵਿਕਲਾਂਗਤਾ ਦਾ ਦਰਦ ਸਹਿਦਿਆਂ ਹੋਇਆ 17 ਸਾਲਾ ਰਾਕੇਸ਼ ਵੀ ਕੁਝ ਇਹੀ ਗੱਲ ਕਹਿੰਦਾ ਨਜ਼ਰ ਆਉਂਦਾ ਹੈ ਕਿ ਉਸ ਨੂੰ ਮੰਦਬੁਧੀ ਕਹਿਕੇ ਨਾ ਬੁਲਾਇਆ ਜਾਵੇ। ਬਲਕਿ ਸਮਾਜ 'ਚ ਇਕ ਆਮ ਬੱਚੇ ਵਾਂਗੂੰ ਮਾਣ ਸਨਮਾਨ ਦਿੱਤਾ ਜਾਵੇ। ਰਾਕੇਸ਼ ਉਹਨਾਂ ਸਾਰਿਆਂ ਦਰਵਾਜ਼ਿਆਂ ਨੂੰ ਆਪਣੇ ਲਈ ਖੁੱਲ੍ਹੇ ਵੇਖਣਾ ਚਾਹੁੰਦਾ ਹੈ ਜੋ ਬਾਕੀਆਂ ਲਈ ਖੁੱਲ੍ਹੇ ਹੋਏ ਹਨ। ਸਰੀਰਕ ਤੌਰ 'ਤੇ ਅਸਮਰਥ ਹੁੰਦੇ ਹੋਏ ਵੀ ਉਹ ਰਾਸ਼ਟਰ ਮੰਡਲ ਖੇਡਾਂ 'ਚ ਦੇਸ਼ ਨੂੰ ਪਹਿਲਾਂ ਤਮਗਾ ਦਿਵਾਉਣ ਵਾਲੇ ਪ੍ਰਸ਼ਾਂਤ ਦਾ ਜਜ਼ਬਾ ਵੀ ਇਹੀ ਕਹਾਣੀ ਬਿਆਨ ਕਰਦਾ ਹੈ। ਦਰਅਸਲ ਜ਼ਿੰਦਗੀ ਦੀ ਉਡਾਣ ਲਈ ਖੰਭਾਂ ਤੋਂ ਵੱਧ ਹੌਂਸਲੇ ਦੀ ਲੋੜ ਹੁੰਦੀ ਹੈ। ਸ਼ਾਇਦ ਇਸ ਲਈ ਸਰੀਰਕ ਤੌਰ 'ਤੇ ਅਸਮਰਥ ਹੁੰਦੇ ਹੋਏ ਵੀ ਦੇਸ਼ ਅੰਦਰ ਅਨੇਕਾਂ ਪ੍ਰਤਿਭਾਵਾਂ ਹਨ ਜੋ ਇਕ ਮਿਸਾਲ ਕਾਇਮ ਕਰ ਰਹੀਆਂ ਹਨ। ਜਦ ਕਿ ਦੂਜੇ ਪਾਸੇ ਇਹਨਾਂ ਦੀਆਂ ਸਹੂਲਤਾਂ ਤੇ ਖੁਸ਼ਹਾਲੀ ਸਬੰਧੀ ਭਾਵੇਂ ਹੀ ਸਾਰੀਆਂ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦਮ ਭਰਦੀਆਂ ਨਜ਼ਰ ਆਉਂਦੀਆਂ ਹੋਣ ਪਰ ਇਸ ਵਰਗ ਵਿਸੇਸ਼ ਦੀ ਤਰੱਕੀ ਦਾ ਅੰਕੜਾ ਕੁਝ ਹੋਰ ਹੀ ਕਹਾਣੀ ਬਿਆਨ ਕਰਦਾ ਨਜ਼ਰ ਆਉਂਦਾ ਹੈ। ਚਾਹੇ ਉਹ ਗੱਲ ਨੌਕਰੀ ਦੀ ਹੋਵੇ ਜਾਂ ਇਹਨਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਖੇਡਾਂ ਦੀ ਹਰ ਥਾਂ ਹਾਲ ਮੰਦਾ ਹੈ। ਕਹਿਣ ਲਈ ਇਹਨਾਂ ਕੋਲ ਨੌਕਰੀਆਂ 'ਚ ਰਾਖਵਾਂਕਰਨ ਅਤੇ ਕਾਨੂੰਨ ਹੈ ਪਰ ਉਸ ਨਾਲ ਹਾਸਲ ਕਰਨ ਲਈ ਇਹਨਾਂ ਨੂੰ ਸਾਰੇ ਸੰਘਰਸ਼ ਕਰਨੇ ਪੈਂਦੇ ਹਨ। ਸਪੋਰਟਸ ਦੀ ਦੁਨੀਆਂ ਵਿੱਚ ਵੀ ਅਪਾਹਜ ਸੰਘਰਸ਼ ਕਰਦਾ ਨਜ਼ਰ ਆਉਂਦਾ ਹੈ। ਦੇਸ਼ 'ਚ ਭਾਵੇਂ ਹੀ ਅੱਜ ਕ੍ਰਿਕਟ ਸਭ ਤੋਂ ਵੱਧ ਪੈਸੇ ਵਾਲੀ ਖੇਡ ਮੰਨੀ ਜਾਂਦੀ ਹੋਵੇ ਅਤੇ ਬੀ. ਸੀ. ਸੀ. ਆਈ ਵਰਗੀ ਸੰਸਥਾ ਆਪਣੇ ਖਿਡਾਰੀਆਂ ਨੂੰ ਕਰੋੜਾਂ ਰੁਪਏ ਇਨਾਮ 'ਚ ਵੰਡਦੀ ਨਜ਼ਰ ਆਉਂਦੀ ਹੋਵੇ ਪਰ ਜਦ ਭਾਰਤੀ ਗੂੰਗਾ-ਬੋਲਾ ਕ੍ਰਿਕਟ ਸੰਘ ਉਹਨਾਂ ਤੋਂ ਇਸ ਖੇਡ ਲਈ ਮਦਦ ਮੰਗਦਾ ਹੈ ਤਾਂ ਉਹਨਾਂ ਦੀ ਜੇਬ 'ਚੋਂ ਇਕ ਟਕਾ ਨਹੀਂ ਨਿਕਲਦਾ। ਧਿਆਨ ਦੇਣ ਯੋਗ ਗੱਲ ਹੈ ਕਿ ਸੰਘ ਲੰਮੇ ਅਰਸੇ ਤੋਂ ਬੀ. ਸੀ. ਸੀ. ਆਈ ਤੋਂ ਆਪਣੀ ਮਾਨਤਾ ਤੇ ਮਦਦ ਲਈ ਬੇਨਤੀ ਕਰ ਰਿਹਾ ਹੈ ਪਰ ਅਜੇ ਤੱਕ ਉਹ ਉਹਨਾਂ ਦੇ ਕ੍ਰਿਪਾ ਦੇ ਪਾਤਰ ਨਹੀਂ ਬਣ ਸਕੇ ਹਨ।

ਮਨੁੱਖੀ ਅਧਿਕਾਰ ਸੰਗਠਨ ਦੇ ਵਿਸ਼ੇਸ਼ ਸੱਦੇ ਵਾਲੇ ਮੈਂਬਰ ਪ੍ਰਸੰਨ ਕੁਮਾਰ

ਪਿੰਚਾ ਕਹਿੰਦੇ ਹਨ ਕਿ ਸਰਕਾਰੀ ਅੰਕੜਾ ਦਸਦਾ ਹੈ ਕਿ ਦੇਸ਼ ਅੰਦਰ ਅਪਾਹਜਾਂ ਦੀ ਗਿਣਤੀ 2 ਕਰੋੜ 19 ਲੱਖ ਹੈ ਜਦ ਕਿ ਸਾਰੇ ਸਮਾਜ ਸੰਗਠਨਾਂ ਮੁਤਾਬਕ ਇਹਨਾਂ ਦੀ ਗਿਣਤੀ ਕਿਤੇ ਵੱਧ ਹੈ ਜਦ ਕਿ ਇਹ ਸੰਨ 2001 ਦੀ ਜਨਗਣਨਾ ਦਾ ਅੰਕੜਾ ਹੈ ਨਾ ਕਿ ਅੱਜਕਲ ਦਾ। ਦੂਜੀ ਗੱਲ ਉਸ ਸਮੇਂ ਦੀ ਜਨਗਣਨਾ ’ਚ ਸਾਰੇ ਅਪਾਹਜਾਂ ਨੂੰ ਇਸ ਵਿੱਚ ਨਹੀਂ ਗਿਣਿਆ ਗਿਆ ਸੀ। ਵਿਸ਼ੇਸ਼ ਤੌਰ ’ਤੇ ਬੌਧਿਕ ਤੇ ਮਾਨਸਿਕ ਰੂਪ ’ਚ ਅਪਾਹਜਾਂ ਨੂੰ ਪ੍ਰਸੰਨ ਕੁਮਾਰ ਕਹਿੰਦੇ ਹਨ ਕਿ ਅੱਜ ਦੇਸ਼ ’ਚ ਅਪਾਹਜਾਂ ਦੀ ਹਾਲਤ ਕਾਫੀ ਤਰਸਯੋਗ ਹੈ। ਆਮ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨੂੰ ਹਾਸਲ ਕਰਨ ਲਈ ਉਹਨਾਂ ਨੂੰ ਥਾਂ-ਥਾਂ ’ਤੇ ਆਪਣੇ ਆਪ ਨੂੰ ਸਾਬਿਤ ਕਰਨਾ ਪੈਂਦਾ ਹੈ ਜਿਸ ਦੇ ਸ਼ਿਕਾਰ ਉਹ ਖ਼ੁਦ ਵੀ ਰਹੇ ਹਨ। ਪਿੰਚਾ ਦੱਸਦੇ ਹਨ ਕਿ ਸੰਨ 2006 ’ਚ ਜਦ ਉਹ ਗੁਹਾਟੀ ਦੇ ਇਕ ਬੈਂਕ ’ਚ ਖਾਤਾ ਖੁਲਵਾਹੁਣ ਗਏ ਤਾਂ ਉਹਨਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ। ਜਿਸ ਪਿੱਛੋਂ ਉਹਨਾਂ ਨੇ ਬੈਂਕ ਖ਼ਿਲਾਫ਼ ਹਾਈਕੋਰਟ ’ਚ ਕੇਸ ਦਾਇਰ ਕੀਤਾ ਸੀ। ਜਿਸ ਦੇ ਹੁਕਮ ’ਤੇ ਬੈਂਕ ਨੂੰ ਬਰਾਬਰੀ ਦੇ ਅਧਾਰ ’ਤੇ ਨਾ ਸਿਰਫ਼ ਖਾਤਾ ਖੋਹਲਣਾ ਪਿਆ ਬਲਕਿ ਬਾਕੀ ਸਾਰੀਆਂ ਸਹੂਲਤਾਂ ਵੀ ਦੇਣੀਆਂ ਪਈਆਂ ਜੋ ਕਿ ਆਮ ਆਦਮੀ ਨੂੰ ਹਾਸਲ ਹੁੰਦੀਆਂ ਹਨ। ਪਿੰਚਾ ਕਹਿੰਦੇ ਹਨ ਕਿ ਜਿਸ ਤਰ੍ਹਾਂ ਉਹਨਾਂ ਨੇ ਆਪਣੇ ਹੱਕ ਨੂੰ ਹਾਸਲ ਕੀਤਾ, ਵੈਸੇ ਇੱਕ ਆਮ ਅਪਾਹਜ ਸ਼ਾਇਦ ਘੱਟ ਹੀ ਕਰ ਸਕਦਾ ਹੈ। ਦੇਸ਼ ਅੰਦਰ ਸਾਰੇ ਅਪਾਹਜਾਂ ਨੂੰ ਤਾਂ ਆਪਣੇ ਹੱਕਾਂ ਤੇ ਸਹੂਲਤਾਂ ਦੀ ਵੀ ਜਾਣਕਾਰੀ ਨਹੀਂ ਹੈ। ਧਿਆਨ ਦੇਣ ਯੋਗ ਹੈ ਕਿ ਅਪਾਹਜਾਂ ਦੇ ਅਧਿਕਾਰਾਂ ਨਾਲ ਸਬੰਧਤਾਂ ਪਹਿਲਾਂ ਕਾਨੂੰਨ 1995 ’ਚ ਬਣਿਆ ਜਿਸ ਨੂੰ ਅਸੀਂ ਅੰਗ੍ਰੇਜ਼ਾਂ ਦੇ ਜਾਣ ਤੋਂ 50 ਸਾਲ ਬਾਅਦ ਬਣਾ ਸਕੇ ਉਹ 7 ਫਰਵਰੀ 1996 ਨੂੰ ਜਾ ਕੇ ਲਾਗੂ ਹੋ ਸਕਿਆ। ਉਦੋਂ ਤੋਂ ਲੈ ਕੇ ਅੱਜ ਤੱਕ ਇਕ ਲੰਮਾ ਸਮਾਂ ਲੰਘ ਜਾਣ ਪਿਛੋਂ ਵੀ ਅਸੀਂ ਇਸ ਦੀ ਸਹੀ ਵਰਤੋਂ ਨਹੀਂ ਕਰ ਸਕੇ ਹਾਂ। ਦੇਸ਼ ਭਰ ਦੇ ਅਪਾਹਜਾਂ ਦੀ ਸਥਿਤੀ ਅੱਜ ਵੀ ਚਿੰਤਾ ਵਾਲੀ ਬਣੀ ਹੋਈ ਹੈ। ਦੇਸ਼ ਅੰਦਰ ਜੇ ਅਸੀਂ ਪਿੰਡ, ਕਸਬੇ ਤੇ ਬਲਾਕ ਪੱਧਰ ਦੀ ਗੱਲ ਕਰੀਏ ਤਾਂ ਸਾਰੇ ਲੋਕਾਂ ਨੂੰ ਇਸ ਸਬੰਧੀ ਮਿਲਣ ਵਾਲੀਆਂ ਸਹੂਲਤਾਂ ਦੀ ਵੀ ਜਾਣਕਾਰੀ ਨਹੀਂ ਹੈ। ਇਸ ਨਾਲ ਸਬੰਧਤ ਅਦਾਰੇ ਵੀ ਸ਼ਹਿਰਾਂ ਤੱਕ ਹੀ ਸੀਮਤ ਨਜ਼ਰ ਆਉਂਦੇ ਹਨ। ਇਥੇ ਅਕਸਰ ਸਾਰੇ ਸਾਧਨਾਂ ਦਾ ਟੋਟਾ ਬਣਿਆ ਰਹਿੰਦਾ ਹੈ। ਸਰਕਾਰੀ ਨੌਕਰੀ ’ਚ ਵੀ 3 ਫੀਸਦੀ ਰਾਖਵੇਂਕਰਨ ਦੇ ਬਾਵਜੂਦ ਸਾਰੇ ਰਾਜਾਂ ’ਚ ਵੱਡਾ ਬੈਕਲਾਗ ਹੈ। ਜਾਵੇਦ ਆਬਾਦੀ ਮੁਤਾਬਕ ਅੱਜ ਦੇਸ਼ ਅੰਦਰ ਪਬਲਿਕ ਸੈਕਟਰ ’ਚ ਅਪਾਹਜ 0.5 ਫੀਸਦੀ। ਪ੍ਰਾਈਵੇਟ ਸੈਕਟਰ ’ਚ 0.2 ਫੀਸਦੀ ਅਤੇ ਮਲਟੀਨੈਸ਼ਨਲ ਸੈਕਟਰ ’ਚ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਹੈ। ਸਰਕਾਰੀ ਅਣਦੇਖੀ ਕਰਕੇ ਉਹਨਾਂ ਨੂੰ ਕਾਨੂੰਨਣ ਮਿਲਣ ਵਾਲਾ ਹੱਕ ਵੀ ਹਾਸਲ ਨਹੀਂ ਹੁੰਦਾ ਹੈ।

ਨੈਸ਼ਨਲ ਫਾਊਂਡੇਸ਼ਨ ਆਫ਼ ਬਲਾਈਂਡ ਦੇ ਜਨਰਲ ਸੈਕਟਰੀ ਸੰਤੋਸ਼ ਰੰਗੂਟਾ ਕਹਿੰਦੇ ਹਨ ਕਿ ਅਪਾਹਜਾਂ ਲਈ ਨਵਾਂ ਕਾਨੂੰਨ ਬਣਾ ਦੇਣ ਨਾਲ ਕੰਮ ਨਹੀਂ ਚਲਣਾ। ਇਸ ਕਾਨੂੰਨ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਸਰਕਾਰ

ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਮਿਸਾਲ ਵਜੋਂ ਇਸ ਦੇ ਵੈਲਯੂਵੇਸ਼ਨ ਲਈ ਕਾਨੂੰਨ ਤੋੜਨ ਵਾਲੇ ਨੂੰ ਜਦ ਤੱਕ ਸਜ਼ਾ ਦੀ ਵਿਵਸਥਾ ਨਹੀਂ ਹੁੰਦੀ ਤਦ ਤੱਕ ਚੰਗੇ ਸਿੱਟੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਮਾਜਕ ਸੰਸਥਾ 'ਤਮੰਨਾ' ਦੀ ਪ੍ਰਧਾਨ ਡਾ. ਸ਼ਿਆਮਾ ਚੋਨਾ, ਜੋ ਕਿ ਇਸ ਦੇਸ਼ 'ਚ ਪਦਮਸ਼੍ਰੀ ਤੇ ਪਦਮਭੂ ਸ਼ਣ ਸਨਮਾਨ ਨਾਲ ਨਿਵਾਜੀ ਜਾ ਚੁੱਕੀ ਹੈ, ਦਾ ਮੰਨਣਾ ਹੈ ਕਿ 'ਸਰਕਾਰ ਵਲੋਂ ਕੋਸ਼ਿਸ਼ਾਂ ਤਾਂ ਕੀਤੀਆਂ ਜਾ ਰਹੀਆਂ ਹਨ ਪਰ ਉਹਨਾਂ ਦੀ ਰਫ਼ਤਾਰ ਬਹੁਤ ਮੱਠੀ ਹੈ। ਐਨ ਜੀ ਓ ਇਸ ਪਾਸੇ ਆਪਣਾ ਕੰਮ ਕਰ ਰਹੇ ਹਨ। ਜਿਸ 'ਚ ਸਮਾਜ ਦਾ ਵੀ ਉਹਨਾਂ ਨੂੰ ਪੂਰਾ ਸਹਿਯੋਗ ਹਾਸਲ ਹੋ ਰਿਹਾ ਹੈ। ਪਰ ਅਕਸਰ ਉਹਨਾਂ ਦੀ ਇਸ ਕੋਸ਼ਿਸ਼ 'ਚ ਸਾਧਨ ਤੇ ਸਹੂਲਤਾਂ ਮੂਹਰੇ ਆਉਂਦੀਆਂ ਹਨ। ਮਿਸਾਲ ਵਜੋਂ ਉਨ੍ਹਾਂ ਕੋਲ ਸਿੱਖਿਅਤ ਅਧਿਆਪਕ ਸਪੀਚ ਥੈਰਾਪਿਸਟ ਤੇ ਬ੍ਰੇਨ ਸਿਸਟਮ ਟੀਚਰਸ, ਫਿਜੀਓ ਥੈਰਾਪਿਸਟ ਆਦਿ ਦੀ ਘਾਟ ਚਲਦੀ ਰਹਿੰਦੀ ਹੈ। ਉਹ ਮੰਨਦਾ ਹੈ ਕਿ ਸਿਰਫ਼ ਮੋਮਬੱਤੀ ਬਣਾਉਣ ਜਾਂ ਫਿਰ ਪੋਸਟਰ ਲਾਉਣ ਨੂੰ ਵਿਕਾਸ ਨਹੀਂ ਮੰਨਿਆ ਜਾਂਦਾ ਹੈ। ਪੂਰਨ ਵਿਕਾਸ ਲਈ ਉਹਨਾਂ ਨੂੰ ਅਜੇ ਵੀ ਸਰਕਾਰ ਦੀ ਤਰਫ਼ੋਂ ਵੱਧ ਤੋਂ ਵੱਧ ਸਹਿਯੋਗ ਦੀ ਘਾਟ ਹੈ। ਪਰ ਸਰਕਾਰ ਕੋਲ ਸੁਆਲ ਖੜੇ ਕਰਨ ਨਾਲ ਹੀ ਕੰਮ ਨਹੀਂ ਚਲਣਾ ਬਲਕਿ ਸਭ ਦੀ ਸ਼ਮੂਲੀਅਤ ਚਾਹੀਦੀ ਹੈ। ਕਿਸੇ ਖਾਸ ਮੌਕੇ 'ਤੇ ਕਿਸੇ ਮੰਤਰੀ ਵਲੋਂ ਸਿਰਫ਼ ਫਲ ਤੇ ਮਠਿਆਈ ਵੰਡ ਦੇਣ ਨਾਲ ਵਿਕਾਸ ਨਹੀਂ ਹੋਵੇਗਾ। ਬਜਾਏ ਇਹਨਾਂ ਤੋਂ ਡਰਨ ਜਾਂ ਦੂਰੀ ਬਣਾਉਣ ਦੇ ਇਹਨਾਂ ਦੇ ਸਵੈ ਵਿਸਵਾਸ਼ ਨੂੰ ਵਧਾਉਣਾ ਹੋਵੇਗਾ ਤਾਂ ਕਿ ਇਹ ਵੀ ਇਕ ਆਦਮੀ ਵਾਂਗੂੰ ਆਪਣੇ ਜੀਵਨ ਨੂੰ ਖੂਬ ਜਿਉਂ ਸਕਣ। ਅੱਜ ਉਹਨਾਂ ਨੂੰ ਰਹਿਮ ਦੀ ਲੋੜ ਨਹੀਂ ਬਲਕਿ ਸਮਾਜ 'ਚ ਸਹੀ ਥਾਂ ਚਾਹੀਦੀ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕੇਗਾ ਜਦ ਅਸੀਂ ਉਹਨਾਂ ਨੂੰ ਆਪਣੇ ਦਿਲ 'ਚ ਥਾਂ ਦੇਵਾਂਗੇ।

# ਕੀ ਤੁਹਾਡਾ ਮੋਬਾਇਲ ਖ਼ੂਨ ਨਾਲ ਭਰਿਆ ਹੈ?

ਖ਼ੂਨੀ ਛਿੱਟਿਆਂ ਬਾਰੇ ਸਾਰੇ ਜਾਣਦੇ ਹਨ ਪਰ ਖ਼ੂਨੀ ਮੋਬਾਇਲ ਬਾਰੇ ਕੀ ਕਹੋਗੇ? ਮੋਬਾਇਲ ਫੋਨ ਦੀ ਵਿਸ਼ਵੀ ਪੈਦਾਵਾਰ 'ਚ ਕਾਂਗੋ ਦੇ ਜਮਹੂਰੀ ਗਣਰਾਜ (ਡੀ. ਆਰ. ਸੀ.) ਦੇ ਹਥਿਆਰਬੰਦ ਗੁੱਟਾਂ, ਗਰੀਬੀ ਤੇ ਹਿੰਸਾ ਤੇ ਦੂਜੇ ਪਾਸੇ ਪੂਰੇ ਸੰਸਾਰ ਦੇ ਮੋਬਾਇਲ ਫੋਨ ਵਰਤਣ ਵਾਲਿਆਂ ਵਿਚਕਾਰ ਸਬੰਧਾਂ ਬਾਰੇ ਇਹ ਮੁੱਢਲਾ ਅਧਿਆਨ ਹੈ। ਕੋਲਟਨ ਜਾਂ ਕੋਲੰਬਾਈਟ ਟਾਨਟੇਲਾਇਟ ਟਾਨਟੇਲਸ ਦਾ ਖਣਿਜ ਹੈ। ਟਾਨਟੇਲਸ ਮੋਬਾਇਲ ਫੋਨ, ਕੰਪਿਊਟਰ ਤੇ ਹੋਰ ਇਲੈਕਟ੍ਰਾਨਿਕ ਉਪਕਰਣਾਂ ਲਈ ਲਾਜ਼ਮੀ ਹੈ। ਕੈਪੇਸਿਟਰ ਬਣਾਉਣ ਲਈ ਇਸ ਦੀ ਵਰਤੋਂ ਹੁੰਦੀ ਹੈ। ਮੋਬਾਇਲ ਫੋਨ ਲਈ ਵਰਤੀ ਜਾਣ ਵਾਲੀ ਕੱਚੀ ਸਮੱਗਰੀ ਦੇ ਮੁੱਲ ਦਾ ਸਿਰਫ਼ ਇੱਕ ਫੀਸਦੀ ਹਿੱਸਾ ਕੋਲਟਨ ਦਾ ਹੁੰਦਾ ਹੈ ਪਰ ਇਸ ਦੇ ਮਹੱਤਵ ਨੂੰ ਘੱਟ ਕਰਨ ਲਈ ਮੰਗਿਆ ਜਾ ਸਕਦਾ ਹੈ। ਕੋਲਟਨ ਦੀ "ਕੈਪਿਸਿਟੈਂਸ ਪ੍ਰੋਪਰਟੀ" ਬਿਜਲੀ ਆਦੇਸ਼ ਨੂੰ ਜਮ੍ਹਾਂ ਕਰਨ ਅਤੇ ਤੇਜ਼ੀ ਨਾਲ ਮੁਕਤ ਕਰਨ ਦੇ ਅਨਕੂਲ ਹੁੰਦੀ ਹੈ। ਕੋਲਟਨ ਦਾ ਇਹੀ ਗੁਣ ਹੈ ਜੋ ਇਸ ਨੂੰ ਮੋਬਾਇਲ ਫੋਨ ਉਦਯੋਗ, ਕੰਪਿਊਟਰ ਤੇ ਇਲੈਕਟ੍ਰਾਨਿਕਸ ਲਈ ਬੇਹੱਦ ਜ਼ਰੂਰੀ ਬਣਾ ਦਿੰਦਾ ਹੈ। ਕੋਲਟਨ ਦੀ ਵਿਸ਼ਵੀ ਸਪਲਾਈ ਦੇ 30 ਫੀਸਦੀ ਹਿੱਸੇ ਦੀ ਖੁਦਾਈ ਬਹੁਤਾ ਹਿੱਸਾ ਹੱਥ ਨਾਲ ਕੰਮ ਕਰਨ ਵਾਲੇ ਖਣਿਕਾਂ ਜਿਹਨਾਂ 'ਚ ਵੱਡੀ ਗਿਣਤੀ ਬੱਚਿਆਂ ਦੀ ਹੁੰਦੀ ਹੈ, ਦੁਆਰਾ ਹੁੰਦਾ ਹੈ। ਕਾਂਗੋ 'ਚ ਕੋਲਟਨ ਦੀ ਖੁਦਾਈ ਤੇ ਵਪਾਰ, ਸਰਕਾਰ ਤੇ ਨਿੱਜੀ ਫੌਜੀ ਵਪਾਰਕ ਗਠਜੋੜਾਂ (ਜਿਸ 'ਚ ਵਪਾਰੀ, ਨਿਵੇਸ਼ਕ ਤੇ ਹਥਿਆਰਬੰਦ ਫੌਜੀ ਸ਼ਾਮਲ ਹੁੰਦੇ ਹਨ) ਦੋਨੋ ਵਲੋਂ ਕੰਟਰੋਲ ਕੀਤਾ ਜਾਂਦਾ ਹੈ। ਮੋਬਾਇਲ ਦੂਰ ਸੰਚਾਰ ਵਿਵਸਥਾ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਅਦਾਰਿਆਂ ਦਾ ਇੱਕ ਗੁੰਝਲਦਾਰ ਪੈਦਾਵਾਰ ਜਾਲ ਹੁੰਦਾ ਹੈ। ਇਸ ਵਿੱਚ ਸ਼ਾਮਲ ਹੁੰਦੇ ਹਨ-

1. ਹਾਰਡਵੇਅਰ ਪੈਦਾਵਾਰ (ਮੋਬਾਇਲ ਫੋਨ ਤੇ ਨੈਟਵਰਕ ਦਾ ਬੁਨਿਆਦੀ ਢਾਂਚਾ)
2. ਸਾਫਟਵੇਅਰ ਪੈਦਾਵਾਰ (ਆਪਰੇਟਿੰਗ ਸਿਸਟਮ ਤੇ ਮੋਬਾਇਲ ਫੋਨ ਉਪਕਰਣ)
3. ਦੂਰ ਸੰਚਾਰ ਹਾਰਡਵੇਅਰ ਅਤੇ ਸਾਫਟਵੇਅਰ ਦੀ ਵਿਕਰੀ ਤੇ ਵਪਾਰ
4. ਮੋਬਾਇਲ ਦੂਰ ਸੰਚਾਰ ਸੇਵਾਵਾਂ
5. ਖਪਤਕਾਰ ਵਲੋਂ ਫੋਨ ਦੀ ਵਰਤੋਂ
6. ਵਰਤੋਂ ਪੂਰੀ ਹੋਣ ਪਿਛੋਂ ਕਚਰੇ ਦਾ ਨਿਪਟਾਰਾ

ਪੈਦਾਵਾਰ ਜਾਲ ਦੇ ਪਹਿਲੇ ਪੜਾਅ 'ਚ ਹਾਰਡਵੇਅਰ ਪੈਦਾਵਾਰ ਦੇ ਇਕ ਘਟਕ ਵਜੋਂ ਕੋਲਟਨ ਦਾਖਲ ਕਰਤਾ ਹੈ। ਮੋਬਾਇਲ ਫੋਨ ਪੈਦਾਵਾਰ 'ਚ ਤੇਜ਼ੀ ਕੰਟਰੋਲ ਦੀ ਖੁਦਾਈ 'ਚ ਲੱਗੇ ਲੋਕਾਂ ਲਈ ਭਾਰੀ ਫਾਇਦੇ ਦਾ ਕਾਰਨ ਹੋਣਾ ਚਾਹੀਦਾ ਹੈ। ਪਰ ਅਜਕਲ ਅਜਿਹਾ ਨਹੀਂ ਹੈ। ਕਾਂਗੋ 'ਚ ਜਾਰੀ ਜੰਗ ਦੀ ਜਾਂਚ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਲੋਂ ਗਠਿਤ ਮਾਹਰਾਂ ਨੇ ਸਾਫ਼ ਕਰ ਦਿੱਤਾ ਹੈ ਕਿ ਕਾਂਗੋ 'ਚ ਖਣਿਕਾਂ ਨੂੰ ਫਾਇਦਾ ਦੇਣ ਦੀ ਬਜਾਏ

ਕੋਲਟਨ ਮੱਧ ਅਫਰੀਕੀ ਸਰਕਾਰਾਂ ਤੇ ਖੇਤਰ ਦੀਆਂ ਨਿੱਜੀ ਫੌਜਾਂ ਵਿਚਕਾਰ ਖ਼ੂਨੀ ਟਕਰਾਵਾਂ ਦਾ ਕਾਰਨ ਬਣਿਆ ਹੋਇਆ ਹੈ। ਇਸ ਟਕਰਾਅ 'ਚ ਔਰਤਾਂ ਦਾ ਬਲਾਤਕਾਰ ਕੰਟਰੋਲ ਦੇ ਔਜਾਰ ਵਜੋਂ ਇਸ ਹੱਦ ਤੱਕ ਸਥਾਪਤ ਹੋ ਚੁੱਕਿਆ ਹੈ ਕਿ ਸੰਯੁਕਤ ਰਾਸ਼ਟਰ ਦੇ ਟਕਰਾਹਟਾਂ 'ਚ ਯੌਨ ਹਿੰਸਾ ਤੇ ਸਪੈਸ਼ਲ ਟੈਪੋਰਿਟਚਰ ਨੇ ਕਾਂਗੋ ਦੇ ਪੂਰਬੀ ਖੇਤਰ, ਕੋਲਟਨ ਖੇਤਰ ਨੂੰ "ਦੁਨੀਆਂ ਦੀ ਬਲਾਤਕਾਰ ਰਾਜਧਾਨੀ" ਕਰਾਰ ਦੇ ਦਿੱਤਾ ਹੈ। ਹਿਊਮਨ ਰਾਈਟਸ ਵਾਚ ਨੇ ਕਾਂਗੋ ਦੀ ਫੌਜ ਨੂੰ ਪੂਰਬੀ ਕਾਂਗੋ 'ਚ ਔਰਤਾਂ ਦੇ ਨਾਲ ਬਲਾਤਕਾਰ ਕਰਨ ਅਤੇ ਯੌਨ ਹਿੰਸਾ ਕਰਨ ਵਿੱਚ ਸਭ ਤੋਂ ਮੂਹਰੇ ਰਹਿਣ ਦੀ ਗੱਲ ਕੀਤੀ ਹੈ। ਕੋਲਟਨ ਟਕਰਾਅ ਲੜੀ ਦੇ ਘਟਕ ਕਿਹੜੇ? ਕਾਂਗੋ 'ਚ ਕੋਲਟਨ ਦੀ ਖੁਦਾਈ 200 ਖਾਣਾਂ 'ਚ ਹੁੰਦੀ ਹੈ। ਪਰ ਕੋਲਟਨ ਦੀ ਬਹੁਤੀ ਖੁਦਾਈ ਛੋਟੇ ਹੱਥ ਨਾਲ ਹੀ ਕੀਤੀ ਜਾਣ ਵਾਲੀਆਂ ਕਾਰਵਾਈਆਂ ਰਾਹੀਂ ਹੁੰਦੀ ਹੈ ਕਿਉਂਕਿ ਕੋਲਟਨ ਤਹਿ ਦੇ ਨੇੜੇ ਪਾਇਆ ਜਾਂਦਾ ਹੈ ਇਸ ਲਈ ਇਹ ਖੁਦਾਈ ਕਰਮੀ 'ਚ ਤਬਦੀਲ ਹੋਏ ਕਿਸਾਨਾਂ ਵਲੋਂ ਬੜੀ ਅਸਾਨੀ ਨਾਲ ਕੱਢ ਲਿਆ ਜਾਂਦਾ ਹੈ। ਖਨਿਕ ਰੋਜ਼ਾਨਾ ਇਕ ਡਾਲਰ ਤੋਂ 5 ਡਾਲਰ ਤੱਕ ਕਮਾਉਂਦੇ ਹਨ ਜੋ ਕਿ ਉਹਨਾਂ ਵਲੋਂ ਖੋਦੇ ਗਏ ਕੋਲਟਨ ਦੇ ਸਥਾਨਕ ਮੁੱਲ ਦਾ ਸਿਰਫ਼ 10 ਫੀਸਦੀ ਵੀ ਨਹੀਂ ਹੁੰਦਾ। 13 ਮੁੱਖ ਖਾਣਾਂ ਵਿਚੋਂ 12 ਦਾ ਕੰਟਰੋਲ ਹਥਿਆਰਬੰਦ ਸਮੂਹ ਕਰਦੇ ਹਨ ਜਿਸ ਵਿੱਚ ਕਿ ਕਾਂਗੋ ਦੀਆਂ ਫੌਜੀ ਯੂਨਿਟਾਂ ਇੱਕ ਖੰਡਾਈ ਹਿੱਤ ਮਿਲਿਸ਼ੀਆ ਜੋ 1994 ਦੇ ਖੰਡਾਈ ਆਰਗੇਨਾਈਜਰ ਵਲੋਂ ਬਣਾਇਆ ਗਿਆ ਹੈ ਅਤੇ ਇਹਨਾਂ ਦੀ ਵਿਰੋਧੀ, ਖੰਡਾਈ ਹਕੂਮਤ ਨਾਲ ਜੁੜੀ ਨੈਸ਼ਨਲ ਕਾਂਗਰਸ ਫਾਰ ਦ ਡਿਫੈਂਸ ਆਫ ਦਾ ਪੀਪਲ ਸ਼ਾਮਲ ਹੈ। ਛੋਟੇ ਪੈਮਾਨੇ ਦੀ ਹੱਥ ਨਾਲ ਕੀਤੀ ਜਾਣ ਵਾਲੀ ਖੁਦਾਈ ਅਕਸਰ ਸਥਾਨਕ ਹਥਿਆਰ ਬੰਦ ਸਮੂਹ ਜਾਂ ਮਿਲਿਸੀਆਂ ਜਿਸ ਨੂੰ "ਮਾਈ ਮਾਈ" ਦੇ ਨਾਂ ਨਾਲ ਜਾਣਿਆ ਜਾਂਦਾ ਹੈ ਵਲੋਂ ਕੰਟਰੋਲ ਕੀਤਾ ਜਾਂਦਾ ਹੈ। ਵੱਡੀਆਂ ਹਥਿਆਰਬੰਦ ਇਕਾਈਆਂ ਤੇ ਮਾਈ ਮਾਈ ਦੋਨੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਪਣੇ ਵਲੋਂ ਕੰਟਰੋਲ ਜਾਂਚ ਚੌਕੀਆਂ 'ਤੇ ਪੈਸਾ ਜਾਂ ਖਣਿਜ ਉਗਾਹੀ ਵਜੋਂ ਖੁਦਾਈ ਟੈਕਸ ਵਸੂਲਦੇ ਹਨ। ਖਣਿਕਾਂ ਦੀ ਮਜ਼ਦੂਰੀ ਭਾਵੇਂ ਘੱਟ ਹੈ, ਪਰ ਸਥਾਨਕ ਅਰਥਚਾਰੇ ਲਈ ਮਹੱਤਵਪੂਰਨ ਹੈ ਇਕ ਨਵੀਂ ਕਿਸਮ ਦੀ ਗੈਰ ਰਵਾਇਤੀ ਅਰਥਚਾਰਾ ਕੋਲਟਨ ਦੇ ਆਲੇ-ਦੁਆਲੇ ਵਿਕਸਤ ਹੋ ਰਿਹਾ ਹੈ। "ਕੋਲਟਨ ਬੁਖਾਰ" ਨੇ ਮੁਕਾਬਲਤਣ ਦੂਰ ਦੁਰਾਡੇ ਦੇਹਾਤੀ ਖੇਤਰਾਂ ਨੂੰ ਤੇਜ਼ੀ ਨਾਲ ਡਾਲਰੀਕ੍ਰਿਤ ਕਰ ਦਿੱਤਾ ਹੈ। ਖਣਨ ਤੇ ਹਿੰਸਾ (ਸੈਕਸੀ ਜਾਂ ਹੋਰ) ਤੋਂ ਇਲਾਵਾ ਕਈ ਹੋਰ ਸਰਗਰਮੀਆਂ ਵਿਕਸਤ ਹੋਈਆਂ ਹਨ ਜਿਵੇਂ ਵੇਸ਼ਵੀ ਬਿਰਤੀ, ਸ਼ਰਾਬ ਪੈਦਾਵਾਰ ਅਤੇ ਸਭ ਕਿਸਮ ਦੇ ਛੋਟੇ ਵਪਾਰ। ਖੇਤਾਂ, ਖਾਣਾ ਤੇ ਹੋਰ ਥਾਂ ਕੰਮ ਕਰ ਰਹੀਆਂ ਔਰਤਾਂ ਦੀ ਫੌਜੀਆਂ ਜਾਂ ਮਾਈ ਮਾਈ ਵਲੋਂ ਲੁੱਟ ਘਸੁੱਟ ਤੇ ਬਲਾਤਕਾਰ ਹੁੰਦਾ ਹੈ। ਜਿਸੇਥੀ ਦੀ ਇਕ ਔਰਤ ਨੇ ਇਸ ਤਰ੍ਹਾਂ ਇਸ ਨੂੰ ਪ੍ਰਗਟ ਕੀਤਾ ਹੈ। 'ਉਹ ਜਿਹਨਾਂ ਦੀ ਹੱਤਿਆ ਪਹਿਲਾਂ ਦੀ ਫੌਜ ਵਲੋਂ ਨਹੀਂ ਹੋਈ ਉਹ ਹੁਣ ਨਵੀਂ ਫੌਜ ਵਲੋਂ ਮਾਰੇ ਜਾ ਰਹੇ ਹਨ। ਹਮੇਸ਼ਾ ਬੇਕਸੂਰ ਲੋਕ ਹੀ ਸ਼ਿਕਾਰ ਹੁੰਦੇ ਹਨ।" ਰਾਜ ਤੇ ਗੈਰ ਰਾਜ ਹਥਿਆਰ ਬੰਦ ਇਕਾਈਆਂ ਵਲੋਂ ਕੀਤੀਆਂ ਗਈਆਂ ਜ਼ਿਆਦਤੀਆਂ 'ਚ ਸਿਰਫ਼ ਆਕਾਰ ਦਾ

ਹੀ ਫ਼ਰਕ ਹੁੰਦਾ ਹੈ। ਐਮਨਸਿਟੀ ਇੰਟਰਨੈਸ਼ਨਲ ਦਾ ਕਹਿਣਾ ਹੈ ਕਿ "ਆਪਣੇ ਵਿਰੋਧੀਆਂ ਨਾਲ ਲੜਨ ਦੇ ਨਾਂ ਹੇਠ ਟਕਰਾਅ ਦੇ ਸਾਰੇ ਭਾਗੀਦਾਰ ਵੱਡੇ ਪੈਮਾਨੇ 'ਤੇ ਹੱਤਿਆ, ਲੁੱਟ ਤੇ ਉਗਾਹੀ ਕਰ ਰਹੇ ਹਨ ਅਤੇ ਪੂਰੀ ਆਬਾਦੀ ਨੂੰ ਦਹਿਸ਼ਤ ਤੇ ਬਦਹਾਲੀ 'ਚ ਧੱਕ ਰਹੇ ਹਨ। ਇਹਨਾਂ 'ਚੋਂ ਕੁਝ ਇਕਾਈਆਂ ਨੂੰ ਵਾਪਰੀਆਂ ਤੋਂ ਪੈਸਾ ਮਿਲਦਾ ਹੈ ਇਹ ਪੈਸਾ ਇਕ ਲੜੀ ਨਾਲ ਜੁੜਿਆ ਹੋਇਆ ਹੈ ਜੋ ਕਿ ਦੂਜੇ ਕੰਢੇ 'ਤੇ ਯੂਰਪੀ ਜਾਂ ਹੋਰ ਵਪਾਰ ਘਰਾਣੇ ਤੇ ਕੋਲਟਨ ਸਪਲਾਈ ਕਰਨ ਵਾਲਿਆਂ ਤੱਕ ਜਾਂਦਾ ਹੈ। ਵਪਾਰੀ ਇਸ ਪੈਸੇ ਦੀ ਵਰਤੋਂ ਖਣਿਕਾਂ ਨੂੰ ਅਗਾਊਂ ਭੁਗਤਾਨ ਵਜੋਂ ਕਰਦੇ ਹਨ ਜੋ ਕਿ ਉਹਨਾਂ ਨੂੰ ਬੰਧੂਆਗਿਰੀ 'ਚ ਪਹੁੰਚਾ ਦਿੰਦਾ ਹੈ। ਖਣਿਕਾਂ 'ਚੋਂ ਕਈ ਬਾਲ ਮਜ਼ਦੂਰ ਹਨ। ਕੁਝ ਤਾਂ ਅੱਠ ਤੋਂ ਸਾਲ ਘੱਟ ਉਮਰ ਦੇ ਬੱਚੇ ਵੀ ਕੰਮ ਕਰ ਰਹੇ ਹਨ। ਕੋਲਟਨ ਅਤੇ ਹੋਰ ਖਣਿਜ (ਟਿਨਸਮੇਤ) ਅਕਸਰ ਆਪਣੀ ਕੰਮ ਵਾਲੀ ਥਾਂ 'ਤੇ ਹੀ ਵਪਾਰੀਆਂ ਨੂੰ ਵੇਚ ਦਿੱਤੇ ਜਾਂਦੇ ਹਨ ਇਹ ਲੋਕ ਟ੍ਰੱਕਾਂ ਰਾਹੀਂ ਜਾਂ ਛੋਟੇ ਜਹਾਜ਼ ਨਾਲ ਖਣਿਜ ਨੂੰ ਵਪਾਰਕ ਉਦਮੀਆਂ ਜਾਂ ਬਰਾਮਦਕਾਰਾਂ ਤੱਕ ਪਹੁੰਚਾਉਂਦੇ ਹਨ। ਇਹ ਵਪਾਰੀ ਵਪਾਰਕ ਉਦਮਾਂ ਦੇ ਏਜੰਟ ਵਜੋਂ ਕੰਮ ਕਰਦੇ ਹਨ ਅਤੇ ਅਕਸਰ ਇਹਨਾਂ ਨੂੰ ਇਸ ਲਈ ਅਡਵਾਂਸ ਭੁਗਤਾਨ ਮਿਲਿਆ ਹੁੰਦਾ ਹੈ। ਵਪਾਰਕ ਉਦਮ ਗੋਮਾ ਤੇ ਬੁਕਾਬੂ ਸ਼ਹਿਰਾਂ 'ਚ ਸਥਿਤ ਹੈ। ਇਹ ਦੋਨੋਂ ਸ਼ਹਿਰਾਂ 'ਚ ਹਰੇਕ 'ਚ ਲਗਭਗ 100 ਵਪਾਰਕ ਕਾਰਖਾਨੇ ਹਨ। ਇਹਨਾਂ ਅਦਾਰਿਆਂ ਨੂੰ ਨਿਯਮਤ ਕਾਂਗੋ ਸਰਕਾਰ ਦੇ ਨਾਲ ਰਜਿਸਟਰਡ ਹੋਣਾ ਚਾਹੀਦਾ ਹੈ ਪਰ ਇਹਨਾਂ 'ਚੋਂ ਬਹੁਤ ਰਜਿਸਟਰਡ ਨਹੀਂ ਹਨ। ਵਪਾਰਕ ਉਦਮ ਵਪਾਰੀਆਂ ਤੋਂ ਖਰੀਦਦੇ ਹਨ ਅਤੇ ਬਰਾਮਦਕਾਰਾਂ ਨੂੰ ਵੇਚ ਦਿੰਦੇ ਹਨ ਬਰਾਮਦਕਾਰ ਖਣਿਜ ਦੀ ਛਾਂਟੀ ਕਰਦੇ ਹਨ ਅਤੇ ਕੋਲਟਨ ਵਿਦੇਸ਼ੀ ਕ੍ਰੇਤਾਵਾਂ ਨੂੰ ਵੇਚ ਦਿੰਦੇ ਹਨ। ਇਹ ਬਰਾਮਦਕਾਰ ਕਾਂਗੋ ਦੀ ਸਰਕਾਰ ਦੇ ਨਾਲ ਰਜਿਟਰਡ ਹਨ (ਬੁਕਾਬੂ 'ਚ 17 ਅਤੇ ਗੋਮਾ 'ਚ 24) ਬਰਾਮਦਕਾਰ ਵਪਾਰਕ ਉਦਮਾਂ ਨੂੰ ਅਡਵਾਂਸ ਭੁਗਤਾਨ ਕਰਦੇ ਹਨ ਅਤੇ ਆਪਣੀ ਵਾਰੀ 'ਚ ਬੇਲਜਿਅਮ, ਮਲੇਸ਼ੀਆ, ਕਜਾਕਿਸਤਾਨ ਤੇ ਹੋਰ ਦੇਸ਼ਾਂ ਦੇ ਕੌਮਾਂਤਰੀ ਵਪਾਰੀਆਂ ਵਲੋਂ ਅਡਵਾਂਸ ਭੁਗਤਾਨ ਲੈਂਦੇ ਹਨ। ਹਵਾਈ ਆਵਾਜਾਈ ਕੋਲਟਨ ਵਰਗੇ ਟਕਰਾਹਟ ਵਾਲੇ ਖਣਿਜਾਂ ਦੀ ਆਵਾਜਾਈ 'ਚ ਮੁੱਖ ਭੂਮਿਕਾ ਨਿਭਾਈ ਹੈ। ਵਿਡੰਬਨਾ ਹੈ ਕਿ ਇਹੀ ਹਵਾਈ ਆਵਾਜਾਈ ਕੰਪਨੀ ਪ੍ਰਭਾਵਿਤ ਦੇਸ਼ਾਂ ਅਤੇ ਖੇਤਰਾਂ ਲਈ ਰਾਹਤ ਸਮੱਗਰੀ ਵੀ ਲੈ ਜਾਂਦੀ ਹੈ ਜੇ ਗੁਆਂਢੀ ਦੇਸ਼ਾਂ ਜਿਵੇਂ ਰਮਾਂਡਾ, ਯੁਗਾਂਡਾ ਤੇ ਬੁਰੁੰਡੀ 'ਚ ਵੀ ਕੋਲਟਨ ਦੀ ਥੋੜ੍ਹੀ ਮਾਤਰਾ ਹੈ ਪਰ ਜ਼ਿਆਦਾਤਰ ਕੋਲਟਨ ਕਾਂਗੋ ਦੀਆਂ ਫੌਜੀ ਯੂਨਿਟਾਂ ਜਾਂ ਸਹਿਯੋਗੀ ਫੌਜੀ ਯੂਨਿਟਾਂ ਰਾਹੀਂ ਕੰਟਰੋਲ ਹੁੰਦਾ ਹੈ। ਰਮਾਂਡਾ ਬਰਾਮਦ ਲਈ ਨਿਕਾਸ ਮਾਰਗ ਵਜੋਂ ਚੁਣਿਆ ਜਾਂਦਾ ਹੈ ਕਿਉਂਕਿ ਕਾਂਗੋ 'ਚ ਬਰਾਮਦ ਟੈਕਸ ਰਮਾਂਡਾ ਜਾਂ ਯੁਗਾਂਡਾ ਤੋਂ ਵੱਧ ਹੈ। ਮੰਨਿਆ ਜਾਂਦਾ ਹੈ ਕਿ ਮਾਸਕ 20 ਮਿਲੀਅਨ ਡਾਲਰ ਦੇ ਮੁਨਾਫ਼ੇ ਨਾਲ ਰਮਾਂਡਾ ਦੀ ਫੌਜ ਚਲਾਈ ਜਾਂਦੀ ਹੈ। ਖਣਿਜ ਦਾ 80 ਫੀਸਦੀ ਹਿੱਸਾ ਸਿਰਫ਼ ਤਿੰਨ ਪ੍ਰੋਸੈਸਿੰਗ ਕਰਤਾ ਖਰੀਦ ਦੇ ਹਨ ਅਮਰੀਕੀ ਕਾਬੋਟ ਕਾਰਪੋਰੇਸ਼ਨ, ਜਰਮਨ ਐਚ ਸੀ ਸਟਾਰਕ ਅਤੇ ਚੀਨੀ ਨਿੰਕਿਜਆ ਕਾਰਪੋਰੇਸ਼ਨ। 2008 ਦੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਕਾਂਗੋ ਨਾਲ

ਆਉਣ ਵਾਲੇ ਟਕਰਾਅ ਵਾਲੇ ਖਣਿਜਾਂ ਉਪਰ ਪ੍ਰਸਤਾਅ ਪਿਛੋਂ ਕਾਬੋਟ ਤੇ ਸਟਾਰਕ ਦੋਨੋ ਨੇ ਐਲਾਨ ਕੀਤਾ ਕਿ ਉਹ ਕਾਂਗੋ ਦੇ ਕੋਲਟਨ ਦੀ ਵਰਤੋਂ ਨਹੀਂ ਕਰਨਗੇ। ਪਰ ਨਿੰਜਿਕਆ ਨੇ ਅਜਿਹਾ ਕਰਨਾ ਜਾਰੀ ਰੱਖਿਆ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਚੀਨ ਹੁਣ ਕਾਂਗੋ ਦੇ ਕੋਲਟਨ ਦਾ ਮੁੱਖ ਖਪਤਕਾਰ ਹੈ। 2008 ਦੀ ਬਰਾਮਦ ਦਾ 80 ਫੀਸਦੀ ਹਿੱਸਾ ਚੀਨ ਕੁਝ ਕਾਂਗੋ ਕੋਲਟਨ ਕਜਾਕਿਸਤਾਨ ਵਲੋਂ ਪ੍ਰੋਸੈਸ ਕੀਤੀ ਸਮੱਗਰੀ ’ਚ ਵੀ ਪਾਇਆ ਗਿਆ। ਕਿਉਂਕਿ ਵਪਾਰਕ ਥਾਂ ਦੀ ਅਜੇ ਪਹਿਚਾਣ ਹੋਈ ਨਹੀਂ ਹੈ ਅਤੇ ਕਿਉਂਕਿ ਸਮੱਗਰੀਆਂ ਦਾ ਆਪਸ ’ਚ ਮਿਸ਼ਰਣ ਸਪਲਾਈ ਲੜੀ ਦੇ ਵੱਖ-ਵੱਖ ਪੜਾਵਾਂ ’ਚ ਕਰ ਦਿੱਤਾ ਜਾਂਦਾ ਹੈ ਇਸ ਲਈ ਸੁਭਾਵਿਕ ਹੈ ਕਿ ਕਾਂਗੋ ਦਾ ਕੋਲਟਨ ਅਮਰੀਕੀ ਤੇ ਜਰਮਨ ਕੰਪਨੀਆਂ ਵਲੋਂ ਪ੍ਰੋਸੈਸ ਕੱਚੀ ਸਮੱਗਰੀ ’ਚ ਦਾਖਲ ਹੋ ਜਾਂਦਾ ਹੈ। ਪ੍ਰੋਸੈਸ ਕਰਤਾਵਾਂ ਤੋਂ ਹਾਸਲ ਕੋਲਟਨ ਕੈਪੇਸਿਟਰ ਦੀ ਉਸਾਰੀ ’ਚ ਵਰਤਿਆ ਹੁੰਦਾ ਹੈ। ਮੁੱਖ ਨਿਰਮਾਣ ਕਰਤਾ ਹਨ : ਅਮਰੀਕਾ ਦੇ ਕੇਮੇਟ ਅਤੇ ਵਿਸ਼ੇ, ਇੰਗਲੈਂਡ ਦਾ ਏ ਵੀ ਐਕਸ, ਜਪਾਨ ਦਾ ਐਨ ਈ ਸੀ ਅਤੇ ਦੱਖਣੀ ਕੋਰੀਆ ਦਾ ਸੈਮਲਿੰਗ। ਪ੍ਰਸਿੱਧ ਇਲੈਕਟ੍ਰਾਨਿਕ ਨਿਰਮਾਣ ਕਰਤਾਵਾਂ ਜਿਵੇਂ ਸੋਨੀ, ਤੋਸ਼ਿਬਾ, ਸੈਮਸੰਗ, ਐਚ. ਪੀ. ਅਤੇ ਵੱਡੇ ਚਿੱਪ ਨਿਰਮਾਣ ਕਰਤਾ ਜਿਵੇਂ ਕਿ ਇੰਟੇਲ ਅਤੇ ਈ. ਐਮ. ਡੀ. ਦੁਆਰਾ ਚਿੱਪ ਨੂੰ ਮਾਰਕਿਟ ਬੋਂਡਾ ’ਚ ਜੋੜਿਆ ਜਾਂਦਾ ਹੈ। ਸੀਰਕਟ ਬੋਰਡ ਤੇ ਚਿੱਪ ਫਿਰ ਨੋਕੀਆ, ਸਿਮੇਂਸ, ਮੋਟਰੋਲਾ, ਸੈਮਸੰਗ ਵਰਗੇ ਮੋਬਾਇਲ ਫੋਨ ਨਿਰਮਾਣ ਕਰਤਾਵਾਂ ਤੱਕ ਪਹੁੰਚਦੇ ਹਨ। ਸਾਰੀਆਂ ਗੱਲਾਂ ਦਾ ਨਿਚੋੜ ਹੈ ਕਿ ਕੋਲਟਨ ਬੇਹੁੱਦ ਵਿਸਥਾਰਿਤ ਸਪਲਾਈ ਲੜੀ ਰਾਹੀਂ ਅਸੀਂ ਜੋ ਮੋਬਾਇਲ ਵਰਤਦੇ ਹਾਂ, ਉਸ ਵਿੱਚ ਪਹੁੰਚਦਾ ਹੈ।

**ਹਕੂਮਤ ਦੀ ਨਾਕਾਮੀ** - ਸੰਯੁਕਤ ਰਾਸ਼ਟਰ ਦੀ ਟਕਰਾਹਟਾਂ ਵਾਲੇ ਖਣਿਜ ਨਾਲ ਸਬੰਧਤ ਨੀਤੀ ਕਹਿੰਦੀ ਹੈ ਕਿ ਸਭ ਸਮੱਗਰੀਆਂ ਦੇ ਸਰੋਤ ਉਜਾਗਰ ਕੀਤੇ ਗਏ ਹਨ। ਜਦ ਕੋਲਟਨ ਖਣਿਜ ਨੂੰ ਖੋਦਣ ਵਾਲਿਆਂ ਅਤੇ ਸਪਲਾਈ ਕਰਨ ਵਾਲਿਆਂ ਤੇ ਵਪਾਰਕ ਅਦਾਰਿਆਂ ਤੱਕ ਵੱਖ-ਵੱਖ ਬੋਰਿਆਂ ਤੇ ਕੰਟੇਨਰਾਂ ’ਚ ਲਿਜਾਇਆ ਜਾਂਦਾ ਹੈ ਤਾਂ ਕੰਟੇਨਰਾਂ ਦੇ ਰੰਗ ਅਤੇ ਬਨਾਵਟ ਰਾਹੀਂ ਭੂਗੋਲਿਕ ਸਰੋਤਾਂ ਦੀ ਪਹਿਚਾਣ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਪਰ ਅਜਿਹਾ ਹੁੰਦਾ ਨਹੀਂ ਹੈ ਬਦਲੇ ’ਚ ਜੋ ਕੰਮ ਵਪਾਰਕ ਅਦਾਰੇ ਕਰਦੇ ਹਨ ਉਹ ਇਹ ਕਿ ਉਹ ਸੁਆਲ ਕਰਦੇ ਹਨ ਕਿ ਕੀ ਕੋਲਟਨ ਟਕਰਾਹਟ ਵਾਲੇ ਖੇਤਰਾਂ ਤੋਂ ਲਿਆਂਦਾ ਗਿਆ ਅਤੇ ਨਿਸਚੈ ਹੀ ਇਸ ਬਾਰੇ ਝੂਠ ਬੋਲਣਾ ਔਖਾ ਨਹੀਂ ਹੈ। 2008 ’ਚ ਸੰਯੁਕਤ ਰਾਸ਼ਟਰ ਨੇ ਹਥਿਆਰਬੰਦ ਗਰੁੱਪਾਂ ਨਾਲ ਜੁੜੇ ਕੁਝ ਬਰਾਮਦਕਰਤਾਵਾਂ ਨੂੰ ਟਕਰਾਹਟ ਵਾਲੇ ਕੋਲਟਨ ਦਾ ਵਪਾਰ ਕਰਨ ਦੀ ਵਜ੍ਹਾ ਕਰਕੇ ਕਾਲੀ ਸੂਚੀ ’ਚ ਪਾ ਦਿੱਤਾ। ਪਰ ਲਾਗੂ ਕਰਨ ਵਾਲੇ ਤਾਣੇ-ਬਾਣੇ ਦੀ ਗੈਰ ਹਾਜ਼ਰੀ ’ਚ ਸੌਖਾ ਹੈ ਕਿ ਟਕਰਾਹਟ ਖੇਤਰਾਂ ਦਾ ਕੋਲਟਨ ਸਪਲਾਈ ਲੜੀ ’ਚ ਦਾਖਲ ਹੋ ਜਾਵੇ। ਕਾਂਗੋ ਦੀ ਸਰਹੱਦ ਤੋਂ ਕੋਲਟਨ ਸਮਗਲਿੰਗ ਰਾਹੀਂ ਯੁਗਾਂਡਾ, ਰਮਾਂਡਾ ਤੇ ਬੁਰੰਡੀ ’ਚ ਦਾਖਲ ਕਰ ਜਾਂਦਾ ਹੈ ਜਿਥੇ ਖਣਿਜ ਦੇ ਸਰੋਤ ਸਬੰਧੀ ਕੋਈ ਸੁਆਲ ਨਹੀਂ ਕੀਤੇ ਜਾਂਦੇ ਹਨ। ਅਸਲ ’ਚ ਰਮਾਂਡਾ ’ਚ ਰਾਜ ਆਪਣੀ ਫੌਜ ਤੇ ਕਾਂਗੋ ਮਾਮਲੇ

ਦੇ ਵਿਭਾਗ ਰਾਹੀਂ ਕੋਲਟਨ ਵਪਾਰ ਨਾਲ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ। ਯੁਗਾਂਡਾ ਤੇ ਬਰੁੰਡੀ ’ਚ ਗੈਰ ਸਰਕਾਰੀ ਤਾਕਤਾਂ ਤੇ ਹਥਿਆਰਬੰਦ ਫੋਰਸ ਦੇ ਲੋਕ ਕੋਲਟਨ ਵਪਾਰ ਨਾਲ ਜੁੜੇ ਹਨ। ਅਫਰੀਕਾ ਦੇ ਕਈ ਹੋਰ ਹਿੱਸਿਆਂ ਵਾਂਗੂੰ ਜਿਵੇਂ ਕਿ ਕੈਮਰੂਨ–ਚਾੜ ਸਰਹੱਦ ’ਤੇ ਨਿੱਜੀ ਅਦਾਰੇ ਫੌਜੀਆਂ ਤੇ ਕਸਟਮ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਕੋਲਟਨ ਵਪਾਰ ’ਚ ਪੈਸਾ ਲਾਉਂਦੇ ਹਨ। ਟਕਰਾਹਟ ਵਾਲੇ ਕੋਲਟਨ ਦੀ ਮੁੜ ਬਰਾਮਦ ਦੀ ਅਲੋਚਨਾ ਪਿਛੋਂ ਰਮਾਂਡਾ ਦੀ ਸਰਕਾਰ ਨੇ ਰਮਾਂਡਾ ਦੀ ਆਪਣੀ ਖਣਿਜ ਪੈਦਾਵਾਰ ਦੀ ਸ਼ਨਾਖਤ ਕਰਨ ਲਈ ਇਕ ਪ੍ਰੋਗਾਮ ਸ਼ੁਰੂ ਕੀਤਾ ਹੈ। ਪਰ ਦੇਖਿਆ ਜਾਣਾ ਬਾਕੀ ਹੈ ਕਿ ਕਿਸ ਹੱਦ ਤੱਕ ਕਾਂਗੋ ਦੇ ਕੋਲਟਨ ਦਾ ਰਮਾਂਡਾ ਦੇ ਕੋਲਟਨ ਨਾਲ ਮਿਸ਼ਰਣ ਰੁਕਿਆ ਹੈ। ਹੋਰ ਗੁਆਂਢੀ ਦੇਸ਼ਾਂ ’ਚ ਸ਼ਨਾਖਤ ਕਰਨ ਦਾ ਅਜਿਹਾ ਵੀ ਪ੍ਰੋਗ੍ਰਾਮ ਨਹੀਂ ਹੈ। ਕੋਲਟਨ ਦੀ ਸਪਲਾਈ ਲੜੀ ’ਚ ਰਿਫਾਈਨਰ ਮਹੱਤਵਪੂਰਨ ਕੜੀ ਹੈ। ਚਾਰ ਮੁੱਖ ਰਿਫਾਇਨਰ ਅਮਰੀਕਾ, ਜਰਮਨੀ, ਚੀਨ ਤੇ ਕਜਾਕਿਸਤਾਨ ’ਚ ਹਨ। ਇਹ ਉਹ ਮੁੱਖ ਬਿੰਦੂ ਹਨ ਜਿਥੇ ਕੋਲਟਨ ਦੀ ਸਪਲਾਈ ਲੜੀ ਦਾ ਨਿਯਮਨ ਪ੍ਰਭਾਵੀ ਤਰੀਕੇ ਨਾਲ ਮਜ਼ਬੂਤ ਕੀਤਾ ਜਾ ਸਕਦਾ ਹੈ। ਇਕ ਵਾਰ ਜਦ ਖਣਿਜ ਨੂੰ ਰਿਫਾਇਨ ਕਰਕੇ ਧੂਲ ਜਾਂ ਤਾਰ ’ਚ ਤਬਦੀਲ ਕਰ ਦਿੱਤਾ ਜਾਂਦਾ ਹੈ ਉਸ ਪਿਛੋਂ ਖਣਿਜ ਦੇ ਸਰੋਤ ਦੀ ਪਹਿਚਾਣ ਸੰਭਵ ਨਹੀਂ ਹੁੰਦੀ। ਇਸ ਲਈ ਸਰਕਟ ਬੋਰਡ, ਚਿੱਪ ਤੇ ਮੋਬਾਇਲ ਫੋਨ ਬਣਾਉਣ ਵਾਲਿਆਂ ਨੂੰ ਆਪਣੇ ਮਾਲ ਦੀ ਸਪਲਾਈ ਲੜੀ ਦੀ ਪਹਿਚਾਣ ਲਈ ਰਿਫਾਇਨਰ ’ਤੇ ਨਿਰਭਰ ਹੋਣਾ ਹੁੰਦਾ ਹੈ। ਮੋਬਾਇਲ ਫੋਨ ਦੀ ਸਪਲਾਈ ਲੜੀ ਨੂੰ ਟਕਰਾਹਟ ਵਾਲੇ ਕੋਲਟਨ ਤੋਂ ਮੁਕਤ ਕਰਨ ਦਾ ਸੁਆਲ ਸਿਰਫ਼ ਇਸ ਦੇ ਸਰੋਤ ਦੀ ਪਹਿਚਾਣ ਤੱਕ ਸੀਮਤ ਨਹੀਂ ਹੈ। ਸਰੋਤ ਦੀ ਪਹਿਚਾਣ ਦੇ ਨਾਲ–ਨਾਲ ਹੱਥਾਂ ਨਾਲ ਕੰਮ ਕਰਨ ਵਾਲੇ ਖਣਿਜਾਂ ਨੂੰ ਸਥਾਨਕ ਮਦਦ ਕੇਂਦਰਾਂ ਤੇ ਆਰਥਕ ਮਦਦ ਰਾਹੀਂ ਹਮਾਇਤ ਕਰਨ ਦੀ ਲੋੜ ਹੈ। ਦੂਜਾ ਤੇ ਸਭ ਤੋਂ ਮਹੱਤਵਪੂਰਨ ਇਕ ਭਰੋਸੇਯੋਗ ਰਾਜ ਦੀ ਸਥਾਪਨਾ ਲਈ ਕਦਮ ਚੁੱਕਣ ਦੀ ਲੋੜ ਹੈ ਜੋ ਕਿ ਹੱਥ ਨਾਲ ਕੰਮ ਕਰਨ ਵਾਲੇ ਖਣਿਜਾਂ ਸਮੇਤ ਸਾਰੇ ਨਾਗਰਿਕਾਂ ਪ੍ਰਤੀ ਜੁਆਬ ਦੇਹ ਹੋਵੇ।

# ਕਿਵੇਂ ਮਜ਼ਦੂਰਾਂ ਨੂੰ ਅਪਾਹਜ ਬਣਾਉਂਦੀ ਰੋਜੀਤਾਸ਼ਾ ਕੰਪਨੀ?

ਰੋਜੀਤਾਸ਼ਾ ਟਾਟਾ ਦੀ ਵੈਂਡਰ ਕੰਪਨੀ ਹੈ। ਰੋਜੀਤਾਸ਼ਾ ਕੰਪਨੀ ਉਤਰਾਖੰਡ ਸੂਬੇ ਵਿੱਚ ਸਥਾਪਤ ਪੰਤਨਗਰ ਸਨਅਤੀ ਸਥਾਨ (ਸਿਡਕੁਲ) ਦੇ ਸੈਕਟਰ-11 'ਚ ਸਥਿਤ ਹੈ। ਰੋਜੀਤਾਸ਼ਾ ਕੰਪਨੀ ਟਾਟਾ ਮੋਟਰਜ਼ ਦੀ ਵੈਂਡਰ ਕੰਪਨੀ ਹੈ। ਇਸ ਵਿੱਚ ਟਾਟਾ ਮੋਟਰਜ਼ ਲਈ ਛੋਟਾ ਹਾਥੀ (ਮਿੰਨੀ ਟਰੱਕ) ਦਾ ਬਾਹਰੀ ਢਾਂਚਾ (ਬਾਡੀ) ਤਿਆਰ ਕੀਤਾ ਜਾਂਦਾ ਹੈ। ਇਹ ਕੰਪਨੀ ਪੂਨਾ ਤੋਂ ਤਬਦੀਲ ਹੋ ਕੇ ਪੰਤਨਗਰ ਸਿਡਕੁਲ 'ਚ ਆਈ ਹੈ। ਇਸ ਕੰਪਨੀ 'ਚ ਲਗਭਗ 500 ਮਜ਼ਦੂਰ ਕੰਮ ਕਰਦੇ ਹਨ। ਜਿਹਨਾਂ 'ਚ 50 ਮਜ਼ਦੂਰ ਸਥਾਈ ਹਨ ਅਤੇ ਬਾਕੀ ਮਜ਼ਦੂਰ ਠੇਕੇ ਤਹਿਤ ਕੰਮ ਕਰਦੇ ਹਨ। ਕੰਪਨੀ ਦੇ ਇੰਜਨੀਰਿੰਗ ਉਦਯੋਗ ਦੇ ਤਹਿਤ ਆਉਣ ਦੇ ਬਾਵਜੂਦ ਵੀ ਇਥੇ ਠੇਕੇਦਾਰੀ ਤਹਿਤ ਪੂਰੇ ਜੋਰ ਸ਼ੋਰ ਨਾਲ ਅਤੇ ਖੁੱਲ੍ਹੇਆਮ ਕੰਮ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇਸ ਕੰਪਨੀ 'ਚ ਲਗਭਗ 150 ਲੋਕ ਸਟਾਫ ਵਜੋਂ ਕੰਮ ਕਰਦੇ ਹਨ। ਕੰਪਨੀ ਦੇ ਮਾਲਕ ਐਸ ਡੀ ਗੰਗੇ ਅਤੇ ਆਰ. ਡੀ. ਗੰਗੇ (ਦੋਨੋ ਸਕੇ ਭਾਈ) ਅਤੇ ਤੁਸ਼ਾਰ ਕੁੰਬਲੇ ਪਲਾਂਟ ਮੈਨੇਜਰ ਤੇ ਪ੍ਰਦੀਪ ਬਾਰਿਕ ਪ੍ਰੋਡਕਸ਼ਨ ਮੈਨੇਜਰ ਹਨ। ਇਸ ਕੰਪਨੀ 'ਚ ਲੋਹੇ ਦੀਆਂ ਚਾਦਰਾਂ ਨੂੰ ਮਸ਼ੀਨਾ ਰਾਹੀਂ ਸਾਈਜ਼ ਦੇ ਕੇ ਛੋਟੇ ਹਾਥੀ (ਮਿੰਨੀ ਟ੍ਰੱਕ) ਲਈ ਢਾਂਚਾ ਤਿਆਰ ਕੀਤਾ ਜਾਂਦਾ ਹੈ। ਕੰਪਨੀ 'ਚ ਰੋਜ਼ਾਨਾ 750 ਗੱਡੀਆਂ ਲਈ ਢਾਂਚਾ ਤਿਆਰ ਕੀਤਾ ਜਾਂਦਾ ਹੈ। ਟਾਟਾ ਮੋਟਰਸ ਮਿੰਨੀ ਟਰੱਕ ਲਈ ਕਈ ਬੈਂਡਰ ਕੰਪਨੀਆਂ ਤੋਂ ਵੱਖ-ਵੱਖ ਪਾਰਟਸ ਤਿਆਰ ਕਰਵਾਉਂਦੀਆਂ ਹਨ ਅਤੇ ਅੰਤ 'ਚ ਸਭ ਵੈਂਡਰਕੰਪਨੀਆਂ ਟਾਟਾ ਮੋਟਰਸ ਨੂੰ ਮਿੰਨੀ ਟਰੱਕ ਦੇ ਤਿਆਰ ਪਾਰਟਸ ਭੇਜਦੀ ਹੈ ਅਤੇ ਟਾਟਾ ਮੋਟਰਸ 'ਚ ਅਸੈਂਬਲਿੰਗ ਲਾਈਨ 'ਚ ਮਜ਼ਦੂਰ ਇਹਨਾਂ ਸਾਰੇ ਪਾਰਟਾਂ ਨੂੰ ਜੋੜਦੇ ਹਨ ਅਤੇ ਇਸ ਤਰ੍ਹਾਂ ਨਾਲ ਟਾਟਾ ਮੋਟਰਸ ਦਾ ਮਿੰਨੀ ਟਰੱਕ (ਛੋਟਾ ਹਾਥੀ) ਤਿਆਰ ਹੋ ਕੇ ਬਾਜ਼ਾਰ 'ਚ ਭੇਜੇ ਜਾਂਦੇ ਹਨ। ਰਤਨ ਟਾਟਾ ਦੇ ਸਸਤੀ ਕਾਰ ਜਾਂ ਟਰੱਕ ਦਾ ਭੇਦ ਕੇਂਦਰ ਤੇ ਰਾਜ ਸਰਕਾਰਾਂ ਦੀ ਮੇਹਰਬਾਨ ਦੀ ਇਲਾਵਾ ਇਹਨਾਂ ਵੈਂਡਰ ਕੰਪਨੀਆਂ 'ਚ ਹੋਣ ਵਾਲੀ ਬੇਹਿਸਾਬ ਲੁੱਟ-ਘਸੁੱਟ 'ਚ ਛੁਪਿਆ ਹੈ। ਇਸ ਲਈ ਸਿੱਧੇ ਤੌਰ 'ਤੇ ਇਹਨਾਂ ਕੰਪਨੀਆਂ ਦੀ ਟਾਟਾ ਦੀ ਜ਼ਿੰਮੇਵਾਰੀ ਨਹੀਂ ਬਣਦੀ ਹੈ।

ਰੋਜੀਤਾਸ਼ਾ ਕੰਪਨੀ ਨੂੰ ਮਜ਼ਦੂਰ 'ਕਚਰਾ ਫੈਕਟਰੀ' ਦੇ ਨਾਲ-ਨਾਲ ਸੰਬੋਧਿਤ ਹੁੰਦੇ ਹਨ। ਮਜ਼ਦੂਰਾਂ ਨੇ ਹਮੇਸ਼ਾ ਦੱਸਿਆ ਕਿ ਕੰਪਨੀ ਦੀ ਚਾਰਦਿਵਾਰੀ (ਅਹਾਤੇ) ਦੇ ਅੰਦਰ ਵੀ ਝਾੜੀਆਂ ਹਨ। ਇਹਨਾਂ ਝਾਂੜੀਆਂ 'ਚ ਹੀ ਕੰਪਨੀ ਵਲੋਂ ਛੋਟੇ ਹਾਥੀ ਦੀ ਬਾਡੀ ਬਣਾਉਣ ਲਈ ਦਰਾਮਦ ਕੀਤੀਆਂ ਚਾਦਰਾਂ ਤੇ ਕੂੜਾ-ਕਰਕਟ ਸਮੇਤ ਕਈ ਕਿਸਮ ਦੀਆਂ ਗੰਦਗੀਆਂ ਕਾਰਨ ਮਜ਼ਦੂਰ ਇਸ ਕੰਪਨੀ ਨੂੰ ਕਚਰਾ ਫੈਕਟਰੀ ਦੇ ਨਾਂ ਨਾਲ ਜਾਣਦੇ ਹਨ। ਇਸ ਕੰਪਨੀ 'ਚ ਚਾਦਰਾਂ ਨੂੰ

ਮੋੜਿਆ ਜਾਂਦਾ ਹੈ, ਕਟਿਆ ਜਾਂਦਾ ਹੈ ਅਤੇ ਜ਼ਰੂਰਤ ਦੇ ਹਿਸਾਬ ਨਾਲ ਵੈਲਡਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ। ਪਲਾਂਟ ਅੰਦਰ ਵੱਖ ਆਵਾਜ਼ ਪ੍ਰਦੂਸ਼ਣ ਰਹਿੰਦਾ ਹੈ। ਵੈਲਡਿੰਗ ਹੋਣ ਅਤੇ ਚਾਦਰਾਂ ਦੀ ਕਟਾਈ-ਘਿਸਾਈ ਨਾਲ ਧਾਤੂ ਕਣ ਤੇ ਕਈ ਕਿਸਮ ਦੀਆਂ ਗੈਸਾਂ ਨਿਕਲਦੀਆਂ ਹਨ। ਕੰਪਨੀ 'ਚ ਮਜ਼ਦੂਰਾਂ ਦਾ ਕੰਮ ਵੱਧ ਤੋਂ ਵੱਧ ਜੋਖਿਮ ਭਰਿਆ ਹੋਣ ਤੇ ਭੋਰਾ ਵੀ ਲਾਹਪ੍ਰਵਾਹੀ ਕਰਨ ਤੇ ਸੁਰੱਖਿਆ ਪੈਮਾਨਿਆਂ ਦੀ ਭੋਰਾ ਵੀ ਉਲੰਘਣਾ ਕਰਨ ਕਰਕੇ ਮਜ਼ਦੂਰ ਦੀ ਜਾਨ ਚਲੇ ਜਾਣ ਤੇ ਅਪਾਹਜ ਹੋਣ ਦਾ ਵੱਧ ਡਰ ਰਹਿੰਦਾ ਹੈ। ਇਸ ਦੇ ਬਾਵਜੂਦ ਵੀ ਕੰਪਨੀ ਮੈਨੇਜਮੈਂਟ ਵਲੋਂ ਸੁਰੱਖਿਆ ਪੈਮਾਨਿਆਂ ਦੀ ਸ਼ੇਰੇਆਮ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਮਜ਼ਦੂਰਾਂ ਨੂੰ ਲਗਾਤਾਰ ਅਪਾਹਜ ਬਣਾਇਆ ਜਾ ਰਿਹਾ ਹੈ। ਕੰਪਨੀ ਮਾਲਕ ਤੇ ਮੈਨਜਮੈਂਟ ਵਲੋਂ ਮਜ਼ਦੂਰਾਂ ਦੇ ਜੀਵਨ ਨਾਲ ਕਿਸ ਤਰ੍ਹਾਂ ਖਿਲਵਾੜ ਕੀਤਾ ਜਾ ਰਿਹਾ ਹੈ ਕਿ ਇਸ ਦਾ ਜ਼ਿਕਰ ਅੱਗੇ ਕਰਾਂਗੇ। ਕੰਪਨੀ 'ਚ ਜੋਖਿਮ ਭਰਿਆ ਕੰਮ ਹੋਣ ਤੇ ਮਜ਼ਦੂਰਾਂ ਦੇ ਦੁਰਘਟਨਾ ਦਾ ਸ਼ਿਕਾਰ ਹੋਣ ਦਾ ਕਾਫ਼ੀ ਡਰ ਹੋਣ ਦੇ ਬਾਵਜੂਦ ਵੀ ਮਜ਼ਦੂਰਾਂ ਨੂੰ ਹੈਲਮੈੱਟ, ਬੂਟ, ਮਾਸਕ, ਈਅਰ ਪਲੱਗ, ਐਨਕਾਂ ਵਰਗੇ ਮਾਮੂਲੀ ਸੁਰੱਖਿਆ ਸਾਧਨ ਤੱਕ ਨਹੀਂ ਦਿੱਤੇ ਜਾਂਦੇ ਹਨ ਜਦ ਕਿ ਮਜ਼ਦੂਰਾਂ ਨੂੰ ਕੰਮ ਕਰਦੇ ਸਮੇਂ ਰੋਜ਼ਾਨਾਂ ਘੱਟੋ-ਘੱਟ ਚਾਰ ਜੋੜੇ ਦਸਤਾਨਿਆਂ ਦੀ ਲੋੜ ਪੈਂਦੀ ਹੈ। ਲੋਹੇ ਦੀਆਂ ਚਾਦਰਾਂ ਨਾਲ ਦਸਤਾਨੇ ਘਿਸ ਕੇ ਫਟ ਜਾਂਦੇ ਹਨ ਜਾਂ ਫਿਰ ਬਹੁਤ ਜ਼ਿਆਦਾ ਗੰਦੇ ਹੋ ਜਾਂਦੇ ਹਨ। ਰੋਜੀਤਾਸ਼ਾ ਕੰਪਨੀ ਨੂੰ ਮਜ਼ਦੂਰਾਂ ਕਚਰਾ ਕੰਪਨੀ ਤੋਂ ਇਲਾਵਾ ਮਜ਼ਦੂਰਾਂ ਨੂੰ ਅਪਾਹਜ ਬਣਾਉਣ ਵਾਲੀ ਕੰਪਨੀ ਦੇ ਨਾਂ ਨਾਲ ਵੀ ਜਾਣਦੇ ਹਨ। ਸਿਡਕੁਲ ਪੰਤਨਗਰ 'ਚ ਥੋੜ੍ਹਾ ਸਮਾਂ ਕੰਮ ਕਰ ਚੁੱਕੇ ਕਿਸੇ ਵੀ ਮਜ਼ਦੂਰ ਤੋਂ ਪੁੱਛਿਆ ਜਾਵੇ ਕਿ ਪੰਤਨਗਰ ਸਿਡਕੁਲ ਕੰਪਨੀ ਦੀ ਕਿਸ ਕੰਪਨੀ 'ਚ ਸਭ ਤੋਂ ਵੱਧ ਦੁਰਘਟਨਾਵਾਂ ਹੁੰਦੀਆਂ ਹਨ ਤਾਂ ਉਸ ਦਾ ਜੁਆਬ ਹੁੰਦਾ ਹੈ-ਰੋਜ਼ੀਤਾਸ਼ਾ ਕੰਪਨੀ 'ਚ ਕੰਪਨੀ 'ਚ ਮਜ਼ਦੂਰਾਂ ਤੋਂ 12-12 ਘੰਟੇ ਦੀ ਸਿਫਟ 'ਚ ਕੰਮ ਕਰਵਾਇਆ ਜਾਂਦੈ ਅਤੇ ਓਵਰ ਟਾਈਮ ਦਾ ਸਿੰਗਲ ਭੁਗਤਾਨ ਵੀ ਨਹੀਂ ਕੀਤਾ ਜਾਂਦਾ ਹੈ। ਮਜ਼ਦੂਰਾਂ ਨੂੰ 12 ਘੰਟੇ ਦੇ 247.50 ਰੁਪਏ ਦੇ ਹਿਸਾਬ ਨਾਲ ਮਜ਼ਦੂਰੀ ਦਿੱਤੀ ਜਾਂਦੀ ਹੈ। ਸਰਕਾਰੀ ਤੌਰ 'ਤੇ ਅੱਠ ਘੰਟੇ ਦੀ ਮਜ਼ਦੂਰੀ 165 ਰੁਪਏ ਪ੍ਰਤੀ ਦਿਨ ਦਰਜ ਹੈ। ਕਿਰਤ ਕਾਨੂੰਨਾਂ ਅਨੁਸਾਰ ਕਿਸੇ ਵੀ ਮਜ਼ਦੂਰ ਤੋਂ 8 ਘੰਟੇ ਤੋਂ ਵੱਧ ਕੰਮ ਜਬਰੀ ਕਰਵਾਉਣਾ ਅਪਰਾਧ ਹੈ। ਸਿਫਕੁਲ ਦੀਆਂ ਹੋਰ ਕੰਪਨੀਆਂ ਵਾਂਗੂ ਹੀ ਰੋਜੀਤਾਸ਼ਾ ਕੰਪਨੀ 'ਚ ਵੀ 8 ਘੰਟੇ ਦੇ ਕੰਮ ਦਿਨ ਨੂੰ ਜੁੱਤੇ ਦੀ ਨੋਕ 'ਤੇ ਰੱਖ ਕੇ 12 ਘੰਟੇ ਦੀ ਸ਼ਿਫਟ 'ਚ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾਂਦਾ ਹੈ। ਜ਼ਰੂਰਤ ਪੈਣ 'ਤੇ ਮਜ਼ਦੂਰਾਂ ਨੂੰ 24 ਘੰਟੇ ਇਥੋਂ ਤੱਕ ਕਿ 36 ਘੰਟਿਆਂ ਤੱਕ ਵੀ ਜਬਰੀ ਕੰਮ ਕਰਵਾਇਆ ਜਾਂਦਾ ਹੈ। ਸੁਰੱਖਿਆ ਉਪਕਰਣਾਂ ਦੀ ਘਾਟ ਅਤੇ ਸੁਰੱਖਿਆ ਪੈਮਾਨਿਆਂ ਦੀ ਉਲੰਘਣਾ ਕੀਤੇ ਜਾਣ ਨਾਲ ਮਜ਼ਦੂਰਾਂ ਨੂੰ ਗੂੰਗੇਪਣ, ਅੱਖਾਂ, ਫੇਫੜਿਆਂ ਤੇ ਚਮੜੀ ਦੀਆਂ ਬੀਮਾਰੀ ਦਾ ਸ਼ਿਕਾਰ ਹੋਣ ਦਾ ਡਰ ਰਹਿੰਦਾ ਹੈ। ਧਾਤੂ ਕਣ ਤੇ ਵੈਲਡਿੰਗ ਆਦਿ ਤੋਂ ਨਿਕਲੀਆਂ ਗੈਸਾਂ ਤੇ ਕੈਮੀਕਲਸ ਦੇ ਸਾਹ ਰਾਹੀਂ ਅੰਦਰ ਜਾਣ ਕਰਕੇ ਮੂੰਹ 'ਚ ਕੌੜਾਪਣ ਅਤੇ ਅੱਖ ਗਲੇ 'ਚ ਖਾਰਸ-ਜਲਣ ਹੁੰਦੀ ਹੈ 12 ਘੰਟੇ ਦੀ ਸ਼ਿਫਟ

'ਚ ਕੰਮ ਕਰਦੇ ਮਜ਼ਦੂਰ ਜ਼ਿਆਦਾਤਰ ਥੱਕ ਜਾਂਦੇ ਹਨ ਅਤੇ ਥੋੜ੍ਹੀ ਜਿੰਨੀ ਭੁੱਲ ਹੋਣ 'ਤੇ ਆਪਣੇ ਹੱਥ ਕਟਵਾ ਬੈਠਦੇ ਹਨ। ਹੱਥ ਕੱਟਣ ਦੀਆਂ ਬਹੁਤੀਆਂ ਘਟਨਾਵਾਂ 11ਵੇਂ ਜਾਂ 12ਵੇਂ ਘੰਟੇ 'ਚ ਹੀ ਵਾਪਰਦੀਆਂ ਹਨ। 12 ਘੰਟੇ ਦੀ 247.50 ਰੁਪਏ ਰੋਜ਼ਾਨਾ ਦੀ ਮਜ਼ਦੂਰੀ ਨਾਲ ਪਾਠਕਾਂ ਨੂੰ ਕੋਈ ਸੰਤੋਸ਼ ਨਹੀਂ ਹੋ ਸਕਦਾ ਹੈ ਪਰ ਇਹ ਹਕੀਕਤ ਤੋਂ ਦੂਰ ਹੈ। ਇਕ ਤਰ੍ਹਾਂ ਨਾਲ ਕੰਪਨੀ ਮੈਨੇਜਮੈਂਟ ਸੁਰੱਖਿਆ ਪੈਮਾਨਿਆਂ 'ਤੇ ਆਉਣ ਵਾਲੇ ਖ਼ਰਚ ਨੂੰ ਬਚਾ ਕੇ ਮਜ਼ਦੂਰ ਨੂੰ 247.50 ਰੁਪਏ 'ਚ ਆਪਣੀ ਜਾਨ ਤੇ ਸਰੀਰ ਨੂੰ ਦਾਅ 'ਤੇ ਲਾਉਣ ਦਾ ਸੱਦਾ ਦਿੰਦਾ ਹੈ ਬੇਰੁਜ਼ਗਾਰੀ ਦੇ ਇਸ ਆਲਮ 'ਚ ਕੰਪਨੀ ਮਾਲਿਕਾਂ ਨੂੰ ਆਸਾਨੀ ਨਾਲ ਅਜਿਹੇ ਮਜ਼ਦੂਰ ਮਿਲ ਜਾਂਦੇ ਹਨ ਜੋ ਕਿ ਆਪਣੇ ਬਾਲ-ਬੱਚਿਆਂ ਨੂੰ ਪਾਲਣ-ਪੋਸ਼ਣ ਲਈ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨ੍ਹਾਂ ਅਜਿਹੇ ਵੱਧ ਤੋਂ ਵੱਧ ਜੋਖਿਮ ਵਾਲੇ ਕੰਮਾਂ ਨੂੰ ਕਰਨ ਲਈ ਮਜ਼ਬੂਰ ਹੁੰਦੇ ਹਨ। ਰੋਜੀਤਾਸ਼ਾ ਕੰਪਨੀ ਵਿੱਚ ਵੀ ਬਹੁਤੇ ਮਜ਼ਦੂਰ ਬਰੇਲੀ, ਸਾਹਜਹਾਪੁਰ ਤੇ ਪੀਲੀਭੀਤ ਇਲਾਕੇ ਦੇ ਗਰੀਬ ਪ੍ਰੀਵਾਰਾਂ ਤੋਂ ਆਏ ਹੋਏ ਹਨ। ਰੋਜੀਤਾਸ਼ਾ ਕੰਪਨੀ 'ਚ ਹਰ ਦਿਨ ਕਿਸੇ ਨਾ ਕਿਸੇ ਮਜ਼ਦੂਰ ਨੂੰ ਸੱਟ ਲੱਗਦੀ ਹੈ ਅਤੇ ਇਹਨਾਂ 'ਚੋਂ ਕਈ ਮਜ਼ਦੂਰਾਂ ਨੂੰ ਆਪਣਾ ਹੱਥ ਜਾਂ ਹੱਥਾਂ ਦੀਆਂ ਉਂਗਲਾਂ ਤੋਂ ਹੱਥ ਧੋ ਕੇ ਪੱਕੇ ਤੌਰ 'ਤੇ ਅਪਾਹਜ ਹੋਣਾ ਪੈਂਦਾ ਹੈ। ਔਸਤਨ ਹਰ ਮਹੀਨੇ 3-4 ਮਜ਼ਦੂਰ ਹੱਥ ਕੱਟਣ ਜਾਂ ਹੱਥ ਦੀਆਂ ਉਂਗਲਾਂ ਕੱਟਣ ਕਾਰਨ ਅਪਾਹਜ ਹੋ ਜਾਂਦੇ ਹਨ। ਅਪਾਹਜ ਹੋਏ ਮਜ਼ਦੂਰਾਂ ਪ੍ਰਤੀ ਮੈਨਜਮੈਂਟ ਦਾ ਰਵੱਈਆ ਬੇਹੱਦ ਗੈਰ ਮਨੁੱਖੀ (ਦੁੱਧ 'ਚ ਪਈ ਮੱਖੀ ਵਾਂਗੂੰ) ਹੁੰਦਾ ਹੈ। ਹੱਥ ਕੱਟਣ ਪਿਛੋਂ ਕੰਪਨੀ ਮੈਨਜਮੈਂਟ ਤੇ ਠੇਕੇਦਾਰ ਚੁਪਕੇ ਨਾਲ ਮਜ਼ਦੂਰ ਨੂੰ ਕਿਸੇ ਨਿੱਜੀ ਹਸਪਤਾਲ 'ਚ ਭਰਤੀ ਕਰਵਾ ਦਿੰਦੇ ਹਨ ਤੇ ਮਜ਼ਦੂਰਾਂ ਨਾਲ ਬੇਹੱਦ ਦੋਸਤਾਨਾ ਵਰਤਾਅ ਕਰਦੇ ਹਨ ਅਤੇ ਮਜ਼ਦੂਰਾਂ ਨੂੰ ਭਾਵਨਾਤਮਕ ਤੌਰ 'ਤੇ ਬਲੈਕਮੇਲ ਕਰਦੇ ਹਨ। ਜਖ਼ਮੀ ਮਜ਼ਦੂਰਾਂ ਨੂੰ ਕੰਪਨੀ 'ਚ ਸਥਾਈ ਕਰਨ, ਮੁਆਵਜਾ ਦੇਣ ਸਮੇਤ ਸਾਰੀ ਕਿਸਮ ਦੇ ਵਾਅਦੇ ਕਰਦੇ ਤਾਂ ਕਿ ਮਜ਼ਦੂਰਾਂ ਨੂੰ ਮੈਨੇਜਮੈਂਟ-ਠੇਕੇਦਾਰ ਖ਼ਿਲਾਫ ਕਿਸੇ ਕਾਨੂੰਨੀ ਕਾਰਵਾਈ ਕਰਨ ਤੋਂ ਰੋਕਿਆ ਜਾ ਸਕੇ। ਕੁਝ ਸਮੇਂ ਬੀਤਣ ਪਿੱਛੋਂ ਜਿਉਂ ਹੀ ਮਾਮਲਾ ਆਮ ਹੋ ਜਾਂਦਾ ਹੈ। ਅਪਾਹਜ ਮਜ਼ਦੂਰਾਂ ਨੂੰ ਕੰਪਨੀ 'ਚੋਂ ਕੱਢ ਕੇ ਪ੍ਰੀਵਾਰ ਸਮੇਤ ਭੁੱਖੇ ਮਰਨ ਲਈ ਫੁਟਪਾਥ ਉਪਰ ਸੁੱਟ ਦਿੱਤਾ ਜਾਂਦਾ ਹੈ। ਵੈਸੇ ਵੀ ਕੰਪਨੀਆਂ ਵਿੱਚ ਮੈਨੇਜਮੈਂਟ-ਠੇਕੇਦਾਰ ਅਤੇ ਦਲਾਲ ਕਿਰਤ ਵਿਭਾਗ ਦੇ ਅਧਿਕਾਰੀਆਂ ਵਲੋਂ ਠੇਕੇ ਦੇ ਮਜ਼ਦੂਰਾਂ ਲਈ ਇਹ ਸਾਬਤ ਕਰਨਾ ਲਗਭਗ ਅਸੰਭਵ ਜਿਹਾ ਹੋ ਜਾਂਦਾ ਹੈ ਕਿ ਉਹ ਸਬੰਧਤ ਕੰਪਨੀ 'ਚ ਸੱਟ ਲੱਗਣ ਕਰਕੇ ਅਪਾਹਜ ਹੋਏ ਹਨ। ਮੈਨੇਜਮੈਂਟ-ਠੇਕੇਦਾਰਾਂ ਦੇ ਗੈਰ ਮਨੁੱਖੀ ਵਤੀਰੇ ਤੇ ਨਿਕੰਮੇ ਕਿਰਤ ਵਿਭਾਗ ਦੇ ਅਧਿਕਾਰੀਆਂ ਕਾਰਨ ਸਿੱਧੇ-ਸਾਧੇ ਤੇ ਉਪਰੀ ਪਹੁੰਚ ਤੋਂ ਵਾਂਝੇ ਗਰੀਬ ਮਜ਼ਦੂਰ ਅਪਾਹਜ ਹੋ ਕੇ ਆਪਣੇ ਘਰ ਵਾਪਸ ਮੁੜ ਜਾਂਦੇ ਹਨ। ਇਸ ਫੈਕਟਰੀ ਦੇ ਹਾਲਾਤ ਸਮਝਾਉਣ ਲਈ ਇਕ ਘਟਨਾ ਨੂੰ ਹੀ ਲਓ। ਰੋਜੀਤਾਸ਼ਾ ਕੰਪਨੀ 'ਚ 27 ਸਤੰਬਰ 2010 ਨੂੰ ਪੀਲੀਭੀਤ ਜ਼ਿਲ੍ਹੇ ਦੇ ਵਿਸਲਪੁਰ ਤਹਿਸ਼ੀਲ ਤਹਿਤ ਆਉਣ ਵਾਲੇ ਪਿੰਡ ਅਰਸਿਆਬੈਜ ਤੋਂ ਵਿਕਾਸ ਮਿਸ਼ਰਾ ਪੁੱਤਰ ਸ਼੍ਰੀ ਅਸ਼ੋਕ ਮਿਸ਼ਰਾ ਕੰਮ ਕਰਨ ਲੱਗਿਆ। ਵਿਕਾਸ ਮਿਸ਼ਰਾ ਦੇ ਪ੍ਰੀਵਾਰ ਕੋਲ ਪਿੰਡ 'ਚ ਸਿਰਫ਼

ਰਹਿਣ ਜੋਗੀ ਹੀ ਥਾਂ ਹੈ। ਮਾਂ-ਬਾਪ ਬੀਮਾਰ ਹਨ ਅਤੇ ਸਖ਼ਤ ਮਿਹਨਤ ਕਰਨ 'ਚ ਅਸਮਰਥ ਹਨ ਅਤੇ ਪਿੰਡ 'ਚ ਹੀ ਵਿਕਾਸ ਦੇ ਪਿਤਾ ਦੂਜੇ ਲੋਕਾਂ ਦੇ ਖੇਤਾਂ 'ਚ ਥੋੜਾ ਕੰਮ ਕਰ ਲੈਂਦੇ ਹਨ, ਉਹ ਵੀ ਰੋਜ਼ਾਨਾ ਨਹੀਂ ਮਿਲਦਾ ਹੈ। ਵਿਕਾਸ ਆਪਣੇ ਭਾਈ-ਭੈਣਾਂ 'ਚੋਂ ਸਭ ਤੋਂ ਵੱਡਾ ਹੈ। ਗਰੀਬੀ ਤੇ ਮਜ਼ਬੂਰੀ ਹੀ ਵਿਕਾਸ ਨੂੰ 20 ਸਾਲ ਦੀ ਉਮਰ 'ਚ ਰੋਜੀਤਾਸ਼ਾ ਵਰਗੀ ਕੰਪਨੀ 'ਚ ਕੰਮ ਕਰਨ ਲਈ ਖਿੱਚ ਲਿਆਈ। ਖਾਂਦੇ-ਪੀਂਦੇ ਘਰਾਣੇ ਦੇ ਬੱਚੇ ਉਸ ਉਮਰ 'ਚ ਪੜ੍ਹਨ-ਲਿਖਣ ਖੇਡਣ ਤੇ ਆਪਣੇ ਕੈਰੀਅਰ ਨੂੰ ਸੰਵਾਰਨ ਦੀਆਂ ਕੋਸ਼ਿਸ਼ਾਂ 'ਚ ਲੱਗੇ ਹੁੰਦੇ ਹਨ ਪਰ ਗਰੀਬਾਂ ਦੇ ਬੱਚਿਆਂ ਦੇ ਐਸੇ ਨਸੀਬ ਭਲਾਂ ਕਿੱਥੇ ਹੁੰਦੇ ਹਨ। 16 ਨਵੰਬਰ 2010 ਨੂੰ ਰਾਤ ਦੇ 3 ਵਜੇ ਪ੍ਰੈੱਸ ਛਾਪ 'ਚ ਕੰਮ ਕਰਦੇ ਸਮੇਂ ਕਟਰ 'ਚ ਵਿਕਾਸ ਦਾ ਹੱਥ ਆ ਗਿਆ ਅਤੇ ਵਿਕਾਸ ਦੇ ਸੱਜੇ ਹੱਥ ਦੀਆਂ ਪੰਜ ਉਂਗਲਾਂ ਕੱਟੀਆਂ ਗਈਆਂ। ਠੇਕੇਦਾਰ ਤਿਆਗੀ ਨੇ ਵਿਕਾਸ ਨੂੰ ਰੁਦਪੁਰ ਸਥਿਤ ਸ਼ੁਭਮਸਰਜੀਕਲ ਸੈਂਟਰ ਤੇ ਨਰਸਿੰਗ ਹੋਮ 'ਚ ਭਰਤੀ ਕਰਵਾਇਆ ਤੇ ਉਹ ਅਜੇ ਵੀ ਹਸਪਤਾਲ 'ਚ ਹੀ ਭਰਤੀ ਹੈ। ਉਹ ਆਪਣੇ ਹੱਥ ਦੀਆਂ ਪੰਜ ਉਂਗਲਾਂ ਨੂੰ ਹਮੇਸ਼ਾ ਲਈ ਗੁਆ ਚੁੱਕਿਆ ਹੈ। ਠੇਕੇਦਾਰ ਤਿਆਗੀ ਨੇ ਭਾਵਨਾਤਮਕ ਤੌਰ 'ਤੇ ਵਿਕਾਸ ਉਪਰ ਏਨਾ ਦਬਾਅ ਬਣਾਇਆ ਹੋਇਆ ਹੈ ਤਾਂ ਕਿ ਮਾਮਲਾ ਠੰਢਾ ਹੋ ਸਕੇ ਤੇ ਫਿਰ ਵਿਕਾਸ ਦਾ ਵੀ ਉਹੀ ਹਸ਼ਰ ਕੀਤਾ ਜਾ ਸਕੇ ਜੋ ਹੋਰ ਪਹਿਲਾਂ ਅਪਾਹਜ ਹੋਏ ਮਜ਼ਦੂਰਾਂ ਦਾ ਕੀਤਾ ਗਿਆ ਸੀ। ਵਿਕਾਸ ਦਾ ਨਾਂ ਤਾਂ ਪੀ. ਐਫ. ਹੀ ਕਟਿਆ ਗਿਆ ਹੈ ਅਤੇ ਨਾ ਹੀ ਈ ਐਸ ਆਈ ਕਟਿਆ ਗਿਆ ਹੈ। ਜੇ ਵਿਕਾਸ ਦਾ ਈ ਐਸ ਆਈ ਫੰਡ ਕਟਿਆ ਗਿਆ ਹੁੰਦਾ ਤਾਂ ਵਿਕਾਸ ਨੂੰ ਈ. ਐਸ. ਆਈ. ਵਿਭਾਗ ਵਲੋਂ ਪੈਨਸ਼ਨ ਮਿਲਦੀ ਜਿਸ ਨਾਲ ਉਸ ਨੂੰ ਕੁਝ ਰਾਹਤ ਮਿਲ ਸਕਦੀ ਸੀ। ਵਿਕਾਸ ਵਰਗੇ ਮਜ਼ਦੂਰਾਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਦੁਰਘਟਨਾ ਹੋ ਜਾਣ 'ਤੇ ਕੰਪਨੀ ਮੈਨਜਮੈਂਟ-ਠੇਕੇਦਾਰ ਮਜ਼ਦੂਰਾਂ ਦਾ ਇਲਾਜ ਕਰਵਾ ਕੇ ਅਤੇ ਮਜ਼ਦੂਰਾਂ ਨੂੰ ਮੁਆਵਜਾ ਦੇ ਕੇ ਮਜ਼ਦੂਰਾਂ 'ਤੇ ਕੋਈ ਅਹਿਸਾਨ ਨਹੀਂ ਕਰਦੇ ਹਨ ਬਲਕਿ ਇਹ ਮਜ਼ਦੂਰਾਂ ਵਲੋਂ ਲੜ ਕੇ ਹਾਸਲ ਕੀਤੇ ਅਧਿਕਾਰੀ ਬਣਦੇ ਹਨ ਅਤੇ ਇਹ ਮਾਲਕਾਂ ਪ੍ਰਬੰਧਕਾਂ ਤੇ ਠੇਕੇਦਾਰਾਂ ਦਾ ਫਰਜ਼ ਹੀ ਬਣਦਾ ਹੈ। ਉਹੀ ਹਾਲ ਕੰਪਨੀ 'ਚ ਠੇਕੇ ਤਹਿਤ ਕੰਮ ਕਰਦੇ ਬਹੁਤੇ ਮਜ਼ਦੂਰਾਂ ਦਾ ਹੈ ਜਿਹਨਾਂ ਦਾ ਨਾਂ ਤਾਂ ਠੇਕੇਦਾਰ-ਕੰਪਨੀ-ਪ੍ਰਬੰਧਕ ਕਿਰਤ ਵਿਭਾਗ ਕੋਈ ਰਿਕਾਰਡ ਰੱਖਦੇ ਹਨ ਅਤੇ ਨਾ ਹੀ ਇਹਨਾਂ ਦਾ ਪੀ. ਐਫ. ਈ. ਐਸ. ਆਈ. ਹੀ ਕਟਿਆ ਜਾਂਦਾ ਹੈ। ਮੈਨਜਮੈਂਟ ਠੇਕੇਦਾਰ ਕੁਝ ਪੈਸੇ ਬਚਾਉਣ ਦੀ ਖਾਤਰ ਵਿਕਾਸ ਵਰਗੇ ਮਜ਼ਦੂਰਾਂ ਤੇ ਉਹਨਾਂ 'ਤੇ ਆਸਰਿਤ ਮਾਪਿਆਂ ਦੇ ਨਾਲ ਖਿਲਵਾੜ ਕਰਦੇ ਹਨ। ਮੁਨਾਫੇ ਪੂੰਜੀ ਦੇ ਭੁੱਖਿਆਂ ਤੋਂ ਭਲਾ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ?

ਕੰਪਨੀ 'ਚ 500 ਮਜ਼ਦੂਰ ਦੇ ਪਾਣੀ ਪੀਣ ਲਈ ਇਕ ਹੀ ਨਲਕਾ ਹੈ ਸਿਰਫ਼ 6 ਗੁਸਲਖਾਨੇ ਹਨ ਜਿਹਨਾਂ 'ਚੋਂ ਦੋ ਟਾਇਲਟ ਬੰਦ ਪਈਆਂ ਹਨ ਕਿਰਤ ਕਾਨੂੰਨ ਦੇ ਹਿਸਾਬ ਨਾਲ 20 ਮਜ਼ਦੂਰਾਂ ਪਿਛੇ ਇਕ ਟਾਈਲੈਟ ਹੋਣਾ ਚਾਹੀਦਾ ਹੈ। ਮਜ਼ਦੂਰਾਂ ਦਾ ਕਹਿਣਾ ਸੀ ਕਿ ਵਰਤੀਆਂ ਜਾਣ ਵਾਲੀਆਂ ਟਾਈਲੈਟ (ਟੱਟੀਆਂ) ਮਲ-ਮੂਤਰ ਨਾਲ ਭਰੀਆਂ ਰਹਿੰਦੀਆਂ ਹਨ। ਕੰਟੀਨ 'ਚ

ਭੋਜਨ ਬਜ਼ਾਰ ਨਾਲੋਂ ਮਹਿੰਗਾ ਮਿਲਦਾ ਹੈ। 35 ਰੁਪਏ ਪ੍ਰਤੀ ਥਾਲੀ। ਇਸ ਤਰ੍ਹਾਂ ਫੈਕਟਰੀ ਪ੍ਰਬੰਧਕ ਸੁਰੱਖਿਆ ਨਿਯਮਾਂ 'ਚ ਢਿੱਲ, ਟਾਇਲਟ, ਪਾਣੀ ਤੇ ਕੰਨਟੀਨ 'ਚ ਘੱਟ ਖ਼ਰਚ ਕਰਕੇ ਵੀ ਬਚਤ ਕਰਨ ਤੋਂ ਪ੍ਰਬੰਧਕ ਬਾਜ਼ ਨਹੀਂ ਆਉਂਦੇ। ਜਿਨ੍ਹਾਂ ਮਜ਼ਦੂਰਾਂ ਨੂੰ ਪੀ. ਐਫ. ਕੱਟਣ ਦੀ ਗੱਲ ਕਹੀ ਜਾਂਦੀ ਹੈ ਤੇ ਜੇ ਮਜ਼ਦੂਰ ਸਾਲ ਛੇ ਮਹੀਨੇ 'ਚ ਕੰਮ ਛੱਡ ਕੇ ਜਾਂਦੇ ਹਨ ਤਾਂ ਪੀ. ਐਫ. ਦਾ ਪੈਸਾ ਨਹੀਂ ਦਿੱਤਾ ਜਾਂਦਾ ਹੈ ਜਾਂ ਫਿਰ ਪ੍ਰਬੰਧਕ ਠੇਕੇਦਾਰ, ਕਿਰਤ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਮਿਲ ਕੇ ਮਜ਼ਦੂਰਾਂ ਦਾ ਪੀ ਐਫ ਹੜੱਪ ਲੈਂਦੇ ਹਨ। ਹਰ ਮਹੀਨੇ ਦੀ 7 ਤਰੀਕ ਦੀ ਥਾਂ 15 ਤੋਂ 22 ਤਰੀਕ ਵਿਚਕਾਰ ਹੀ ਤਨਖਾਹ ਦੀ ਅਦਾਇਗੀ ਕੀਤੀ ਜਾਂਦੀ ਹੈ। ਹਰ ਮਹੀਨੇ ਤਨਖਾਹ ਲੈਣ ਲਈ ਰੋਸ ਵਜੋਂ ਮਜ਼ੂਦਰਾਂ ਨੂੰ ਇਕ ਦਿਨ ਕੰਮ ਬੰਦ ਕਰਨ ਲਈ ਮਜ਼ਬੂਰ ਹੋਣਾ ਪੈਦਾ ਹੈ। ਠੇਕੇਦਾਰਾਂ-ਸੁਪਰਵਾਈਜ਼ਰਾਂ ਤੇ ਪ੍ਰਬੰਧਕ ਵਲੋਂ ਮਜ਼ਦੂਰਾਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ। ਠੇਕੇਦਾਰਾਂ ਤੇ ਮੁਨਸ਼ੀ ਠੇਕੇਦਾਰਾਂ ਵਲੋਂ ਮਜ਼ਦੂਰਾ ਨੂੰ ਗੰਦੀਆਂ ਗਾਲਾਂ ਦਿੱਤੀਆਂ ਜਾਂਦੀਆਂ ਹਨ। ਕੰਪਨੀ ਮਾਲਕ ਮਜ਼ਦੂਰਾਂ ਨੂੰ ਧਮਕਾਉਂਦਾ ਹੈ ਕਿ ਜੇ ਉਹਨਾਂ ਨੂੰ ਪੀ. ਐਫ. ਈ. ਐੱਸ. ਆਈ. ਸਥਾਈ (ਕੰਪਨੀ ਬੇਸ) ਕਰਨ ਦੀ ਮੰਗ ਕੀਤੀ ਤਾਂ ਉਹ ਕੰਪਨੀ ਨੂੰ ਬੰਦ ਕਰਕੇ ਅਸਥਾਈ ਸਿਫਟ ਕਰ ਦੇਵੇਗਾ। 23 ਨਵੰਬਰ 2010 ਦੀ ਰਾਤ ਨੂੰ ਪ੍ਰਬੰਧਕਾਂ ਨੇ ਬੰਟਨ ਫਰੈਕਦਰ ਮਸ਼ੀਨਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਹਟਾ ਕੇ ਟਾਟਾ ਮੋਟਰਸ 'ਚ ਤਬਦੀਲ ਕਰ ਦਿੱਤਾ ਤੇ 21 ਠੇਕੇ ਦੇ ਮਜ਼ਦੂਰਾਂ ਨੂੰ ਨੌਕਰੀਓ ਕੱਢ ਦਿੱਤਾ। ਕੁਲ ਮਿਲਾ ਕੇ ਰੋਜੀਤਾਸ਼ਾ ਕੰਪਨੀ ਦੇ ਪ੍ਰਬੰਧਕ ਮਾਲਕ ਠੇਕੇਦਾਰ ਵੀ ਦੇਸ਼ ਦੁਨੀਆਂ ਦੇ ਪੂੰਜੀਪਤੀਆਂ ਵਾਂਗੂੰ ਹੀ ਮਜ਼ਦੂਰਾਂ ਦੇ ਖ਼ੂਨ ਦੀ ਆਖਰੀ ਬੂੰਦ ਨਿਚੋੜ ਲੈਣਾ ਚਾਹੁੰਦੇ ਹਨ। ਕੰਪਨੀ ਦਾ ਮਾਲਕ ਵੀ ਸੁਰੱਖਿਆ ਮਾਣਕਾ ਨੂੰ ਉਲੰਘ ਕੇ, ਮਜ਼ਦੂਰਾਂ 'ਤੇ ਵਾਧੂ ਬੋਝ ਪਾ ਕੇ ਅਤੇ ਕੁਝ ਨੋਟਾਂ ਦੇ ਟੁਕੜਿਆਂ ਖਾਤਰ ਮਜ਼ਦੂਰਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਿਹਾ ਹੈ। ਅਜਿਹੀਆਂ ਕੰਪਨੀਆਂ ਤੋਂ ਤਿਆਰ ਮਾਲ ਖ਼ਰੀਦ ਕੇ ਟਾਟਾ ਆਪਣੀਆਂ ਸਸਤੀਆਂ ਵਸਤਾਂ ਦੀ ਵਾਹ-ਵਾਹ ਮੀਡੀਆ ਤੋਂ ਲੁੱਟਦਾ ਹੈ ਜਦ ਕਿ ਮਜ਼ਦੂਰਾਂ ਨੂੰ ਅਪਾਹਜ ਬਣਾਉਣ ਲਈ ਉਹ ਵੀ ਘੱਟ ਦੋਸ਼ੀ ਨਹੀਂ ਹੈ।

# ਅਯੋਧਿਆ ਬਾਰੇ ਫੈਸਲਾ - ਇਸ ਵਾਰੀ ਕਿਉਂ ਨਹੀਂ ਹੋਏ ਫਸਾਦ?

28 ਸਤੰਬਰ ਨੂੰ ਅਯੋਧਿਆ ਬਾਰੇ ਇਲਾਹਾਬਾਦ ਹਾਈਕੋਰਟ ਦੇ ਤਿੰਨ ਮੈਂਬਰੀ ਲਖਨਊ ਬੈਂਚ ਨੇ ਆਪਣਾ ਫੈਸਲਾ ਸੁਣਾ ਦਿੱਤਾ। ਇਸ ਮੁਤਾਬਕ ਇਸ ਬੈਂਚ ਦੇ ਜੱਜਾਂ ਨੇ 2-1 ਦੇ ਬਹੁਮਤ ਨਾਲ ਇਹ ਤਹਿ ਕੀਤਾ ਕਿ ਅਯੋਧਿਆ ਦੀ 2-77 ਏਕੜ ਦੀ ਝਗੜੇ ਵਾਲੀ ਜ਼ਮੀਨ ਨੂੰ ਤਿੰਨ ਹਿਸਿਆਂ 'ਚ ਵੰਡ ਕੇ ਤਿੰਨੇ ਧਿਰਾਂ ਨੂੰ ਦੇ ਦਿਤੀ ਜਾਵੇ। ਯਾਨੀ ਇਕ ਤਿਹਾਈ ਹਿੰਦੂ ਪੱਖ ਨੂੰ, ਇਕ ਤਿਹਾਈ ਨਿਰਮੋਹੀ ਅਖਾੜੇ ਨੂੰ, ਅਤੇ ਇਕ ਤਿਹਾਈ ਸੁੰਨੀ ਵਕਫ ਬੋਰਡ ਨੂੰ ਮਿਲੇਗੀ। ਵਿਹਾਰਕ ਤੌਰ 'ਤੇ ਦੋ ਤਿਹਾਈ ਜ਼ਮੀਨ ਹਿੰਦੂ ਧਿਰ ਨੂੰ ਤੇ ਇਕ ਤਿਹਾਈ ਮੁਸਲਮਾਨ ਧਿਰ ਨੂੰ ਮਿਲੀ ਹੈ। ਪਰ ਜਿਸ ਥਾਂ 'ਤੇ ਮਸਜਿਦ ਦਾ ਗੁੰਬਦ ਸੀ। ਉਹ ਹਿੰਦੂਆਂ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਹੈ। ਉਸ ਨੂੰ ਅਦਾਲਤ ਨੇ 2-1 ਦੇ ਬਹੁਮਤ ਨਾਲ ਰਾਮ ਦਾ ਜਨਮ ਸਥਾਨ ਮੰਨਿਆ ਹੈ। ਆਰ ਐਸ ਐਸ ਆਪਣੇ ਸਾਰੇ ਸੰਗਠਨਾਂ ਨਾਲ ਇਸ ਗੱਲ ਦਾ ਪ੍ਰਚਾਰ ਕਰ ਰਹੀ ਹੈ ਕਿ ਭਾਰਤੀ ਪੁਰਾਤਣ ਸਰਵੇਖਣ ਵਿਭਾਗ ਦੀ ਰਿਪੋਰਟ ਦੇ ਅਧਾਰ 'ਤੇ ਅਦਾਲਤ ਨੇ ਉਸ ਥਾਂ ਨੂੰ ਰਾਮ ਦਾ ਜਨਮ ਸਥਾਨ ਮੰਨਿਆ ਹੈ। ਪਰ ਅਸਲ 'ਚ ਪੁਰਾਤਤਵ ਵਿਭਾਗ ਦੀ ਰਿਪੋਰਟ ਅਜਿਹਾ ਕੁਝ ਵੀ ਨਹੀਂ ਕਹਿੰਦੀ ਹੈ। ਉਲਟਾ ਜੱਜਾਂ ਨੇ ਆਪਣੇ ਫੈਸਲੇ 'ਚ ਸਪੱਸ਼ਟ ਦੌਰ 'ਤੇ ਮੰਨਿਆ ਹੈ ਕਿ ਉਹ ਉਸ ਨੂੰ ਰਾਮ ਦਾ ਜਨਮ ਸਥਾਨ ਇਸ ਲਈ ਮੰਨ ਰਹੇ ਹਨ ਕਿਉਂਕਿ ਕਈ ਦਹਾਕਿਆਂ ਤੋਂ ਹਿੰਦੂ ਉਸ ਨੂੰ ਰਾਮ ਦਾ ਜਨਮ ਥਾਂ ਮੰਨਦੇ ਹਨ। ਯਾਨੀ ਫੈਸਲੇ ਦਾ ਅਧਾਰ ਇਤਿਹਾਸਕ ਜਾਂ ਪੁਰਾਤਤਵ ਤੱਥ ਨਹੀਂ ਹੈ ਬਲਕਿ ਧਾਰਮਕ ਬਹੁਗਿਣਤੀ ਦੀ ਆਸਥਾ ਨੂੰ ਬਣਾਇਆ ਗਿਆ ਹੈ।

ਇਸ ਵਾਰੀ ਕੋਈ ਦੰਗਾ ਕਿਉਂ ਨਹੀਂ ਭੜਕਿਆ? ਇਸ ਫੈਸਲੇ ਦੇ ਆਉਣ ਤੋਂ ਪਹਿਲਾਂ ਦੇਸ਼ 'ਚ ਸਰਕਾਰ ਨੇ ਸੁਰਖਿਆ ਪ੍ਰਬੰਦ ਨੂੰ ਮਜ਼ਬੂਤ ਕਰਨ ਦੀ ਮਸ਼ਕ ਸ਼ੁਰੂ ਕਰ ਦਿਤੀ ਸੀ। ਇਸ ਵਾਰੀ ਕੋਈ ਦੰਗਾ ਜਾਂ ਉਥਲ ਪੁਥਲ ਕਰਵਾ ਸਕਣਾ ਸੰਭਵ ਨਹੀਂ ਸੀ। ਅਯੋਧਿਆ ਸਬੰਧੀ ਜੋ ਸਭ ਤੋਂ ਵਧ ਧਰੁਵੀਕਰਨ ਕੀਤਾ ਜਾ ਸਕਦਾ ਸੀ। ਉਹ 1990 ਤੋਂ 1992 ਦੇ ਦੌਰ 'ਚ ਭਾਜਪਾ ਕਰਕੇ ਦੇਖ ਚੁੱਕੀ ਹੈ। 1992 ਤੋਂ 2010 ਵਿਚਕਾਰ ਕਾਫੀ ਪਾਣੀ ਚੁੱਕਿਆ ਹੈ। ਅਯੋਧਿਆ ਸਬੰਧੀ ਹੁਣ ਉਹੀ ਲਹਿਰ ਪੈਦਾ ਕਰ ਸਕਣਾ ਸੰਭਵ ਨਹੀਂ ਸੀ। ਇਸ ਨੂੰ ਸੰਘ ਪ੍ਰੀਵਾਰ ਤੇ ਭਾਜਪਾ ਚੰਗੀ ਤਰ੍ਹਾਂ ਸਮਝ ਰਹੇ ਹਨ। ਇਸ ਲਈ ਫੈਸਲਾ ਆਉਣ ਪਿਛੋਂ ਆਰ ਐਸ ਐਸ ਦੇ ਸੰਚਾਲਕ ਮੋਹਨ ਭਾਗਵਤ ਨੇ ਇਕ ਕਾਫੀ ਸਹਿਜ ਤੇ ਲਚਕੀਲਾ ਦਿੱਸਣ ਵਾਲਾ ਬਿਆਨ ਦਿੱਤਾ ਅਤੇ ਕਿਹਾ ਕਿ ਇਹ ਕਿਸ ਦੀ ਹਾਰ ਜਾਂ ਜਿੱਤ ਨਹੀਂ ਹੈ। ਪਰ ਉਸ ਦੇ ਨਾਲ ਆਪਣੀ ਫਿਰਕੂ ਤੇ ਫਾਸੀਵਾਦੀ ਵਿਚਾਰਧਾਰਾ ਵੀ ਜੋੜ ਦਿੱਤੀ। ਉਹਨਾਂ ਕਿਹਾ ਕਿ ਰਾਮ ਸਾਡਾ ਕੌਮੀ ਪ੍ਰਤੀਕ ਹੈ ਅਤੇ ਹੁਣ

ਮੁਸਲਮਾਨਾਂ ਨੂੰ ਵੀ ਸਭ ਕੁਝ ਭੁਲਾ ਕੇ ਰਾਮ ਮੰਦਰ ਦੀ ਉਸਾਰੀ 'ਚ ਸਹਿਯੋਗ ਕਰਨਾ ਚਾਹੀਦਾ ਹੈ। ਪਰ ਇਸ ਦੇ ਬਾਵਜੂਦ ਇਹ ਸੱਚ ਹੈ ਕਿ ਹੁਣ ਮੰਦਰ ਮੁੱਦੇ 'ਤੇ ਵੱਡੀ ਖੇਡ ਖੇਡ ਸਕਣੀ ਸੰਭਵ ਨਹੀਂ ਹੈ। ਲੋਕ ਸੰਘ ਪ੍ਰੀਵਾਰ ਦੇ ਮੰਦਰ ਪ੍ਰੇਮ ਨੂੰ ਦੋ ਦਹਾਕਿਆਂ 'ਚ ਚੰਗੀ ਤਰਾਂ ਪਹਿਚਾਣ ਚੁੱਕੀ ਹੈ। ਇਸ ਲਈ ਅਜਿਹੇ ਕਿਸੇ ਵੀ ਮੁੱਦੇ 'ਤੇ ਉਹ ਧਰੁਵੀਕ੍ਰਿਤ ਨਹੀਂ ਹੋਣ ਲੱਗੀ। ਸੰਘ ਪ੍ਰੀਵਾਰ ਤੋਂ ਇਲਾਵਾ ਸਭ ਪਾਰਟੀਆਂ ਇਸ ਮੁੱਦੇ 'ਤੇ ਰਾਜਨੀਤੀਕਰਣ ਦੀ ਸੰਭਾਵਨਾ ਨੂੰ ਚੰਗੀ ਤਰ੍ਹਾਂ ਸਮਝ ਚੁੱਕੀਆਂ ਸਨ। ਇਸ ਲਈ ਲਗਭਗ ਸਾਰੀਆਂ ਹੀ ਪਾਰਲੀਮਾਨੀ ਪਾਰਟੀਆਂ ਦੇ ਬਿਆਨ ਆਏ ਕਿ ਲੋਕ ਸ਼ਾਂਤੀ ਬਣਾਈ ਰੱਖਣ। ਦੇਸ਼ ਭਰ 'ਚ ਸਭ ਧਰਮਾਂ ਦੇ ਗੁਰੂ ਸਦਭਾਵਨਾ ਯਾਤਰਾ ਆਦਿ ਕੱਢ ਰਹੇ ਸਨ ਅਤੇ ਅਜਿਹਾ ਲੱਗ ਰਿਹਾ ਸੀ ਕਿ ਦੇਸ਼ ਸਦਭਾਵਨਾ ਤੇ ਭਾਈਚਾਰੇ 'ਚ ਡੁੱਬ ਗਿਆ ਹੈ। ਇਸ ਦਾ ਕਾਰਨ ਸਿਰਫ ਏਨਾ ਸੀ ਕਿ ਸਾਰੇ ਪੂੰਜੀਵਾਦੀ ਮਦਾਰੀ ਸਮਝ ਰਹੇ ਸਨ ਕਿ ਇਸ ਵਾਰੀ ਇਸ ਮੁੱਦੇ ਦੀ ਰਾਜਸੀ ਵਰਤੋਂ ਸੰਭਵ ਨਹੀਂ ਹੈ। ਦੂਜਾ ਕਾਰਨ ਲੋਕਾਂ ਦੇ ਮੂਡ ਤੋਂ ਇਲਾਵਾ ਇਸ ਦੇਸ਼ ਦੀਆਂ ਹਾਕਮ ਜਮਾਤਾਂ ਦੇ ਹਿੱਤ ਵਿਚ ਵੀ ਨਹੀਂ ਹੈ। ਕੇਂਦਰ ਦੀ ਯੂ ਪੀ ਏ ਸਰਕਾਰ ਮੰਦਰ ਮੁੱਦੇ ਸਬੰਧੀ ਧਰੁਵੀਕਰਨ ਨਹੀਂ ਚਾਹੁੰਦੀ। ਇਸ ਦਾ ਕਾਰਨ ਕਾਗਰਸ ਦਾ ਸੈਕੂਲਰਵਾਦ ਨਹੀਂ ਹੈ। ਇਹ ਕਿੰਨੀ ਸੈਕੂਲਰ ਹੈ ਇਹ ਤਾਂ ਅਯੋਧਿਆ 'ਚ ਮੰਦਰ ਝਗੜੇ ਦਾ ਇਤਿਹਾਸ ਹੀ ਵਿਖਾ ਦਿੰਦਾ ਹੈ। ਇਸ ਦਾ ਕਾਰਨ ਹੈ ਕਿ ਚੁਣਾਵੀ ਗਣਿਤ 'ਚ ਕਾਂਗਰਸ ਦੀ ਗਿਟੀਆ ਚੰਗੀ ਤਰ੍ਹਾਂ ਸੈਟ ਹਨ। ਇਹ ਸਤੁੰਲਨ ਮੰਦਰ ਮੁੱਦੇ 'ਤੇ ਸ਼ਾਂਤੀ ਭੰਗ ਹੋਣ ਨਾਲ ਵਿਗੜ ਸਕਦਾ ਹੈ ਤੇ ਭਾਜਪਾ ਦੀ ਡੁੱਬ ਰਹੀ ਕਿਸ਼ਤੀ ਅਚਾਨਕ ਉਭਰ ਕੇ ਹਾਵੀ ਹੋ ਸਕਦੀ ਹੈ। ਇਸ ਲਈ ਕਾਂਗਰਸ ਵੀ ਇਸ ਤਰ੍ਹਾਂ ਨਾਲ ਇਸ ਮੁੱਦੇ ਨੂੰ ਗਰਮ ਹੋਣ ਤੋਂ ਬਚਾਉਣ 'ਚ ਲੱਗੀ ਹੋਈ ਸੀ। ਉਤਰ ਪ੍ਰਦੇਸ਼ 'ਚ ਮਾਇਆਵਤੀ ਦੀ ਸਰਕਾਰ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਰਹੀ ਸੀ ਕਿ ਇਕ ਵਾਰੀ ਜਾਤੀ ਦੀ ਰਾਜਨੀਤੀ 'ਤੇ ਧਰਮ ਦੀ ਰਾਜਨੀਤੀ ਹਾਵੀ ਹੋਣ ਦਾ ਖਮਿਆਜਾ ਸੂਬੇ 'ਚ ਜਾਤੀਗਤ ਰਾਜਨੀਤੀ 'ਤੇ ਨਿਰਭਰ ਸਭ ਪਾਰਟੀਆਂ ਨੂੰ ਉਠਾਉਣਾ ਪਿਆ ਸੀ। (ਜਿਸ ਨੂੰ ਟਕਸਾਲੀ ਪੱਤ੍ਰਕਾਰ 'ਮੰਡਲ 'ਤੇ ਮੰਦਰ ਦੇ ਹਾਵੀ ਹੋਣ' ਦਾ ਨਾਂ ਦਿੰਦੇ ਹਨ) ਜੇ ਅਜਿਹਾ ਫਿਰ ਹੁੰਦਾ ਹੈ ਤਾਂ ਮਾਇਆਵਤੀ ਨੂੰ ਮੁੱਖ ਤੌਰ 'ਤੇ ਇਸ ਦਾ ਰਾਜਸੀ ਨੁਕਸਾਨ ਉਠਾਉਣਾ ਪੈਂਦਾ। ਇਸ ਲਈ ਉੱਤਰ ਪ੍ਰਦੇਸ਼ 'ਚ ਵੀ ਮੰਦਰ ਮੁੱਦੇ ਨੂੰ ਲੈ ਕੇ ਸ਼ਾਂਤੀ ਭੰਗ ਹੋਣ ਤੋਂ ਰੋਕਣ ਲਈ ਮਾਇਆਵਤੀ ਨੇ ਖੂਬ ਇੰਤਜਾਮ ਕੀਤੇ ਸਨ। ਤੀਜੀ ਤੇ ਆਖਰੀ ਗੱਲ ਇਹ ਹੈ ਕਿ ਦੇਸ਼ ਦੀਆਂ ਹਾਕਮ ਜਮਾਤਾਂ ਨੇ ਅਜਿਹੇ ਕਿਸੇ ਧਾਰਮਿਕ ਧਰੁਵੀਕਰਨ ਦੀ ਫਿਲਹਾਲ ਲੋੜ ਵੀ ਨਹੀਂ ਹੈ। ਤੁਸੀ ਯਾਦ ਕਰ ਸਕਦੇ ਹੋ ਕਿ ਜਦੋਂ ਵੀ ਮੰਦਰ ਵਿਵਾਦ ਨੂੰ ਦੰਗੇ-ਫਸਾਦਾਂ 'ਚ ਤਬਦੀਲ ਕਰਕੇ ਲੋਕਾਂ ਨੂੰ ਪਾੜਿਆ ਗਿਆ ਤਾਂ ਉਦੋਂ ਦੇਸ਼ ਕਿਸੇ ਰਾਜਸੀ ਜਾਂ ਆਰਥਕ ਸੰਕਟ ਦਾ ਸ਼ਿਕਾਰ ਸੀ। 1949 'ਚ ਜਦ ਕੁਝ ਫਿਰਕੂ ਫਾਸ਼ੀਵਾਦੀ ਤੱਤਾਂ ਨੇ ਬਾਬਰੀ ਮਸਜਿਦ ਦੇ ਗੁੰਬਦ ਹੇਠਾਂ ਰਾਮ ਦੀਆਂ ਮੂਰਤੀਆਂ ਰੱਖ ਦਿੱਤੀਆਂ ਸਨ। ਉਸ ਵੇਲੇ ਸੱਤਾ ਬਦਲੀ ਪਿਛੋਂ ਦੇਸ਼ ਦੀ ਦਲਾਲ ਸਰਮਾਏਦਾਰੀ ਦੀ ਸੱਤਾ ਅਜੇ ਸਥਿਰ ਹੋਣ ਦੇ ਅਮਲ 'ਚ ਸੀ ਅਤੇ ਦੇਸ਼ ਦੇ ਕਈ ਹਿੱਸਿਆਂ 'ਚ ਕਿਸਾਨ ਸੰਘਰਸ਼

ਚਲ ਰਹੇ ਸਨ। ਦੇਸ਼ ਡਰ ਦੀ ਹਾਲਤ ’ਚ ਸੀ। 1986 ’ਚ ਜਦ ਮਸਜਿਦ ਦਾ ਤਾਲਾ ਖੁਲਵਾਇਆ ਤੇ ਪਿਛੋਂ ਸ਼ਿਲਾ ਨਿਆਸ ਹੋਇਆ ਤਦ ਵੀ ਦੇਸ਼ ਭਿਅੰਕਰ ਆਰਥਕ ਸੰਕਟ ਵਿਚੋਂ ਦੀ ਲੰਘ ਰਿਹਾ ਸੀ। ਬੇਰੁਜ਼ਗਾਰੀ ਭਿਅੰਕਰ ਰੂਪ ਅਖਤਿਆਰ ਕਰ ਚੁੱਕੀ ਸੀ। ਸਿਕੇ ਦੇ ਫੈਲਾਅ ਦਾ ਬੁਰਾ ਹਾਲ ਸੀ ਤੇ ਵਿਦੇਸ਼ੀ ਕਰਜੇ ਨਾਲ ਦੇਸ਼ ਦਾ ਅਰਥਚਾਰਾ ਡਗ ਮਗਾ ਰਿਹਾ ਸੀ। 1990 ਦੇ ਦਹਾਕੇ ਦੇ ਸ਼ੁਰੂ ’ਚ ਜਦ ਮੰਡਲ ਤੇ ਮੰਦਰ ਦੋਹਾਂ ਦਾ ਮੁੱਦਾ ਉਛਾਲਿਆ ਗਿਆ ਤਾਂ ਦੇਸ਼ ਦਾ ਅਰਥਚਾਰਾ ਡਾਵਾਂ ਡੋਲ ਸੀ। ਦੇਸ਼ ਦਾ ਸੋਨਾ ਗਹਿਣੇ ਰਖਿਆ ਜਾ ਚੁੱਕਿਆ ਸੀ। ਮਹਿੰਗਾਈ ਅਕਾਸ਼ ਛੂਹ ਰਹੀ ਸੀ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਗਰੀਬੀ ਨਾਲ ਦੇਸ਼ ਦੇ ਲੋਕ ਗੁੱਸੇ ਸਨ। ਇਹ ਸਾਰੇ ਮੌਕੇ ਅਜਿਹੇ ਸਨ ਜਿਸ ’ਚ ਹਾਕਮ ਜਮਾਤਾਂ ਨੂੰ ਇਸ ਗੱਲ ਦੀ ਲੋੜ ਸੀ ਕਿ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕੀਤਾ ਜਾਵੇ ਜਿੰਨਾ ਦਾ ਉਹਨਾਂ ਦੀ ਜ਼ਿੰਦਗੀ ’ਤੇ ਅਸਰ ਪੈਂਦਾ ਹੈ। ਇਸ ਲਈ ਧਾਰਮਕ ਜਨੂੰਨ ਤੇ ਜਾਤੀਵਾਦ ਦੇ ਕਾਰਡਾਂ ਦੀ ਵੱਖ-ਵੱਖ ਸਮਿਆਂ ’ਤੇ ਵਰਤੋਂ ਕੀਤੀ ਗਈ। ਇਸ ਬਾਰੇ ਅਯੋਧਿਆ ਸਬੰਧੀ ਅਦਾਲਤ ਦਾ ਫੈਸਲਾ ਆਉਣ ਤੋਂ ਪਹਿਲਾਂ ਅਜਿਹੀ ਕੋਈ ਸੰਕਟ ਦੀ ਹਾਲਤ ਨਹੀਂ ਹਾਲਾਂਕਿ ਅਜੇ ਵਿਸ਼ਵੀ ਆਰਥਕ ਸੰਕਟ ਦੇ ਝਟਕੇ ਆਉਣੇ ਹਨ। ਪਰ ਵਿਸ਼ਵੀ ਵਿੱਤੀ ਬਾਜਾਰ ਨਾਲ ਘਟ ਸਮੇਕਤ ਹੋਣ ਕਰਕੇ ਭਾਰਤੀ ਅਰਥਚਾਰੇ ਦੇ ਵਾਧੇ ’ਤੇ ਉਸ ਦਾ ਅਸਰ ਫੋਰੀ ਤੌਰ ’ਤੇ ਵਿਨਾਸ਼ਕਾਰੀ ਨਹੀਂ ਹੈ। ਪਿੱਛੇ ਦੋ ਕਾਰਜਕਾਲ ਤੋਂ ਯੂ ਪੀ ਏ ਸਰਕਾਰ ਸਥਿਰਤਾ ਦੇ ਨਾਲ ਕਾਬਜ ਹੈ ਤੇ ਅਜੇ ਇਸ ਨੂੰ ਕੋਈ ਖਤਰਾ ਨਹੀਂ ਦਿੱਸਦਾ। ਦਿੱਕਤਾ ਤਾਂ ਹਨ ਪਰ ਸੰਕਟ ਕੋਈ ਹੈ ਨਹੀਂ। ਅਜਿਹੀ ਹਾਲਤ ’ਚ ਹਾਕਮਾਂ ਨੂੰ ਧਰਮ ਜਨੂੰਨ ਰਾਹੀਂ ਲੋਕਾਂ ਦਾ ਧਿਆਨ ਵੰਡਣ ਤੇ ਧਰੁਵੀਕਰਨ ਦੀ ਕੋਈ ਲੋੜ ਨਹੀਂ ਹੈ। ਉਲਟਾ ਇਸ ਨਾਲ ਨੁਕਸਾਨ ਹੋ ਸਕਦਾ ਹੈ। ਰਾਸ਼ਟਰਮੰਡਲ ਖੇਡਾਂ ਵੀ ਚਲ ਰਹੀਆਂ ਸਨ। ਜਿਸ ਰਾਹੀਂ ਦੇਸ਼ ਦੇ ਨੇਤਾ ਸ਼ਾਹੀ-ਨੌਕਰਸ਼ਾਹ ਤੇ ਸਰਮਾਏਦਾਰ ਅਰਬਾਂ ਰੁਪਏ ਇਕੱਠੇ ਕਰ ਰਹੇ ਹਨ। ਵਿਦੇਸ਼ੀ ਨਿਵੇਸ਼ ਲਈ ਦਿੱਲੀ ਨੂੰ ਪੇਸ਼ ਕਰਨ ਦੀ ਪੂਰੀ ਤਿਆਰੀ ਹੈ। ਅਜਿਹੀ ਹਾਲਤ ’ਚ ਕੋਈ ਵੀ ਦੰਗਾ ਵਿਦੇਸ਼ੀ ਨਿਵੇਸ਼ ਨੂੰ ਘਟਾ ਸਕਦਾ ਹੈ। ਮੌਜੂਦਾ ਵਿੱਤੀ ਸੰਕਟ ਦੇ ਆਉਣ ਨੂੰ ਵਧ ਤੋਂ ਵੱਧ ਟਾਲਣ ਲਈ ਦੇਸ਼ ਦੀ ਦਲਾਲ ਸਰਮਾਏਦਾਰੀ ਨੂੰ ਇਸ ਨਿਵੇਸ਼ ਦੀ ਨਿਰੰਤਰ ਲੋੜ ਹੈ। ਇਸ ’ਚ ਇਹ ਕੋਈ ਅੜਿੱਕਾ ਨਹੀਂ ਚਾਹੁੰਦਾ ਹਾਕਮ ਧਿਰ ਨੂੰ ਮੰਦਰ ਮੁੱਦੇ ’ਤੇ ਕਿਸੇ ਧਰੁਵੀਕਰਨ ਦੀ ਲੋੜ ਨਹੀਂ ਸੀ। ਉਕਤ ਤਿੰਨ ਕਾਰਨਾਂ ਕਰਕੇ ਮੰਦਰ ਮੁੱਦੇ ’ਤੇ ਕੋਈ ਦੰਗਾ ਭੜਕਾਉਣ ਦਾ ਕੰਮ ਨਹੀਂ ਹੋਇਆ।

# ਬਿਹਾਰ ਦੇ ਦੋ ਤਾਸਦਿਕ ਪਹਿਲੂ- ਹੜ੍ਹ ਤੇ ਅਕਾਲ ਕਿਵੇਂ?

ਆਫਤ (ਡਿਜਾਸਟਰ) ਦਾ ਡਿਕਸ਼ਨਰੀ ਅਰਥ ਇਕ ਅਜਿਹੀ ਘਟਨਾ ਵੱਲ ਇਸ਼ਾਰਾ ਕਰਦਾ ਹੈ ਜੋ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਆਉਂਦੀ ਹੈ ਅਤੇ ਇਸ ਤੋਂ ਪਹਿਲਾਂ ਕਿ ਉਸ ਨਾਲ ਨਿਪਟਿਆ ਜਾਵੇ, ਉਹ ਨੁਕਸਾਨ ਕਰਕੇ ਚਲੀ ਜਾਂਦੀ ਹੈ। ਬਿਹਾਰ ਬਾਰੇ ਜੇ ਗੱਲ ਕਰੀਏ ਤਾਂ ਇਥੋਂ ਦੀਆਂ ਕੁਦਰਤੀ ਆਫਤਾਂ ਪਾਣੀ ਦੁਆਲੇ ਘੁੰਮਦੀਆਂ ਹਨ। ਇਥੋਂ ਦਾ ਔਸਤ ਮੀਂਹ 1250 ਮਿ.ਮੀ ਦੇ ਆਸ ਪਾਸ ਰਹਿੰਦਾ ਹੈ। ਪਰ ਇਹ ਕਦੀ ਇਕੋ ਜਿਹਾ ਨਹੀਂ ਰਹਿੰਦਾ। ਇਸ ਵਿੱਚ ਥੋੜ੍ਹੀ ਜਿਹੀ ਕਮੀ ਜਾਂ ਮੀਂਹਾਂ ਦੇ ਵਿਚਕਾਰਲੇ ਸਮੇਂ 'ਚ ਵਾਧਾ ਸੋਕੇ ਨੂੰ ਜਨਮ ਦਿੰਦਾ ਹੈ ਤਾਂ ਵਰਖਾ 'ਚ ਥੋੜ੍ਹਾ ਜਿੰਨਾ ਵੀ ਵਾਧਾ ਤੇ ਬਾਰਸ਼ਾਂ ਤੇ ਵਿਚਕਾਰਲੇ ਸਮੇਂ 'ਚ ਕਮੀ ਹੜ੍ਹ ਲੈ ਆਉਂਦੀ ਹੈ। ਸੋਕੇ ਨਾਲ ਨਿਪਟਣ ਲਈ ਸਿੰਚਾਈ ਦੇ ਕਾਰਗਰ ਪ੍ਰਬੰਧ ਦੀ ਲੋੜ ਪੈਂਦੀ ਹੈ ਅਤੇ ਹੜ੍ਹ ਨਾਲ ਜੂਝਣ ਲਈ ਵਿਵਸਥਾ ਉਸ 'ਤੇ ਕਾਬੂ ਰੱਖਦੀ ਹੈ। ਜੇ ਇਹ ਦੋਨੋ ਯਤਨ ਸਫਲ ਹੋ ਜਾਣ ਤਾਂ ਆਫਤਾਂ ਬਿਹਾਰ ਦਾ ਖਹਿੜਾ ਛੱਡ ਦੇਣਗੀਆਂ। ਪਰ ਇਸ ਮੋਰਚੇ 'ਤੇ ਇਹ ਸੂਬਾ 1947 ਵੇਲੇ ਜਿਥੇ ਖੜ੍ਹਾ ਸੀ, ਹੁਣ ਵੀ ਉਥੇ ਹੀ ਖੜ੍ਹਾ ਹੈ। ਰਾਜ ਦੀਆਂ ਵੱਡੀਆਂ ਸਿੰਚਾਈ ਯੋਜਨਾਵਾਂ 'ਚ ਜਿਹਨਾਂ ਦਾ ਕਮਾਨ ਖੇਤਰ 10,000 ਹੇਕਟੇਅਰ ਤੋਂ ਵੱਧ ਹੈ, ਉਤਰ ਬਿਹਾਰ ਦੀ ਕੋਸੀ ਤੇ ਗੰਡਕ ਪ੍ਰੋਜੈਕਟਾਂ ਤੇ ਦੱਖਣੀ ਬਿਹਾਰ ਦੀਆਂ ਸੋਨ ਨਹਿਰਾਂ ਦਾ ਨੈਟਵਰਕ ਸ਼ਾਮਲ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਸਿੰਚਾਈ ਪ੍ਰੋਜੈਕਟ ਮੱਧ ਦਰਜੇ 'ਚ ਆਉਂਦੇ ਹਨ। ਉਹਨਾਂ ਦਾ ਕਮਾਨ ਖੇਤਰ 2000 ਹੇਕਟੇਅਰ ਤੋਂ ਲੈ ਕੇ 10000 ਹੇਕਟੇਅਰ ਤੱਕ ਹੈ ਅਤੇ ਸੈਂਕੜੇ ਲਘੂ ਸਿੰਚਾਈ ਪ੍ਰੋਜੈਕਟ ਵੀ ਸੂਬੇ 'ਚ ਸਰਗਰਮ ਹਨ। ਰਾਜ ਸਰਕਾਰ ਦੀ ਰਿਪੋਰਟ ਅਨੁਸਾਰ ਰਾਜ 'ਚ ਵੱਡੀਆਂ 'ਤੇ ਦਰਮਿਆਨੇ ਆਕਾਰ ਦੀਆਂ ਯੋਜਨਾਵਾਂ ਨਾਲ 54 ਲੱਖ ਹੇਕਟੇਅਰ ਅਤੇ ਛੋਟੀਆਂ ਸਿੰਚਾਈ ਯੋਜਨਾਵਾਂ ਨਾਲ 49 ਲੱਖ ਹੇਕਟੇਅਰ ਜ਼ਮੀਨ 'ਤੇ ਯਾਨੀ ਕੁਲ 103 ਲੱਖ ਹੇਕਟੇਅਰ ਫਸਲੀ ਖੇਤਰ 'ਤੇ ਸੱਚਾਈ ਸੰਭਵ ਹੈ। ਪਰ ਰਾਜ ਦਾ ਇਕ ਫਸਲੀ ਖੇਤਰ ਅਜੇ ਤੱਕ 56 ਲੱਖ ਹੇਕਟੇਅਰ ਤੇ ਦੋ ਫਸਲੀ ਖੇਤਰ 24 ਲੱਖ ਹੇਕਟੇਅਰ ਯਾਨੀ ਕੁਲ ਮਿਲਾਕੇ 80 ਲੱਖ ਹੇਕਟੇਅਰ ਹੈ। ਦਰਮਿਆਨੀਆਂ ਤੇ ਵੱਡੀਆਂ ਸਿੰਚਾਈ ਯੋਜਨਾਵਾਂ ਨਾਲ ਜਿਸ 54 ਲੱਖ ਹੇਕਟੇਅਰ ਖੇਤਰ 'ਤੇ ਸਿੰਚਾਈ ਸੰਭਵ ਹੈ। 28 ਲੱਖ ਹੇਕਟੇਅਰ ਦੀ ਸਮਰੱਥ ਵਿਰੁੱਧ ਸਿੰਚਾਈ ਹੁੰਦੀ ਹੈ। ਸਿਰਫ 16 ਲੱਖ ਹੇਕਟੇਅਰ 'ਤੇ ਅਤੇ ਇਸ ਵਿਚੋਂ ਵੀ 4.04 ਲੱਖ ਹੇਕਟੇਅਰ ਅੰਗ੍ਰੇਜ਼ ਛੱਡ ਗਏ ਸਨ। ਯਾਨੀ ਪਿਛਲੇ 63 ਸਾਲਾਂ 'ਚ ਸਿਰਫ 12 ਲੱਖ ਹੇਕਟੇਅਰ 'ਤੇ ਸਿੰਚਾਈ ਦੀ ਵਿਵਸਥਾ ਹੋਈ ਜੇ ਇਹ ਰਫਤਾਰ ਕਾਇਮ ਰਹਿੰਦੀ ਹੈ ਤਾਂ ਬਾਕੀ ਦੇ 38 ਲੱਖ ਹੇਕਟੇਅਰ 'ਤੇ ਸਿੰਚਾਈ ਮੁਹੱਈਆ ਕਰਾਉਣ 'ਚ ਸਰਕਾਰ ਨੂੰ ਅਜੇ 200 ਸਾਲ ਹੋਰ ਲੱਗਣਗੇ। ਮੁਹਈਆ ਅੰਕੜਿਆਂ 'ਤੇ ਇਕ ਨਜ਼ਰ ਮਾਰਨ ਤੋਂ ਪਤਾ

ਲੱਗਦਾ ਹੈ ਕਿ ਰਾਜ 'ਚ 1990 ਤੱਕ ਤਾਂ ਸਿੰਚਾਈ ਸਮਰਥਾ ਤੇ ਅਸਲੀ ਸਿੰਚਾਈ ਦੇ ਅੰਕੜੇ ਦੋਨੋ ਹੀ ਵਧਦੇ ਰਹੇ ਪਰ ਉਸ ਪਿਛੋਂ ਸਿੰਚਾਈ ਸਮਰੱਥਾ ਭਾਵੇਂ ਹੀ ਉਪਰ ਵੱਲ ਵਧਦੀ ਰਹੀ ਹੋਵੇ, ਅਸਲ ਸਿੰਚਾਈ ਦਾ ਰਕਬਾ ਉਸ ਦੇ ਬਾਵਜੂਦ ਹੇਠਾਂ ਡਿੱਗਣ ਲੱਗਿਆ। ਰਾਜ ਦੀ ਸਿੰਚਾਈ ਅਤੇ ਹੜ ਕੰਟਰੋਲ 'ਤੇ ਆਪਣੀ ਰਿਪੋਰਟ ਦੇਣ ਲਈ ਨਿਯੁਕਤ ਐਸ ਸੀ ਝਾਅ ਦੀ ਪ੍ਰਧਾਨਗੀ ਵਾਲੀ ਟਾਸਕਫੋਰਸ (2009) ਦਾ ਕਹਿਣਾ ਹੈ ਕਿ ਲਘੂ ਸਿੰਚਾਈ ਪ੍ਰੀਕਲਪਾਂ ਦੀ ਹਾਲਤ ਇਸ ਤੋਂ ਵੀ ਵੱਧ ਬੁਰੀ ਹੈ (ਜਲ ਵਸੀਲਿਆਂ) ਦੇ ਵਿਭਾਗ (ਲਘੂ ਸਿੰਚਾਈ) ਦੀ ਰਿਪੋਰਟਾਂ ਤੋਂ ਇਹ ਅੰਦਾਜਾ ਲੱਗਦਾ ਹੈ ਕਿ 2000 ਤੱਕ ਰਾਜ ਵਿੱਚ 2,22000 ਹੇਕਟੇਅਰ ਖੇਤਰ 'ਤੇ ਸਿੰਚਾਈ ਸਮਰੱਥਾ ਇਕੱਠੀ ਕੀਤੀ ਗਈ ਜਿਸ ਵਿਚੋਂ 84000 ਹੇਕਟੇਅਰ ਸਮੂਹੀ ਖੇਤਰਾਂ ਤੋਂ ਅਤੇ 1,32,200 ਹੇਕਟੇਅਰ ਖੇਤਰ ਲਿਫਟ ਇਰੀਗੇਸ਼ਨ ਦੀਆਂ ਯੋਜਨਾਵਾਂ ਤੇ ਬਿਜਲੀ ਚਲਿਤ ਪੰਪਾਂ ਦੇ ਅਧੀਨ ਸੀ। ਪਰ ਰਿਪੋਰਟਾਂ ਅਨੁਸਾਰ ਜੋ ਸਤਰੀ ਸਿੰਚਾਈ ਯੋਜਨਾਵਾਂ ਹਨ ਉਹ 60 ਫੀਸਦੀ ਤੋਂ ਵੱਧ ਸਮਰਥਾ 'ਤੇ ਕੰਮ ਨਹੀਂ ਕਰ ਸਕਦੀਆਂ ਤੇ ਲਿਫਟ ਇਰੀਗੇਸ਼ਨ ਦੀਆਂ ਯੋਜਨਾਵਾਂ ਦੀ ਯੋਗਦਾਨ ਤਾਂ ਸਿਰਫ 10 ਫੀਸਦੀ ਹੀ ਹੈ। ਮਸ਼ੀਨਾਂ ਦਾ ਪੁਰਾਣਾ ਹੋ ਜਾਣਾ, ਬਿਜਲੀ ਸਪਲਾਈ 'ਚ ਬੇ ਨਿਯਮੀ (ਅਨਿਸਚਤਤਾ), ਅਸਮਰੱਥ ਪ੍ਰਬੰਧ ਤੇ ਵਰਤੋਂ ਕਰਨ ਵਾਲਿਆਂ ਦੀ ਉਦਾਸੀਨਤਾ ਆਦਿ ਵਜ੍ਹਾ ਕਰਕੇ ਇਹਨਾਂ ਸਹੂਲਤਾਂ ਦੀ ਵਰਤੋਂ ਨਹੀਂ ਹੁੰਦੀ। ਰਾਜ ਦੀ ਵੰਡ ਸਮੇਂ ਸਾਲ 2000 'ਚ ਲਿਫਟ ਇਰੀਗੇਸ਼ਨ ਦੀਆਂ ਕੁਲ 2316 ਯੋਜਨਾਵਾਂ ਹੀ ਸਨ। ਜਿਹਨਾਂ 'ਚੋਂ 679 ਬਿਜਲੀ ਦੇ ਦੋਸ਼ਾਂ ਕਾਰਨ ਕੰਮ ਨਹੀਂ ਕਰ ਸਕੀਆਂ ਸਨ। ਇਸ ਤੋਂ ਇਲਾਵਾ 221 ਯੋਜਨਾਵਾਂ ਅਜਿਹੀਆਂ ਸਨ ਜੋ ਨਦੀ ਦੇ ਸੰਪਵੇਲ ਤੋਂ ਦੂਰ ਖਿਸਕ ਜਾਣ ਕਰਕੇ ਜਾਂ ਸੰਪ-ਵੇਲ ਦੇ ਬਾਲੂ 'ਚ ਦਫਨ ਹੋ ਜਾਣ ਕਰਕੇ ਬੇਕਾਰ ਹੋ ਗਈਆਂ। 104 ਦੇ ਕੰਮ ਨਾ ਕਰਨ ਪਿਛੋਂ ਯਾਂਤ੍ਰਿਕ ਦੋਸ਼ ਸਨ। ਇਸ ਤਰ੍ਹਾਂ ਲੈ-ਦੇ ਕੇ 482 ਯੋਜਨਾਵਾਂ (21 ਫੀਸਦੀ) ਹੀ ਕਾਰਜਕਾਰੀ ਹਨ। ਰਾਜ 'ਚ ਉਸ ਸਮੇਂ 5558 ਟਿਊਬਵੈਲ ਸਨ। ਜਿਹਨਾਂ 'ਚੋਂ 51222 ਨੂੰ ਹੀ ਬਿਜਲੀ ਮਿਲ ਸਕੀ। ਇਹਨਾਂ ਸਰਕਾਰੀ ਟਿਊਬਵੈਲਾਂ ਦੀ ਕਾਰਜਯੋਗਤਾ ਵੀ ਉਤਸ਼ਾਹਜਨਕ ਨਹੀਂ ਹੈ। ਇਹਨਾਂ 'ਚੋਂ 2886 ਸੈੱਟ ਬਿਜਲੀ ਦੇ ਨੁਕਸਾਂ ਕਾਰਨ ਕੰਮ ਨਹੀਂ ਕਰਦੇ। 85 ਯਾਂਤਰਿਕ ਕਾਰਨਾਂ ਕਰਕੇ ਬੇਕਾਰ ਪਏ ਹਨ ਅਤੇ 302 ਲਈ ਟ੍ਰਾਂਸਫਾਰਮਰਾਂ ਦਾ ਕੰਮ ਨਾ ਕਰਨਾ ਰੁਕਾਵਟ ਪਾਉਂਦਾ ਹੈ। ਲਘੂ ਸਿੰਚਾਈ ਵਿਭਾਗ ਦੀ ਸਲਾਨਾ ਰਿਪੋਰਟ (2000) ਅਨੁਸਾਰ 1,12000 ਹੇਕਟੇਅਰ ਦੀ ਸਿੰਚਾਈ ਸਮਰੱਥਾ ਦੀ ਥਾਂ 'ਤੇ 1990-2000 'ਚ ਅਸਲੀ ਖੇਤਰ 19468 ਹੇਕਟੇਅਰ ਹੀ ਹੋ ਸਕਿਆ। ਅੱਜ ਵੀ ਸੂਬੇ 'ਚ ਲਘੂ ਸਿੰਚਾਈ ਦੀ ਹਾਲਤ ਕੋਈ ਵੱਖਰੀ ਨਹੀਂ ਹੈ। ਬਿਹਾਰ ਹੁਣ (ਝਾਰਖੰਡ) ਦਾ ਗਠਨ ਟ੍ਰਾਈਬਲ ਸਬ ਪਲਾਨ ਅਧੀਨ 1975 'ਚ ਕੀਤਾ ਗਿਆ ਸੀ। ਇਸ ਯੋਜਨਾ ਅਧੀਨ ਝਾਰਖੰਡ ਦੇ ਆਦੀਵਾਸੀ ਖੇਤਰਾਂ 'ਚ 394 ਲਿਫਟ ਇਰੀਗੇਸ਼ਨ ਯੋਜਨਾਵਾਂ ਲਾਈਆਂ ਗਈਆਂ ਸਨ। ਤਟੀਬੰਨਾ 'ਚ ਕੈਦ ਨਦੀਆਂ ਸਬੰਧੀ ਜੇ ਉਤਰ ਪ੍ਰਦੇਸ਼ ਜਿਥੇ ਕਿ ਸ਼ੁਰੂਆਤੀ ਬ੍ਰਿਟਿਸ਼ ਦੌਰ ਤੋਂ ਆਧੁਨਿਕ ਸ਼ਹਿਰਾਂ ਦਾ ਜਾਲ ਬਿਛਣਾ ਸ਼ੁਰੂ ਹੋਇਆ। ਇਸ ਗੱਲ 'ਤੇ ਮਾਣ ਕਰਦਾ ਹੈ ਕਿ ਸਿੰਚਾਈ

ਦੇ ਖੇਤਰ ਵਿਚ ਉਥੇ ਮਾਰਗ ਦਰਸ਼ਨ ਦਾ ਕੰਮ ਸ਼ੁਰੂ ਹੋਇਆ ਤਾਂ 1947 ਪਿਛੋਂ ਵਾਲੇ ਸਮੇਂ 'ਚ ਹੜ੍ਹ ਕੰਟਰੋਲ ਦੇ ਖੇਤਰ ਵਿਚ ਬਿਹਾਰ ਨੂੰ ਉਹੀ ਰੁਤਬਾ ਹਾਸਲ ਹੈ। ਕੌਮੀ 'ਤੇ ਤਟਬੰਨਾ ਦੀ ਉਸਾਰੀ ਦੇ ਨਾਲ 1955 'ਚ ਇਸ ਦੀ ਇਕ ਧਮਾਕੇਦਾਰ ਸ਼ੁਰੂਆਤ ਹੋਈ। ਆਉਣ ਵਾਲੇ ਦਹਾਕੇ 'ਚ ਤਟਬੰਨਾ ਦੀ ਉਸਾਰੀ ਦੇ ਵੱਡੇ-ਵੱਡੇ ਕੰਮ ਹੋਏ ਜਿਹਨਾਂ ਦੀ ਵਜ੍ਹਾ ਕਰਕੇ ਵੱਡੀ ਗਿਣਤੀ 'ਚ ਲੋਕ ਤਟਬੰਨਾ ਅਤੇ ਨਦੀ ਵਿਚਕਾਰ ਫਸ ਗਏ ਰਾਜ 'ਚ 1952 'ਚ ਨਦੀਆਂ ਕਿਨਾਰ ਦੇ ਬੰਨਾ ਦੀ ਲੰਬਾਈ 160 ਕਿਲੋ ਮੀਟਰ ਸੀ ਅਤੇ ਰਾਜ ਦੀ ਵੰਡ ਤੱਕ ਵਧਦੇ ਵਧਦੇ ਇਸ 'ਚ 3244 ਕਿਲੋਮੀਟਰ ਦੀ ਲੰਬਾਈ ਹੋਰ ਜੁੜ ਗਈ। ਰਾਜ ਦੀ ਵੰਡ ਪਿਛੋਂ 24 ਕਿਲੋਮੀਟਰ ਲੰਬੇ ਤਟਬੰਨ ਪਿਛੇ 10 ਸਾਲਾਂ 'ਚ ਰੁੜ ਗਏ। ਵੰਡ ਸਮੇਂ ਰਾਜ 'ਚ 3440 ਕਿਲੋ ਮੀਟਰ ਲੰਬੇ ਤੱਟੀ ਬੰਨ ਮੌਜੂਦ ਸਨ ਜਿਨਾਂ 'ਚੋਂ 2962 ਕਿਲੋਮੀਟਰ ਲੰਬਾਈ ਉਤਰ ਬਿਹਾਰ 'ਚ ਅਤੇ ਬਾਕੀ ਲੰਬਾਈ ਦੱਖਣੀ ਬਿਹਾਰ 'ਚ ਪੈਂਦੀ ਹੈ। ਪਰ ਇਹਨਾਂ ਤੱਟੀ ਬੰਨਾ ਦੀ ਵਧਦੀ ਲੰਬਾਈ ਦੇ ਨਾਲ ਰਾਜ ਦਾ ਹੜ੍ਹ ਪ੍ਰਭਾਵਿਤ ਖੇਤਰ ਵੀ ਉਸੇ ਅਨੁਪਾਤ 'ਚ ਵਧਿਆ ਹੈ। ਜਿਸ ਦਾ ਮਤਲਬ ਇਹ ਨਿਕਲਦਾ ਹੈ ਕਿ ਇਹਨਾਂ ਤੱਟੀ ਬੰਨਾ ਨੇ ਹੜ੍ਹ ਤੋਂ ਰਖਿਆ ਕਰਨ ਦੀ ਥਾਂ ਅਸਲ 'ਚ ਉਹਨਾਂ ਨੂੰ ਵਧਾਉਣ ਦਾ ਕੰਮ ਹੀ ਕੀਤੈ। ਰਾਜ ਸਰਕਾਰ ਇਹ ਦਾਅਵਾ ਕਰਦੀ ਹੈ ਕਿ ਤੱਟੀ ਬੰਨਾ ਦੀ ਉਸਾਰੀ ਕਰਕੇ 2 ਲੱਖ ਹੇਕਟੇਅਰ ਜ਼ਮੀਨ ਨੂੰ ਹੜ੍ਹ ਤੋਂ ਬਚਾਇਆ ਹੈ। ਇਸ ਸੁਰਖਿਅਤ ਜ਼ਮੀਨ 'ਚ 27 ਲੱਖ ਹੇਕਟੇਅਰ ਜ਼ਮੀਨ ਨੂੰ ਉਤਾਰ ਬਿਹਾਰ 'ਚ ਅਤੇ ਦੋ ਲੱਖ ਹੇਕਟੇਅਰ ਜ਼ਮੀਨ ਦੱਖਣੀ ਬਿਹਾਰ 'ਚ ਹੈ। ਸੰਨ 1990 ਦੇ ਪਿਛੋਂ ਤੋਂ ਤੱਟੀ ਬੰਨਾ ਦੀ ਲੰਬਾਈ ਤੇ ਹੜ੍ਹ ਸੁਰਖਿਅਤ ਖੇਤਰ ਵਿਚ 2006 ਤੱਕ ਕੋਈ ਵਾਧਾ ਨਹੀਂ ਹੋਇਆ ਹੈ। ਸੰਨ 2006 ਵਿਚ ਨਵੀਂ ਸਰਕਾਰ ਬਨਣ ਪਿਛੋਂ ਤੱਟੀਬੰਨਾ ਦੀ ਉਸਾਰੀ 'ਚ ਫਿਰ ਹੱਥ ਲੱਗਿਆ ਹੈ। ਬਿਹਾਰ 'ਚ 1968 ਤੋਂ ਲੈ ਕੇ 2008 ਵਿਚਕਾਰ ਦੇ 41 ਸਾਲਾਂ 'ਚ ਇਕਲੇ ਹੜਾਂ ਕਾਰਨ 7310 ਮੌਤਾਂ ਹੋਈਆਂ ਅਤੇ ਲਗਭਗ 86 ਲੱਖ ਘਰ ਢਹਿ ਢੇਰੀ ਹੋਏ। ਇਥੇ ਇਹ ਯਾਦ ਦਿਵਾਉਣੀ ਸਹੀ ਹੋਵੇਗੀ ਕਿ ਕੌਮੀ ਹੜ੍ਹ ਕਮਿਸ਼ਨ (1980) ਦੀ ਰਿਪੋਰਟ ਅਨੁਸਾਰ ਦੇਸ਼ ਦੇ ਕੁਲ ਹੜ੍ਹ ਪ੍ਰਭਾਵਿਤ ਖੇਤਰ ਦਾ 16.5 ਫੀਸਦੀ ਹਿੱਸਾ ਬਿਹਾਰ ਦਾ ਹੈ ਅਤੇ ਹੜ੍ਹ ਤੋਂ ਪ੍ਰਭਾਵਿਤ ਹੋਣ ਵਾਲੀ ਕੁਲ ਆਬਾਦੀ ਦਾ 22.1 ਫੀਸਦੀ ਇਸ ਸੂਬੇ 'ਚ ਵਸਦਾ ਹੈ। ਬਿਹਾਰ 'ਚ ਹੜ੍ਹ ਨਾਲ ਹੋਣ ਵਾਲੇ ਨੁਕਸਾਨ ਨੂੰ ਜੇ ਕੌਮੀ ਪੱਧਰ 'ਤੇ ਦੇਖਿਆ ਜਾਵੇ ਤਾਂ ਤਸਵੀਰ ਹੋਰ ਵੀ ਭਿਆਨਕ ਹੋ ਜਾਂਦੀ ਹੈ। ਹੜ੍ਹ ਕੰਟਰੋਲ ਦੇ ਤਰੀਕੀਆਂ 'ਚ ਵੀ ਤੱਟੀ ਬੰਨਾ ਦੀ ਬਹੁਤ ਭੂਮਿਕਾ ਰਹੀ ਹੈ। ਜਿਸ ਦੀ ਸਰਕਾਰੀ ਪੱਧਰ 'ਤੇ ਜਥੇਬੰਦੀ ਸ਼ੁਰੂਆਤ 1950 ਦੇ ਦਹਾਕੇ 'ਚ ਕੌਮੀ ਨਦੀ ਦੇ ਤਟੀਬੰਨਾ ਦੇ ਨਾਲ ਹੋਈ। ਭਾਰਤ 'ਚ ਅੰਗ੍ਰੇਜ਼ੀ ਹਕੂਮਤ ਸਮੇਂ ਅੰਗ੍ਰੇਜ਼ਾਂ ਦੀ ਬਹੁਤ ਜ਼ਿਆਦਾ ਰੁਚੀ ਤਟੀਬੰਨਾ ਦੀ ਉਸਾਰੀ 'ਚ ਰਹੀ ਸੀ। ਕਿਉਂਕਿ ਲੋਕ ਉਨੀਵੀਂ ਸਦੀ 'ਚ ਦਮੋਦਰ ਨਦੀ 'ਤੇ ਤਟੀਬੰਨ ਬਣਾ ਕੇ ਨਦੀ ਤੋਂ ਮੂੰਹ ਦੀ ਖਾ ਚੁੱਕੇ ਹਨ ਅਤੇ ਉਹਨਾਂ ਨੇ ਬਿਨਾਂ ਕੋਈ ਵਕਾਰ ਦਾ ਸੁਆਲ ਬਣਾਏ ਇਹਨਾਂ ਤਟੀਬੰਨਾ ਨੂੰ ਢਹਿ ਢੇਰੀ ਕਰ ਦਿੱਤਾ ਸੀ। 1947 ਦੀ ਸੱਤਾ ਬਦਲੀ ਪਿਛੋਂ ਹਾਲਤ ਬਿਲਕੁਲ ਬਦਲ ਗਏ। ਕੇਂਦਰੀ ਪਾਣੀ ਕਮਿਸ਼ਨ ਦੇ ਉਸ ਵੇਲੇ ਦਾ ਪ੍ਰਧਾਨ ਕੰਵਰ

ਸੇਨ ਨੇ 1956 'ਚ ਪਟਨਾ 'ਚ ਇੰਸਟੀਚਿਊਸਨ ਆਫ ਇੰਜਨੀਅਰਸ ਦੀ ਇਕ ਗੋਸ਼ਠੀ ਵਿੱਚ ਕੌਮੀ ਤੱਟੀਬੰਨਾ ਬਾਰੇ ਕਿਹਾ ਸੀ। ਜਿਥੋਂ ਤੱਕ ਕੋਸੀ ਦੀ ਸਮੱਸਿਆ ਦਾ ਸੁਆਲ ਹੈ ਉਥੇ ਦੋ ਹੀ ਬਦਲ ਹਨ ਜਾਂ ਤਾਂ ਲੋਕਾਂ ਦੀਆਂ ਉਮੀਦਾਂ ਅਨੁਸਾਰ ਉਹਨਾਂ ਨੂੰ ਤੁਰੰਤ ਹੜ੍ਹਾਂ ਤੋਂ ਬਚਾਇਆ ਜਾਵੇ ਜਾਂ ਹੜ੍ਹ ਕੰਟਰੋਲ ਦਾ ਅਜਿਹਾ ਬਦਲ ਲੱਭਿਆ ਜਾਵੇ ਜਿਸ 'ਚ ਕੋਈ ਖੋਟ ਹੀ ਨਾ ਹੋਵੇ। ਤਦ ਇਹ ਤਹਿ ਹੈ ਕਿ ਇਕ ਲੰਬੇ ਸਮੇਂ ਤੱਕ ਕੋਸੀ 'ਤੇ ਕੋਈ ਕੰਮ ਨਹੀਂ ਹੋ ਸਕੇਗਾ। ਜ਼ਾਹਿਰ ਹੈ ਕਿ ਭਾਰਤ ਸਰਕਾਰ ਨੇ ਹੜ੍ਹ ਕੰਟਰੋਲ ਲਈ ਬਿਨਾਂ ਨੁਕਸ ਵਾਲੇ ਹੱਲ ਦੀ ਉਡੀਕ ਹੀ ਨਹੀਂ ਕੀਤੀ। ਸਹੀ ਹੱਲ ਦੀ ਉਡੀਕ ਨਾ ਕਰਨ ਦਾ ਸਿੱਟਾ ਇਹ ਹੈ ਕਿ 1952 'ਚ ਰਾਜ ਦਾ ਜੋ ਹੜ੍ਹ ਪ੍ਰਵਿਹਣ ਖੇਤਰ 2.5 ਲੱਖ ਹੇਕਟੇਅਰ ਸੀ। ਉਹ 1994 ਤੱਕ ਵਧਦਾ-ਵਧਦਾ 68.8 ਲੱਖ ਹੇਕਟੇਅਰ ਹੋ ਗਿਆ। ਸੰਨ 2008 'ਚ ਕੁਸਵਾ 'ਚ ਕੋਸੀ ਏਫਲਕਸ ਬੰਨ ਦੇ ਟੁੱਟਣ ਕਾਰਨ ਭਾਰਤ ਦੇ ਪੰਜ ਜ਼ਿਲ੍ਹਿਆਂ ਦੀਆਂ 35 ਡਵੀਜ਼ਨਾਂ ਦੇ 993 ਪਿੰਡਾਂ 'ਚ ਨਦੀ ਦਾ ਪਾਣੀ ਫੈਲਿਆ। 234000 ਹਜ਼ਾਰ ਘਰ ਘਿਰ ਗਏ। 3.68 ਲੱਖ ਹੇਕਟੇਅਰ ਜ਼ਮੀਨ ਹੜ੍ਹ ਦੇ ਪਾਣੀ ਦੀ ਲਪੇਟ ਵਿਚ ਆ ਗਈ, 33 ਲੱਖ ਲੋਕਾਂ ਨੇ ਹੜ੍ਹ ਦੀ ਤਰਾਸਦੀ ਝੱਲੀ ਅਤੇ 527 ਲੋਕ ਮਾਰੇ ਵੀ ਗਏ। ਹੁਣ ਕੋਸੀ ਦਾ ਜ਼ਿਆਦਾਤਰ ਖੇਤਰ ਰੇਗਿਸਤਾਨ ਬਣ ਗਿਆ ਹੈ। ਇਹ ਤਰਾਸਦੀ ਆਖਦੀ ਨਹੀਂ ਹੈ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਭਵਿੱਖ 'ਚ ਵੀ ਹੁੰਦੀਆਂ ਰਹਿਣਗੀਆਂ। ਇਸ ਦਾ ਇਹ ਵੀ ਮਤਲਬ ਹੁੰਦਾ ਹੈ ਕਿ ਹੁਣ ਰਾਜ ਦਾ ਹੜ੍ਹ ਖੇਤਰ 72.48 ਲੱਖ ਹੇਕਟੇਅਰ ਹੋ ਗਿਆ ਹੈ। ਜੋ ਕਿ 1952 ਦੇ ਮੁਕਾਬਲੇ ਤਿੰਨ ਗੁਣਾ ਵਧ ਹੈ। ਵਿਵਸਥਾ ਇਸ ਗੱਲ ਦਾ ਨੋਟਿਸ ਕਿਉਂ ਨਹੀਂ ਲੈਂਦੀ ਕਿ ਹੜ੍ਹ ਕੰਟਰੋਲ ਦੇ ਖੇਤਰ 'ਚ ਉਸ ਦਾ ਨਿਵੇਸ਼ ਫਾਇਦਾ ਦੀ ਬਜਾਏ ਨੁਕਸਾਨ ਪਹੁੰਚਾ ਰਿਹਾ ਹੈ ਕਿਉਂਕਿ ਇਸ ਦੌਰਾਨ ਸਰਕਾਰ ਹੜ੍ਹ ਕੰਟਰੋਲ ਲਈ ਤਟੀਬੰਨਾ ਦੀ ਉਸਾਰੀ ਤੋਂ ਇਲਾਵਾ ਕੁਝ ਨਹੀਂ ਕੀਤਾ ਹੈ। ਇਸ ਹਾਲਤ 'ਚ ਤਟੀਬੰਨਾ ਦੀ ਭੂਮਿਕਾ ਦਾ ਮੁਲਅੰਕਣ ਹੋਣਾ ਚਾਹੀਦਾ ਹੈ। ਪਰ ਸਰਕਾਰ ਅਜਿਹਾ ਨਾ ਕਰਕੇ ਹੁਣ ਤੱਕ ਦੇ ਬਣੇ ਤਟੀਬੰਨਾ ਨੂੰ ਸਿਰਫ ਉੱਚੇ ਤੇ ਮਜ਼ਬੂਤ ਬਣਾ ਕੇ ਦੇਣਾ ਦੀ ਮੁਹਿੰਮ ਚਲਾ ਰਹੀ ਹੈ। ਪਰ ਤਟੀਬੰਨਾ ਨੂੰ ਉੱਚਾ ਤੇ ਮਜ਼ਬੂਤ ਕਰ ਦੇਣ ਨਾਲ ਹੀ ਉਹਨਾਂ ਵਿਚਕਾਰ ਆਉਣ ਵਾਲੇ ਪਾਣੀ 'ਚ ਕੋਈ ਕਮੀ ਆਵੇਗੀ? ਕਟੀ ਤਟੀਬੰਨਾ ਉੱਚਾ ਤੇ ਮਜ਼ਬੂਤ ਕੀਤੇ ਜਾਣ ਪਿਛੋਂ ਨਦੀ ਦੀ ਪੇਟੀ ਦਾ ਉਪਰ ਉਠਣਾ ਰੁਕ ਜਾਵੇਗਾ? ਕੀ ਤਟੀਬੰਨਾ ਤੋਂ ਹੋ ਕੇ ਆਉਣ ਵਾਲੇ ਸੀਪੇਜ ਜਾਂ ਤਟੀਬੰਨਾ ਤੋਂ ਬਾਹਰ ਇਕੱਠੇ ਹੋਣ ਵਾਲੇ ਪਾਣੀ 'ਚ ਕੋਈ ਕਮੀ ਆਵੇਗੀ? ਜਿਸ ਨੂੰ ਅਸੀਂ ਉੱਚਾ ਤੇ ਮਜ਼ਬੂਤ ਤਟੀਬੰਨਾ ਕਹਿ ਕੇ ਖੁਸ਼ ਹੋ ਰਹੇ ਹਾਂ, ਕਲ ਇਹ ਨਹੀਂ ਟੁੱਟੇਗਾ ਕੀ ਇਸ ਦੀ ਗਰੰਟੀ ਕੋਈ ਇੰਜਨੀਅਰ ਦੇ ਸਕਦਾ ਹੈ? ਇਹਨਾਂ ਸਾਰੇ ਸੁਆਲਾਂ ਦਾ ਜੁਆਬ ਇਕ ਹੀ ਹੈ ਨਹੀਂ। ਤੱਟ ਬੰਨਾ ਜਿੰਨਾ ਉੱਚਾ ਤੇ ਜਿੰਨਾ ਮਜ਼ਬੂਤ ਹੋਵੇਗਾ। ਸੁਰਖਿਅਤ ਖੇਤਰਾਂ 'ਚ ਰਹਿਣ ਵਾਲਿਆਂ 'ਤੇ ਉਹਨਾਂ ਦੇ ਟੁੱਟਣ ਦਾ ਖਤਰਾ ਉਨਾ ਹੀ ਵੱਧ ਵੱਡਾ ਹੋਵੇਗਾ। ਇਹ ਗੱਲ ਹਾਕਮ ਦੀ ਸਮਝ 'ਚ ਕਿਉਂ ਨਹੀਂ ਆਉਂਦੀ? ਤਾਂ ਫਿਰ ਇਸ ਕੰਮ ਦਾ ਕੋਈ ਫਾਇਦਾ? ਇਸ ਦਾ ਫਾਇਦਾ ਹੈ ਕਿ ਲੋਕਾਂ ਨੂੰ ਆਉਣ-ਜਾਣ 'ਚ ਸਹੂਲਤ

ਹੋਵੇਗੀ। ਇਸ ਦੇ ਲਈ ਲੋਕਾਂ ਨੂੰ ਤਟੀਬੰਨਾ ਤੋਂ ਹਟਾਇਆ ਜਾਵੇਗਾ ਤੇ ਕਿਹਾ ਜਾਵੇਗਾ ਕਿ ਇਹ ਸਭ ਹੜ੍ਹਾਂ ਦੀ ਰੋਕਥਾਮ ਲਈ ਕੀਤਾ ਜਾ ਰਿਹਾ ਹੈ। ਭਾਵੇਂ ਇਸ ਨਾਲ ਸਰਕਾਰੀ ਜੀਪਾਂ ਤੇ ਮਸ਼ੀਨਾਂ ਨੂੰ ਆਉਣ-ਜਾਣ 'ਚ ਮਦਦ ਮਿਲੇਗੀ। ਹੜ੍ਹ ਕੰਟਰੋਲ ਵੀ ਇਕ ਵਿਕਾਊ ਚੀਜ਼ ਹੈ ਅਤੇ ਇਸ 'ਚ ਨੇਤਾਵਾਂ, ਪ੍ਰਸਾਸ਼ਕਾਂ, ਇੰਜਨੀਅਰਾਂ ਤੇ ਠੇਕੇਦਾਰਾਂ ਸਭ ਦੇ ਸੁਆਰਥ ਹਨ। ਬਿਹਾਰ ਦੀਆਂ ਕੁਦਰਤੀ ਆਫਤਾਂ ਪਾਣੀ ਦੁਆਲੇ ਘੁੰਮਦੀਆਂ ਹਨ। ਮੀਂਹ ਦੀ ਥੋੜੀ ਕਮੀ ਕਾਰਨ ਇਥੇ ਸੋਕਾ ਪੈਂਦਾ ਹੈ ਤਾਂ ਹਲਕੀ ਜਿਹੀ ਵੱਧ ਬਾਰਸ਼ ਨਾਲ ਹੜ੍ਹ ਆ ਜਾਂਦੇ ਹਨ। ਇਹਨਾਂ ਦੋਹਾਂ ਆਫਤਾਂ ਦਾ ਮੁਕਾਬਲਾ ਬਿਪਤਾ ਪ੍ਰਬੰਧ ਵਿਭਾਗ ਨੂੰ ਹੀ ਕਰਨਾ ਪੈਂਦਾ ਹੈ ਅਤੇ ਜਲ ਵਸ਼ੀਲਿਆਂ ਬਾਰੇ ਵਿਭਾਗ ਵਲੋਂ ਕੀਤੇ ਜਾਂ ਨਾ ਕੀਤੇ ਕੰਮਾਂ ਦਾ ਫਲ ਉਸ ਨੂੰ ਭੋਗਣਾ ਪੈਂਦਾ ਹੈ। ਇਹਨਾਂ ਦੋਹਾਂ ਵਿਭਾਗਾਂ 'ਚ ਕੋਈ ਤਾਲਮੇਲ ਨਹੀਂ ਹੈ।

# ਕੀ ਹੈ ਸੰਤ ਤੇ ਸਿਆਸਤ ਦਾ ਤਾਲਮੇਲ

ਬਾਬਾ ਰਾਮਦੇਵ ਦੀ ਪਹਿਚਾਣ ਉਹਨਾਂ ਦੇ ਯੋਗ ਕਾਰਨ ਹੁੰਦੀ ਹੈ। ਸਹੀ ਕਹੀਏ ਤਾਂ ਪੂਰੀ ਦੁਨੀਆਂ 'ਚ ਉਹਨਾਂ ਦੇ ਇਸ 'ਬ੍ਰਾਂਡ' ਦਾ ਬੋਲਬਾਲਾ ਹੈ ਅਤੇ ਇਸ ਦੀ ਬਦੌਲਤ ਉਹ ਸਭ ਤੋਂ ਧਨੀ ਯੋਗੀ ਹਨ। ਆਪਣੇ ਇਸ ਬ੍ਰਾਂਡ ਦੇ ਜ਼ਰੀਏ ਹੁਣ ਉਹ ਰਾਜਨੀਤੀ ਦੇ ਜੇਮਸ ਬਾਂਡ ਬਣਨ ਦੀ ਪੁਰਜ਼ੋਰ ਕੋਸ਼ਿਸ਼ ਕਰ ਰਹੇ ਹਨ। ਇਕ ਸਮੇਂ ਇਸੇ ਯੋਗਾ ਦੇ ਬਹਾਨੇ ਦੁਨੀਆਂ ਦੀ ਆਪਣੀ ਵਿਸ਼ੇਸ਼ਥਾ ਬਣਾਉਣ ਵੱਲ ਮਹੇਸ਼ ਯੋਗੀ ਨੇ ਵੀ ਦੇਸ਼ ਦੇ ਅੰਦਰ ਸੁਸ਼ਾਸਨ ਲਿਆਉਣ ਦੀ ਗੱਲ ਕਹਿ ਕੇ 'ਅਜੇ ਭਾਰਤ ਪਾਰਟੀ' ਬਣਾਈ ਸੀ। ਜੋ 1998 ਤੋਂ ਸ਼ੁਰੂ ਹੋ ਕੇ 2000 'ਚ ਖਤਮ ਹੋ ਗਈ ਅਤੇ ਇਸ ਦੇ ਨਾਲ ਉਹਨਾਂ ਦਾ ਇਹ ਸੁਪਨਾ ਵੀ ਜੋ ਮਹੇਸ਼ ਯੋਗੀ ਨੇ ਵੇਖਿਆ ਸੀ। ਕੁਝ ਅਜਿਹੇ ਹੀ ਸਾਮਰਾਜ ਦਾ ਸੁਪਨਾ ਲਏ ਇਹਨੀ ਦਿਨੀ ਬਾਬਾ ਰਾਮਦੇਵ ਵੀ ਸਰਗਰਮ ਹੈ ਯੋਗ ਤੋਂ ਰਾਜਯੋਗ ਹਾਸਲ ਕਰਨ ਲਈ ਉਹ ਇਹਨੀ ਦਿਨੀ ਭ੍ਰਿਸ਼ਟਾਚਾਰ, ਕਾਲੇ ਧਨ ਦੀ ਵਾਪਸੀ ਵਰਗੇ ਸਦਾਬਹਾਰ ਮੁੱਦਿਆਂ ਨੂੰ ਆਪਣੇ ਕੈਂਪਾ 'ਚ ਉਠਾ ਰਹੇ ਹਨ। ਉਹਨਾਂ ਦੇ ਨਿਸ਼ਾਨੇ 'ਤੇ ਕਾਂਗਰਸ ਤੇ ਭਾਜਪਾ ਵਰਗੀਆਂ ਵੱਡੀਆਂ ਪਾਰਟੀਆਂ ਹਨ। ਕਹਿੰਦੇ ਹਨ ਰਾਜਨੀਤੀ 'ਚ ਇਕ ਗੁਰੂ ਦੀ ਲੋੜ ਹੁੰਦੀ ਹੈ ਪਰ ਜਦ ਗੁਰੂ ਹੀ ਰਾਜਨੀਤੀ 'ਚ ਆਪਣੇ ਪੈਰ ਪਸਾਰਨ ਲੱਗੇ ਤਾਂ ਉਸ ਦੀ ਦਿਸ਼ਾ-ਦਸ਼ਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਜਿਹਾ ਹੀ ਕੁਝ ਬਾਬਾ ਰਾਮਦੇਵ ਨਾਲ ਦੇਖਣ ਨੂੰ ਮਿਲ ਰਿਹਾ ਹੈ। ਬਾਬਾ ਦੇ ਮੰਚ 'ਤੇ ਆਉਣ ਵਾਲੇ ਨੇਵਾਵਾਂ ਨੇ ਉਹਨਾਂ ਦੀ ਯੋਗ ਵਿਦਿਆ ਸਿੱਖਣ 'ਚ ਕਿੰਨੀ ਕਾਮਯਾਬੀ ਹਾਸਲ ਕੀਤੀ ਇਹ ਤਾਂ ਕਹਿਣਾ ਮੁਸ਼ਕਲ ਹੋਵੇਗਾ ਪਰ ਬਾਬੇ ਨੇ ਉਹਨਾਂ ਨੇਤਾਵਾਂ ਤੋਂ ਰਾਜਨੀਤੀ ਦੇ ਗੁਰ ਜ਼ਰੂਰ ਸਿਖੇ ਹਨ ਅਤੇ ਇਕ ਹੰਢੇ ਹੋਏ ਰਾਜਸੀ ਨੇਤਾ ਵਾਂਗੂੰ ਇਹਨੀ ਦਿਨੀ ਉਹ ਪਾਸੇ ਸੁੱਟ ਰਹੇ ਹਨ। ਪਿੱਛੇ ਜਿਹੇ ਹੀ ਬਾਬਾ ਨੇ ਉਤਰਾਖੰਡ ਸਰਕਾਰ 'ਤੇ ਹੱਲਾ ਬੋਲਦਿਆ ਕਿਹਾ ਕਿ ਟਰੱਸਟ ਚਲਾਉਣ ਲਈ ਦੋ ਸਾਲ ਪਹਿਲਾਂ ਇਕ ਮੰਤਰੀ ਵਲੋਂ ਦੋ ਕਰੋੜ ਰੁਪਏ ਰਿਸ਼ਵਤ ਦੀ ਮੰਗ ਕੀਤੀ ਗਈ ਸੀ। ਜਿਸ ਦੀ ਸ਼ਿਕਾਇਤ 'ਤੇ ਉਸ ਸਮੇਂ ਦੇ ਮੁੱਖ ਮੰਤਰੀ ਨੇ ਬਜਾਏ ਉਸ 'ਤੇ ਕਾਰਵਾਈ ਕਰਨ ਦੇ ਉਸ ਮੰਤਰੀ ਨੂੰ ਅਜਿਹੀ ਮੰਗ ਨਹੀਂ ਕਰਨੀ ਚਾਹੀਦੀ ਕਹਿ ਕੇ ਗੱਲ ਟਾਲ ਦਿੱਤੀ ਸੀ। ਗੌਰ ਲਾਇਕ ਹੈ ਕਿ ਦੋ ਸਾਲ ਪਹਿਲਾਂ ਉਤਰਾਖੰਡ 'ਚ ਭਾਜਪਾ ਦੇ ਭਵਨ ਚੰਦਰ ਖੰਡੂਰੀ ਮੁੱਖ ਮੰਤਰੀ ਸਨ। ਇਸ ਲਈ ਬਾਬਾ ਦੇ ਬਿਆਨ ਨਾਲ ਖੰਡੂਰੀ ਨੇ ਆਪਣੀ ਹੀ ਪਾਰਟੀ 'ਤੇ ਨਿਸ਼ਾਨਾ ਸੇਧਿਤ ਕਰਦਿਆਂ ਇਸ ਮਾਮਲੇ ਦੀ ਅਜ਼ਾਦ 'ਤੇ ਨਿਰਪੱਖ ਜਾਂਚ ਦੀ ਮੰਗ ਕਰ ਲਈ। ਪਹਿਲਾਂ ਤੋਂ ਹੀ ਵਾਈ ਸ਼੍ਰੇਣੀ ਦੀ ਸੁਰਖਿਆ ਘੇਰੇ 'ਚ ਚੱਲਣ ਵਾਲੇ ਬਾਬਾ ਨੂੰ ਹੁਣ ਜੈੱਡ ਸ਼੍ਰੇਣੀ ਦੀ ਸੁਰਖਿਆ ਚਾਹੀਦੀ ਹੈ। ਇਸ ਲਈ ਬਕਾਇਦਾ ਉਹਨਾਂ ਦੀ ਤਰਫੋਂ ਉਤਰਾਖੰਡ ਸਰਕਾਰ ਨੂੰ ਖੱਤ ਲਿਖਕੇ ਮੰਗ ਵੀ ਕੀਤੀ ਗਈ ਸੀ। ਪਤੰਜਲੀ ਯੋਗ ਪੀਠ ਦੇ ਮੁੱਖ ਸਕੱਤਰ ਅਚਾਰੀਆ ਬਾਲਕ੍ਰਿਸ਼ਨ ਮੁਤਾਬਕ ਬਹੁਕੌਮੀ ਕੰਪਨੀਆਂ ਦੇ ਇਰਾਦਿਆਂ ਦੀ ਪੋਲ ਖੋਹਲਣ ਤੇ ਇਕ ਰਾਜਸੀ ਪਾਰਟੀ ਦੇ ਗਠਨ

ਸਬੰਧੀ ਇਨੀ ਦਿਨੀ ਬਾਬਾ ਰਾਮਦੇਵ ਆਪਣੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਹਨ। ਇਸ ਲਈ ਉਹਨਾਂ ਦੀ ਸੁਰਖਿਆ ਲਈ ਪੁਖਤਾ ਇੰਤਜਾਮ ਕਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਆਪਣੀ ਜਾਨ ਨੂੰ ਖਤਰਾ ਦਸਦਿਆਂ ਪਹਿਲਾਂ ਹੀ ਬਾਬਾ ਰਾਮਦੇਵ ਕਹਿ ਚੁੱਕੇ ਹਨ ਕਿ ਜੇ ਉਹਨਾਂ ਨੂੰ ਕੁਝ ਹੁੰਦਾ ਹੈ ਤਾਂ ਉਸ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੋਵੇਗੀ। ਪਿੱਛੇ ਜਿਹੇ ਹੀ ਉਹਨਾਂ ਨੇ 2-ਜੀ ਸਪੈਕਟ੍ਰਮ ਘਪਲੇ ਸਬੰਧੀ ਡਟ ਕੇ ਕੇਂਦਰ ਸਰਕਾਰ ਦੀ ਖਚਾਈ ਕੀਤੀ। ਬਾਬਾ ਦੀ ਇਹ ਕਵਾਇਤ ਸਾਰੀਆਂ ਰਾਜਸੀ ਪਾਰਟੀਆਂ ਨੂੰ ਰੜਕਦੀ ਹੈ। ਸਰਗਰਮ ਰਾਜਨੀਤੀ 'ਚ ਉਤਰਦਿਆਂ ਹੀ ਉਹਨਾਂ ਨੇ ਜਿਥੇ ਹਿਮਾਚਲ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਠਾਕੁਰ ਕੌਲ ਸਿੰਘ ਨੇ ਸਿੱਧਾ ਹਮਲਿਆਂ ਕਰਦਿਆਂ ਬਾਬੇ ਨੂੰ ਰਾਜਨੀਤੀ ਤੇ ਦਬਾ ਦੇ ਧੰਦੇ ਸਬੰਧੀ ਕਟਹਿਰੇ 'ਚ ਖੜ੍ਹਾ ਕੀਤਾ। ਉਥੇ ਪਿੱਛੇ ਜਿਹੇ ਹੀ ਉਤਰ ਪ੍ਰਦੇਸ਼ ਕਾਂਗਰਸ ਪ੍ਰਧਾਨ ਰੀਤਾ ਬਹੁਗੁਣਾ ਜੋਸ਼ੀ ਨੇ ਬਾਬਾ ਨੂੰ ਯੋਗ ਦੀ ਸਿਖਿਆ ਤੱਕ ਸੀਮਤ ਰਹਿਣ ਦੀ ਸਲਾਹ ਦਿੱਤੀ ਹਾਲਾਂਕਿ ਭਲੇ ਹੀ ਰੀਟਾ ਜੋਸ਼ੀ ਰਾਮਦੇਵ ਨੂੰ ਸਿਰਫ ਯੋਗ ਤੱਕ ਸੀਮਤ ਰਹਿਣ ਦੀ ਸਲਾਹ ਦੇ ਰਹੀ ਹੋਵੇ। ਪਰ ਉਹਨਾਂ ਦੀ ਪਾਰਟੀ 'ਚ ਅਧਿਆਤਮਵਾਦ ਦਾ ਪਾਠ ਪੜਾਉਣ ਵਾਲੇ ਸੰਤ ਘਟ ਰਾਜਨੇਤਾ ਸਤਪਾਲ ਮਹਾਰਾਜਾ ਉਹ ਵੀ ਉਹਨਾਂ ਹੀ ਸੰਤਾਂ 'ਚ ਇਕ ਹਨ ਜੋ ਆਪਣੇ ਪ੍ਰਵਚਨ ਰਾਹੀਂ ਕਾਂਗਰਸ ਪਾਰਟੀ ਲਈ ਵੋਟ ਮੰਗਦੇ ਨਜ਼ਰ ਆਉਂਦੇ ਹਨ। ਧਿਆਨ ਦੇਣ ਯੋਗ ਹੈ ਕਿ ਉਤਰਾਖੰਡ ਦੇ ਸਤਪਾਲ ਮਹਾਰਾਜ ਦੀ ਵੀ ਸੂਬੇ ਦੇ ਮੁੱਖ ਮੰਤਰੀ ਅਹੁਦੇ 'ਤੇ ਬੈਠਣ ਦੀ ਹਸਰਤ ਅਧੂਰੀ ਹੈ। ਸਰੀਰ ਦੇ ਰੋਗ ਨੂੰ ਦੂਰ ਕਰਨ ਦੇ ਨਾਲ-ਨਾਲ ਰਾਜਨੀਤੀ ਦੇ ਰੋਗ ਨੂੰ ਦੂਰ ਕਰਨ ਦੀ ਜਿੱਦ ਲੈ ਕੇ ਬਾਬਾ ਅਚਾਨਕ ਹੀ ਅੱਗੇ ਨਹੀਂ ਆਏ ਇਸ ਲਈ ਉਹਨਾਂ ਨੇ ਉਹਨਾਂ ਸਾਰਿਆਂ ਮੁੱਦਿਆਂ ਨਾਲ ਆਪਣੇ ਆਪ ਨੂੰ ਜੋੜਿਆ ਜੋ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਸਨ। ਗੱਲ ਗੰਗਾ ਤੋਂ ਪ੍ਰਦੂਸ਼ਣ ਖਤਮ ਕਰਨ ਦੀ ਹੋਵੇ ਜਾਂ ਫਿਰ ਭਾਰਤੀ ਸਭਿਆਚਾਰ ਦੀ ਬਾਬੇ ਨੇ ਹਰ ਕਦਮ ਜਮ੍ਹਾਂ ਜਮ੍ਹਾਂ ਕੇ ਰੱਖਿਆ। ਉਹਨਾਂ ਦੀ ਖਾਹਸ਼ ਪੂਰੀ ਕਰਨ ਲਈ ਉਹਨਾਂ ਕੋਲ ਯੋਗ ਕੈਂਪਾਂ 'ਚ ਆਉਣ ਵਾਲੇ ਲੱਖਾਂ ਲੋਕ ਉਹਨਾਂ ਦੇ ਚੇਲੇ ਹਨ। ਤਾਂ ਦੂਜੇ ਪਾਸੇ ਖੁਦ ਦੇ ਖਰੀਦੇ ਹੋਏ ਧਾਰਮਕ ਟੀ.ਵੀ. ਚੈਨਲ ਉਹਨਾਂ ਲਈ ਅਸਰਦਾਇਕ ਪਲੇਟ ਫਾਰਮ ਸਾਬਤ ਹੋ ਰਹੇ ਹਨ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹਨੀ ਦਿਨੀ 'ਆਸਥਾ' ਤੇ 'ਸੰਸਕਾਰ' ਟੀ. ਵੀ. ਚੈਨਲ ਯੋਗਾ ਲਈ ਘੱਟ ਤੇ ਰਾਜਨੀਤੀ ਦੇ ਤੀਰ ਚਲਾਉਣ ਲਈ ਵੱਧ ਕੰਮ ਆ ਰਹੇ ਹਨ। ਆਪਣੇ ਪ੍ਰਵਚਨ ਦੌਰਾਨ ਬਾਬਾ ਕਦੀ ਏਂਗਰੀ ਯੰਗ ਮੈਨ ਤੇ ਕਦੀ ਲਾਲੂ ਯਾਦਵ ਵਾਂਗੂ ਚੁਟਕੀ ਲੈਂਦੇ ਨਜ਼ਰ ਆਉਂਦੇ ਹਨ। ਆਪਣੇ ਗੁੱਸੇ ਲਈ ਜਾਣੇ ਜਾਣ ਵਾਲੇ ਬਾਬਾ ਰਾਮਦੇਵ ਖੁਦ ਮੰਨਦੇ ਹਨ ਕਿ ਜਿਸ ਬੰਦੇ 'ਚ ਅਣਖ ਨਾ ਹੋਵੇ, ਰੋਹ ਜਾਂ ਗੁੱਸਾ ਨਾ ਹੋਵੇ ਉਹ ਬੰਦਾ ਮੁਰਦਿਆਂ ਬਰਾਬਰ ਹੁੰਦਾ ਹੈ। ਇਸ ਲਈ ਰਾਜ ਧਰਮ ਤੇ ਰਾਸ਼ਟਰ ਹਿੱਤ ਮੁੱਦਿਆਂ 'ਤੇ ਲੋਕਾਂ ਨੂੰ ਲਲਕਾਰਦੇ ਦਿੱਸਦੇ ਹਨ।

ਜੇ ਤੁਸੀ ਕਹੋ ਕਿ ਪੈਸਿਆਂ ਤੇ ਵਰਕਰਾਂ ਬਿਨਾਂ ਰਾਜਨੀਤੀ ਨਹੀਂ ਹੁੰਦੀ ਤਾਂ ਬਾਬਾ ਰਾਮਦੇਵ ਕੋਲ ਚੰਗੀ ਖਾਸੀ ਦੌਲਤ ਵੀ ਹੈ ਤੇ ਵਰਕਰਾਂ ਵਜੋਂ ਭਗਤਾਂ ਦੀ ਵੱਡੀ ਫੌਜ ਵੀ। ਬਾਬਾ ਦੇ ਭਗਤ ਮੰਨਦੇ ਹਨ ਕਿ ਲਾਇਲਾਜ ਬੀਮਾਰੀਆਂ

ਨੂੰ ਯੋਗ ਰਾਹੀਂ ਠੀਕ ਕਰਨ ਵਾਲੇ ਰਾਮਦੇਵ ਰਾਜਨੀਤੀ ਦੇ ਰੋਗ ਦਾ ਜੜ ਤੋਂ ਇਲਾਜ ਕਰਕੇ ਹੀ ਮੰਨਣਗੇ। ਪਰ ਜਿਸ ਰਾਜਨੀਤੀ 'ਚ ਜਾਂਦਿਆਂ ਹੀ ਵਿਅਕਤੀ ਬੰਦੇ ਵਜੋਂ ਖਤਮ ਹੋ ਜਾਂਦਾ ਹੈ। ਆਪਣੀ ਪਾਰਟੀ ਦੇ ਬੁਰੇ ਨੂੰ ਬੁਰਾ ਨਹੀਂ ਕਹਿ ਸਕਦਾ। ਉਹ ਰਾਜਨੀਤੀ ਰਾਹੀਂ ਬਾਬਾ ਦੀ ਇਹ ਕਸਰਤ ਕਿੰਨੀ ਕਾਰਗਰ ਹੋਵੇਗੀ। ਇਸ 'ਤੇ ਸੁਆਲੀਆ ਚਿੰਨ੍ਹ ਲੱਗਿਆ ਹੋਇਆ ਹੈ। ਬਾਬਾ ਸ਼ਾਇਦ ਇਹ ਗੱਲ ਅਜੇ ਤੱਕ ਨਹੀਂ ਸਮਝ ਸਕੇ ਕਿ ਪਾਰਟੀ ਵਰਕਰ ਤੇ ਇਕ ਆਮ ਭਗਤ 'ਚ ਜ਼ਮੀਨ ਅਸਮਾਨ ਦਾ ਫਰਕ ਹੈ। ਇਸ ਲਈ ਸਿਰਫ ਭਗਤਾਂ ਸਹਾਰੇ ਰਾਜਨੀਤੀ ਦੀ ਲੜਾਈ ਨਹੀਂ ਲੜੀ ਜਾ ਸਕਦੀ। ਭਾਰਤ ਸਵੈਮਾਣ ਟਰੱਸਟ ਦੇ ਤਹਿਤ ਚਲਾਈ ਆਪਣੀ ਰਾਜਸੀ ਮੁਹਿੰਮ 'ਚ ਭਾਵੇਂ ਹੀ ਬਾਬਾ ਰਾਮਦੇਵ ਇਹ ਕਹਿਣ ਕਿ ਉਹਨਾਂ ਦੇ ਚਰਨਾਂ 'ਚ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਮੁੱਖ ਮੰਤਰੀ ਆ ਕੇ ਬੈਠਦੇ। ਇਸ ਲਈ ਉਹਨਾਂ ਨੂੰ ਇਹਨਾਂ ਅਹੁਦਿਆਂ ਦੀ ਕੋਈ ਖਾਹਸ਼ ਨਹੀਂ ਪਰ ਸੂਤਰਾਂ ਦੀ ਮੰਨੀਏ ਤਾਂ ਉਹ ਸੋਨੀਆ ਗਾਂਧੀ ਦੇ ਵਾਂਗੂ ਕੁਰਸੀ ਦੇ ਪਿਛਿਉਂ ਆਪਣੀ ਰਾਜਸੀ ਤਾਕਤ ਦੀ ਵਰਤੋਂ ਕਰਕੇ ਲੋਕਾਂ ਨੂੰ ਆਪਣੀ ਤਾਕਤ ਵਿਖਾ ਦੇਣਾ ਚਾਹੁੰਦੇ ਹਨ। ਆਪਣੀ ਇਸ ਹਸਰਤ ਨੂੰ ਪੂਰਾ ਕਰਨ ਲਈ ਬਾਬਾ ਇਹਨੀ ਦਿਨੀ ਤੂਫਾਨੀ ਦੌਰੇ ਕਰ ਰਹੇ ਹਨ। ਮੈਟਰੋ ਸਿਟੀ ਅਤੇ ਮਹਾਂਨਗਰਾਂ ਦੇ ਨਾਲ-ਨਾਲ ਹੁਣ ਪਿੰਡਾਂ ਵਲ ਵੀ ਜਾ ਰਹੇ ਹਨ। ਬਾਬਾ ਜਾਣਦੇ ਹਨ ਕਿ ਉਹਨਾਂ ਦੇ ਰਾਜਸੀ ਸਫਰ ਨੂੰ ਅਸਾਨ ਬਣਾਉਣ 'ਚ ਪੇਂਡੂਆਂ ਦਾ ਸਹਿਯੋਗ ਲਾਜ਼ਮੀ ਹੈ। ਰਾਜਨੀਤੀ ਦਾ ਊਠ ਕਿਸ ਕਰਵਟ ਬੈਠੇ, ਕੋਈ ਨਹੀਂ ਜਾਣਦਾ। ਬਾਬਾ ਵੀ ਇਸ ਗੱਲ ਨੂੰ ਭਲੀ-ਭਾਂਤ ਜਾਣਦੇ ਹਨ। ਇਸ ਲਈ ਉਹ ਇਕ ਪਾਸੇ ਸੰਘ ਦਾ ਬਚਾਅ ਕਰਦੇ ਨਜ਼ਰ ਆਉਂਦੇ ਹਨ, ਤਾਂ ਦੂਜੇ ਪਾਸੇ ਰਾਮ ਲੱਲਾ ਦੀ ਨਗਰੀ ਜਾ ਕੇ ਖੁਦ ਨੂੰ ਇਸ ਮੁੱਦੇ ਨਾਲ ਜੋੜਦੇ ਵੀ ਨਜ਼ਰ ਆਉਂਦੇ ਹਨ। ਇਹੀ ਕਾਰਨ ਹੈ ਕਿ ਬਾਬੇ ਦੇ ਇਹਨਾਂ ਵਧਦੇ ਕਦਮਾਂ ਨਾਲ ਨਾ ਸਿਰਫ ਰਾਜਨੀਤੀ ਬਲਕਿ ਰਾਜਨੇਤਾ ਵੀ ਹਲਕਾਨ ਹੋ ਰਹੇ ਹਨ।

# ਕੀ ਦਲਿਤ ਸਿਰਫ ਵੋਟਾਂ ਵਟੋਰਨ ਲਈ ਹੀ ਹਨ?

ਇਕ ਜ਼ਮਾਨੇ 'ਚ ਦਲਿਤ ਸਮੂਹ ਕਾਂਗਰਸ ਦਾ ਵੋਟ ਬੈਂਕ ਹੁੰਦਾ ਸੀ। ਦਲਿਤ ਵੋਟ ਬੈਂਕ ਦੀ ਵਰਤੋਂ ਲੰਮੇ ਸਮੇਂ ਤੱਕ ਹੋਈ। ਪਿਛੋਂ ਇਹ ਵੋਟ ਬੈਂਕ ਪੁਰਾਣੇ ਸਮਾਜਵਾਦੀ-ਕਮਿਊਨਿਸਟਾਂ ਤੋਂ ਹੁੰਦਾ ਹੋਇਆ ਨਵੀਆਂ ਸਮਾਜਵਾਦੀ ਵਿਚਾਰਾਂ ਵਾਲੀਆਂ ਪਾਰਟੀਆਂ ਨਾਲ ਜੁੜ ਗਿਆ। ਦਲਿਤ ਸਮੂਹ 'ਚ ਨਕਸਲੀਆਂ ਦੀ ਪਕੜ ਚੰਗੀ ਹੈ। ਲਾਲੂ ਪ੍ਰਸ਼ਾਦ ਦੇ ਉਭਾਰ ਪਿਛੋਂ ਪੰਦਰਾਂ ਸਾਲਾਂ ਤੱਕ ਦਲਿਤਾਂ ਤੇ ਪਿਛੜਿਆਂ ਦੀ ਏਕਤਾ ਵੀ ਰਾਜਨੀਤੀ 'ਚ ਨਜ਼ਰ ਪਈ। ਨਤੀਸ਼ ਕੁਮਾਰ ਨੇ ਨਵੀਂ ਸੋਸ਼ਿਲ ਇੰਜਨੀਰਿੰਗ (ਦਲਿਤ ਤੋਂ ਮਹਾਂ ਦਲਿਤ) ਕੀਤੀ। ਬਿਹਾਰ ਦੇ 2005 ਦੇ ਅਕਤੂਬਰ ਨਵੰਬਰ ਦੀਆਂ ਚੋਣਾਂ 'ਚ ਰਾਖਵੀਆਂ ਸੀਟਾਂ 'ਤੇ ਸਭ ਤੋਂ ਵੱਧ ਫਾਇਦੇ 'ਚ ਨਿਤੀਸ਼ ਕੁਮਾਰ ਦੀ ਪਾਰਟੀ ਜਦ (ਯੂ) ਰਾਹੀ ਚੋਣ ਨਤੀਜੇ ਨੇ ਦੱਸਿਆ ਕਿ ਦਲਿਤ ਵੋਟ ਬੈਂਕ ਦਾ ਨਜ਼ਰੀਆ ਵੀ ਬਦਲਿਆ ਹੈ। ਰਾਜਗ ਗਠਜੋੜ ਨੇ 26 ਸੀਟਾਂ 'ਤੇ ਕਬਜਾ ਕੀਤਾ। ਵਿਰੋਧੀ ਧਿਰ ਨੂੰ 13 ਸੀਟਾਂ 'ਤੇ ਹੀ ਸਬਰ ਕਰਨਾ ਪਿਆ। ਪਿਛਲੀਆਂ ਚੋਣਾਂ 'ਚ ਦਲਿਤ ਵੋਟ ਬੈਂਕ 'ਤੇ ਕਿਸੇ ਖਾਸ ਪਾਰਟੀ ਦੀ ਅਜ਼ਾਰੇਦਾਰੀ ਨਹੀਂ ਸੀ। ਵੋਟ ਬੈਂਕ ਦਾ ਇਹ ਹਿੱਸਾ ਤਬਦੀਲੀ ਦੇ ਨਾਲ ਗਤੀਸ਼ੀਲ ਰਿਹਾ ਹੈ। ਬਿਹਾਰ 'ਚ ਦਲਿਤ ਫਿਰਕੇ ਲਈ 39 ਸੀਟਾਂ ਰਾਖਵੀਆਂ ਸਨ। ਫਿਰ ਪਿਛੋਂ 38 ਸੀਟਾਂ ਦਲਿਤਾਂ ਲਈ ਅਤੇ ਦੋ ਸੀਟਾਂ ਆਦੀਵਾਸੀਆਂ ਲਈ ਸੁਰਖਿਅਤ ਹਨ। ਸੰਨ 2005 ਦੀ ਚੋਣ 'ਚ ਵਿਧਾਨ ਸਭਾ ਦੀਆਂ 39 ਰਾਖਵੀਆਂ ਸੀਟਾਂ 'ਚ ਜਦ (ਯੂ) ਦੇ ਖਾਤੇ 'ਚ 15 ਅਤੇ ਭਾਜਪਾ ਦੇ ਖਾਤੇ 'ਚ 11 ਸੀਟਾਂ ਆਈਆਂ। ਰਾਜਦ ਨੂੰ ਸਿਰਫ 7 ਸੀਟਾਂ 'ਤੇ ਸਿਮਟਣਾ ਪਿਆ। ਸੰਨ 1871 'ਚ ਪਹਿਲੀ ਮਰਦਮਸੁਮਾਰੀ ਸਮੇਂ ਜਾਤੀਆਂ ਦਾ ਸ਼੍ਰੇਣੀਕਰਨ ਸ਼ੁਰੂ ਹੋ ਗਿਆ ਸੀ। ਇਹ ਸਿਲਸਿਲਾ 1931 ਤੱਕ ਚੱਲਦਾ ਰਿਹਾ। ਜਾਤੀਆਂ ਦੇ ਸ਼੍ਰੇਣੀਕਰਨ ਦਾ ਫਲ ਇਹ ਨਿਕਲਿਆ ਕਿ ਇਸਨੇ ਨਵੇਂ ਜਾਤੀ ਸੰਘਰਸ਼ਾਂ ਨੂੰ ਜਨਮ ਦਿੱਤਾ। 1947 ਪਿਛੋਂ ਦਲਿਤ ਫਿਰਕੇ ਦੇ ਨਾਂ ਵੀ ਬਦਲਦੇ ਰਹੇ। ਡਿਪ੍ਰੈਸਡ ਕਲਾਸ ਤੋਂ ਦਲਿਤ ਅਤੇ ਅਨੁਸੂਚਿਤ ਜਾਤੀ ਤੱਕ ਦੇ ਸਫਰ 'ਚ 139 ਸਾਲ ਲੱਗੇ। ਦੂਜੇ ਪਾਸੇ ਜਾਤੀਆਂ ਦੇ ਸ਼੍ਰੇਣੀਕਰਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਰਹੀਆਂ। ਇਹਨਾਂ ਕੋਸ਼ਿਸ਼ਾਂ ਦਾ ਸਿੱਟਾ ਇਹ ਹੋਇਆ ਕਿ ਨਵੇਂ ਵਿਚਾਰ ਸਾਹਮਣੇ ਆਏ ਅਤੇ ਨਵੇਂ ਸੰਗਠਨ ਵੀ ਬਣੇ। ਅਸਲ 'ਚ ਸਮਾਜ 'ਚ ਜਿੰਨੀਆਂ ਕੁਰੀਤੀਆਂ ਹੁੰਦੀਆਂ ਹਨ ਉਹਨਾਂ ਨੂੰ ਦੂਰ ਕਰਨ ਦੇ ਸਿੱਧੇ ਤੇ ਲੁਕਵੇਂ ਯਤਨ ਵੀ ਚੱਲਦੇ ਰਹੇ ਹਨ। ਬਿਹਾਰ 'ਚ ਜਦ ਸੁਆਮੀ ਸਹਿਜਾਨੰਦ ਕਿਸਾਨ ਸਭਾ ਬਣਾ ਰਹੇ ਸਨ ਤਾਂ ਉਹਨਾਂ ਦਾ ਵਿਰੋਧ ਕਰਦਿਆਂ ਕਾਂਗਰਸੀਆਂ ਨੇ ਕਿਹਾ ਸੀ ਕਿ ਕਿਸਾਨਾਂ ਦੀ ਜਥੇਬੰਦੀ ਦੀ ਕੀ ਲੋੜ ਹੈ। ਕਾਂਗਰਸ ਤਾਂ ਸਭ ਤਬਕਿਆਂ ਦੀ ਜਥੇਬੰਦੀ ਹੈ। ਪਰ ਜਦ ਜਗਜੀਵਨ ਰਾਮ ਨੇ ਖੇਤ ਮਜ਼ਦੂਰ ਜਥੇਬੰਦੀ ਦੀ ਸ਼ੁਰੂਆਤ ਕੀਤੀ ਤਾਂ ਕਿਸਾਨ ਭਰਾ ਨਰਾਜ਼ ਹੋਏ-ਕਿ ਖੇਤ ਮਜ਼ਦੂਰਾਂ ਦੀ ਜਥੇਬੰਦੀ ਦੀ ਕੀ ਲੋੜ ਹੈ ਕਿਸਾਨ

ਸਭਾ ਤਾਂ ਹੈ ਹੀ। ਬਿਹਾਰ 'ਚ ਜਦ ਪਹਿਲੀ ਵਾਰੀ ਤੀਹ ਦੇ ਦਹਾਕੇ 'ਚ ਪਿਛੜਿਆਂ ਨੇ ਤ੍ਰਿਵੈਣੀ ਸੰਘ ਬਣਾਇਆ ਸੀ ਤਾਂ ਇਸ ਦਾ ਵੀ ਵਿਰੋਧ ਹੋਇਆ ਸੀ। ਉਸ ਨੂੰ ਜਾਤੀਵਾਦੀ ਜਥੇਬੰਦੀ ਕਰਾਰ ਦਿੱਤਾ ਗਿਆ ਸੀ। ਪੰਜਾਹ ਦੇ ਦਹਾਕੇ 'ਚ ਜਦ ਪਿਛੜੇ ਨੇਤਾਵਾਂ ਨੇ ਦਲਿਤ ਵਰਗ ਜਥੇਬੰਦੀ ਬਣਾਈ ਤਾਂ ਕੁਝ ਕਾਂਗਰਸੀ ਨੇਤਾਵਾਂ ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਤਰ੍ਹਾਂ ਨਵੇਂ ਵਿਚਾਰਾਂ ਦੀ ਲੜਾਈ ਹਰ ਸਮੇਂ ਚੱਲਦੀ ਰਹਿੰਦੀ ਹੈ। ਰਾਜਨੀਤੀ 'ਚ ਇਸ ਤਰ੍ਹਾਂ ਦੇ ਕਦਮਾਂ ਦਾ ਕੋਈ ਜਥੇਬੰਦੀ ਫਾਇਦਾ ਵੀ ਲੈ ਜਾਂਦੀ ਹੈ। ਮੰਡਲ ਦੀ ਲੜਾਈ ਨੇ ਬਿਹਾਰ 'ਚ ਕਾਂਗਰਸ ਦਾ ਸਫਾਇਆ ਕਰ ਦਿੱਤਾ। ਇਸ ਨੇ ਨਵੇਂ ਆਗੂਆਂ ਨੂੰ ਪੈਦਾ ਕੀਤਾ। ਰਾਜਨੀਤੀ 'ਚ ਇਸ ਨੇ ਨਵੇਂ ਬੈਂਕ ਬਣਾਏ। ਚੋਣਾਂ ਦੇ ਇਸ ਮੌਸਮ 'ਚ ਦਲਿਤ ਮਹਾਂ-ਦਲਿਤ ਵੋਟ ਬੈਂਕ ਦੀ ਰਾਜਨੀਤੀ ਵੀ ਕੇਂਦਰ 'ਚ ਹੈ। ਬਿਹਾਰ ਦੇ ਇਹਨਾਂ ਫਿਰਕਿਆਂ ਦੀਆਂ ਵੋਟਾਂ ਲਈ ਪਾਰਟੀਆਂ ਜੀ ਜਾਨ ਨਾਲ ਲੱਗੀਆਂ ਹੋਈਆਂ ਹਨ। ਇਹ ਇਕ ਅਹਿਮ ਮੁੱਦਾ ਵੀ ਹੈ। ਬਿਹਾਰ ਦੀ ਦਲਿਤ ਰਾਜਨੀਤੀ 'ਚ ਕੁਝ ਖਾਸ ਜਾਤਾਂ ਦਾ ਦਾਬਾ ਰਿਹਾ ਹੈ। ਜਾਤਾਂ ਤਾਂ 23 ਹਨ ਪਰ ਅਬਾਦੀ ਦੇ ਲਿਹਾਜ ਨਾਲ ਤਾਕਤ ਰੱਖਣ ਵਾਲੀਆਂ ਜਾਤਾਂ ਦਾ ਰਾਜਨੀਤੀ 'ਚ ਦਖਲ ਹੁੰਦਾ ਹੈ। ਬਿਹਾਰ 'ਚ ਦਲਿਤ ਜਾਤਾਂ 'ਚ ਦੁਸਾਘ, ਰਵਿਦਾਸ, ਪਾਸੀ, ਮੁਸਹਰ-ਮਾਂਝੀ ਅਤੇ ਧੋਬੀਆਂ ਦਾ ਦਾਬਾ ਰਿਹਾ ਹੈ। ਦਲਿਤ ਫਿਰਕੇ 'ਚ ਆਉਣ ਵਾਲੀਆਂ ਇਹਨਾਂ ਜਾਤਾਂ ਨੂੰ ਛੱਡ ਕੇ ਹੋਰ ਜਾਤੀਆਂ ਰਾਜਨੀਤੀ ਦੇ ਹਾਸ਼ੀਏ 'ਤੇ ਹੀ ਰਹਿੰਦੀਆਂ ਹਨ ਅਤੇ ਉਹਨਾਂ ਦੀ ਨੁਮਾਇੰਦਗੀ ਵੀ ਨਹੀਂ ਮਿਲਦੀ। ਸਿੱਖਿਆ ਦੇਣ ਸਬੰਧੀ ਵੀ ਮਹਾਂਦਲਿਤ ਹਾਸ਼ੀਏ 'ਤੇ ਹਨ। ਹਾਸ਼ੀਏ 'ਤੇ ਪਈਆਂ ਇਹਨਾਂ ਜਾਤੀਆਂ ਦੇ ਗਿਣੇ-ਮਿਥੇ ਪ੍ਰਤੀਨਿਧ ਹੀ ਵਿਧਾਨ ਸਭਾ, ਲੋਕ ਸਭਾ ਜਾਂ ਰਾਜ ਸਭਾ ਅਤੇ ਵਿਧਾਨ ਪ੍ਰੀਸ਼ਦ 'ਚ ਦਿਖਾਈ ਦਿੰਦੇ ਹਨ। ਰਾਜ ਦੀਆਂ ਵੱਡੀਆਂ ਪਾਰਟੀਆਂ ਛੋਟੀਆਂ ਦਲਿਤ ਜਾਤੀਆਂ ਨੂੰ ਘੱਟ ਹੀ ਟਿਕਟਾਂ ਦਿੰਦੀਆਂ ਹਨ। ਬਿਹਾਰ 'ਚ ਅਨਸੂਚਿਤ ਜਾਤੀ ਲਈ ਸੁਰਖਿਅਤ 38 ਸੀਟਾਂ ਦੇ ਤਹਿਤ ਵਿਧਾਨ ਸਭਾ ਦੀਆਂ 60 ਸੀਟਾਂ 'ਤੇ ਦਲਿਤ ਅਤੇ ਮਹਾਂ ਦਲਿਤ ਦੀਆਂ ਵੋਟਾਂ ਅਸਰਦਾਇਕ ਸਾਬਤ ਹੋ ਸਕਦੀਆਂ ਹਨ। ਵਿਧਾਨ ਸਭਾ ਚੋਣ 'ਚ ਦਲਿਤਾਂ ਤੇ ਮਹਾਂ ਦਲਿਤਾਂ ਦੀ ਰਾਜਨੀਤੀ ਗਰਮ ਹੋ ਗਈ ਹੈ। ਰਾਜ ਦੇ 60 ਸੀਟਾਂ 'ਤੇ ਦਲਿਤ ਅਬਾਦੀ 16 ਫੀਸਦੀ ਤੋਂ 30 ਫੀਸਦੀ ਵਿਚਕਾਰ ਹੈ। ਮੁਸਲਿਮ ਬਹੁ ਗਿਣਤੀ ਖੇਤਰਾਂ ਵਿੱਚ ਵੀ ਦਲਿਤ ਵੋਟ ਬੈਂਕ ਦੀ ਭੂਮਿਕਾ ਨਿਰਣਾਇਕ ਸਥਿਤੀ 'ਚ ਹੋ ਸਕਦੀ ਹੈ। ਵਿਧਾਨ ਸਭਾ ਚੋਣ 'ਚ ਦਲਿਤ ਬਹੁਗਿਣਤੀ ਖੇਤਰਾਂ 'ਚ ਦਲਿਤਾਂ ਦੀ ਇਕ ਇਕ ਵੋਟ ਦਾ ਮਹੱਤਵ ਵੱਧ ਗਿਆ ਹੈ। ਗੈਰ ਰਿਜ਼ਰਵ ਵਿਧਾਨ ਸਭਾ ਖੇਤਰਾਂ 'ਚ 19-20 ਫੀਸਦੀ ਤੋਂ ਵੱਧ ਦਲਿਤ ਆਬਾਦੀ ਵਾਲੇ ਖੇਤਰਾਂ 'ਚ ਕਰਗਹਰ, ਭਭੂਆ, ਰਾਮਗੜ੍ਹ, ਬਿਕ੍ਰਮ, ਅਰਵਲ, ਬਖਤਿਆਰਪੁਰ, ਹਰਨੌਲ, ਅਸਥਾਵਾਂ, ਬਰਬੀਘਾਂ, ਉਜੈਆਰਪੁਰ, ਵਾਰਿਸ ਨਗਰ, ਲਾਲਗੰਜ, ਹਾਜੀਪੁਰ, ਨਬਾਦਾ, ਹਿਸੂਆ, ਗੋਬਿੰਦਪੁਰ, ਜਮੂਈ, ਗੁਰੂਆ, ਸੁਰੇਘਾਟੀ, ਟੋਕਾਰੀ, ਬੇਲਾਗੰਜ, ਅਤਰੀ ਤੇ ਵਜੀਰਗੰਜ ਸ਼ਾਮਲ ਹਨ।

ਮੱਧ ਬਿਹਾਰ ਦੇ ਔਰੰਗਾਬਾਦ 'ਚ ਰਫੀਗੰਜ ਨੂੰ ਛੱਡਕੇ ਬਾਕੀ ਵਿਧਾਨ

ਸਭਾ ਖੇਤਰਾਂ 'ਚ ਦਲਿਤਾਂ ਦੀ ਅਬਾਦੀ 20 ਤੋਂ 23 ਫੀਸਦੀ ਵਿਚਕਾਰ ਹੈ। ਗਯਾ ਜ਼ਿਲ੍ਹੇ ਦੇ ਤਿੰਨ ਰਾਖਵੇਂ ਖੇਤਰਾਂ ਅਤੇ ਗਯਾਸ਼ਹਿਰ ਨੂੰ ਛੱਡਕੇ ਬਾਕੀ ਵਿਧਾਨ ਸਭਾ ਖੇਤਰਾਂ 'ਚ ਅਬਾਦੀ 24 ਤੋਂ 30 ਫੀਸਦੀ ਵਿਚਕਾਰ ਹੈ। ਗਯਾ ਸ਼ਹਿਰ 'ਚ ਦਲਿਤਾਂ ਦੀ ਅਬਾਦੀ ਸਭ ਤੋਂ ਘੱਟ ਨੌ ਫੀਸਦੀ ਹੈ।

ਨਬਾਦਾ ਦੇ ਸਭ ਵਿਧਾਨ ਸਭਾ ਖੇਤਰਾਂ 'ਚ ਉਹਨਾਂ ਦੀ ਅਬਾਦੀ 20 ਤੋਂ 26 ਫੀਸਦੀ ਵਿਚਕਾਰ ਹੈ। ਸਭ ਤੋਂ ਵੱਧ ਕਰੀਬ 29 ਫੀਸਦੀ ਅਬਾਦੀ ਰਜੌਲੀ ਰਾਖਵੇਂ ਖੇਤਰ 'ਚ ਹੈ। ਉਤਰ ਬਿਹਾਰ 'ਚ 16 ਤੋਂ 18 ਫੀਸਦੀ ਦੇ ਵਿਚਕਾਰਲੇ ਦਲਿਤ ਬਹੁਗਿਣਤੀ ਖੇਤਰਾਂ 'ਚ ਨਰਪਤਗੰਜ ਧਮਕਾਹਾ, ਬਿਹਾਰੀਗੰਜ, ਮਘੇਪੁਰਾ, ਸਿਮਰੀ, ਬਖਿਤਆਰਪੁਰ, ਮਹਿਸ਼ੀ, ਛਾਤਾਪੁਰ, ਗੌਡਾਬਰਾਮ, ਹਾਯਾ ਘਾਟ, ਮੀਨਾਪੁਰ, ਕੁਡਨੀ, ਕਾਂਟੀ, ਸਮਸਤੀਪੁਰ, ਭੋਰਵਾ, ਸਾਰਏਰੰਜਨ, ਵਿਭੂਤੀਪੁਰ, ਪਿਪਰਾ, ਮਧੂਵਨ, ਹਸਨਪੁਰ, ਚੇਰਿਆ, ਬਰਿਆਪੁਰ ਅਤੇ ਬਛਵਾੜ ਸ਼ਾਮਲ ਹਨ। ਗੋਪਾਲਗੰਜ ਜ਼ਿਲ੍ਹੇ 'ਚ ਭੋਰੇ ਨੂੰ ਛੱਡਕੇ ਸਭ ਪੰਜ ਵਿਧਾਨ ਸਭਾ ਖੇਤਰਾਂ 'ਚ ਦਲਿਤਾਂ ਦੀ ਅਬਾਦੀ 11-12 ਫੀਸਦੀ ਵਿਚਕਾਰ ਹੈ। ਸੀਵਾਨ ਜ਼ਿਲ੍ਹੇ 'ਚ ਦਰੌਲੀ ਸਭ ਵਿਧਾਨ ਸਭਾ ਖੇਤਰਾਂ 'ਚ ਦਲਿਤਾਂ ਦੀ ਅਬਾਦੀ 11-15 ਫੀਸਦੀ ਵਿਚਕਾਰ ਹੈ। ਸੀਮਾਗੜੀ, ਮਧੁਮਨੀ ਤੇ ਸੁਪੌਲ 'ਚ ਉਹਨਾਂ ਦੀ ਅਬਾਦੀ 10-14 ਫੀਸਦੀ ਵਿਚਕਾਰ ਹੈ।

**ਬਿਹਾਰ 'ਚ ਦਲਿਤ** - ਮਹਾਂਦਲਿਤ ਸਮੂਹਾਂ ਦੇ ਵੋਟਰਾਂ ਦੀ ਗਿਣਤੀ ਲਗਭਗ ਇਕ ਕਰੋੜ ਹੈ। ਦਲਿਤ ਸਮੂਹਾਂ ਵਿਚ ਸਿੱਖਿਆ ਦੀ ਹਾਲਤ ਵੀ ਕਾਫੀ ਤਰਸਯੋਗ ਹੈ। ਸਵਾ ਕਰੋੜ ਤੋਂ ਵੱਧ ਅਬਾਦੀ ਵਾਲੇ ਸਮਾਜ 'ਚ ਸਾਖਰਤਾ ਦਰ ਬਸ 28 ਫੀਸਦੀ ਹੈ। ਮਰਦਾਂ ਵਿਚਕਾਰ ਇਹ ਕਰ 28% ਤੇ ਔਰਤਾਂ 'ਚ 15 ਫੀਸਦੀ ਹੀ ਹੈ। ਦਲਿਤ ਅਬਾਦੀ ਦਾ 77 ਫੀਸਦੀ ਹਿੱਸਾ ਖੇਤ ਮਜ਼ਦੂਰਾਂ ਦਾ ਅਤੇ ਦਲਿਤਾਂ ਦਾ 90 ਫੀਸਦੀ। ਖੱਬੇ ਪੱਖੀ ਪਾਰਟੀਆਂ ਨੂੰ ਛੱਡ ਕੇ ਬਾਈਕਾਟ 'ਤੇ ਸਭ ਪਾਰਟੀਆਂ ਚੁੱਪ ਹਨ। ਸੰਨ 2001 ਬਿਹਾਰ 'ਚ ਦਲਿਤ ਭੂਮੀ ਹੀਨ ਬੇਘਰ ਪ੍ਰੀਵਾਰਾਂ ਦੀ ਗਿਣਤੀ ਮੁਲਕ 'ਚ 40 ਲੱਖ ਸੀ। ਨਤੀਸ਼ ਸਰਕਾਰ ਨੇ ਬਾਸਗੀਤ ਦੀ ਜ਼ਮੀਨ ਮੁਹੱਈਆ ਕਰਾਉਣ ਦਾ ਫੈਸਲਾ ਕੀਤਾ ਹੈ। NSSO ਦੀ 2006-07 ਦੀ ਰਿਪੋਰਟ ਅਨੁਸਾਰ ਬਿਹਾਰ ਦੀ ਕੁਲ ਅਬਾਦੀ ਦੇ ਸਾਡੇ 8 ਫੀਸਦੀ ਦਲਿਤ ਪ੍ਰੀਵਾਰਾਂ ਕੋਲ ਬਾਸਗੀਤ ਦਾ ਪਰਚਾ ਜਾਂ ਪ੍ਰਵਾਨਾ ਨਹੀਂ ਸੀ। ਦਲਿਤ ਫਿਰਕਿਆਂ 'ਤੇ ਕੰਮ ਕਰਨ ਵਾਲੇ ਸੰਜੈ ਕੁਮਾਰ ਮੰਨਦੇ ਹਨ ਕਿ ਗਯਾ ਜ਼ਿਲ੍ਹੇ 'ਚ 20 ਹਜ਼ਾਰ ਘਰਾਂ ਦੇ ਸਰਵੇ 'ਚ ਦੇਖਿਆ ਗਿਆ ਕਿ 13065 ਦੇ ਪਾਸ ਪਰਚਾ ਜਾਂ ਪਰਵਾਨਾ ਨਹੀਂ ਸੀ।

# ਕੀ ਅਮਰੀਕੀ ਚਾਲ ਕਾਰਨ ਉੱਤਰੀ ਤੇ ਦੱਖਣੀ ਕੋਰੀਆ ਫਿਰ ਲੜੇ?

ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਨੇ ਇਕ ਦੂਜੇ 'ਤੇ ਫਿਰ ਤੋਂ ਮਿਜ਼ਾਇਲਾਂ ਬਰਸਾਈਆਂ। ਦੋਨੋਂ ਦੇਸ਼ਾਂ ਨੇ ਇਕ ਦੂਜੇ 'ਤੇ ਹਮਲੇ ਦੀ ਸ਼ੁਰੂਆਤ ਦਾ ਦੋਸ਼ ਲਾਉਂਦੇ ਹੋਇਆ ਖੁਦ ਦੀ ਪਲਟਵਾਰ ਕਾਰਵਾਈ ਨੂੰ ਜਾਇਜ਼ ਠਹਿਰਾਇਆ ਦੋਨਾਂ ਦੇਸ਼ਾਂ ਵਿਚਕਾਰ ਤਣਾਅ ਇਕ ਵਾਰੀ ਫਿਰ ਵਧ ਚੁੱਕਿਆ ਹੈ। ਅਮਰੀਕੀ ਸਾਮਰਾਜੀ ਦੋਨਾਂ ਦੇਸ਼ਾਂ ਵਿਚਕਾਰ ਭੜਕੀ ਅੱਗ 'ਚ ਆਪਣੇ ਹਿੱਤਾਂ ਦੀ ਰੋਟੀ ਸੇਕਣ 'ਚ ਜੁੱਟ ਗਏ ਹਨ। ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਦਾ ਸਰਹੱਦੀ ਝਗੜਾ ਕਾਫੀ ਪੁਰਾਣਾ ਹੈ। 1953 'ਚ ਕੋਰੀਆ ਜੰਗ ਦੇ ਅੰਤ ਵਿੱਚ ਆਪਣੀ ਮਨਮਰਜੀ ਨਾਲ ਸੀਮਾ ਰੇਖਾ ਤਹਿ ਕੀਤੀ ਸੀ। ਪੀਲੇ ਸਾਗਰ ਨੂੰ ਦੋਨੋਂ ਦੇਸ਼ਾਂ ਵਿਚਕਾਰ ਵੰਡਣ ਵਾਲੀ ਨਾਰਦਨ ਲਿਮਟ ਲਾਈਨ ਨੂੰ ਉੱਤਰੀ ਕੋਰੀਆ ਨੇ ਕਦੀ ਨਹੀਂ ਮੰਨਿਆ। ਇਸ ਤਰ੍ਹਾਂ ਨਾਲ ਪੀਲੇ ਸਾਗਰ ਦੇ ਵਿੱਚ ਵੰਡ ਰੇਖਾ ਦੋਹਾਂ ਦੇਸ਼ ਵਿਚਾਲੇ ਝਮੇਲੇ ਦਾ ਕਾਰਨ ਬਣੀ ਰਹੀ। 1999 'ਚ ਉੱਤਰੀ ਕੋਰੀਆ ਨੇ ਆਪਣੇ ਲਈ ਨਵੀਂ ਸਰਹੱਦੀ ਰੇਖਾ ਐਲਾਨੀ ਜਿਸ ਨੂੰ 'ਮਿਲਟਰੀ ਡਿਮਾਰਕੇਸ਼ਨ ਲਾਈਨ' ਕਿਹਾ ਜਾਂਦਾ ਹੈ। ਜਿਸ ਨੂੰ ਦੱਖਣੀ ਕੋਰੀਆ ਨੇ ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਪਿੱਛੋਂ ਇਸ ਸੀਮਾ ਝਮੇਲੇ 'ਤੇ ਦੋਨੋਂ ਦੇਸ਼ ਦੋ ਵਾਰੀ ਆਪਸ 'ਚ ਭਿੜ ਚੁੱਕੇ ਹਨ। 2002 'ਚ ਹੋਏ ਆਪਸੀ ਹਮਲਿਆਂ 'ਚ ਦੱਖਣੀ ਕੋਰੀਆ ਦੇ 4 ਅਤੇ ਉੱਤਰੀ ਕੋਰੀਆ ਦੇ 30 ਲੋਕ ਮਾਰੇ ਗਏ ਸਨ। 2010 ਦੇ ਮਾਰਚ ਮਹੀਨੇ 'ਚ ਦੱਖਣੀ ਕੋਰੀਆ ਦਾ ਘੁਯਪੋਤ ਚੀਔਨਾਨ ਸਮੁੰਦਰ 'ਚ ਡੁੱਬ ਗਿਆ ਅਤੇ ਉਸ ਦੇ 46 ਨਾਇਕ ਮਾਰੇ ਗਏ ਸਨ। ਦੱਖਣੀ ਕੋਰੀਆ ਨੇ ਇਸ ਲਈ ਉੱਤਰੀ ਕੋਰੀਆ ਨੂੰ ਦੋਸ਼ੀ ਠਹਿਰਾਇਆ ਸੀ ਪਰ ਉੱਤਰੀ ਕੋਰੀਆ ਨੇ ਇਸ ਘਟਨਾ 'ਚ ਆਪਣਾ ਹੱਥ ਹੋਣ ਤੋਂ ਇਨਕਾਰ ਕੀਤਾ ਸੀ। ਪਿੱਛੇ ਜਿਹੇ ਹੀ ਓਬਾਮਾ ਦੀ ਏਸ਼ੀਆ ਯਾਤਰਾ ਤੋਂ ਪਹਿਲਾਂ ਹੀ ਦੋਨਾਂ ਦੇਸ਼ਾਂ 'ਚ ਆਪਸੀ ਝੜਪ ਹੋ ਚੁੱਕੀ ਸੀ ਸਰਹੱਦੀ ਝਗੜੇ ਤੋਂ ਇਲਾਵਾ ਦੋਨੋ ਕੋਰੀਆ ਵੱਡੀਆਂ ਤਾਕਤਾਂ ਵਿਚਕਾਰ ਪ੍ਰਾਕਸੀ ਵਾਰ (ਅਸਿੱਧੀ ਜੰਗ) ਦਾ ਕੇਂਦਰ ਰਹੇ ਹਨ। ਅਮਰੀਕੀ ਸਾਮਰਾਜੀ, ਲੰਬੇ ਸਮੇਂ ਤੋਂ ਦੱਖਣੀ ਕੋਰੀਆ ਦੇ ਸਿਰ ਤੇ ਹੱਥ ਰੱਖ ਰਹੇ ਹਨ ਅਤੇ ਪਹਿਲਾਂ ਰੂਸ ਤੇ ਹੁਣ ਚੀਨ ਉੱਤਰੀ ਕੋਰੀਆ ਨੂੰ ਸ਼ਹਿ ਦੇ ਰਿਹਾ ਹੈ। ਅਮਰੀਕੀ ਸਾਮਰਾਜੀ ਉੱਤਰੀ ਕੋਰੀਆ ਨੂੰ ਪ੍ਰਮਾਣੂ ਪ੍ਰੋਗ੍ਰਾਮ ਦੇ ਨਾਂ 'ਤੇ ਘੇਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਪਰ ਚੀਨ ਦੇ ਉੱਤਰੀ ਕੋਰੀਆ ਦੇ ਪੱਖ 'ਚ ਖੜ੍ਹੇ ਹੋਣ ਕਰਕੇ ਉਹ ਆਪਣੀ ਮਨ ਮਰਜ਼ੀ ਨਹੀਂ ਕਰ ਸਕਦੇ ਹਨ। ਪਿੱਛੇ ਜਿਹੇ ਹੀ ਅਮਰੀਕਾ ਤੋਂ ਜਾਰੀ ਨਿਊਕਲੀਅਰ ਸਾਇੰਟਿਸਟ ਰਿਪੋਰਟ 'ਚ ਉੱਤਰੀ ਕੋਰੀਆ ਦੇ ਪ੍ਰਮਾਣੂ ਪ੍ਰੋਗ੍ਰਾਮ ਦੇ ਹਥਿਆਰਾਂ ਲਈ ਵਰਤੋਂ ਕੀਤੇ ਜਾਣ ਦਾ ਦੋਸ਼ ਲਾਇਆ ਗਿਆ ਹੈ। ਇਸ ਰਿਪੋਰਟ ਦੀ ਵਰਤੋਂ ਅਮਰੀਕਾ ਉੱਤਰੀ ਕੋਰੀਆ 'ਤੇ ਅਨੈਤਿਕ ਦਬਾਅ ਵਧਾਉਣ ਲਈ ਕਰੇਗਾ। ਪਿੱਛੇ ਜਿਹੇ ਸ਼ੁਰੂ ਕੀਤੇ ਝਗੜੇ ਪਿੱਛੇ ਦੱਖਣੀ ਕੋਰੀਆ ਵੱਲੋਂ ਪੀਲੇ ਸਾਗਰ 'ਚ ਅਮਰੀਕਾ ਦੇ ਨਾਲ

ਕੀਤੀਆਂ ਜਾ ਰਹੀਆਂ ਸਾਂਝੀਆਂ ਫੌਜੀ ਮਾਸ਼ਕਾਂ ਦੀ ਭੂਮਿਕਾ ਹੈ। ਦੱਖਣੀ ਕੋਰੀਆ ਦੇ 70 ਹਜ਼ਾਰ ਫੌਜੀ 9 ਦਿਨ ਦੀ ਜੰਗੀ ਮਸ਼ਕ 'ਚ 22 ਨਵੰਬਰ ਤੋਂ ਜੁਟ ਗਏ ਹਨ। ਇਥੇ ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਦੱਖਣੀ ਕੋਰੀਆ ਦੀ ਅਗਵਾਈ ਦੱਖਣੀ ਕੋਰੀਆ ਕੋਲ ਨਾ ਹੋ ਕੇ ਅਮਰੀਕਾ ਕੋਲ ਹੈ। ਅਮਰੀਕਾ ਦੇ 37000 ਫੌਜੀ ਆਧੁਨਿਕ ਹਥਿਆਰਾਂ ਨਾਲ ਲੈਸ ਹਨ। ਹੌਗੁਕ ਜੰਗੀ ਮਸ਼ਕ ਨਾਂ ਦੀ ਇਸ ਕਾਰਵਾਈ ਨੂੰ ਉੱਤਰੀ ਕੋਰੀਆ 'ਤੇ ਸੰਭਾਵਿਤ ਹਮਲੇ ਦੀ ਤਿਆਰੀ ਮੰਨਿਆ ਜਾ ਰਿਹਾ ਸੀ। ਉੱਤਰੀ ਕੋਰੀਆ ਨੇ ਦੋਸ਼ ਲਾਇਆ ਕਿ ਪਹਿਲਾਂ ਇਸ ਫੌਜੀ ਇਕੱਠ ਨੇ ਉਸ ਦੇ ਹਿੱਸੇ ਦੀ ਸਰਹੱਦ 'ਤੇ ਹਮਲਾ ਕੀਤਾ ਜਿਸ ਦੇ ਜੁਆਬ 'ਚ ਉਸ ਨੇ 23 ਨਵੰਬਰ ਨੂੰ ਸਰਹੱਦੀ ਯਾਨ ਪਿਆਰਾ ਦੀਪ 'ਤੇ ਹੱਲਾ ਬੋਲਿਆ। ਉੱਤਰੀ ਕੋਰੀਆ ਵਲੋਂ ਕੀਤੇ ਇਸ ਹਮਲੇ 'ਚ ਦੱਖਣੀ ਕੋਰੀਆ ਦੇ 4 ਬੰਦੇ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਦੀਪ ਦੇ ਕਈ ਘਰਾਂ 'ਚ ਅੱਗ ਲੱਗ ਗਈ। ਜੁਆਬੀ ਕਾਰਵਾਈ 'ਚ ਦੱਖਣੀ ਕੋਰੀਆ ਨੇ ਉਪਰੋਕਿਤ ਦੀਪ ਨੂੰ ਆਪਣੇ ਸ਼ਹਿਰੀਆਂ ਤੋਂ ਖਾਲੀ ਕਰਵਾ ਲਿਆ ਅਤੇ ਉੱਤਰੀ ਕੋਰੀਆ 'ਤੇ ਕਈ ਮਿਜ਼ਾਇਲਾਂ ਦਾਗੀਆਂ ਉੱਤਰੀ ਕੋਰੀਆ 'ਚ ਮਾਰੇ ਗਏ ਲੋਕਾਂ ਦੀ ਗਿਣਤੀ ਕਿਤੇ ਵੱਧ ਹੋਣ ਦੇ ਅਨੁਮਾਨ ਲਾਏ ਜਾ ਰਹੇ ਹਨ। ਉਪਰੋਕਿਤ ਦੀਪ 'ਤੇ ਦੱਖਣੀ ਕੋਰੀਆ ਨੇ ਆਪਣੀ ਫੌਜੀ ਲਾਮਬੰਦੀ ਵਧਾ ਕੇ ਤਣਾਅ ਹੋਰ ਵਧਾ ਦਿੱਤਾ ਹੈ। ਦੱਖਣੀ ਕੋਰੀਆ 'ਚ 2008 ਤੋਂ ਦੱਖਣਪੰਥੀ ਗ੍ਰਾਂਡ ਨੈਸ਼ਨਲ ਪਾਰਟੀ ਦੇ ਰਾਸ਼ਟਰਪਤੀ ਮਿਆਂਗ-ਬਕ ਕਾਬਿਜ ਹੈ। ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਪਹਿਲਾਂ ਦੇ ਰਾਸ਼ਟਰਪਤੀਆਂ ਦੇ ਮੁਕਾਬਲੇ ਇਹ ਕੋਰੀਆ ਵਿਵਾਦ ਨੂੰ ਭੜਕਾਉਣ 'ਚ ਵੱਧ ਰੁਚੀ ਰੱਖਦੇ ਹਨ। ਅਮਰੀਕੀ ਇਸ਼ਾਰਿਆਂ 'ਤੇ ਨੱਚਣ 'ਚ ਇਹਨਾਂ ਨੇ ਪਹਿਲਾਂ ਦੇ ਸਭ ਹਾਕਮਾਂ ਨੂੰ ਪਿੱਛੇ ਛੱਡ ਦਿੱਤਾ ਹੈ। ਲੀ ਦੀ ਅਗਵਾਈ 'ਚ ਕੀਤੀਆਂ ਜਾ ਰਹੀਆਂ ਸਰਗਰਮੀਆਂ ਨੇ ਦੋਨਾਂ ਦੇਸ਼ਾਂ ਵਿਚਕਾਰ ਤਣਾਅ ਨੂੰ ਨਵੀਂ ਉੱਚਾਈ ਤੱਕ ਪਹੁੰਚਾ ਦਿੱਤਾ ਹੈ। ਉੱਤਰੀ ਕੋਰੀਆ ਨਾਲ ਨਿਪਟਣ ਲਈ ਲੰਮੇ ਸਮੇਂ ਤੋਂ ਅਮਰੀਕੀ ਦਾਬੇ ਨੂੰ ਅੰਗੂਠਾ ਵਿਖਾਉਂਦਿਆਂ ਆਪਣਾ ਪ੍ਰਮਾਣੂ ਪ੍ਰੋਗ੍ਰਾਮ ਜਾਰੀ ਰੱਖ ਰਹੇ ਹਨ। ਅਜਿਹੇ 'ਚ ਅਮਰੀਕਾ ਉੱਤਰੀ ਕੋਰੀਆ ਨਾਲ ਨਿਪਟਣ ਲਈ ਲੰਮੇ ਸਮੇਂ ਤੋਂ ਤਾਂਘ ਰਿਹਾ ਹੈ। ਪਰ ਇਰਾਕ-ਅਫਗਾਨਿਸਤਾਨ 'ਚ ਫਸੇ ਹੋਣ ਦੇ ਨਾਲ-ਨਾਲ ਰੂਸ-ਚੀਨ ਦੀ ਉੱਤਰੀ ਕੋਰੀਆ ਨੂੰ ਹਮਾਇਤ ਉਸ ਨੂੰ ਆਪਣੀ ਮਨਮਰਜੀ ਕਰਨ ਤੋਂ ਰੋਕਦੀ ਆ ਰਹੀ ਹੈ। ਹੁਣ ਜਦ ਕਿ ਦੋਨਾਂ ਦੇਸ਼ਾਂ 'ਚ ਟਕਰਾਅ ਪੈਦਾ ਹੋ ਗਿਆ ਹੈ ਤਦ ਅਮਰੀਕਾ ਇਸ ਦਾ ਫਾਇਦਾ ਉਠਾਉਣ ਦਾ ਜੁਗਾੜ ਲਾ ਰਿਹਾ ਹੈ ਪੂਰੀ ਬੇਸ਼ਰਮੀ ਨਾਲ ਉਸ ਨੇ ਦੱਖਣੀ ਕੋਰੀਆ ਦੀ ਖੁੱਲ੍ਹੀ ਹਮਾਇਤ ਦਾ ਐਲਾਨ ਕਰਦਿਆਂ ਉਸ ਨੂੰ ਹਰ ਸੰਭਵ ਮਦਦ ਦਾ ਐਲਾਨ ਕੀਤਾ ਹੈ। ਪੀਲੇ ਸਾਗਰ 'ਚ ਆਪਣੀ ਫੌਜ ਮੌਜੂਦਗੀ ਵਧਾ ਕੇ ਚੀਨ 'ਤੇ ਵੀ ਦਬਾਅ ਕਾਇਮ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਉਹ ਝਗੜੇ ਨੂੰ ਸੁਲਝਾਉਣ ਦੀ ਬਜਾਏ ਹੋਰ ਭੜਕਾਉਣ 'ਚ ਜੁਟਿਆ ਹੋਇਆ ਹੈ। ਇਸ ਉਦੇਸ਼ ਨਾਲ ਉਸ ਨੇ ਅਗਲੇ ਸਾਲ ਜੁਲਾਈ ਮਹੀਨੇ 'ਚ ਹੋਣ ਵਾਲੀ ਦੱਖਣੀ ਕੋਰੀਆ ਨਾਲ ਵੱਡੀ ਫੌਜੀ ਮਸ਼ਕ ਨੂੰ 28 ਜਨਵਰੀ ਤੋਂ ਇਕ ਦਸੰਬਰ ਤੱਕ ਕੀਤੇ ਜਾਣ ਦਾ ਐਲਾਨ ਕਰ ਦਿੱਤਾ ਹੈ। ਇਸ ਜੰਗੀ ਮਸ਼ਕ 'ਚ

ਪੀਲੇ ਸਾਗਰ 'ਚ ਅਮਰੀਕੀ ਜੰਗਬੇੜਾ ਜਾਰਜ ਵਸ਼ਿੰਗਟਨ (ਜਿਸ ਤੇ ਪ੍ਰਮਾਣੂ ਹਥਿਆਰ ਵਾਹਕ ਜਹਾਜ਼ ਤੈਨਾਤ ਹੈ) ਸਮੇਤ 5 ਹੋਰ ਅਮਰੀਕੀ ਜੰਗੀ ਬੇੜੇ ਹਿੱਸਾ ਲੈਣਗੇ। ਚੀਨ ਪੂਰਬ 'ਚ ਪੀਲੇ ਸਾਗਰ 'ਚ ਪ੍ਰਸਤਾਵਿਤ ਇਸ ਫੌਜੀ ਮਸ਼ਕ ਦਾ ਵਿਰੋਧ ਕਰ ਚੁੱਕਿਆ ਹੈ। ਹੁਣ ਕੋਰੀਆਈ ਤਣਾਅ ਵਧਣ ਮੌਕੇ ਉਸ ਨੇ ਰੂਸ ਨਾਲ ਮਿਲਕੇ ਦੋਨਾਂ ਦੇਸ਼ਾਂ ਨੂੰ ਝਗੜੇ ਦੇ ਸ਼ਾਂਤੀਪੂਰਨ ਨਿਪਟਾਰੇ ਲਈ ਦਬਾਉ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਚੀਨ ਕਿਸੇ ਵੀ ਕੀਮਤ ਤੇ ਪੀਲੇ ਸਾਗਰ 'ਚ ਅਮਰੀਕੀ ਜੰਗੀ ਬੇੜਿਆਂ ਦੀ ਤੈਨਾਤੀ ਨਹੀਂ ਚਾਹੁੰਦਾ। ਅਮਰੀਕੀ ਸ਼ਹਿ 'ਤੇ ਦੱਖਣੀ ਕੋਰੀਆਈ ਸਾਸ਼ਕ ਝਗੜੇ ਨੂੰ ਪੂਰੀ ਹਵਾ ਦੇ ਰਹੇ ਹਨ ਅਜਿਹੀ ਹਾਲਤ 'ਚ ਜੇ ਦੋਨਾਂ ਦੇਸ਼ਾਂ ਵਿਚਾਲੇ ਟਕਰਾਅ ਹੁੰਦਾ ਹੈ ਤਾਂ ਇਹ ਯੁੱਧ ਅਮਰੀਕਾ ਲਈ ਇਰਾਕ-ਅਫਗਾਨਿਸਤਾਨ ਦਾ ਇਕ ਤਰਫਾ ਯੁੱਧ ਨਹੀਂ ਹੋਵੇਗਾ ਬਲਕਿ ਇਸ ਯੁੱਧ 'ਚ ਰੂਸ ਦੇ ਚੀਨ ਦੀ ਦਖਲਅੰਦਾਜ਼ੀ ਦੀਆਂ ਸੰਭਾਵਨਾਵਾਂ ਕਿਤੇ ਵੱਧ ਹਨ। ਇਹ ਖਤਰਾ ਅਮਰੀਕਾ ਨੂੰ ਉੱਤਰੀ ਕੋਰੀਆ ਤੋਂ ਸਿੱਧੇ ਹਮਲੇ ਲਈ ਰੋਕ ਰਿਹਾ ਹੈ ਪਰ ਹੁਣ ਇਹ ਦੱਖਣੀ ਕੋਰੀਆ ਨੂੰ ਅੱਗੇ ਕਰਕੇ ਆਪਣੇ ਮਨਸੂਬੇ ਪੂਰੇ ਕਰਨ 'ਚ ਜੁਟ ਗਿਆ ਹੈ। ਇਥੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਉੱਤਰੀ ਤੇ ਦੱਖਣੀ ਕੋਰੀਆ ਦੋਨੋਂ ਦੇਸ਼ਾਂ ਦੇ ਹਾਕਮ ਉਥੋਂ ਦੇ ਪੂੰਜੀਪਤੀ ਹਨ। ਇਕ ਦੇਸ਼ 'ਚ ਅਖੌਤੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਰਾਜਸੀ ਪੂੰਜੀਵਾਦ ਹੈ ਤਾਂ ਦੂਜੇ ਦੇਸ਼ 'ਚ ਘੋਰ ਪਿਛਾਖੜੀ ਪਾਰਟੀ ਦੀ ਅਗਵਾਈ 'ਚ ਖੁੱਲ੍ਹਾ ਪੂੰਜੀਵਾਦ ਹੈ। ਸਾਮਰਾਜੀ ਅਮਰੀਕਾ ਤੇ ਪਸਾਰਵਾਦੀ ਚੀਨ ਇਸ ਝਗੜੇ ਰਾਹੀਂ ਆਪਣੇ ਦਾਬੇ ਨੂੰ ਧੌਂਸ ਨੂੰ ਵਧਾਉਣਾ ਚਾਹੁੰਦੇ ਹਨ। ਇਸ ਲਈ ਉਹ ਦੋਨੋਂ ਦੇਸ਼ਾਂ ਦੇ ਪੂੰਜੀਵਾਦ ਨਾਲ ਗੰਢ ਤੁੱਪ ਕਰੀ ਬੈਠੇ ਹਨ। ਲੁਟੇਰੇ ਹਾਕਮਾਂ ਦੀ ਇਸ ਮਿਲੀ-ਭੁਗਤ ਅਤੇ ਝਗੜੇ ਦੇ ਉਲਟ ਕੋਰੀਆਈ ਜਨਤਾ ਦੇ ਹਿੱਤ ਆਪਸੀ ਲੜਾਈ ਦੀ ਬਜਾਏ ਏਕਤਾ 'ਚ ਹਨ ਇਹ ਝਗੜਾ ਕੋਰੀਆਈ ਲੋਕਾਂ ਨੂੰ ਕੁਚਲ ਦੇਵੇਗਾ ਇਸ ਲਈ ਕੋਰੀਆਈ ਲੋਕਾਂ ਦਾ ਹਿੱਤ ਜੰਗੀ ਜਨੂੰਨ ਪੈਦਾ ਕਰ ਰਹੇ ਆਪਣੇ ਹਾਕਮਾਂ ਦੇ ਨਾਲ-ਨਾਲ ਅਮਰੀਕਾ-ਚੀਨ ਵਿਰੁੱਧ ਖੜ੍ਹੇ ਹੋ ਜਾਣ ਵਿੱਚ ਹੈ।

# ਕੀ ਹੈ ਭਰਿਸ਼ਟਾਚਾਰ ਦੀ ਬੁਨਿਆਦ?

ਅੱਜਕਲ ਇਉਂ ਲੱਗਦੈ ਜਿਵੇਂ ਪੂਰੇ ਦੇਸ਼ ’ਚ ਭਰਿਸ਼ਟਾਚਾਰ ਖ਼ਿਲਾਫ ਕੋਈ ਜੰਗ ਛਿੜ ਗਈ ਹੋਵੇ। ਹਰ ਪਾਸੇ ਭਾਵ ਦੇਸ਼ ਦੀ ਪਾਰਲੀਮੈਂਟ, ਸੁਪਰੀਮ ਕੋਰਟ, ਮੀਡੀਆ ’ਚ ਭਰਿਸ਼ਟਾਚਾਰ ਖ਼ਿਲਾਫ ਇਹਨਾਂ ਅਦਾਰਿਆਂ ਨੇ ਜਿਵੇਂ ਕਮਰ ਕਸ ਲਈ ਹੋਵੇ ਕਿ ਉਹ ਭਾਰਤੀ ਰਾਜਸੀ-ਸਮਾਜਕ ਜੀਵਨ ’ਚ ਭਰਿਸ਼ਟਾਚਾਰ ਨੂੰ ਕੋਈ ਗੰਭੀਰ ਚਣੌਤੀ ਦੇ ਦੇਣਗੇ। ਪਾਰਲੀਮੈਂਟ 2-ਜੀ ਸਪੈਕਟ੍ਰਮ ਘੋਟਾਲੇ ਸਬੰਧੀ ਕਈ ਹਫਤੇ ਠਪ ਰਹੀ। ਸੁਪਰੀਮ ਕੋਰਟ ਰੋਜ਼ਾਨਾ ਨਵੀਂ ਟਿੱਪਣੀਆਂ ਕਰ ਰਹੀ ਹੈ। ਮੀਡੀਆ ਇਸ ਸਬੰਧੀ ਰੋਜ਼ਾਨਾ ਨਵੇਂ ਭੇਦਾਂ ਤੋਂ ਪੜਦਾ ਉਠਾ ਰਿਹਾ ਹੈ। ਪਰ ਇਸ ਦ੍ਰਿਸ਼ ’ਚ ਸਭ ਕੁਝ ਬੜਾ ਹੀ ਮਜ਼ੇਦਾਰ ਹੈ। ਜਿਹਨਾਂ ’ਤੇ ਦੋਸ਼ ਹਨ ਜੋ ਦੋਸ਼ ਲਾ ਰਹੇ ਹਨ, ਜੋ ਭੇਦਾਂ ਨੂੰ ਉਜਾਗਰ ਕਰ ਰਹੇ ਹਨ, ਜੋ ਜਾਂਚ ਕਰਾ ਰਹੇ ਹਨ, ਜੋ ਫੈਸਲੇ ਸੁਣਾ ਰਹੇ ਹਨ, ਸਾਰੇ ਭਰਿਸ਼ਟਾਚਾਰ ’ਚ ਡੁੱਬੇ ਹੋਏ ਹਨ। ਹਾਕਮ ਧਿਰ ਵੀ ਅਤੇ ਵਿਰੋਧੀ ਧਿਰ ਵੀ ਅਦਾਲਤ ਵੀ, ਜਾਂਚ ਏਜੰਸੀਆਂ ਵੀ, ਸਨਅਤਕਾਰ ਵੀ ਅਤੇ ਮੀਡੀਆ ਵੀ। ਰੱਖਿਆ ਕਰਨ ਵਾਲੇ ਵੀ ਤੇ ਜਿਹਨਾਂ ਦੀ ਰਾਖੀ ਕੀਤੀ ਜਾ ਰਹੀ ਹੈ ਉਹ ਵੀ। ਯਾਨੀ ਜੋ ਕੁਝ ਦੇਸ਼ ਅੰਦਰ ਇਸ ਵੇਲੇ ਚੱਲ ਰਿਹਾ ਹੈ ਉਹ ਭਰਿਸ਼ਟਾਚਾਰੀਆਂ ਦਰਮਿਆਨ ਛਿੜਿਆ ਯੁੱਧ ਹੈ। ਭਰਿਸ਼ਟਾਚਾਰੀਆਂ ਆਪਸ ’ਚ ਲੜ ਰਹੇ ਹਨ ਜਾਂ ਤੁਸੀਂ ਕਹਿ ਸਕਦੇ ਹੋ ਸਿਰਫ਼ ਬਿਨਾਂ ਵਜ੍ਹਾ ਕੁਸ਼ਤੀ ਲੜ ਰਹੇ ਹਨ। ਲੋਕਾਂ ਦੀਆਂ ਅੱਖਾਂ ’ਚ ਘੱਟਾ ਪਾ ਰਹੇ ਹਨ। ਇਹਨਾਂ ਅਰਥਾ ’ਚ ਇਸ ’ਚ ਮਜ਼ੇਦਾਰ ਕੁਝ ਵੀ ਨਹੀਂ ਬਲਕਿ ਘ੍ਰਿਣਾ ਪੈਦਾ ਕਰਨ ਵਾਲਾ ਹੈ ਹਰ ਕੋਈ ਜਾਣਦਾ ਹੈ ਕਿ ਇਸ ਹੋ-ਹੱਲੇ ਨਾਲ ਕੁਝ ਵੀ ਹੋਣ ਵਾਲਾ ਨਹੀਂ ਹੈ ਕੁਝ ਦਿਨਾਂ ਦੀ ਖੱਪ ਹੈ। ਫਿਰ ਉਹੀ ਸਭ ਕੁਝ ਹੋਣ ਲੱਗੇਗਾ। ਸਭ ਇੱਕ ਦੂਜੇ ਨੂੰ ਜਫੀਆਂ ਪਾ ਰਹੇ ਹੋਣਗੇ ਅਤੇ ਫਿਰ ਲੁੱਟ ਦਾ ਬਾਜ਼ਾਰ ਗਰਮ ਰਹੇਗਾ ਜੋ ਇਹਨਾਂ ਦੇ ਜੀਵਨ ਦਾ ਮਕਸਦ ਹੈ। ਉਸ ਅਨੁਸਾਰ ਸਭ ਕੁਝ ਜਾਣਗੇ। ਇਕ ਦਿਨ ਫਿਰ ਸੜਿਆਂਦ ਫੁੱਟੇਗੀ। ਫਿਰ ਸਭ ਉਸ ਨੂੰ ਢੱਕਣ ਲਈ ਕਮਰ ਕਸਣ ਦਾ ਵਿਖਾਵਾ ਕਰਨਗੇ। ਸਿਲਸਿਲਾ ਇਉਂ ਹੀ ਚੱਲਦਾ ਰਹੇਗਾ। ਚਿਹਰੇ ਬਦਲ ਜਾਣਗੇ ਪਰ ਫਿਰ ਉਹੀ ਦੁਹਰਾਇਆ ਜਾਂਦਾ ਰਹੇਗਾ। ਸੰਨ 1947 ਤੋਂ ਅੱਜ ਤੱਕ ਇਸ ਦੇਸ਼ ’ਚ ਇਹੀ ਹੋ ਰਿਹਾ ਹੈ। ਇਹੀ ਹੁੰਦਾ ਰਹੇਗਾ। ਅਸਲ ’ਚ ਭਰਿਸ਼ਟਾਚਾਰ ਜਦੋਂ ਇਥੇ ਕਿਹਾ ਜਾਂਦਾ ਹੈ ਤਾਂ ਇਸ ਦਾ ਮਤਲਬ ਸਿਰਫ ਇਹ ਹੁੰਦਾ ਹੈ ਕਿ ਜੋ ਕਾਇਦੇ ਕਾਨੂੰਨ ਤਹਿ ਹਨ ਉਹਨਾਂ ਦੀ ਉਲੰਘਣਾ ਕੀਤੀ ਗਈ ਹੈ, ਜੋ ਨਿਯਮ ਹਾਕਮਾਂ ਨੇ ਸੰਸਦ, ਅਦਾਲਤ ਆਦਿ ਥਾਂ ’ਤੇ ਬਣਾਏ ਹਨ ਉਹਨਾਂ ਨੂੰ ਉਹਨਾਂ ਵਿੱਚੋਂ ਹੀ ਕਿਸੇ ਵੱਲੋਂ ਤੋੜਿਆ ਗਿਆ। ਚੋਰ ਦਰਵਾਜੇ ਲੱਭੇ ਗਏ ਅਤੇ ਮਾਲ ’ਚ ਹੱਥ ਸਾਫ਼ ਕਰ ਦਿੱਤਾ ਗਿਆ ਜਾਂ ਫਿਰ ਨਿਯਮ ਨੂੰ ਲਾਗੂ ਕਰਨ ਵਾਲਿਆਂ ਨੇ ਸਾਰਾ ਮਾਲ ਕੌਡੀਆਂ ਦੇ ਭਾਅ ਆਪਣਿਆਂ ਨੂੰ ਹੀ ਦੇ ਦਿੱਤਾ ਗਿਆ। ਕੁਲ ਮਿਲਾ ਕੇ ਇਹ ਨਿਯਮ ਜੇ ਦੇਸ਼ ਦੀ ਸੰਸਦ ’ਚ ਪਾਸ ਕਰ ਦਿੱਤਾ ਜਾਵੇ, ਕਿ ਹਰ ਅੰਨਾ ਰਿਊੜਿਆਂ ਆਪਣਿਆਂ ਨੂੰ ਹੀ ਵੰਡੇਗਾ ਤਾਂ ਫਿਰ ਰਾਜਾ, ਯੇਦਿਦੂਰਪਾ, ਦੀਪਕ ਕੁਮਾਰ,

ਚੌਹਾਨ ਆਦਿ ਸਭ ਇਮਾਨਦਾਰ ਤੇ ਸਾਫ਼ ਦਿਖ ਵਾਲੇ ਹੋ ਜਾਣਗੇ ਅਤੇ ਜੋ ਅੰਨਾ ਅਜਿਹਾ ਨਹੀਂ ਕਰੇਗਾ ਉਹ ਭਰਿਸ਼ਟਾਚਾਰੀ ਅਖਵਾਏਗਾ। ਉਦੋਂ ਸ਼ੋਰ ਮੱਚੇਗਾ ਕਿ ਇਸ ਅੰਨੇ ਨੇ ਰਿਉੜੀਆਂ ਆਪਣਿਆਂ ਨੂੰ ਨਹੀਂ ਪਰਾਇਆਂ ਨੂੰ ਦੇ ਦਿੱਤੀਆਂ। ਇਹੀ ਭਾਰਤ 'ਚ ਭਰਿਸ਼ਟਾਚਾਰ ਖ਼ਿਲਾਫ ਮੱਚਣ ਵਾਲੇ ਸ਼ੋਰ ਦੀ ਹਕੀਕਤ ਹੈ ਕਿ ਸੱਤਾ ਧਾਰੀਆਂ ਦੇ ਕਾਨੂੰਨ, ਨਿਯਮ, ਆਮ ਸਹਿਮਤੀ, ਲੁੱਟਣ ਦੀ ਤਹਿ ਸੀਮਾ ਨੂੰ ਕਿਸ ਨੇ ਭੰਗ ਕੀਤਾ, ਕਿਸ ਨੇ ਨਹੀਂ ਕਾਨੂੰਨ ਨਿਯਮ ਆਮ ਸਹਿਮਤੀ, ਲੁੱਟਣ ਦੀ ਤਹਿ ਸੀਮਾ ਨੂੰ ਜੇ ਬਦਲ ਦਿੱਤਾ ਜਾਵੇ ਤਾਂ ਫਿਰ ਸਭ ਕੁਝ ਜਾਇਜ਼ ਹੈ। ਆਜ਼ਾਦ ਭਾਰਤ 'ਚ ਅਜਿਹਾ ਅਨੇਕਾਂ ਵਾਰੀ ਹੋ ਚੁੱਕਿਆ ਹੈ ਅਤੇ ਇਸ ਦਾ ਸਭ ਤੋਂ ਵੱਡਾ ਸਬੂਤ 1991 'ਚ ਮੰਨੀਆਂ ਗਈਆਂ ਆਰਥਕ ਨੀਤੀਆਂ ਹਨ। ਨਿੱਜੀਕਰਨ, ਉਦਾਰੀਕਰਨ, ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਪਹਿਲਾਂ ਜੋ ਕੁਝ ਹੋ ਰਿਹਾ ਸੀ, ਉਹੀ ਕੀਤਾ ਜਾਂਦਾ ਤਾਂ ਉਹ ਨੀਤੀਆਂ ਅਨੁਸਾਰ ਭਰਿਸ਼ਟਾਚਾਰ, ਤਸਕਰੀ, ਦੇਸ਼ ਧ੍ਰੋਹ, ਕੌਮੀ ਜਾਇਦਾਦ ਦਾ ਨੁਕਸਾਨ ਆਦਿ ਕਰ ਰਿਹਾ ਹੁੰਦਾ। 1991 ਤੋਂ ਪਹਿਲਾਂ ਜੋ ਨਜਾਇਜ਼ ਸੀ ਉਸ ਪਿਛੋਂ ਜਾਇਜ਼ ਹੋ ਗਿਆ। ਅੱਸੀ ਦੇ ਦਹਾਕੇ 'ਚ ਇੰਦਰਾ ਗਾਂਧੀ ਜੋ ਉਸ ਸਮੇਂ ਦੇਸ਼ ਦੀ ਪ੍ਰਧਾਨ ਮੰਤਰੀ ਸੀ, ਨੇ ਕਿਹਾ ਕਿ ਭਰਿਸ਼ਟਾਚਾਰ ਦੇਸ਼ ਦੀ ਹੀ ਨਹੀਂ, ਬਲਕਿ ਕੌਮਾਂਤਰੀ ਸਮੱਸਿਆ ਹੈ ਤਾਂ ਉਹਨਾਂ ਨੇ ਇਕ ਹੱਦ ਤੱਕ ਸੱਚ ਕਿਹਾ ਸੀ, ਉਹਨਾਂ ਨੂੰ ਕਹਿਣਾ ਚਾਹੀਦਾ ਸੀ ਕਿ ਜੋ ਉਹ ਕਹਿ ਨਹੀਂ ਸਕਦੀ ਸੀ ਕਿ ਭਰਿਸ਼ਟਾਚਾਰ ਪੂੰਜੀਵਾਦ ਦੀ ਸਮੱਸਿਆ ਹੈ ਅਤੇ ਜਦ ਤੱਕ ਇਹ ਰਹੇਗਾ, ਭਰਿਸ਼ਟਾਚਾਰ ਵੀ ਰਹੇਗਾ। ਅੱਗੇ ਉਹ ਕਹਿੰਦੀ ਕਿ ਦੇਵੀਓ ਤੇ ਸੱਜਣੋ ਜੇ ਤੁਸੀਂ ਚਾਹੁੰਦੇ ਹੋ ਕਿ ਭਰਿਸ਼ਟਾਚਾਰ ਖ਼ਤਮ ਹੋਵੇ ਤਾਂ ਇਸ ਲਈ ਪੂੰਜੀਵਾਦ ਨੂੰ ਖ਼ਤਮ ਕਰਨਾ ਪਵੇਗਾ ਅਤੇ ਇਹ ਆਪਣੇ ਪੈਰੀਂ ਕੁਹਾੜਾ ਮਰਨ ਵਰਗਾ ਹੋਵੇਗਾ। ਨਹਿਰੂ, ਇੰਦਰਾ, ਰਾਜੀਵ, ਦੇਸ਼ ਦੀ ਪਾਰਲੀਮੈਂਟ ਸੁਪਰੀਮ ਕੋਰਟ ਆਦਿ ਕੋਈ ਕਾਲੀਦਾਸ ਤਾਂ ਹੈ ਨਹੀਂ ਜੋ ਉਸੇ ਟਹਿਣੀ ਨੂੰ ਕੱਟੇ ਜਿਸ 'ਤੇ ਉਹ ਬੈਠੇ ਹਨ। ਫਿਰ ਵੀ ਇਹਨਾਂ ਸੰਸਥਾਵਾਂ, ਨੇਤਾਵਾਂ, ਪਾਰਟੀਆਂ ਮੀਡੀਆ ਨੂੰ ਭਰਿਸ਼ਟਾਚਾਰ ਦੀ ਚਰਚਾ ਕਰਨੀ ਪੈਂਦੀ ਹੈ, ਖੁਲਾਸੇ ਕਰਨੇ ਪੈਂਦੇ ਹਨ, ਜਾਂਚ ਤੇ ਫੈਸਲੇ ਸੁਣਾਉਣੇ ਪੈਂਦੇ ਹਨ ਤਾਂ ਕਿਉਂ?

ਇਸ ਦੇ ਦੋ ਕਾਰਨ ਹਨ। ਪਹਿਲਾਂ ਇਹ ਕਿ ਹਾਕਮਾਂ, ਪੂੰਜੀਪਤੀਆਂ ਦਰਮਿਆਨ ਜੋ ਆਮ ਨਿਯਮ ਤੇ ਸਹਿਮਤੀ ਤਹਿ ਹੈ ਉਹ ਭੰਗ ਨਾ ਹੋਵੇ, ਜੋ ਕਾਇਦੇ ਕਾਨੂੰਨ ਬਣੇ ਹੋਏ ਹਨ ਜੇ ਉਹ ਪੂਰੀ ਤਰ੍ਹਾਂ ਭੰਗ ਹੋ ਜਾਣ ਤਾਂ ਭਿਆਨਕ ਅਰਾਕਤਾ ਫੈਲ ਜਾਵੇਗੀ ਅਤੇ ਇਸ ਰੂਪ 'ਚ ਪੂੰਜੀਪਤੀ ਜਮਾਤ ਆਪਣੇ ਆਪ ਨੂੰ ਅਸਲ ਤੌਰ 'ਤੇ ਕਾਲੀਦਾਸ ਸਾਬਤ ਕਰ ਦੇਵੇਗਾ। ਦੂਜੇ ਪਾਸੇ ਕਾਨੂੰਨ ਦੇ ਰਾਜ ਦੇ ਢਹਿਣ ਦਾ ਅਰਥ ਹੋਵੇਗਾ ਮਜ਼ਦੂਰਾਂ ਤੇ ਦੂਜੇ ਮਿਹਨਤਕਸ਼ਾਂ ਨੂੰ ਕਾਬੂ 'ਚ ਰੱਖਣਾ ਅਸੰਭਵ ਨਹੀਂ ਮੁਸ਼ਕਲ ਹੋ ਜਾਵੇਗਾ। ਕਾਨੂੰਨ ਦੇ ਰਾਜ ਦਾ ਖਾਤਮਾ ਪੂੰਜੀਵਾਦ ਦੇ ਖਾਤਮੇ ਵੱਲ ਲੈ ਜਾਵੇਗਾ ਇਸ ਲਈ ਪੂੰਜੀਪਤੀਆਂ 'ਚ ਕੋਈ ਰਾਜੂ, ਕੋਈ ਰਾਜਾ ਕੋਈ ਸਾਈ, ਕੋਈ ਕਪੂਰ ਹੋਵੇ ਤਾਂ ਉਸ ਨੂੰ ਸਜ਼ਾ ਦਿਓ, ਉਸ ਨੂੰ ਕਾਨੂੰਨ ਦੇ ਦਾਇਰੇ 'ਚ ਲਿਆਉਂ ਜਾਂਚ ਕਰੋ, ਸਜ਼ਾ ਸੁਣਾਓ। ਮਜ਼ਦੂਰਾਂ 'ਚ, ਮਿਹਨਤਕਸ਼ਾਂ 'ਚ ਆਪਣੀਆਂ ਸੰਸਥਾਵਾਂ ਦੀ ਸ਼ਾਖ ਬਣਾਓ। ਸਾਬਤ ਕਰੋ ਕਿ

ਕਾਨੂੰਨ ਦਾ ਡੰਡਾ ਹਰ ਥਾਂ ਚੱਲਦਾ ਹੈ। ਆਮ ਨਿਯਮ, ਆਮ ਸਹਿਮਤੀ ਜੋ ਆਪਣੇ ਪ੍ਰਸੰਗ 'ਚ ਪੂੰਜੀਪਤੀਆਂ ਸੱਤਾਧਾਰੀਆਂ ਵਲੋਂ ਕਾਇਮ ਕੀਤੇ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਇਕ ਬਦਲੇ ਰੂਪ 'ਚ ਦੇਸ਼ ਦੇ ਲੁੱਟੇ ਘਸੁੱਟੇ ਜਾਂਦੇ ਵਰਗਾਂ-ਤਬਕਿਆਂ ਦੇ ਪ੍ਰਸੰਗ 'ਚ ਵੀ ਕਾਇਮ ਕੀਤੀ ਜਾਂਦੀ ਹੈ। ਇਥੇ ਸਮੇਂ-ਸਮੇਂ ਸਿਰ ਕੁਝ ਕਾਨੂੰਨ, ਕੁਝ ਸੁਧਾਰ, ਕੁਝ ਯੋਜਨਾਵਾਂ ਅਜਿਹੀਆਂ ਬਣਾਈਆਂ ਜਾਂਦੀਆਂ ਹਨ ਕਿ ਲੁੱਟੇ ਜਾਂਦੇ ਤਬਕੇ ਆਪਣੀ ਲੁੱਟ-ਘਸੁੱਟ ਦੀ ਤੀਬਰਤਾ ਕੁਝ ਘੱਟ ਮਹਿਸੂਸ ਕਰਨ। ਸਹਿਣਯੋਗ ਬਣੇ ਰਹਿਣ ਪਰ ਇਥੇ ਵੀ ਠੀਕ ਉਪਰੋਕਿਤ ਪ੍ਰਸੰਗ 'ਚ ਭਰਿਸ਼ਟਾਚਾਰ ਦਾ ਬੋਲਬਾਲਾ ਰਹਿੰਦਾ ਹੈ। ਕਾਨੂੰਨ ਲਾਗੂ ਨਹੀਂ ਹੁੰਦੇ। ਸੁਧਾਰ ਵਿਖਾਈ ਨਹੀਂ ਦਿੰਦੇ। ਯੋਜਨਾਵਾਂ ਦਾ ਬਹੁਤਾ ਧਨ ਅਫਸਰ-ਕਰਮਚਾਰੀ-ਠੇਕੇਦਾਰ ਆਦਿ ਸਫਾਚਟ ਕਰ ਦਿੰਦੇ ਹਨ। ਪਰ ਸਭ ਕੁਝ ਪਾਰਲੀਮੈਂਟ ਨੂੰ ਠੱਪ ਕਰਨ, ਅਦਾਲਤ ਦੇ ਗੰਭੀਰ ਹੋਣ ਦਾ ਵਿਸ਼ਾ ਨਹੀਂ ਬਣਦਾ। ਮੀਡੀਆ ਚੁੱਪ ਧਾਰ ਲੈਂਦਾ ਹੈ। ਇਕ ਇਕਾਈ ਵਜ੍ਹਾ ਕਿ ਦੇਸ਼ ਦੇ ਬਹੁਤੇ ਮਜ਼ਦੂਰਾਂ ਨੂੰ ਕਾਨੂੰਨ ਮੁਤਾਬਕ ਘੱਟੋ-ਘੱਟ ਮਜ਼ਦੂਰੀ ਨਹੀਂ ਮਿਲਦੀ। ਦਿੱਤੀ ਜਾਂਦੀ ਦੇਸ਼ ਦੀ ਸੰਸਦ-ਅਦਾਲਤ ਨੂੰ ਠੱਪ ਕਰਨ ਲਈ ਕਾਫੀ ਹੈ। ਇਹ ਉਸ ਤੋਂ ਵੱਖ ਜ਼ਰੂਰੀ ਵਜ੍ਹਾ ਹੈ ਕਿ 2-ਜੀ ਸਪੈਕਟਰਮ ਘੋਟਾਲੇ 'ਚ ਕਿਸੇ ਪੂੰਜੀਪਤੀ ਨੂੰ ਰਾਜਾਂ ਨੇ ਲਾਭ ਪਹੁੰਚਾਇਆ ਕਿਸ ਪੂੰਜੀਪਤੀ ਨੂੰ ਨੁਕਸਾਨ। ਇਹੀ ਆਮ ਨਿਯਮ ਤੇ ਸਹਿਮਤੀ ਹੈ ਕਿ ਮਜ਼ਦੂਰਾਂ ਤੇ ਹੋਰ ਲੁੱਟੇ ਜਾਂਦੇ ਪੀੜਤਾਂ ਸਬੰਧੀ ਚੁੱਪ ਰਹੋ ਕੋਈ ਕੁਝ ਮੱਤ ਬੋਲੋ। ਸੰਸਦ ਚੁੱਪ ਅਦਾਲਤ! ਚੁੱਪ! ਮੀਡੀਆ ਚੁੱਪ! ਪਰ ਜੇ ਮਾਮਲਾ ਪੂੰਜੀਪਤੀਆਂ ਦਰਮਿਆਨ ਦਾ ਹੋਵੇ ਤਾਂ ਸੰਸਦ ਠੱਪ ਹੋ ਜਾਏ। ਅਦਾਲਤ ਰੋਜ ਰੋਜ਼ ਨਿਰਦੇਸ਼ ਦੇਵੇ। ਪ੍ਰਧਾਨ ਮੰਤਰੀ ਹਲਫਨਾਮਾ ਭਰੇ ਅਤੇ ਉਸ ਦੇ ਕਰਮੀ ਚੌਕੰਨੇ ਰਹਿਣ। ਪੂੰਜੀਵਾਦੀ 'ਚ ਭਰਿਸ਼ਟਾਚਾਰ ਦੇ ਖ਼ਤਮ ਨਾ ਹੋਣ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਇਹ ਸਮਾਜ ਇਸੇ ਆਧਾਰ 'ਤੇ ਖੜ੍ਹਾ ਹੈ। ਮਜ਼ਦੂਰਾਂ ਦੀ ਲੁੱਟ ਅਤੇ ਨਿੱਜੀ ਜਾਇਦਾਦ ਨੂੰ ਇਕੱਠਾ ਕਰਨ ਨੂੰ ਜਾਇਜ਼ ਠਹਿਰਾਉਣ ਵਾਲਾ ਇਹ ਸਮਾਜ ਜਿਹਨਾਂ ਵਿਚਾਰਾਂ, ਮੁੱਲਾਂ ਤੇ ਸਭਿਆਚਾਰ ਨੂੰ ਸਥਾਪਤ ਕਰਦਾ ਹੈ ਉਸ 'ਚ ਭਰਿਸ਼ਟਾਚਾਰ ਨੂੰ ਸਮਾਪਤ ਤਾਂ ਕੀ ਕੋਈ ਗੰਭੀਰ ਚੁਣੌਤੀ ਵੀ ਨਹੀਂ ਦਿੱਤੀ ਜਾ ਸਕਦੀ ਹੈ। 'ਅਮੀਰ ਬਣੋ' ਕਿਸੇ ਵੀ ਤਰ੍ਹਾਂ ਨਾਲ ਦੌਲਤ ਇਕੱਠੀ ਕਰੋ।' ਜਿਸ ਸਮਾਜ ਦੇ ਨਾਹਰੇ ਹੋਣ ਤੇ ਉਸ 'ਚ ਪੂੰਜੀ ਦਾ ਹੀ ਵਿਅਕਤੀਤਵ ਹੋਵੇ ਬੋਲਬਾਲਾ ਹੋਵੇ ਉਥੇ ਮਿਹਨਤ, ਇਮਾਨਦਾਰੀ, ਸਮੂਹ ਜਾਂ ਆਮ ਦੇਸ਼ ਦੇ ਖਿਲਾਫ ਵਰਗੀਆਂ ਕਦਰਾਂ-ਕੀਮਤਾਂ ਦਾ ਕੋਈ ਅਰਥ ਨਹੀਂ। ਮਜ਼ਦੂਰਾਂ ਦੀ ਲੁੱਟ ਤੇ ਨਿੱਜੀ ਜਾਇਦਾਦ ਨੂੰ ਇਕੱਠਾ ਕਰਨਾ ਇਹੀ ਆਪਣੇ ਆਪ 'ਚ ਸਭ ਤੋਂ ਵੱਡਾ ਭਰਿਸ਼ਟਾਚਾਰ ਹੈ। ਪ੍ਰਜੀਵੀ ਹੋਣਾ, ਦੂਜਿਆਂ ਦਾ ਖ਼ੂਨ ਚੂਸਣ ਤੋਂ ਵੱਧ ਭਰਿਸ਼ਟਤਾ ਕੀ ਹੋ ਸਕਦੀ ਹੈ ਪਰ ਇਹ ਸਭ ਕੁਝ ਪੂੰਜੀਵਾਦੀ ਸਮਾਜ 'ਚ ਜਾਇਜ਼ ਉਸ ਦੀ ਬੁਨਿਆਦ ਹੈ।

# ਕਿੰਨੀ ਹੈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੈਂਬਰੀ ਦੀ ਵੁਕਤ?

ਲੰਬੇ ਅਰਸੇ ਪਿੱਛੋਂ ਸਾਡੇ ਹੁਕਮਰਾਨਾ ਦੀ ਇਕ ਪੁਰਾਣੀ ਹਸਰਤ ਪੂਰੀ ਹੋ ਗਈ ਹੈ। ਭਾਰਤ ਨੂੰ ਨਿਰਵਿਰੋਧ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ ਦੀ ਅਸਥਾਈ ਮੈਂਬਰੀ ਲਈ ਚੁਣ ਲਿਆ ਗਿਆ ਹੈ। ਇਕ ਜਮਾਨਾ ਸੀ ਜਦ ਭਾਰਤ ਦੀ ਤੂਤੀ ਅਫ੍ਰੀਕੀ-ਏਸ਼ੀਆਈ ਜਗਤ 'ਚ ਬੋਲਦੀ ਸੀ। ਤੀਜੀ ਦੁਨੀਆ ਦਾ ਨੇਤਾ ਬਿਨਾਂ ਸ਼ੱਕ ਭਾਰਤ ਹੀ ਸੀ ਅਤੇ ਏਸ਼ੀਆ ਦੇ ਨੁਮਾਇੰਦੇ ਵਜੋਂ ਉਹ ਸਾਲ-ਦਰ-ਸਾਲ ਨਿਰੰਤਰ ਮੌਜੂਦ ਰਹਿੰਦਾ ਸੀ। ਉਸ ਦੌਰ 'ਚ ਇਸ ਚੋਣ ਦੀ ਕੋਈ ਖਾਸ ਪ੍ਰਾਪਤੀ ਨਹੀਂ ਸਮਝੀ ਜਾਂਦੀ ਸੀ। ਵਿੰਡਬਨਾ ਤਾਂ ਇਹ ਹੈ ਕਿ ਜਦ ਭਾਰਤ 'ਆਜਾਦ' ਹੋਇਆ ਸੀ ਅਤੇ ਅਸਲ 'ਚ ਨਵੋਕਿਤ ਦੇਸ਼ ਸੀ ਉਸ ਦਾ ਰਾਜ ਸੀ ਪ੍ਰਭਾਵ ਰਾਸ਼ਟਰ ਸੰਘ 'ਚ ਕਿਤੇ ਵੱਧ ਸੀ। ਉਸ ਨੂੰ ਸੁਰੱਖਿਆ ਪ੍ਰੀਸ਼ਦ ਦੀ ਅਸਥਾਈ ਮੈਂਬਰ ਸ਼ਿਪ ਦੀ ਲੋੜ ਮਹਿਸੂਸ ਨਹੀਂ ਹੁੰਦੀ ਸੀ ਇਸ ਕੌਮਾਂਤਰੀ ਸੰਗਠਨ ਦੀ ਆਮ ਸਭਾ ਵਿੱਚ ਵੀ ਭਾਰਤ ਦੇ ਸਮਰਥਕਾਂ ਦੀ ਤੈਦਾਦ ਇੰਨੀ ਵੱਧ ਸੀ ਕਿ ਸ਼ੀਤਯੁੱਧ ਦੇ ਤਨਾਅ ਭਰੇ ਸਾਲਾਂ 'ਚ ਗੁੱਟ ਨਿਰਲੇਪ ਅੰਦੋਲਨ ਨਾਮਕ ਔਜ਼ਾਰ ਦੀ ਧਾਰਦਾਰ ਵਰਤੋਂ ਕਰਕੇ ਭਾਰਤ ਨੇ ਇਕ ਇਤਿਹਾਸਕ ਭੂਮਿਕਾ ਨਿਭਾਈ। ਹਾਲ ਦੀ ਘੜੀ ਇਹ ਸਭ ਸ਼ਰਤਾਂ ਪੁਰਾਣੀਆਂ ਹਨ ਅਤੇ ਸਮਝਦਾਰ ਲੋਕਾਂ ਦਾ ਮੰਨਣਾ ਹੈ ਕਿ ਇਸ ਬਾਰੇ ਇਹੀ ਕਹਿਣਾ ਸਹੀ ਹੈ-ਕਿ ਬੀਤੇ ਨੂੰ ਭੁਲੋ, ਅੱਗੇ ਦੀ ਸਾਰ ਲਵੋ। ਅੱਜ ਅਸਲੀ ਮੁੱਦਾ ਸੁਰੱਖਿਆ ਪ੍ਰੀਸ਼ਦ ਦੀ ਅਸਥਾਈ ਮੈਂਬਰੀ ਦਾ ਨਹੀਂ ਬਲਕਿ ਸਥਾਈ ਮੈਂਬਰੀ ਦਾ ਹੈ। ਸਾਲਾਂ ਤੋਂ ਸਾਡੇ ਨੇਤਾ ਤੇ ਰਾਜਸੀ ਆਗੂ ਇਹ ਰੱਟ ਲਾਉਂਦੇ ਰਹੇ ਕਿ ਉਭਰਦੀ ਸ਼ਕਤੀ ਵਜੋਂ ਭਾਰਤ ਦੇ ਉਭਰਨ ਪਿਛੋਂ ਉਸ ਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਉਹ ਸੁਰੱਖਿਆ ਪ੍ਰੀਸ਼ਦ 'ਚ 'ਪੰਜ ਵੱਡੀਆਂ ਸ਼ਕਤੀਆਂ' ਵਲੋਂ ਬਰਾਬਰੀ ਦਾ ਦਰਜਾ ਦਿੱਤੇ ਜਾਣ ਤਦ ਸੰਯੁਕਤ ਰਾਸ਼ਟਰ ਦੇ ਕ੍ਰਿਆਕਲਪ 'ਚ ਲਾਲਾਂ ਸੁਣਦੇ ਹਿੱਸਾ ਲੈਣ। ਇਸ ਮੰਗ ਦੇ ਪੱਖ 'ਚ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਭਾਰਤ ਸੰਯੁਕਤ ਰਾਸ਼ਟਰ ਦਾ ਬਾਨੀ ਮੈਂਬਰ ਹੈ। ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ। ਇਸ ਦੀ ਆਰਥਕ ਵਿਕਾਸ ਦਰ ਅਜੀਬ ਤੇਜ਼ੀ ਦਰਸਾ ਰਹੀ ਹੈ ਅਤੇ ਵਿਗਿਆਨ ਤਕਨੀਕੀ ਗਿਆਨ ਦੇ ਖੇਤਰ ਵਿੱਚ ਅਸੀਂ ਮਹਾਸ਼ਕਤੀ ਬਨਣ ਨੇੜੇ ਪਹੁੰਚ ਚੁੱਕੇ ਹਾਂ। ਭਾਰਤ ਅੰਨ ਪੈਦਾ ਕਰਨ ਵਾਲਾ ਆਤਮ ਨਿਰਭਰ ਦੇਸ਼ ਹੈ। ਭਾਰਤੀ ਮੱਧ-ਵਰਗ ਦਾ ਆਕਾਰ ਪੂਰੇ ਯੂਰਪ ਦੇ ਬਰਾਬਰ ਹੈ ਅਤੇ ਸਾਡੇ ਇਸ ਖਪਤ ਬਾਜ਼ਾਰ ਤੱਕ ਪਹੁੰਚਣ ਦੀ ਦੌੜ 'ਚ ਸਭ ਦੇਸ਼ ਜੁੜੇ ਹਨ। ਚਾਹੇ ਉਹ ਅਮਰੀਕਾ ਹੋਵੇ ਜਾਂ ਚੀਨ-ਜਪਾਨ-ਕੋਰੀਆ ਦੂਰਦਰਸ਼ੀ ਭਾਰਤੀ ਇਸ ਗੱਲ ਤੋਂ ਅਨਜਾਣ ਨਹੀਂ ਹਨ ਕਿ ਇਸ ਮਰੀਚਿਕਾ 'ਚ ਭਾਰਤ ਦੀ ਹਾਕਮ ਜਮਾਤ ਨੂੰ ਫਸਾਉਣਾ ਅਮਰੀਕਾ ਦੀ ਸੋਚੀ ਸਮਝੀ ਰਣਨੀਤੀ ਦਾ ਅਟੁੱਟ ਹਿੱਸਾ ਹੈ। ਇਸ ਸਿਲਸਿਲੇ 'ਚ ਕੁਝ ਗੱਲਾਂ ਨੂੰ ਸਾਫ਼ ਕਰਨਾ ਜ਼ਰੂਰੀ ਹੈ। ਸਭ ਤੋਂ ਪਹਿਲੀ ਗੱਲ ਅੱਜ ਦੀ ਦੁਨੀਆਂ ਵਿੱਚ ਰਾਸ਼ਟਰ ਸੰਘ ਦੀ ਸਾਰਥਕਤਾ, ਉਪਯੋਗਤਾ ਤੇ ਉਸ

ਦੇ ਮਹੱਤਵ 'ਤੇ ਲੱਗੇ ਪ੍ਰਸ਼ਨ ਚਿੰਨ ਦੀ ਹੈ। ਉਹ ਦਿਨ ਕਦੋਂ ਦੇ ਲੰਘ ਗਏ ਹਨ ਜਦ ਕੌਮਾਂਤਰੀ ਸੰਕਟ ਨਿਵਾਰਣ ਜਾਂ ਸ਼ਾਂਤੀ ਸਥਾਪਨਾ ਜਾਂ ਵਿਕਾਸ ਦੇ ਲਈ ਹਾਸਲ ਹੋ ਸਕਣ ਵਾਲੀ ਸਹਾਇਤਾ ਦੇ ਪ੍ਰਸੰਗ 'ਚ ਲੋਕ ਇਸ ਸੰਸਥਾ ਵੱਲ ਟਿਕਟਿਕੀ ਲਾਈ ਰੱਖਦੇ ਹਨ। ਹੁਣ ਗੱਲ ਜੱਗ ਜ਼ਾਹਿਰ ਹੋ ਚੁੱਕੀ ਹੈ ਕਿ ਮੱਧ ਪੂਰਬ ਹੋਵੇ ਜਾਂ ਹੋਰ ਕਿਤੇ ਸੰਯੁਕਤ ਰਾਸ਼ਟਰ ਦਾ ਮੁੱਖ ਸਕੱਤਰ ਜਾਂ ਸੁਰੱਖਿਆ ਪ੍ਰੀਸ਼ਦ ਦੀਆਂ ਮਹਾਂਸ਼ਕਤੀਆਂ ਬਿਲਕੁਲ ਨਿਪੁੰਸਕ ਸਿੱਧ ਹੋਈਆਂ ਹਨ। ਇਹ ਗੱਲ ਵਿਅਤਨਾਮ ਸੰਗ੍ਰਾਮ ਤੇ ਕੋਂਗੋ ਗ੍ਰਹਿ ਯੁੱਧ ਨੇ ਵੀ ਵਿਖਾ ਦਿੱਤੀ ਸੀ। ਸੁਰੱਖਿਆ ਪ੍ਰੀਸ਼ਦ 'ਚ ਵੋਟਾਂ ਦੀ ਵਰਤੋਂ ਸਿਰਫ਼ ਇਸ ਲਈ ਕੀਤੀ ਜਾਂਦੀ ਹੈ ਕਿ ਮਹਾਂ ਸ਼ਕਤੀਆਂ ਦੇ ਸੁਆਰਥਾਂ 'ਚ ਕੋਈ ਦਖਲ ਅੰਦਾਜ਼ੀ ਨਾ ਕਰ ਸਕੇ। ਇਸ ਸੰਸਥਾ ਦੇ ਬਜਟ ਦਾ ਲਗਭਗ 98 ਫਸਦੀ ਹਿੱਸਾ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਭੋਗ ਵਿਲਾਸ 'ਚ ਹੀ ਵਰਤਿਆ ਜਾਂਦਾ ਹੈ ਅਤੇ ਕੌਫੀ ਅਨਾਨ ਦੇ ਕਾਰਜਕਾਲ ਦੌਰਾਨ ਤਾਂ ਭਾਈ-ਭਤੀਜਾਵਾਦੀ ਭਰਿਸ਼ਟਾਚਾਰ ਦੀ ਹੱਦ ਹੀ ਹੋ ਗਈ ਸੀ। ਸੰਯੁਕਤ ਰਾਸ਼ਟਰ ਸੰਘ ਨੂੰ ਜੇ ਕਿਵੇਂ ਨਾ ਕਿਵੇਂ ਬਨਾਵਟੀ ਖ਼ੂਨਦਾਨ ਨਾਲ ਜੇ ਜਿਉਂਦਾ ਰੱਖਿਆ ਗਿਆ ਹੈ ਤਾਂ ਸਿਰਫ਼ ਇਸ ਲਈ ਕਿ ਵੱਖ-ਵੱਖ ਮੈਂਬਰ ਰਾਜਾਂ ਦੇ ਨੌਕਰਸ਼ਾਹਾਂ ਲਈ ਇਥੇ ਤੈਨਾਤੀ, ਨਿਯੁਕਤ ਜਾਂ ਪ੍ਰਤੀ ਨਿਯੁਕਤੀ ਜ਼ਿੰਦਗੀ ਭਰ ਟੈਕਸ ਮੁਕਤ ਤਨਖਾਹ-ਪੈਨਸਨ ਹਜਮ ਕਰਨ ਦਾ ਬੇਹਤਰੀਨ ਤਰੀਕਾ ਹੈ ਤੇ ਇਹੀ ਵਿਅਸਤ ਸੁਆਰਥ ਸਾਡੇ ਰਾਜਸੀ ਨਾਇਕਾਂ ਨੂੰ ਵੀ ਪ੍ਰਭਾਵਿਤ ਕਰਦਾ ਨਜ਼ਰ ਆ ਰਿਹਾ ਹੈ। ਜਦੋਂ ਤੱਕ ਭਾਰਤ ਦੇ ਸੰਯੁਕਤ ਰਾਸ਼ਟਰ ਸੰਘ ਦੇ ਯਾਨੀ ਮੈਂਬਰ ਹੋਣ ਦਾ ਸੁਆਲ ਹੈ। ਤਾਂ ਇਹ ਕੰਮ 1947 ਦੀ ਸੱਤਾ ਬਦਲੀ ਪਿਛੋਂ ਨਹੀਂ ਕੀਤਾ ਸੀ। ਬ੍ਰਿਟਿਸ਼ ਸਾਮਰਾਜ ਦੇ ਅੰਗ ਵਜੋਂ ਭਾਰਤ ਵੈਸੇ ਹੀ ਸੰਯੁਕਤ ਰਾਸ਼ਟਰ ਸੰਘ ਦਾ ਮੈਂਬਰ ਬਣਿਆ ਜਿਵੇਂ ਕਦੀ ਲੀਗ ਆਫ ਨੈਸ਼ਨਲ ਦਾ। ਇਸ ਗੱਲ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾਣਾ ਚਾਹੀਦਾ ਕਿ ਸੰਸਥਾ ਦੀ ਕਲਪਨਾ ਸਾਰੀਆਂ ਲਫਾਜੀਆਂ ਦੇ ਬਾਵਜੂਦ ਕੌਮਾਂਤਰੀ ਵਿਵਸਥਾ ਦੇ ਤਾਣੇਬਾਣੇ 'ਚ ਬਦਲਾਅ ਲਈ ਨਹੀਂ ਕੀਤੀ ਗਈ ਸੀ ਬਲਕਿ ਦੂਜੇ ਸੰਸਾਰ ਯੁੱਧ ਦੇ ਵਿਜੇਤਾ ਆਪਣੀਆਂ ਇੱਛਾਵਾਂ ਨੂੰ ਧੱਕੇ ਨਾਲ ਹਾਰੇ ਹੋਏ ਦੇਸ਼ਾਂ 'ਤੇ ਠੋਸ ਰਹੇ ਸਨ ਜੋ ਮੈਂਬਰ ਖੁਦ ਨੂੰ ਮਹਾਂਸ਼ਕਤੀ ਕਹਾਉਂਦੇ ਹਨ, ਉਹ ਅਸਲ 'ਚ ਇਸ ਦੇ ਹੱਕਦਾਰ ਨਹੀਂ ਸਨ। ਮਹਾਂਸ਼ਕਤੀਆਂ ਸਿਰਫ਼ ਦੋ ਹੀ ਸਨ-ਅਮਰੀਕਾ ਤੇ ਸੋਵੀਅਤ ਸੰਘ ਜਿਹਨਾਂ ਦੇ ਪਿੱਛੇ ਫ੍ਰਾਂਸ ਤੇ ਬ੍ਰਿਟੇਨ ਖਸਤਾਹਾਲ ਸਨ। ਦੇਸ਼ ਤੋਂ ਭਜਾਏ ਗਏ ਚੀਨੀ ਕੌਮੀ ਨੇਤਾ ਚੰਗਕਾਈ ਸ਼ੇਖ ਦੇ ਫੋਰਮੋਸਾ-ਤਾਈਵਾਨ ਦੀ ਹਾਲਤ ਤਾਂ ਹੋਰ ਵੀ ਬਦਤਰ ਸੀ। ਦੋਮ ਦਰਜੇ ਦੇ ਸੁਰੱਖਿਆ ਪ੍ਰੀਸ਼ਦ ਦੇ ਇਹਨਾਂ ਸਥਾਈ ਮੈਂਬਰਾਂ ਦੀ ਵੋਟ ਦੀ ਵਰਤੋਂ ਆਪਣੇ ਪ੍ਰਭੂ ਅਮਰੀਕਾ ਦੀ ਇੱਛਾ ਅਨੁਸਾਰ ਹੀ ਹੋ ਸਕਦੀ ਸੀ। ਇਹਨਾਂ ਨੂੰ ਕਿਸੇ ਵੀ ਤਰ੍ਹਾਂ ਆਜ਼ਾਦ ਨਹੀਂ ਸਮਝਿਆ ਜਾ ਸਕਦਾ। ਚੌਥਾਈ ਸਦੀ ਤੋਂ ਵੀ ਵੱਧ ਸਮਾਂ ਬੀਤ ਜਾਣ ਪਿਛੋਂ ਜਨਵਾਦੀ ਚੀਨ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਬਣ ਕੇ ਆਪਣੀ ਸੀਟ ਹਾਸਲ ਕਰ ਸਕਿਆ। ਇਸ ਸਮੇਂ ਲੋਕ ਹਿੰਦੁਸਤਾਨ ਨੂੰ ਸੰਜਮ ਵਰਤਣ ਦੀ ਸਲਾਹ ਦੇ ਕੇ ਇਹ ਸਮਝਾਉਂਦੇ ਨਹੀਂ ਥੱਕਦੇ ਕਿ ਜਦ ਤੱਕ ਸੰਯੁਕਤ ਰਾਸ਼ਟਰ ਦੇ ਸੰਗਠਨ 'ਚ ਬੁਨਿਆਦੀ ਸੋਧ ਨਹੀਂ ਹੁੰਦੀ, ਭਾਰਤ ਨੂੰ ਕਿਵੇਂ ਸੁਰੱਖਿਆ ਪ੍ਰੀਸ਼ਦ ਦੀ ਮੈਂਬਰਸ਼ਿਪ ਮਿਲ ਸਕਦੀ ਹੈ। ਐਸੀ ਹੀ ਦਾਅਵੇਦਾਰੀ ਕੀ ਜਪਾਨ, ਬ੍ਰਾਜ਼ੀਲ, ਇੰਡੋਨੇਸ਼ੀਆ ਨਹੀਂ ਕਰ ਸਕਦੇ? ਪਹਿਲੀ ਵਾਰੀ ਥੋੜ੍ਹੀ

ਅਕਲਮੰਦੀ ਦੀ ਗੱਲ ਕਰਦੇ ਹੋਇਆ ਸਸ਼ੀ ਥਰੂਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਹਾਲ ਦੀ ਘੜੀ ਸਭ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਦ ਜਨਵਾਦੀ ਚੀਨ ਨੂੰ ਸਿਰ ਮੱਥੇ ’ਤੇ ਬਿਠਾਉਣਾ ਸੀ ਤਦ ਇਸ ਤਰ੍ਹਾਂ ਦੇ ਸੰਵਿਧਾਨਿਕ ਸੁਆਲ ਰਾਹ ਦਾ ਰੋੜਾ ਨਹੀਂ ਬਣੇ ਸਨ। ਪਲਕ ਝਪਕਦਿਆਂ ਹੀ ਤਾਵਾਨ ਨੂੰ ਬੇਦਖਲ ਕਰ ਦਿੱਤਾ ਗਿਆ ਸੀ ਸੱਚ ਹੈ ਕਿ ਸਮਰੱਥ ਦਾ ਕੋਈ ਦੋਸ਼ ਨਹੀਂ ਹੁੰਦਾ। ਜਨਵਾਦੀ ਚੀਨ ਨੇ ਸੀਨਾ ਠੋਕ ਕੇ ਦਿਲੇਰੀ ਨਾਲ ਪ੍ਰਮਾਣੂ ਪ੍ਰੀਖਣ ਕੀਤੇ ਅਤੇ ਐਟਮ ਬੰਬ ਬਣਾਇਆ। ਉਸ ਨੂੰ ਭਾਰਤ ਵਾਂਗੂੰ ਅਮਰੀਕਾ ਤੋਂ ਇਸ ਦਾ ਸਰਟੀਫੀਕੇਟ ਹਾਸਲ ਕਰਨ ਦੀ ਮਜ਼ਬੂਰੀ ਮਹਿਸੂਸ ਨਹੀਂ ਹੋਈ। ਇਹ ਗੱਲ ਕਿਸੇ ਤੋਂ ਛੁਪੀ ਨਹੀਂ ਕਿ ਅਮਰੀਕੀ ਜਦ ਕਦੀ ਸੁਰੱਖਿਆ ਪ੍ਰੀਸ਼ਦ ਦੀ ਸਥਾਈ ਮੈਂਬਰ ਵਾਲਾ ਛੁਣਛਣਾ ਭਾਰਤ ਮੂਹਰੇ ਛਣਕਾਉਂਦਾ ਹੈ ਤਾਂ ਨਾਲ ਹੀ ਇਹ ਇਸ਼ਾਰਾ ਕਰਨਾ ਨਹੀਂ ਭੁਲਦੇ ਕਿ ਇਹ ਬਖਸ਼ਿਸ ਇਸ ਇਵਜ ’ਚ ਮਿਲ ਸਕਦੀ ਹੈ ਕਿ ਉਹ ਪ੍ਰਮਾਣੂ ਸੰਧੀ ਤੇ ਦਸਖਤ ਕਰ ਦੇਣ ਜਾਂ ਕਸ਼ਮੀਰ ਝਮੇਲੇ ਲਈ ਪਾਕਿਸਤਾਨ ਪ੍ਰਤੀ ਨਰਮ ਰੁਖ ਅਪਣਾਉਣ ਜਾਂ ਪਾਕਿਸਤਾਨ ਵਲੋਂ ਪ੍ਰਯੋਜਿਤ ਦਹਿਸ਼ਤ-ਗਰਦੀ ਦਾ ਮੂੰਹ ਤੋੜਵਾਂ ਜੁਆਬ ਦੇਣ ਬਦਲੇ ਸੰਜਮ ਵਰਤਣ। ਅਮਰੀਕਾ ਦੀ ਅਸੀਂ ਨੀਅਤ ਭਾਰਤ ਦੀ ਬੇਹਤਰ ਹੁੰਦੀ ਮਾਲੀ ਹਾਲਤ ਦੇ ਨਾਲ ਉਸ ਉਪਰ ਸੰਯੁਕਤ ਰਾਸ਼ਟਰ ਦੇ ਫਿਜ਼ੂਲਖ਼ਰਚ ਬਜਟ ਦਾ ਅਨੁਪਾਤਿਕ ਬੋਝ ਲੱਦਣਾ ਹੈ। ਜੋ ਲੋਕ ਇਸ ਵਕਤ ਇਹ ਸੋਚ ਕੇ ਝੂਲਸ ਰਹੇ ਹਨ ਕਿ ਸਥਾਈ ਮੈਂਬਰੀ ਜਦ ਮਿਲੇਗੀ ਤਦ ਮਿਲੇਗੀ ਹਾਲ ਦੀ ਘੜੀ ਇਹੀ ਕੀ ਕੰਮ ਹੈ ਕਿ ਅਗਲੇ ਦੋ ਸਾਲ ਤੱਕ ਇਸ ਬੁਲੰਦ ਮੇਜ਼ ’ਤੇ ਹੋਰ ਵੱਡੀਆਂ ਹਸਤੀਆਂ ਦੇ ਨਾਲ ਬੈਠਣ ਦਾ ਮੌਕਾ ਭਾਰਤ ਨੂੰ ਮਿਲ ਰਿਹਾ ਹੈ ਅਤੇ ਹੁਣ ਸਾਡੀ ਆਵਾਜ਼ ਸੁਣੀ ਜਾਵੇਗੀ ਅਤੇ ਅਸਰਦਾਇਕ ਬਣੇਗੀ। ਉਹਨਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਝਾਂਸਾ ਸਾਨੂੰ ਕਈ ਦਿਨਾਂ ਤੋਂ ਦਿੱਤਾ ਜਾ ਰਿਹਾ ਹੈ। ਕਦੀ ਵੀ ਜੀ-20 ਤੇ ਕਦੀ ਜੀ-8 ਦੀ ਮਹਿਫਲਾਂ ’ਚ ਸ਼ਿਰਕਤ ਦੇ ਨਾਂ ਨਾਲ ਕੁਝ ਮਿਲਾ ਕੇ ਪਰਨਾਲਾ ਉਥੇ ਦਾ ਉਥੇ ਹੈ। ਨਫਾ ਤਾਂ ਦੂਰ ਘਾਟਾ ਇਹ ਹੋਇਆ ਹੈ ਕਿ ਅਸੀਂ ‘ਤੀਜੀ ਦੁਨੀਆ’ ਦੇ ਦੂਜੇ ਗਰੀਬ ਦੇਸ਼ਾਂ ਤੋਂ ਕਟ ਕੇ ਦੂਰ ਹੋ ਗਏ ਹਾਂ। ਉਹਨਾਂ ਦੀ ਨਜ਼ਰ ’ਚ ਭਾਰਤ ਅੱਜ ਅਮੀਰ ਸਾਮਰਾਜੀਆਂ ਦਾ ਹੀ ਦਖਲ ਹੈ। ਜਿੱਥੋਂ ਤੱਕ ਸੁਰੱਖਿਆ ਪ੍ਰੀਸ਼ਦ ਦੀ ਅਸਥਾਈ ਮੈਂਬਰੀ ਦਾ ਸੁਆਲ ਹੈ, ਇਸ ਨੂੰ ਭੁਲਾਉਣਾ ਅਸੰਭਵ ਹੈ ਕਿ ਕੋਈ ਸਤਾਰਾਂ ਸਾਲ ਪਹਿਲਾਂ ਅਸੀਂ ਇਸ ਸੀਟ ਲਈ ਜਪਾਨ ਖ਼ਿਲਾਫ ਚੋਣ ਲੜੀ ਸੀ ਤੇ ਮੂੰਹ ਦੀ ਖਾਧੀ ਸੀ। ਦਿਲ ਨੂੰ ਬਹਿਲਾ ਲਈ ਤੁਸੀਂ ਇਹ ਰਟ ਲਾ ਸਕਦੇ ਹੋ ਕਿ ਤਦ ਦਾ ਭਾਰਤ ਅੱਜ ਵਾਲਾ ਭਾਰਤ ਨਹੀਂ ਹੈ ਪਰ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰਨਾ ਅਸੰਭਵ ਹੈ ਕਿ ਅੱਜ ਦੀ ਸੁਰੱਖਿਆ ਪ੍ਰੀਸ਼ਦ ਨਹੀਂ ਹੈ। ਇਹੀ ਕਾਰਨ ਹੈ ਕਿ ਪੂਰੇ ਏਸ਼ੀਆਈ ਸਮੂਹ ’ਚ ਕਿਸੇ ਨੇ ਇਸ ਅਸਥਾਈ ਮੈਂਬਰੀ ਲਈ ਭਾਰਤ ਖ਼ਿਲਾਫ਼ ਚੋਣ ਲੜਨ ਨੂੰ ਰਾਜਸੀ ਸਹਿਮਤੀ ਨਹੀਂ ਦਿੱਤੀ। ਪੇਸ਼ੇਵਰ ਭਾਰਤੀ ਰਾਜਸੀ ਤੇ ਠਾਕੁਰਸੁਹਾਤੀ ਦੇ ਮਾਹਰ ਪੱਤ੍ਰਕਾਰ-ਮਾਹਰ ਚਾਹੇ ਜੋ ਕਹਿਣ ਇਸ ‘ਪ੍ਰਾਪਤੀ ਦੀ ਕੀਮਤ ਸਫਲ ਰਾਸ਼ਟਰ ਕੁਲ ਖੇਡਾਂ ਵਾਂਗੂੰ ਹੀ ਜ਼ੀਰੋ ਹੈ ਅਤੇ ਇਸ ਦਾ ਜਸ਼ਨ ਮਨਾਉਣ ਦੇ ਚੱਕਰ ਵਿੱਚ ਟਕੇਸੇਰ ਭਾਜੀ ਟਕੇ ਸੇਰ ਖੁਆਜਾ ਅਨੁਸਾਰ ਸਾਡੇ ਸੰਵੇਦਨਸ਼ੀਲ ਦੇਸ਼ ਦੇ ਹਿੱਤ ਘਾਤਕ ਰੂਪ ’ਚ ਪ੍ਰਭਾਵਿਤ ਹੋ ਸਕਦੇ ਹਨ।

# ਕੀ ਖੁਸਰਿਆਂ ਨੂੰ ਜਾਇਜ਼ ਹੈ ਪੈਨਸ਼ਨ?

ਇਕ ਲੋਕ ਕਹਾਵਤ ਹੈ ਕਿ ਰਾਮ ਚੰਦਰ ਨੂੰ ਜਦ ਲੋਕ ਬਨਵਾਸ ਸਮੇਂ ਸ਼ਹਿਰ ਦੀ ਹੱਦ 'ਤੇ ਛੱਡਣ ਆਏ ਤਾਂ ਉਹਨਾਂ 'ਚ ਖੁਸਰੇ ਵੀ ਸਨ। ਰਾਮ ਨੇ ਸਭ ਔਰਤਾਂ ਤੇ ਮਰਦਾਂ ਨੂੰ ਵਾਪਸ ਘਰ ਜਾਣ ਲਈ ਕਿਹਾ ਪਰ ਖੁਸਰੇ ਉਥੇ ਹੀ ਬੈਠੇ ਰਹੇ ਤਾਂ ਰਾਮ ਨੇ ਪੁੱਛਿਆ ਤੁਸੀਂ ਨਹੀਂ ਗਏ ਤਾਂ ਖੁਸਰਿਆਂ ਨੇ ਕਿਹਾ ਕਿ ਤੁਸੀਂ ਤਾਂ ਔਰਤਾਂ ਤੇ ਮਰਦਾਂ ਨੂੰ ਜਾਣ ਲਈ ਕਿਹਾ ਹੈ ਪਰ ਅਸੀਂ ਤਾਂ ਨਾ ਔਰਤ ਹਾਂ ਨਾ ਮਰਦ। ਇਸ ਤੋਂ ਖੁਸ਼ ਹੋ ਕੇ ਰਾਮ ਨੇ ਕਿਹਾ ਕਿ ਜਾਓ ਕਲਯੁਗ 'ਚ ਤੁਹਾਡਾ ਰਾਜ ਹੋਵੇਗਾ'। ਕਾਨਪੁਰ ਦੀ ਖੁਸਰਾ ਗੌਰੀ ਆਪਣੀ ਬਰਾਦਰੀ ਬਾਰੇ ਇਹ ਕਹਾਵਤ ਸੁਣਾਉਂਦਿਆ ਕਹਿੰਦੀ ਹੈ ਕਿ ਉਹਨਾਂ 'ਤੇ ਤਾਂ ਭਗਵਾਨ ਰਾਮ ਦਾ ਅਸ਼ੀਰਵਾਦ ਹੈ ਪਰ ਉਹਨਾਂ ਦੇ ਵਚਨ ਸਹੀ ਸਾਬਤ ਹੋਏ ਨਹੀਂ। ਕਲਯੁਗ 'ਚ ਸਮਾਜ ਦੇ ਇਸ ਅਣਗੌਲੇ ਵਰਗ ਨੂੰ ਹਕੂਮਤ ਤਾਂ ਨਹੀਂ ਮਿਲੀ ਪਰ ਦਿੱਲੀ ਸਰਕਾਰ ਨੇ ਪਿੱਛੇ ਜਿਹੇ ਹੀ ਉਹਨਾਂ ਨੂੰ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਬਹੁਤੇ ਖੁਸਰਿਆਂ ਨੂੰ ਪੈਨਸ਼ਨ ਨਹੀਂ ਚਾਹੀਦੀ। ਦਿੱਲੀ ਸਰਕਾਰ ਦੇਸ਼ ਦੀ ਅਜਿਹੀ ਪਹਿਲੀ ਸਰਕਾਰ ਹੈ ਜਿਸ ਨੇ ਖੁਸਰਿਆਂ ਨੂੰ ਪੈਨਸ਼ਨ ਦੇਣ ਦੀ ਯੋਜਨਾ ਸ਼ੁਰੂ ਕੀਤੀ ਹੈ। ਨਵੰਬਰ ਮਹੀਨੇ 'ਚ ਦਿੱਲੀ ਨਗਰ ਨਿਗਮ ਨੇ ਇਸ ਯੋਜਨਾ ਨੂੰ ਹਰੀ ਝੰਡੀ ਦਿੱਤੀ ਹੈ। ਯੋਜਨਾ ਤਹਿਤ ਖੁਸਰਿਆਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦਿੱਤਾ ਜਾਵੇਗਾ। ਅੰਕੜਿਆਂ ਅਨੁਸਾਰ ਰਾਜਧਾਨੀ 'ਚ ਲਗਭਗ ਤਿੰਨ ਲੱਖ ਖੁਸਰੇ ਹਨ। ਵੈਸੇ ਤਾਂ ਸਮਾਜ ਲਈ ਹਾਸ਼ੀਏ 'ਤੇ ਖੜ੍ਹੇ ਇਸ ਫਿਰਕੇ ਦੀ ਆਰਥਕ ਹਾਲਤ ਦਾ ਜਾਇਜ਼ਾ ਲਾਉਣਾ ਮੁਸ਼ਕਲ ਹੈ ਪਰ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਨੂੰ ਆਰਥਕ ਤੰਗੀ ਨਹੀਂ ਹੈ ਪਰ ਉਮਰ ਵਧਣ ਜਾਂ ਬੀਮਾਰੀ ਦੀ ਹਾਲਤ 'ਚ ਖੁਸਰਿਆਂ ਦੀ ਹਾਲਤ ਤਰਸਯੋਗ ਹੋ ਜਾਂਦੀ ਹੈ ਜਾਂ ਖੁਸਰਾ ਸਮਾਜ ਜਿਹਨਾਂ ਦਾ ਹੁਕਾ ਪਾਣੀ ਬੰਦ ਕਰ ਦੇਵੇ ਉਹ ਵੀ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹੋ ਜਾਂਦੇ ਹਨ। ਨੌਜਵਾਨ ਤੇ ਖ਼ੂਬਸੂਰਤ ਖੁਸਰਿਆਂ ਨੂੰ ਕੋਈ ਰੋਜੀ-ਰੋਟੀ ਦੀ ਸਮੱਸਿਆ ਨਹੀਂ ਹੈ। ਦਿੱਲੀ ਦੀ ਕੋਈ ਵੀ ਕੌਂਸਲਰ ਆਪਣੇ ਵਾਰਡ 'ਚ 700 ਲੋਕਾਂ ਨੂੰ ਪੈਨਸ਼ਨ ਦੇਣ ਲਈ ਅਧਿਕਾਰਿਤ ਹੈ। ਖੁਸਰਿਆਂ ਨੂੰ ਵੀ ਇਹਨਾਂ ਹੀ 700 ਲੋਕਾਂ 'ਚ ਸ਼ਾਮਲ ਕੀਤਾ ਗਿਆ ਹੈ। ਕਿਸ ਖੁਸਰੇ ਨੂੰ ਕਿੰਨੀ ਪੈਨਸ਼ਨ ਦੇਣੀ ਹੈ ਅਤੇ ਕਿਸ ਨੂੰ ਨਹੀਂ ਇਸ ਦਾ ਫੈਸਲਾ ਵੀ ਕੌਂਸਲਰ ਕਰਦੇ ਹਨ। ਪੈਨਸ਼ਨ ਲਈ ਕਿਸੇ ਵੀ ਖੁਸਰੇ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਖੁਸਰੇ ਕੋਲ ਦਿੱਲੀ ਦਾ ਰਾਸ਼ਨਕਾਰਡ, ਕੋਈ ਵੀ ਪਹਿਚਾਣ ਪੱਤ੍ਰ ਕਮਾਈ ਦਾ ਲੇਖਾ ਜੋਖਾ, ਕਿਸੇ ਵੀ ਸਰਕਾਰੀ ਹਸਪਤਾਲ ਤੋਂ ਖੁਸਰੇ ਹੋਣ ਦਾ ਸਰਟੀਫੀਕੇਟ ਵੀ ਹੋਣਾ ਚਾਹੀਦਾ ਹੈ। ਧਿਆਨ ਦੇਣ ਲਾਇਕ ਹੈ ਕਿ ਉਕਤ ਯੋਜਨਾ ਪੈਸੇ ਵਾਲੇ ਤੇ ਸਿਹਤਮੰਦ ਖੁਸਰਿਆਂ ਲਈ ਨਹੀਂ ਹੈ। ਉਹ ਇਸ ਯੋਜਨਾ ਤਹਿਤ ਪੈਨਸ਼ਨ ਲਈ ਅਰਜ਼ੀ ਨਹੀਂ ਦੇ ਸਕਦੇ। ਰਹੀ ਗੱਲ ਉਹਨਾਂ ਕਿਨਰਿਆਂ (ਖੁਸਰਿਆਂ) ਦੀ ਜਿਹਨਾਂ ਲਈ ਇਹ ਸਕੀਮ ਸ਼ੁਰੂ ਕੀਤੀ ਗਈ ਹੈ ਤਾਂ

ਕੀ ਉਹਨਾਂ ਕੋਲ ਨਗਰ ਨਿਗਮ ਦੀ ਸ਼ਰਤਾਂ ਮੁਤਾਬਕ ਕਾਗਜ਼ਾਤ ਹੋਣਗੇ? ਇਸ ਦਾ ਜੁਆਬ ਕਿਸੇ ਕੋਲ ਵੀ ਨਹੀਂ ਹੈ। ਦਿੱਲੀ ਦੀ ਇਕ ਮਸ਼ਹੂਰ ਖੁਸਰੀ ਦਾ ਕਹਿਣਾ ਹੈ "ਸਰਕਾਰ ਪਹਿਲਾਂ ਗਰੀਬਾਂ ਨੂੰ ਤਾਂ ਸਹੀ ਤਰੀਕੇ ਨਾਲ ਪੈਨਸ਼ਨ ਵੰਡ ਲਵੇ, ਸਾਨੂੰ ਤਾਂ ਪੈਨਸ਼ਨ ਦੀ ਲੋੜ ਨਹੀਂ ਹੈ। ਅਸੀਂ ਤਾਂ ਕਿਸੇ ਵੀ ਕੀਮਤ 'ਤੇ ਇਹ ਪੈਨਸ਼ਨ ਨਹੀਂ ਲਵਾਂਗੇ। ਦਿੱਲੀ 'ਚ ਕੋਈ ਵੀ ਖੁਸਰਾ ਏਨਾ ਗਰੀਬ ਨਹੀਂ ਹੈ ਕਿ ਉਸ ਨੂੰ ਦਿੱਲੀ ਸਰਕਾਰ ਦੇ 1000 ਰੁਪਏ 'ਤੇ ਜਿਉਣਾ ਪਵੇ। ਅਸੀਂ ਤਾਂ ਰੋਜ਼ਾਨਾ ਘਰੋਂ ਦੁਆ ਕਰਕੇ ਨਿਕਲਦੇ ਹਾਂ ਲੋਕ ਖੁਸ਼ ਹੁੰਦੇ ਹਨ ਤਾਂ ਸਾਨੂੰ ਵੀ ਕੁਝ ਦਿੰਦੇ ਹਨ, ਉਸੇ ਨਾਲ ਅਸੀਂ ਆਪਣਾ ਖਾਣਾ-ਪੀਣਾ, ਮੌਜ-ਮਸਤੀ ਤੇ ਸ਼ਿੰਗਾਰ ਕਰ ਲੈਂਦੇ ਹਾਂ ਅਤੇ ਉਸ 'ਚੋਂ ਹੀ ਜੋੜ ਕੇ ਆਪਣੀ ਮੌਤ-ਮਿੱਟੀ ਲਈ ਰੱਖ ਲੈਂਦੇ ਹਾਂ। ਸਾਨੂੰ ਕੋਈ ਦੋ ਬੋਲ ਪਿਆਰ ਨਾਲ ਬੋਲੇ ਇਹੀ ਸਾਡੇ ਲਈ ਬਹੁਤ ਹੈ।" ਖੁਸਰਾ ਸਮਾਜ ਦੇ ਕਾਇਦੇ ਕਾਨੂੰਨ ਬਹੁਤ ਸਖਤ ਹੁੰਦੇ ਹਨ। ਸਭ ਨੂੰ ਬਰਾਦਰੀ ਵਲੋਂ ਤਹਿਸ਼ੁਦਾ ਨਿਯਮਾਂ ਦਾ ਪਾਲਣ ਕਰਨਾ ਹੁੰਦਾ ਹੈ। ਖੁਸਰਾ ਸਮਾਜ 'ਚ ਗੁਰੂ ਸਭ ਤੋਂ ਉੱਪਰ ਹੁੰਦਾ ਹੈ। ਉਸ ਦੀ ਹੁਕਮ ਅਦੂਲੀ ਕਰਨ ਤੇ ਖੁਸਰਿਆਂ ਦਾ ਹੁੱਕਾ ਪਾਣੀ ਬੰਦ ਕਰਕੇ ਉਹਨਾਂ ਨੂੰ ਬਰਾਦਰੀ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਸੀਮਾ ਦੱਸਦੀ ਹੈ "ਅਸੀਂ ਗੁਰੂ ਦੀ ਬਹੁਤ ਇੱਜ਼ਤ ਤੇ ਸੇਵਾ ਕਰਦੇ ਹਾਂ ਸਾਡੇ ਵਾਸਤੇ ਉਹਨਾਂ ਤੋਂ ਉੱਪਰ ਕੋਈ ਨਹੀਂ ਹੈ। ਉਹਨਾਂ ਦੀ ਮਰਜ਼ੀ ਬਿਨਾਂ ਪੱਤਾ ਵੀ ਨਹੀਂ ਹਿਲਦਾ। ਗੁਰੂ ਹੀ ਹਮੇਸ਼ਾ ਖਾਣਾ ਪਹਿਨਣਾ ਦਿੰਦੀ ਹੈ। ਸਾਨੂੰ ਤੇ ਸਾਡੇ ਗੁਰੂ ਨੂੰ ਰੁਪਏ-ਪੈਸੇ ਦੀ ਕੋਈ ਦਿੱਕਤ ਨਹੀਂ। ਅਸੀਂ ਕਮਾਈ ਆਪਣੇ ਗੁਰੂ ਨੂੰ ਦਿੰਦੇ ਹਾਂ ਅਤੇ ਉਹ ਸਾਨੂੰ ਖ਼ਰਚਾ ਦਿੰਦੀ ਹੈ। ਬਰਾਦਰੀ ਤੋਂ ਬਾਹਰ ਹੋਣ 'ਤੇ ਸਾਨੂੰ ਕੋਈ ਪਾਣੀ ਵੀ ਨਹੀਂ ਪਿਲਾਵੇਗਾ।"

ਬਜ਼ੁਰਗ ਖੁਸਰਾ ਗੌਰੀ ਕਹਿੰਦੀ ਹੈ "ਅਜਕਲ ਏਨਾ ਬੇਵਕੂਫ ਕੋਈ ਵੀ ਨਹੀਂ ਕਿ ਆਪਣੀ ਹਾਰੀ-ਬਿਮਾਰੀ ਲਈ ਪੈਸਾ ਨਾ ਰੱਖੇ" ਗੌਰੀ ਦਾ ਕਹਿਣਾ ਹੈ ਕਿ ਇਨਸਾਨਾਂ 'ਚ ਵੀ ਹਰ ਕਿਸਮ ਦੇ ਲੋਕ ਹੁੰਦੇ ਹਨ। ਕੋਈ ਆਪਣੇ ਬਜ਼ੁਰਗਾਂ ਨੂੰ ਸਿਰ ਦਾ ਤਾਜ ਬਣਾ ਉਹਨਾਂ ਦੀ ਸੇਵਾ ਕਰਦਾ ਹੈ ਤਾਂ ਕੋਈ ਉਹਨਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਦਿੰਦਾ ਹੈ। ਗੌਰੀ ਕਹਿੰਦੀ ਹੈ "ਅਸੀਂ ਤਾਂ ਆਪਣੇ ਗੁਰੂ ਦਾ ਬਹੁਤ ਆਦਰ ਕਰਦੇ ਹਾਂ ਅਤੇ ਸੇਵਾ ਵੀ। ਅਸੀਂ ਆਪਣੀ ਕਮਾਈ ਵੀ ਉਹਨਾਂ ਨੂੰ ਹੀ ਦਿੰਦੇ ਹਾਂ ਅਤੇ ਗੁਰੂ ਵੀ ਸਾਡਾ ਧਿਆਨ ਰੱਖਦੀ ਹੈ ਪਰ ਕਈ ਚੇਲੇ ਗੁਰੂ ਨੂੰ ਕਮਾ ਕੇ ਨਹੀਂ ਦਿੰਦੇ ਜਾਂ ਫਿਰ ਕਈ ਗੁਰੂ ਵੀ ਆਪਣੇ ਚੇਲਿਆਂ ਨੂੰ ਖ਼ਰਚਾ-ਪਾਣੀ ਨਹੀਂ ਦਿੰਦੇ। ਇਹ ਪੈਨਸ਼ਨ ਯੋਜਨਾ ਅਜਿਹੇ ਖੁਸਰਿਆਂ ਲਈ ਚੰਗੀ ਹੈ ਜਿਹਨਾਂ ਦੇ ਚੇਲੇ ਉਹਨਾਂ ਨੂੰ ਕਮਾ ਕੇ ਨਹੀਂ ਦਿੰਦੇ ਜਾਂ ਫਿਰ ਜੋ ਗੁਰੂ ਆਪਣੇ ਚੇਲਿਆਂ ਦੀ ਸਾਰ ਨਹੀਂ ਲੈਂਦੇ" ਖੁਸਰਾ ਕਾਜਲ ਕਲਕੱਤਾ ਦੀ ਰਹਿਣ ਵਾਲੀ ਹੈ। ਉਹ ਮੈਟ੍ਰਿਕ ਪਾਸ ਹੈ। ਕਾਜਲ ਦੱਸਦੀ ਹੈ ਕਿ 'ਅਸੀਂ ਇਲਾਕੇ ਵਾਲੇ ਖੁਸਰੇ ਹਾਂ। ਸਾਡੇ ਸਾਹਮਣੇ ਕਮਾਈ ਦੀ ਕੋਈ ਦਿੱਕਤ ਨਹੀਂ ਹੈ ਅਤੇ ਅਸੀਂ ਇਹ ਪੈਨਸ਼ਨ ਵੀ ਨਹੀਂ ਲਵਾਂਗੇ।' ਧਿਆਨ ਦੇਣਯੋਗ ਗੱਲ ਹੈ ਕਿ ਹਰ ਖੁਸਰਾ ਟੋਲੀ ਦੇ ਇਲਾਕੇ ਵੰਡੇ ਹੋਏ ਹੁੰਦੇ ਹਨ। ਇਲਾਕਿਆਂ ਦੀ ਵੰਡ ਸਬੰਧੀ ਤਹਿ ਕਾਇਦੇ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਇਕ ਖੁਸਰਾ

ਟੋਲੀ ਦੂਜੀ ਟੋਲੀ ਦੇ ਇਲਾਕੇ 'ਚ ਘੁਸਪੈਂਠ ਨਹੀਂ ਕਰ ਸਕਦੀ। ਜੇ ਅਜਿਹਾ ਹੁੰਦਾ ਹੈ ਤਾਂ ਖੁਸਰਾ ਬਰਾਦਰੀ ਇਸ ਨੂੰ ਗੰਭੀਰਤਾ ਨਾਲ ਲੈਂਦੀ ਹੈ। ਕਾਜਲ ਦਾ ਕਹਿਣਾ ਹੈ ਕਿ ਇਹ ਯੋਜਨਾ ਉਹਨਾਂ ਖੁਸਰਿਆਂ ਲਈ ਹੈ ਜੋ ਬਜ਼ੁਰਗ ਅਵਸਥਾ 'ਚ ਕਮਾਉਣ ਲਾਇਕ ਨਹੀਂ ਰਹਿੰਦੇ ਜਾਂ ਚੁਰਸਤਿਆਂ 'ਤੇ ਭੀਖ ਮੰਗਦੇ ਫਿਰਦੇ ਹਨ। ਦਿੱਲੀ ਦੀ ਰਹਿਣ ਵਾਲੀ ਖੁਸਰਾ ਕਿਰਨ ਦਸਵੀਂ ਤੱਕ ਪੜ੍ਹੀ ਹੈ। ਉਹ ਦੱਸਦੀ ਹੈ ਕਿ ਅਜਕਲ ਤਾਂ ਸਭ ਆਪਣੇ ਅੱਗੇ ਪਿੱਛੇ ਲਈ ਕੁਝ ਨਾ ਕੁਝ ਰੱਖਦੇ ਹਨ। ਜਿਹਨਾਂ ਖੁਸਰਿਆਂ ਦਾ ਕੋਈ ਅੱਗਾ ਪਿੱਛਾ ਨਹੀਂ ਹੈ ਜਾਂ ਜੋ ਲਾਚਾਰੀ ਹਨ, ਉਹਨਾਂ ਲਈ ਤਾਂ ਯੋਜਨਾ ਚੰਗੀ ਹੈ। ਬੇਸ਼ਰਤ ਹੈ ਇਹ ਪੈਨਸ਼ਨ ਜ਼ਰੂਰਤਮੰਦਾਂ ਨੂੰ ਮਿਲੇ ਜੇ ਇਸ 'ਚ ਕਾਗਜ਼ੀ ਅੜਿੱਕੇ ਬਹੁਤ ਜ਼ਿਆਦਾ ਰਹਿਣਗੇ ਤਾਂ ਕਿਹੜਾ ਖੁਸਰਾ ਇਕ ਹਜ਼ਾਰ ਰੁਪਏ ਲਈ ਨਿਗਮ ਦੇ ਦਫ਼ਤਰ ਦੇ ਚੱਕਰ ਲਾਵੇਗਾ? ਕਿਰਣ ਦਾ ਕਹਿਣਾ ਹੈ ਕਿ ਬਜ਼ੁਰਗ ਤੇ ਅਣਪੜ ਖੁਸਰੇ ਬਹੁਤ ਜ਼ਿਆਦਾ ਭੱਜ ਦੌੜ ਨਹੀਂ ਕਰ ਸਕਦੇ ਜਿਵੇਂ ਹੋ ਸਕਦਾ ਹੈ ਬਹੁਤੇ ਖੁਸਰਿਆਂ ਕੋਲ ਰਾਸ਼ਨਕਾਰਡ ਜਾਂ ਜਨਮ ਦਾ ਕੋਈ ਸਬੂਤ ਹੀ ਨਾ ਹੋਵੇ। ਅਜਕਲ ਨਕਲੀ ਖੁਸਰੇ ਹੋਣ ਦੀਆਂ ਖਬਰਾਂ ਵੀ ਸੁਣੀਆਂ ਜਾਂਦੀਆਂ ਹਨ। ਖੁਸਰਾ ਸੀਮਾ ਅਸਲੀ ਤੇ ਨਕਲੀ 'ਚ ਭੇਦ ਦੱਸਦੀ ਰਹਿੰਦੀ ਹੈ ਕਿ ਨਕਲੀ ਖੁਸਰੇ ਦਾ ਸਰੀਰ ਮਰਦਾਨਾ ਹੁੰਦਾ ਹੈ ਤੇ ਉਸ ਨੇ ਦਾੜ੍ਹੀ ਮੁੱਛਾਂ, ਮੁੰਨ ਰੱਖੀਆਂ ਹੁੰਦੀਆਂ ਹਨ। ਕਈ ਲੜਕੇ ਰਾਤ ਵੇਲੇ ਔਰਤਾਂ ਵਾਲੇ ਕੱਪੜੇ ਪਾ ਕੇ ਭੀਖ ਮੰਗਣ ਨਿਕਲ ਜਾਂਦੇ ਹਨ। ਉਹ ਅਪਰਾਧੀ ਰੁਝਾਣ ਦੇ ਵੀ ਹੁੰਦੇ ਹਨ। ਜੇ ਅਜਿਹੇ ਖੁਸਰੇ ਪੈਨਸ਼ਨ ਲਈ ਅਰਜ਼ੀ ਦੇਣਗੇ ਵੀ ਤਾਂ ਉਹ ਮੈਡੀਕਲ ਸਬੂਤ ਨਹੀਂ ਦੇ ਸਕਣਗੇ। ਕੁਝ ਇਲਾਕਿਆਂ 'ਚ ਖੁਸਰਿਆਂ ਵਿਚਕਾਰ ਝਗੜੇ ਸੁਲਝਾਉਣ ਵਾਲੀ ਪੁਰਾਣੀ ਦਿੱਲੀ ਦੀ ਰਹਿਣ ਵਾਲੀ ਰਜੀਆ ਬੈਗਮ ਕਹਿੰਦੀ ਹੈ ਸਭ ਖੁਸਰਿਆਂ ਦੇ ਇਲਾਕੇ ਵੰਡੇ ਹੋਏ ਹਨ। ਝਗੜਾ ਇਲਾਕਿਆਂ ਸਬੰਧੀ ਹੀ ਹੁੰਦਾ ਹੈ ਰੁਪਏ ਕਰਕੇ ਨਹੀਂ ਹੁੰਦਾ। ਅਸਲੀ ਖੁਸਰੇ ਸ਼ਾਮ ਵੇਲੇ ਨਹੀਂ ਦਿਸਦੇ। ਉਹ ਆਪਣੇ ਘਰਾਂ 'ਚ ਆਪਣੇ ਆਪ ਨੂੰ ਤਾਲਾ ਲਾ ਆਪਣੀ ਦੁਨੀਆਂ 'ਚ ਮਸਤ ਹੋ ਜਾਂਦੇ ਹਨ। ਅਸਲੀ ਖੁਸਰੇ ਪੈਨਸ਼ਨ ਨਹੀਂ ਲੈਣਗੇ। ਉਹਨਾਂ ਨੂੰ ਆਰਥਕ ਤੰਗੀ ਨਹੀਂ। ਨਕਲੀ ਖੁਸਰੇ ਨਗਰ ਨਿਗਮ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ।

# ਕੀ ਹੈ ਹੋਮ ਲੋਨ ਬਾਰੇ ਘਪਲਾ?

ਅਜੇ ਸਰਕਾਰ ਨੂੰ ਸਪੈਕਟਰਮ ਘਪਲੇ ਤੋਂ ਛੁਟਕਾਰਾ ਨਹੀਂ ਮਿਲਿਆ ਹੈ ਕਿ ਇਕ ਹੋਰ ਨਵਾਂ ਘਪਲਾ ਸਾਹਮਣੇ ਆ ਗਿਆ ਹੈ। "ਹੋਮ ਲੋਨ ਸਕੀਮ" ਸੀ. ਬੀ. ਆਈ. 'ਚ ਇਕ ਅਜਿਹੇ ਘਪਲੇ ਦਾ ਪਰਦਾਫਾਸ਼ ਕੀਤਾ ਗਿਆ ਹੈ ਜਿਸ ਤਹਿਤ ਇਕ ਨਿੱਜੀ ਵਿੱਤੀ ਸੇਵਾ ਕੰਪਨੀ, ਉਸ ਦੇ ਸੀ ਐਮ ਡੀ ਤੇ ਹੋਰ ਸਹਿਯੋਗੀਆਂ ਨੇ ਵੱਡੇ-ਵੱਡੇ ਕਾਰਪੋਰੇਟ ਕਰਜ਼ਿਆਂ ਨੂੰ ਮੰਜੂਰੀ ਦੇਣ ਬਦਲੇ ਜਨਤਕ ਖੇਤਰ ਦੇ ਬੈਂਕਾਂ ਤੇ ਵਿੱਤੀ ਸੰਸਥਾਵਾਂ ਦੇ ਉੱਚ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ। ਸੀ. ਬੀ. ਆਈ. ਨੇ ਇਸ ਘਪਲੇ ਦੇ ਮੱਦੇ ਨਜ਼ਰ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਹਨਾਂ ਅੱਠ ਲੋਕਾਂ 'ਚ ਜਾਣੀ ਪਹਿਚਾਣੀ ਕੰਪਨੀ ਐਲ. ਆਈ. ਸੀ. ਹਾਊਸਿੰਗ ਫਾਇਨਾਂਸ ਦਾ ਮੁੱਖ ਕਾਰਜਕਾਰੀ ਅਧਿਕਾਰੀ ਰਾਮਚੰਦਰਨ ਨਾਇਰ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਐਲ ਆਈ ਸੀ ਦੇ ਸਕੱਤਰ (ਨਿਵੇਸ਼) ਨਰੇਸ਼ ਚੋਪੜਾ, ਬੈਂਕ ਆਫ਼ ਇੰਡੀਆ ਦੇ ਨਿਦੇਸ਼ਕ (ਚਾਰਟਡ ਅਕਾਊਂਟੇਟ) ਮਨਿੰਦਰ ਸਿੰਘ ਜੋਹਰ ਅਤੇ ਪੰਜਾਬ ਨੈਸ਼ਨਲ ਬੈਂਕ (ਦਿੱਲੀ) ਦੇ ਉਪ ਮਹਾਂ-ਪ੍ਰਬੰਦਕ (ਸੀ. ਐਮ. ਡੀ) ਰਾਜੇਸ਼ ਸ਼ਰਮਾ ਤੇ ਉਸ ਦੇ ਦੋ ਕਰਮਚਾਰੀਆਂ ਸੁਰੇਸ਼ ਗਦਾਨੀ ਤੇ ਸੰਜੈ ਸ਼ਰਮਾ ਨੂੰ ਇਸ ਘਪਲੇ ਦੇ ਮੱਦੇ ਨਜ਼ਰ ਗ੍ਰਿਫ਼ਤ 'ਚ ਲਿਆ ਗਿਆ ਹੈ। ਇਹਨਾਂ ਅਧਿਕਾਰੀਆਂ ਨੇ ਮਨੀ ਮੈਟਰਜ਼ ਲਿਮਟਿਡ ਦੇ ਨਾਲ ਮਿਲੀ ਭੁਗਤ ਕਰਕੇ ਵੱਡੇ-ਵੱਡੇ ਕਾਰਪੋਰੇਟ ਕਰਜ਼ਿਆਂ ਨੂੰ ਹਰੀ ਝੰਡੀ ਦਿੱਤੀ ਤੇ ਬਦਲੇ 'ਚ ਉਹਨਾਂ ਨੇ ਭਾਰੀ ਰਿਸ਼ਵਤ ਖਾਧੀ। ਅਜਿਹਾ ਕਰਦੇ ਸਮੇਂ ਇਹਨਾਂ ਅਧਿਕਾਰੀਆਂ ਨੇ ਕਈ ਹੋਰ ਬੇਨਿਯਮੀਆਂ ਵਰਤਣ ਤੋਂ ਇਲਾਵਾ ਲੋਨ ਮੰਜੂਰੀ ਸਬੰਧੀ ਜ਼ਰੂਰੀ ਸ਼ਰਤਾ ਦੀ ਉਕਾ ਹੀ ਪਾਲਣਾ ਨਹੀਂ ਕੀਤੀ। ਇਸ ਦੇ ਤਹਿਤ ਬਗੈਰ ਲੋੜੀਂਦੇ ਦਸਤਾਵੇਜ਼ਾਂ ਦੇ ਕੁਝ ਬਿਲਡਰਾਂ ਨੂੰ ਭਾਰੀ ਕਰਜੇ ਦਿੱਤੇ ਗਏ ਹਨ। ਇਸ ਉੱਚ ਅਧਿਕਾਰੀਆਂ ਬਿਲਡਰਾਂ ਨੂੰ ਕਰਜ਼ੇ ਦੇਣ ਬਦਲੇ ਰਿਸ਼ਵਤ ਲੈਂਦੇ ਸਨ। ਇਹ ਕਰੀਬ ਤਿੰਨ ਹਜ਼ਾਰ ਕਰੋੜ ਦਾ ਘਪਲਾ ਹੈ। ਅਜਿਹੇ ਦੋਸ਼ ਲੱਗੇ ਹਨ ਕਿ ਐਲ ਆਈ ਸੀ ਹਾਊਸਿੰਗ ਫਾਇਨਾਂਸ ਛੋਟੇ ਗਾਹਕਾਂ ਨੂੰ ਕਰਜ਼ਾ ਦੇਣ ਦੀ ਬਜਾਏ ਬਿਲਡਰਾਂ ਨੂੰ ਵੱਧ ਕਰਜਾ ਦਿੰਦੀ ਸੀ। ਵੈਸੇ ਤਾਂ ਰਿਜ਼ਰਵ ਬੈਂਕ ਹਾਲ ਦੇ ਦਿਨਾਂ 'ਚ ਬੈਂਕਾਂ ਨੂੰ ਕਈ ਵਾਰ ਚੇਤਾਵਨੀ ਦੇ ਚੁੱਕਿਆ ਸੀ ਕਿ ਇਹ ਰਿਆਲਟੀ ਸੈਕਟਰ 'ਚ ਆਪਣੇ ਕਰਜ਼ੇ ਨੂੰ ਘੱਟ ਕਰੇ ਅਤੇ ਚੌਕਸ ਰਹੇ ਪਰ ਬੈਂਕਾਂ ਨੇ ਕਈ ਵਾਰ ਇਸ ਕਾਨੂੰਨ ਨੂੰ ਤੋੜਿਆ ਹੈ। ਇਥੇ ਸੁਆਲ ਉੱਠਦਾ ਹੈ ਕਿ ਬੈਂਕਾਂ ਨੇ ਬਿਨਾਂ ਸਕਿਊਰਟੀ ਦੇ ਏਨੇ ਵੱਡੇ ਕਰਜ਼ੇ ਕਿਉਂ ਦਿੱਤੇ? ਇੱਥੇ ਇਹ ਸੁਆਲ ਉੱਠਦਾ ਹੈ ਕਿ ਕੰਪਨੀ ਦੇ ਆਡਿਟ ਦੌਰਾਨ ਇਹ ਗੜਬੜਾਂ ਕਿਉਂ ਨਹੀਂ ਫੜੀਆਂ ਗਈਆਂ?

ਐਲ. ਆਈ. ਸੀ. ਤੇ ਹੋਰ ਕੌਮੀਕ੍ਰਿਤ ਬੈਂਕਾਂ 'ਤੇ ਵਿਸਵਾਸ਼ ਕਰਕੇ ਲੋਕ ਆਪਣੀ ਮਿਹਨਤ ਦੀ ਕਮਾਈ ਜਮ੍ਹਾਂ ਕਰਦੇ ਹਨ ਜਿਸ ਨੂੰ ਬੈਂਕ ਅਧਿਕਾਰੀ ਬਿਲਡਰਾਂ ਨੂੰ ਬਿਨਾਂ ਸਕਿਊਰਟੀ ਲਿਆਂ ਵੰਡ ਰਹੇ ਹਨ। ਜਾਰੀ ਛਾਪਿਆਂ ਤੇ ਬਰਾਮਦ ਦਸਤਾਵੇਜ਼ਾਂ ਦੀ ਜਾਂਚ ਪਿਛੋਂ ਕਈ ਵੱਡੀਆਂ ਵੀ ਫਸਣਗੀਆਂ? ਨਿਯਮਾਂ

ਨੂੰ ਤਾਕ ’ਤੇ ਰੱਖ ਕੇ ਵੱਡੇ ਕਾਰਪੋਰੇਟ ਕਰਜ਼ੇ ਦੇਣ ਵਾਲੇ ਵੱਡੇ ਰੈਕੇਟ ਦਾ ਪਰਦਾਫਾਸ਼ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਕਈ ਹੋਰ ਕੌਮੀ ਬੈਂਕਾਂ ਦੀ ਵੀ ਇਸ ’ਚ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਗੇ ਜਾਂਚ ਤੋਂ ਪਤਾ ਲੱਗ ਸਕੇਗਾ ਕਿ ਇਹਨਾਂ ਬੈਂਕਾਂ ਨੇ ਕਾਰਪੋਰੇਟ ਗਵਰਨੇਂਸ ਨਿਯਮਾਂ ਦਾ ਪਾਲਣ ਕਿਸ ਹੱਦ ਤੱਕ ਕੀਤਾ ਹੈ। ਇਸ ਸਾਰੇ ਕੁਝ ਦੇ ਬਾਵਜੂਦ ਯੋਜਨਾ ਕਮਿਸ਼ਨ ਦੇ ਮੀਤ ਪ੍ਰਧਾਨ ਮੋਂਟੇਕ ਸਿੰਘ ਆਹਲੂਵਾਲੀਆ ਦਾ ਇਹ ਬਿਆਨ ਹੈਰਾਨ ਕਰ ਦੇਣ ਵਾਲਾ ਹੈ ਕਿ ਇਹ ਮਾਮਲਾ ਬ੍ਰੈਂਕਿੰਗ ਤਾਣੇ ਬਾਣੇ ’ਚ ਛੋਟੀ ਜਿੰਨੀ ਗੱਲ ਹੈ। ਇਸ ਘਪਲੇ ਨਾਲ ਸੇਬੀ ਦੇਵੀ ਕੰਨ ਖੜ੍ਹੇ ਹੋ ਗਏ ਹਨ। ਸੇਬੀ ਨੂੰ ਸ਼ੱਕ ਹੈ ਕਿ ਐਲ. ਆਈ. ਸੀ. ਹਾਊਸਿੰਗ ਫਾਇਨੈਂਸ ਤੇ ਡੀ. ਬੀ. ਬਿਆਇਲਟੀ ਸਮੇਤ ਘੱਟੋ-ਘੱਟ ਨੌ ਕੰਪਨੀਆਂ ਦੇ ਸ਼ੇਅਰਾਂ ’ਚ ਇੰਨਸਾਈਡਰ ਟੇਡਿੰਗ ਕੀਤੀ ਜਾ ਰਹੀ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਨਸਾਈਡਰ ਟ੍ਰੇਡਿੰਗ ਕੀਮਤਾਂ ’ਚ ਬਣਾਉਟੀ ਵਾਧਾ ਕਰਨਾ ਤੇ ਗਲਤ ਜਾਣਕਾਰੀ ਦੇਣ ਨਾਲ ਸਬੰਧਿਤ ਹੈ। ਸੈਂਟਰਲ ਬੈਂਕ ਆਫ ਇੰਡੀਆ, ਮਨੀ ਮੈਟਰਜ਼ ਫਾਇਨਾਸ਼ੀਅਲ ਸਰਵਸਿਜ਼, ਜੇ ਐਸ ਡਬਲਯੂ ਪਾਵਰ, ਰੇਲਿਗੇਅਰ ਇੰਟਰਪ੍ਰਾਈਜਜ਼ ਅਦਾਨੀ ਇੰਟਰਪ੍ਰਾਈਜਜ਼, ਪੈਂਟਾਲੂਨ, ਤੇ ਜੀ. ਪੀ. ਹਾਈਡ੍ਰੋ ਦੇ ਸ਼ੇਅਰਾਂ ’ਚ ਹੋਏ ਕਾਰੋਬਾਰ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਸੇਬੀ ਇਹ ਵੀ ਜਾਂਚ ਕਰ ਰਹੀ ਹੈ ਕਿ ਕੁਆਲੀਫਾਇਡ ਇਸੰਟੀਚੂਸ਼ਨਲ ਪਲੇਸਮੇਂਟ (QIP) ਦੇ ਪਹਿਲੇ ਮਨੀਮੈਟਰਜ਼ ਦੇ ਸ਼ੇਅਰ ਕੁਝ ਮਹੀਨਿਆਂ ਅੰਦਰ 100 ਰੁਪੈ ਤੋਂ 800 ਰੁਪੈ ਕਿਵੇਂ ਪਹੁੰਚ ਗਏ। 445 ਕਰੋੜ ਰੁਪਏ ਦੇ ਇਸ ਇਸ਼ੂ ਦੀ ਆਈ. ਆਈ. ਐਫ. ਐਲ. (ਪਹਿਲਾਂ ਇਸ ਨੂੰ ਇੰਡੀਆ ਇੰਫੋਲਾਈਨ ਵਜੋਂ ਜਾਣਿਆ ਜਾਂਦਾ ਸੀ) ਲੀਡ ਮੈਨੇਜਰ ਸੀ। ਇਸ ਟਿਸ਼ੂ ’ਚ ਹਿੱਸਾ ਲੈਣ ਵਾਲੇ ਵੱਡੇ ਵਿਦੇਸ਼ੀ ਨਿਵੇਸ਼ਕਾਂ ’ਚ ਜੀ ਐਮ ਓ, ਫਿਡੇਲਿਟੀ, ਗੋਲਡਮੈਨ ਸੈਕਸ ਤੇ ਮਾਰਗਨ ਸਟੈਨਲੀ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਇਸ ਇਸ਼ੂ ਵਿੱਚ ਨਿਵੇਸ਼ਕਾਂ ਨੇ 645 ਰੁਪਏ ਦੀ ਦਰ ਨਾਲ ਸ਼ੇਅਰ ਖ਼ਰੀਦੇ ਸਨ। ਇਸ ਹਿਸਾਬ ਨਾਲ ਕੰਪਨੀ ਦੀ ਕੁਲ ਕੀਮਤ ਲਗਭਗ 2200 ਕਰੋੜ ਰੁਪਏ ਹੁੰਦੀ ਹੈ। ਜਾਂਚ ’ਚ ਇਹ ਪਤਾ ਲਾਇਆ ਜਾ ਰਿਹਾ ਹੈ ਕਿ ਕੀ ਪਲੈਸਮੈਂਟ ਨੂੰ ਜਾਣ-ਬੁੱਝ ਕੇ ਵਧਾਏ ਗਏ ਵੈਲਯੂਏਸ਼ਨ ’ਤੇ ਅੰਜਾਮ ਦਿੱਤਾ ਗਿਆ। ਜੇ ਕੇਤਨ ਮੇਹਤਾ ਦੇ ਵਰਗਾ ਕੋਈ ਐਸਾ ਘਪਲਾ ਉਜਾਗਰ ਹੋ ਜਾਵੇ ਤਾਂ ਹੈਰਾਨ ਨਹੀਂ ਹੋਣਾ ਚਾਹੀਦਾ ਪਰ ਸੁਆਲ ਇਹ ਉੱਠਦਾ ਹੈ ਕਿ ਜੇ ਇਹੋ ਜਿਹੇ ਘਪਲੇ ਉਜਾਗਰ ਹੁੰਦੇ ਰਹੇ ਤਾਂ ਬਾਜ਼ਾਰ ਦਾ ਰੱਬ ਹੀ ਰਾਖਾ ਹੈ। ਆਮ ਆਦਮੀ ਵੀ ਸ਼ੇਅਰ ਬਾਜ਼ਾਰ ’ਚ ਪੈਸੇ ਲਾਉਣ ਤੋਂ ਘਬਰਾਏਗਾ। ਇਸ ਘਪਲੇ ਨਾਲ ਸਭ ਤੋਂ ਵੱਧ ਪਹਿਲਾਂ ਤੋਂ ਹੀ ਮਾਰ ਝੱਲ ਰਹੇ ਰਿਆਲਟੀ ਸੈਕਟਰ ’ਤੇ ਇਕ ਹੋਰ ਝਟਕਾ ਲੱਗਿਆ ਹੈ। ਰਿਆਲਟੀ ਕੰਪਨੀਆਂ ਪਿਛਲੇ ਤਿੰਨ ਸਾਲਾਂ ਤੋਂ ਕਿਸੇ ਨਾ ਕਿਸੇ ਕਾਰਨ ਉਲਝੀਆਂ ਰਹੀਆਂ ਹਨ। ਪਹਿਲਾਂ ਆਰਥਕ ਸੁਸਤੀ ’ਚ ਫਸਣ ਪਿਛੋਂ ਜਦ ਉਹ ਉਭਰਨਾ ਸ਼ੁਰੂ ਹੋਈ ਤਾਂ ਵਿਆਜ ਦਰਾਂ ਨੇ ਉਹਨਾਂ ਨੂੰ ਦਬਾ ਦਿੱਤਾ। ਇਸ ਪਿਛੋਂ ਵਧਦੇ ਬਾਜ਼ਾਰ ’ਚ ਜਦ ਉਹਨਾਂ ਨੇ ਆਈ. ਪੀ. ਓ. ਰਾਹੀਂ ਪੈਸੇ ਉਗਰਾਹੁਣ ਦੀ ਕੋਸ਼ਿਸ਼ ਕੀਤੀ ਤਾਂ ਹੁਣ ਇਕ ਵੱਖ ਘਪਲੇ ਨੇ ਉਹਨਾਂ ਦਾ ਬਾਜ਼ਾਰ ਵਿਗਾੜ ਦਿੱਤਾ ਹੈ।

# ਗੁਪਤ ਸੂਚਨਾਵਾਂ ਲੀਕ ਕਰਨ ਵਾਲੇ ਨੇ ਕਰੋੜਾਂ ਕਿਵੇਂ ਕਮਾਏ?

ਪ੍ਰਸ਼ਾਦ ਤਿਆਰ ਹੋ ਗਿਆ? ਕਦੋਂ ਮਿਲੇਗਾ? 'ਕੀ ਲੱਡੂ ਮਿਲ ਸਕੇਗਾ? ਉਧਰੋਂ ਜੁਆਬ ਆਉਂਦਾ ਹੈ 'ਜੇ ਗੁੜ ਵੱਧ ਮਿੱਠਾ ਹੋਵੇਗਾ, ਤਾਂ ਹੀ ਲੱਡੂ ਮਿਲੇਗਾ'? ਕਿੰਨੇ ਲੱਡੂ ਮਿਲਣਗੇ? 'ਉਹ ਲੱਡੂ ਦੇ ਮਿੱਠੇ ਹੋਣ 'ਤੇ ਨਿਰਭਰ ਕਰਦਾ ਹੈ।' ਇਹਨਾਂ ਗੱਲਾਂ ਨੂੰ ਪੜ੍ਹਨ ਤੋਂ ਲੱਗ ਰਿਹਾ ਹੈ ਕਿ ਭਗਵਾਨ ਦਾ ਇੱਕ ਪਿਆਰਾ ਭਗਤ ਬੇਸਬਰੀ ਨਾਲ ਫੋਨ 'ਤੇ ਪੁਜਾਰੀ ਤੋਂ ਪ੍ਰਸ਼ਾਦ ਦੀ ਮੰਗ ਕਰ ਰਿਹਾ ਹੈ ਪਰ ਅਜਿਹਾ ਨਹੀਂ ਹੈ। ਹੁਣ ਦੂਜੀ ਗੱਲਬਾਤ ਸੁਣੋ :-

ਹਾਰਡਵੇਅਰ ਕਿੱਥੇ ਹੈ?
ਸਾਫਟ ਵੇਅਰ ਕਿਹੋ ਜਿਹਾ ਹੈ?
ਯੂਕ੍ਰੇਨ ਦਾ ਮਿਲੇਗਾ?

ਇਸ ਗੱਲਬਾਤ ਤੋਂ ਮਹਿਸੂਸ ਹੋ ਰਿਹਾ ਹੈ ਕਿ ਇਕ ਕੰਪਿਊਟਰ ਦਾ ਗਾਹਕ ਦੁਕਾਨਦਾਰ ਤੋਂ ਪ੍ਰੋਡਕੱਟ ਬਾਰੇ ਪੁੱਛ ਰਿਹਾ ਹੈ। ਪਰ ਇਥੇ ਵੀ ਅਜਿਹਾ ਨਹੀਂ ਹੈ। ਫਿਰ ਕੀ ਹੈ ਇਹ ਸਭ?

ਦਰਅਸਲ ਇਹ ਦੋਨੋਂ ਤਰ੍ਹਾਂ ਦੀ ਗੱਲਬਾਤ ਗ੍ਰਹਿ ਮੰਤਰਾਲੇ ਦੇ ਅਫ਼ਸਰ ਅਤੇ ਇਕ ਦਲਾਲ ਵਿਚਾਲੇ ਹੋਈ ਹੈ। ਪਹਿਲਾਂ ਵਾਲੀ ਗੱਲਬਾਤ 'ਚ ਅਫਸਰ ਪੁੱਛ ਰਿਹਾ ਹੈ ਕਿ ਰਿਸ਼ਵਤ ਕਿੰਨੀ ਮਿਲੇਗੀ? ਉਥੇ ਦਲਾਲ ਕਹਿ ਰਿਹਾ ਹੈ ਕਿ ਜੇ ਉਸ ਤੋਂ ਮੰਗੀ ਜਾਣਕਾਰੀ ਕੰਮ ਦੀ ਹੋਈ ਤਾਂ ਲੱਡੂ ਮਿਲੇਗਾ। ਇਥੇ ਲੱਡੂ ਤੋਂ ਮਤਲਬ ਇਕ ਕਰੋੜ ਰੁਪਏ ਤੋਂ ਹੈ। ਜੇ ਮਿਲੀ ਜਾਣਕਾਰੀ ਵੱਧ ਮਹੱਤਵਪੂਰਨ ਹੋਈ ਤਾਂ ਕਈ ਲੱਡੂ ਯਾਨੀ ਕਈ ਕਰੋੜ ਰੁਪਏ ਮਿਲਣਗੇ। ਇਸ ਤਰ੍ਹਾਂ ਹਾਰਡਵੇਅਰ ਤੋਂ ਮਤਲਬ ਹੈ ਹੋਟਲ ਅਤੇ ਸਾਫਟਵੇਅਰ ਦਾ ਅਰਥ ਹੈ ਕਾਲਗਰਲ। ਯੂਕ੍ਰੇਨ ਦਾ ਮਤਲਬ ਹੈ ਰਸ਼ਿਆਨ ਜਾਂ ਯੂਕ੍ਰੇਨ ਦੀ ਕਾਲਗਰਲ ਗ੍ਰਹਿ ਮੰਤਰਾਲੇ ਦਾ ਜੋ ਅਫ਼ਸਰ ਉਸ ਸਮੇਂ ਗੱਲਬਾਤ ਕਰ ਰਿਹਾ ਹੈ ਉਹ ਪੱਛਮੀ ਬੰਗਾਲ ਕੇਡਰ ਦਾ ਸਾਲ 1994 ਬੈਚ ਦਾ ਆਈ ਏ ਐਸ ਰਵੀਇੰਦਰ ਸਿੰਘ ਹੈ। ਰਵੀਇੰਦਰ ਪਾਲ ਸਿੰਘ ਨੂੰ ਗ੍ਰਹਿ ਮੰਤਰਾਲੇ ਦੀਆਂ ਸੰਵੇਦਨਸ਼ੀਲ ਸੂਚਨਾਵਾਂ ਨੂੰ ਮੰਤਰਾਲੇ ਤੋਂ ਬਾਹਰ ਗੈਰ ਵਿਅਕਤੀਆਂ ਨੂੰ ਦੱਸਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ ਜਦ ਕਿ ਉਹਨਾਂ ਦਾ ਦਲਾਲ ਵਿਨੀਤ ਸਿੰਘ ਗ੍ਰਹਿ ਮੰਤਰਾਲੇ ਦੇ ਅੰਦਰੂਨੀ ਸੁਰੱਖਿਆ ਵਿਭਾਗ 'ਚ ਤੈਨਾਤ ਸੀ ਅਤੇ ਅੱਤਵਾਦੀ ਹਮਲਿਆਂ ਦੀ ਸੰਭਾਵਨਾ ਸਮੇਤ ਸਾਰੀਆਂ ਸੰਵੇਦਨਸ਼ੀਲ ਸੂਚਨਾਵਾਂ ਤੱਕ ਉਸ ਦੀ ਪਹੁੰਚ ਸੀ। ਕੇਂਦਰ ਗ੍ਰਹਿ ਮੰਤਰਾਲੇ 'ਚ ਸਿੰਘ ਦਾ ਕੰਮਕਾਰ ਕਾਫੀ ਸੰਵੇਦਨਸ਼ੀਲ ਸੀ। ਉਹ ਦੂਰ ਸੰਚਾਰ ਖੇਤਰ 'ਚ ਸੁਰੱਖਿਆ ਮਾਮਲਿਆਂ ਨਾਲ ਸਬੰਧਤ ਵਿਸ਼ੇ ਦੇਖਦੇ ਸਨ ਅਤੇ ਬਲੈਕਬਰੀ ਗਾਹਕਾਂ ਦੇ ਮਾਮਲਿਆਂ ਤੋਂ ਇਲਾਵਾ ਚੀਨ ਦੇ ਟੈਲੀਕਾਮ ਉਪਕਰਣਾਂ ਵਰਗੇ ਮਾਮਲਿਆਂ ਦੀ ਵੀ ਨਿਗਰਾਨੀ ਕਰ ਰਿਹਾ ਸੀ। ਪਿਛਲੇ ਕੁਝ ਮਹੀਨਿਆਂ ਤੋਂ ਰਵੀਇੰਦਰ ਸਿੰਘ 'ਤੇ ਨਜ਼ਰ ਰੱਖੀ ਜਾ ਰਹੀ ਸੀ ਅਤੇ ਤਿੰਨ ਮਹੀਨਿਆਂ ਤੋਂ ਉਸ ਦੇ ਫੋਨ ਟੇਪ ਕੀਤੇ

ਜਾ ਰਹੇ ਸਨ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਕਿ ਰਵੀਇੰਦਰ ਕੁਝ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਸਰਕਾਰੀ ਸੂਚਨਾਵਾਂ ਲਗਾਤਾਰ ਲੀਕ ਕਰ ਰਿਹਾ ਸੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਹੁਣ ਰਵੀਇੰਦਰ ਸਿੰਘ ਨੂੰ ਮੁਅਤਲ ਕਰ ਦਿੱਤਾ ਹੈ। 2-ਜੀ ਸਪੈਕਟ੍ਰਮ ਮਾਮਲੇ 'ਚ ਜਿਹੜੀਆਂ ਕੰਪਨੀਆਂ ਨੂੰ ਅੰਦਰੂਨੀ ਸੁਰੱਖਿਆ ਦੀ ਕਲੀਰੈਂਸ ਚਾਹੀਦੀ ਸੀ, ਉਸ ਨੇ ਉਹਨਾਂ ਲਈ ਵੀ ਆਪਣੇ ਅਸਰ ਰਸੂਕ ਦੀ ਵਰਤੋਂ ਕੀਤੀ ਸੀ। ਇਸ ਦੌਰਾਨ ਦਿੱਲੀ ਪੁਲਸ ਦੇ ਸਪੈਸ਼ਲ ਸੈਲ ਨੇ ਪੱਛਮੀ ਬੰਗਾਲ ਦੇ ਉਸ ਕਾਰੋਬਾਰੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ ਜੋ ਸਿੰਘ ਤੇ ਟੈਲੀਕਾਮ ਕੰਪਨੀਆਂ ਵਿਚਾਲੇ ਦਲਾਲ ਸਿੰਘ। ਵਿਨੀਤ ਸਿੰਘ ਨਾਂ ਦਾ ਇਹ ਦਲਾਲ ਰਵੀਇੰਦਰ ਸਿੰਘ ਦਾ ਪੁਰਾਣਾ ਜਾਣਕਾਰ ਹੈ। ਸੂਚਨਾ ਦੇਣ ਲਈ ਵਿਨੀਤ ਸਿੰਘ ਅਤੇ ਰਵੀਇੰਦਰ ਵਿਚਾਲੇ ਕਰੋੜ ਰੁਪਏ ਦੀ ਸੌਦੇਬਾਜ਼ੀ ਹੋਈ ਸੀ। ਰਵੀਇੰਦਰ ਸਿੰਘ 'ਤੇ ਸ਼ੁਰੂ-ਸ਼ੁਰੂ 'ਚ ਕਿਸੇ ਨੂੰ ਕੋਈ ਸ਼ੱਕ ਨਹੀਂ ਸੀ। ਜਦ ਦਲਾਲ ਵਿਨੀਤ ਸਿੰਘ ਦਾ ਫੋਨ ਟੇਪ ਹੋ ਰਿਹਾ ਸੀ ਤਾਂ ਉਸ 'ਚ ਕਿਹਾ ਗਿਆ ਸੀ ਕਿ ਮਲ ਦਿਉਗੇ ਤਾਂ ਮੈਂ ਗ੍ਰਹਿ ਮੰਤਰਾਲੇ ਤੋਂ ਕੰਮ ਕਰਵਾ ਦੇਵਾਂਗਾ। ਇਸ ਪਿਛੋਂ ਉਹਨਾਂ ਸਭ ਸੰਭਾਵਿਤ ਅਧਿਕਾਰੀਆਂ ਦੇ ਫੋਨ ਟੇਪ ਕੀਤੇ ਗਏ ਅਤੇ ਉਹਨਾਂ ਦੀ ਸਰਗਰਮੀਆਂ 'ਤੇ ਨਜ਼ਰ ਰੱਖੀ ਜਾਣ ਲੱਗੀ। ਇਸ ਲੜੀ 'ਚ ਰਵੀਇੰਦਰ ਸਿੰਘ ਦਾ ਫੋਨ ਟੇਪ ਹੋਇਆ ਅਤੇ ਉਹ ਫਸ ਗਏ। ਉਥੇ ਹੁਣ ਰਵੀਇੰਦਰ ਸਿੰਘ ਦੇ ਕੰਪਿਊਟਰ ਅਤੇ ਫੋਨ ਤੋਂ ਕੀਤੇ ਈ ਮੇਲ ਅਤੇ ਐਸ ਐਸ ਐਮ ਐਸ ਨੂੰ ਖੰਗਾਲਿਆ ਜਾ ਰਿਹਾ ਹੈ। ਦਿੱਲੀ ਪੁਲਸ ਦੇ ਵਿਸ਼ੇਸ਼ ਪੁਲਸ ਕਮਿਸ਼ਨਰ ਪੀ ਐਨ ਅਗਰਵਾਲ ਨੇ ਕਿਹਾ ਕਿ ਰਵੀਇੰਦਰ ਸਿੰਘ ਦੀ ਕਾਰਗੁਜ਼ਾਰੀ ਦੀ ਸੂਚਨਾ ਪਹਿਲਾਂ ਤੋਂ ਸੀ। ਉਹਨਾਂ 'ਤੇ ਲੰਮੇ ਸਮੇਂ ਤੋਂ ਨਿਗਾਹ ਰੱਖੀ ਜਾ ਰਹੀ ਸੀ। ਰਵੀਇੰਦਰ ਸਿੰਘ ਇਸ ਸਾਲ ਮੰਤਰਾਲੇ ਦੇ ਅਜਿਹੇ ਤੀਜੇ ਅਧਿਕਾਰੀ ਹਨ ਜੋ ਸੁਰੱਖਿਆ ਏਜੰਸੀਆਂ ਦੇ ਚੁੰਗਲ 'ਚ ਫਸੇ ਹਨ। ਇਸ ਤੋਂ ਪਹਿਲਾਂ ਮੰਤਰਾਲੇ ਦੇ ਸੰਯੁਕਤ ਸਕੱਤਰ ਓ ਰਵੀ ਅਤੇ ਨਿਦੇਸ਼ਕ ਐਸ ਸ਼ਰਮਾ ਨੂੰ ਸੀ. ਬੀ. ਆਈ. ਗ੍ਰਿਫ਼ਤਾਰ ਕਰ ਚੁੱਕੀ ਹੈ ਰਵੀਇੰਦਰ ਸਿੰਘ ਜਦ ਕੂਚ ਵਿਹਾਰ ਦੇ ਡੀ ਐਮ ਅਹੁਦੇ 'ਤੇ 2004 ਤੋਂ 2006 ਤੱਕ ਰਹੇ। ਇਸ ਦੌਰਾਨ ਦੋ ਵਾਰ ਮਿਡ-ਡੇ-ਮੀਲ 'ਚ ਕਰੋੜਾਂ ਰੁਪਏ ਦਾ ਘਪਲਾ ਹੋਇਆ। ਕੂਚ ਵਿਹਾਰ 'ਚ ਹੀ ਸਾਲ 2005 'ਚ ਭੜਕੇ ਦੰਗਿਆਂ 'ਚ ਸਿੰਘ ਦੀ ਭੂਮਿਕਾ 'ਤੇ ਸੁਆਲ ਉਠੇ ਸਨ। ਕਾਂਡ 'ਚ ਪੰਜ ਲੋਕ ਅਤੇ ਕਈ ਪੁਲਸ ਵਾਲੇ ਮਾਰੇ ਗਏ ਸਨ। ਪਿਛੋਂ ਇਸ ਕਾਂਡ ਸਬੰਧੀ ਮਾਕਪਾ ਤੇ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੇ ਸਿੰਘ ਦੇ ਤਬਾਦਲੇ ਦੀ ਮੰਗ ਉਠਾਈ। ਇਕ ਮੰਤਰੀ ਨੇ ਦਖਲ ਦੇ ਕੇ ਉਸ ਨੂੰ ਰਾਜ ਦੇ ਪ੍ਰਸੰਸਕਰਣ ਮੰਤਰਾਲੇ 'ਚ ਪ੍ਰਬੰਦ ਨਿਦੇਸ਼ਕ ਦੇ ਅਹੁਦੇ 'ਤੇ ਬਿਠਾ ਦਿੱਤਾ। ਇਥੇ ਹੀ ਸਿੰਘ 'ਤੇ ਦਲਾਲ ਵਿਨੀਤ ਜੈਨ ਦੇ ਸੰਪਰਕ ਵਧੇ।

ਸੁਰੱਖਿਆ ਏਜੰਸੀਆਂ ਨੂੰ ਸ਼ੱਕ ਸੀ ਕਿ ਰਵੀਇੰਦਰ ਸਿੰਘ ਬਲੈਕਬੇਰੀ ਕੇਸ 'ਚ ਗੁਪਤ ਸੂਚਨਾਵਾਂ ਮੋਬਾਇਲ ਕੰਪਨੀਆਂ ਨੂੰ ਦੇ ਰਿਹਾ ਸੀ। ਇਹਨਾਂ ਸੂਚਨਾਵਾਂ ਦੇ ਲੀਕ ਹੋਣ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਸੀ ਪਰ ਰੰਗੀਨ ਮਜ਼ਾਜ ਰਵੀਇੰਦਰ ਸਿੰਘ ਦੇ ਉਪਰ ਇਹਨਾਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਕਿ ਉਸ ਦੇਸ਼ ਦੇ ਸਭ ਤੋਂ ਮਹੱਤਵਪੂਰਨ ਮੰਤਰਾਲੇ 'ਚ ਬੈਠ ਕੇ ਅਜਿਹੀਆਂ

ਹਰਕਤਾਂ ਨੂੰ ਅੰਜਾਮ ਦੇ ਰਿਹਾ ਸੀ ਜੋ ਕੌਮ ਵਿਰੋਧੀ ਸਨ। ਸੁਰੱਖਿਆ ਏਜੰਸੀਆਂ ਨੇ ਫੜੇ ਗਏ ਦਲਾਲ ਤੇ ਰਵੀਇੰਦਰ ਨੂੰ ਆਹਮਣੇ ਸਾਹਮਣੇ ਬਿਠਾ ਕੇ ਇਸ ਮਾਮਲੇ ਦੀ ਲੰਬੀ ਪੁਛਗਿੱਛ ਕੀਤੀ।

ਪੁਲਸ ਦਾ ਕਹਿਣਾ ਹੈ ਕਿ ਇੰਦਰ ਸਿੰਘ ਦੀ ਪਤਨੀ ਬਾਰੇ ਵੀ ਸੂਚਨਾਵਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ। ਨਾਲ ਹੀ ਦੋਨੋਂ ਪਤੀ-ਪਤਨੀ ਦੀਆਂ ਜਾਇਦਾਦਾਂ ਦਾ ਵੇਰਵਾ ਵੀ ਪੁਲਸ ਇਕੱਠਾ ਕਰ ਰਹੀ ਹੈ। ਦੇਸ਼ 'ਚ ਸਭ ਤੋਂ ਸੰਵੇਦਨਸ਼ੀਲ ਸਮਝੇ ਜਾਂਦੇ ਗ੍ਰਹਿ ਮੰਤਰਾਲੇ 'ਚ ਇਸ ਤੋਂ ਪਹਿਲਾਂ ਵੀ ਵੱਡੇ ਅਫਸਰਾਂ ਤੇ ਗੁਪਤ ਸੂਚਨਾਵਾਂ ਲੀਕ ਕਰਨ ਅਤੇ ਸਰਕਾਰੀ ਕੰਮਕਾਜ ਬਾਰੇ ਬਾਹਰ ਸੂਚਨਾਵਾਂ ਪਹੁੰਚਾਉਣ ਦਾ ਦੋਸ਼ ਲੱਗਦਾ ਰਹਿੰਦਾ ਹੈ ਪਰ ਰਵੀ ਇੰਦਰ ਸਿੰਘ ਹੁਣ ਤੱਕ ਦਾ ਸਭ ਤੋਂ ਵੱਡਾ ਖਿਡਾਰੀ ਨਿਕਲਿਆ।

# ਕਿੰਨਾ ਭੁੱਖਾ ਤੇ ਬੀਮਾਰ ਦੇਸ਼ ਹੈ ਸਾਡਾ?

ਪੂਰੀ ਦੁਨੀਆਂ 'ਚ ਇਹ ਮੁਹਿੰਮ ਜ਼ੋਰ ਸ਼ੋਰ ਨਾਲ ਚਲ ਰਹੀ ਹੈ ਕਿ ਹਰ ਵਿਅਕਤੀ ਨੂੰ ਲੋੜੀਂਦੇ ਭੋਜਨ ਦਾ ਕਾਨੂੰਨੀ ਅਧਿਕਾਰ ਮਿਲੇ। ਸਾਡੇ ਦੇਸ਼ 'ਚ ਲੋਕਾਂ ਨੇ ਇਸ ਸਬੰਧੀ ਕਮਰ ਕਸ ਲਈ ਹੈ। ਸਰਕਾਰ ਦੀ ਨੀਤੀ ਤਾਂ ਇਹ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਜਿਉਂ ਰਹੇ ਪ੍ਰੀਵਾਰਾਂ ਨੂੰ ਹਰ ਮਹੀਨੇ ਪੈਂਤੀ ਕਿਲੋ ਅਨਾਜ ਸਸਤੇ ਰੇਟ 'ਤੇ ਮੁਹੱਈਆ ਕਰਵਾਇਆ ਜਾਵੇ, ਪਰ ਇਸ ਸਰਕਾਰੀ ਨੀਤੀ ਨੂੰ ਅਸਲ 'ਚ ਤਬਦੀਲ ਕਰਦੇ ਵੇਲੇ ਅਗਰ ਨੌਕਰਸ਼ਾਹੀ ਤੇ ਠੇਕੇਦਾਰਾਂ ਨੇ ਸੰਨ ਨਾ ਲਾਈ ਹੁੰਦੀ ਤਾਂ ਸ਼ਾਇਦ ਨਜ਼ਾਰਾ ਕੁਝ ਹੋਰ ਸਰਕਾਰੀ ਯੋਜਨਾਵਾਂ ਘੜਨ ਵਾਲਿਆਂ ਵਲੋਂ ਗਰੀਬੀ ਦੀ ਰੇਖਾ ਤੇ ਫੀ ਪ੍ਰੀਵਾਰ ਸਸਤੇ ਭਾਅ ਆਨਾਜ ਦੀ ਮਾਤਰਾ ਦਾ ਅੰਦਾਜ਼ਾ ਵੀ ਬੇਹੱਦ ਅਦੂਰਦਰਸ਼ੀ ਤੇ ਮਨਘੜਤ ਲੱਗਦਾ ਹੈ। ਹਾਲ ਦੀ ਘੜੀ ਤਕਰੀਬਨ 110 ਕਰੋੜ ਦੀ ਆਬਾਦੀ ਵਾਲੇ ਦੇਸ਼ 'ਚ ਸੰਯੁਕਤ ਰਾਸ਼ਟਰ ਅਨਾਜ ਤੇ ਖੇਤੀ ਸੰਗਠਨ ਮੁਤਾਬਕ ਸੰਨ 2006 ਤੱਕ 25.15 ਕਰੋੜ ਲੋਕ ਯਾਨੀ ਆਬਾਦੀ ਦਾ ਘੱਟੋ-ਘੱਟ 20 ਫੀਸਦੀ ਹਿੱਸਾ ਭਿਅੰਕਰ ਤੌਰ 'ਤੇ ਕੁਪੋਸ਼ਿਤ ਸੀ। ਇਹ ਹਾਲਾਤ ਕੁਲ ਮਿਲਾ ਕੇ ਬਰਕਰਾਰ ਹੈ। ਜ਼ਾਹਿਰ ਹੈ ਕਿ ਇਸ ਦਾ ਮੁੱਖ ਕਾਰਨ ਖਾਣ-ਪੀਣ ਦੀਆਂ ਚੀਜ਼ਾਂ ਦਾ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣਾ ਹੈ ਕਿਉਂਕਿ ਸ਼ੌਕੀਆਂ ਤਾਂ ਕੋਈ ਭੁੱਖਾ ਨਹੀਂ ਰਹੇਗਾ। ਜੂਨ 2010 'ਚ ਜਾਰੀ ਸੰਸਾਰ ਬੈਂਕ ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਜਨਵਰੀ 2010 ਤੱਕ ਭੋਜਨ ਦੇ ਥੋਕ ਮੁੱਲਾਂ 'ਚ ਵਿੱਤੀ ਸਾਲ 2008-09 ਦੇ ਮੁਕਾਬਲੇ ਜੋ ਬਦਲਾਅ ਆਏ ਹਨ ਉਸ ਨਾਲ ਭੋਜਨ ਤੱਕ ਲੋਕਾਂ ਦੀ ਪਹੁੰਚ ਮੁਸ਼ਕਲ ਹੋ ਗਈ ਹੈ। ਖੰਡ ਦੀ ਕੀਮਤ 42 ਫੀਸਦੀ ਵਧੀ ਹੈ ਅਤੇ ਅਨਾਜ 14 ਫੀਸਦੀ ਮਹਿੰਗੇ ਹੋਏ ਹਨ ਦਾਲਾਂ ਦੀ ਕੀਮਤ ਵਿੱਚ ਔਸਤਨ 28 ਫੀਸਦੀ ਉਛਾਲ ਆਇਆ ਹੈ ਜਦਕਿ ਦੁੱਧ, ਆਂਡੇ, ਮੱਛੀਆਂ ਤੇ ਸਬਜ਼ੀਆਂ ਦੇ ਭਾਅ ਵੀ ਮਈ ਤੱਕ 35 ਫੀਸਦੀ ਵਧ ਕੇ ਆਕਾਸ਼ ਛੂਹਣ ਲੱਗੇ ਹਨ। ਹਾਲਾਂਕਿ ਦੂਜੇ ਪਾਸੇ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਵਕਤ ਭਾਰਤ ਖਾਦ ਨਿਯਮ ਕੋਲ ਕਣਕ ਤੇ ਚੌਲ ਦਾ 475 ਲੱਖ ਟਨ ਸਟੋਰ ਹੋ ਚੁੱਕਿਆ ਸੀ। ਜੋ ਕਿ ਬਫਰ ਸਟਾਕ ਤੋਂ 275 ਲੱਖ ਟਨ ਵਧ ਹੈ। ਯਾਨੀ ਖੇਤੀ ਕਿਸਾਨਾਂ ਦੀ ਖਸਤਾਹਾਲ ਸਥਿਤੀ ਦੇ ਬਾਵਜੂਦ ਸਰਕਾਰੀ ਗੁਦਾਮਾਂ 'ਚ ਏਨਾ ਅਨਾਜ ਤਾਂ ਹੈ ਹੀ ਕਿ ਲੋਕ ਭੁੱਖੇ ਨਾ ਮਰਨ। ਭਾਰਤੀ ਖਾਦ ਨਿਗਮ ਦੇ ਗੁਦਾਮਾਂ 'ਚ ਉਹਨਾਂ ਦੀ ਸਮਰੱਥਾ ਤੋਂ ਵੱਧ ਅਨਾਜ ਠੋਸਿਆ ਪਿਆ ਹੈ ਅਤੇ ਲੋਕ ਭੁੱਖੇ ਮਰ ਰਹੇ ਹਨ। ਭੁੱਖੇ ਲੋਕਾਂ ਤੱਕ ਅਨਾਜ ਮੁਹੱਈਆ ਕਰਾਉਣ ਦੀ ਬਜਾਏ ਵਿਡੰਬਨਾ ਇਹ ਹੈ ਕਿ ਜਾਂ ਤਾਂ ਉਹਨਾਂ ਨੂੰ ਚੂਹੇ ਹਾਜਮ ਕਰ ਜਾਂਦੇ ਹਨ ਜਾਂ ਸੜਨ ਪਿਛੋਂ ਇਸ ਨੂੰ ਸਮੁੰਦਰ 'ਚ ਸੁੱਟ ਦਿੱਤਾ ਜਾਂਦਾ ਹੈ। ਅਫਸੋਸ ਕਿ ਅੱਜ ਤੱਕ ਇਹਨਾਂ ਅਨਾਜਾਂ ਦੀ ਸਹੀ ਵੰਡ ਦਾ ਸਟੀਕ ਤੇ ਅਸਰਦਾਇਕ ਤਰੀਕਾ ਨਹੀਂ ਲੱਭਿਆ ਜਾ ਸਕਿਆ ਹੈ। ਸਰਕਾਰ ਲਈ ਹੁਣ ਸਿਰਫ਼ ਯੋਜਨਾਵਾਂ ਕਾਗਜ਼ਾਂ 'ਚ ਬਣਾਉਣੀਆਂ ਹੀ ਕਾਫੀ ਨਹੀਂ ਵਧ ਜ਼ਰੂਰੀ ਇਹ ਹੈ ਕਿ ਅਜਿਹੀ ਵੰਡ ਪ੍ਰਣਾਲੀ ਖੜੀ ਕੀਤੀ ਜਾਵੇ ਜਿਸ

ਨਾਲ ਲੋੜਵੰਦਾਂ ਦਾ ਪੇਟ ਅਸਾਨੀ ਨਾਲ ਭਰ ਸਕੇ ਅਤੇ ਸਾਡਾ ਸਮਾਜ ਲੰਮੇ ਸਮੇਂ ਤੋਂ ਚਲੇ ਆ ਰਹੇ ਕੁਪੋਸ਼ਣ ਤੋਂ ਮੁਕਤ ਹੋ ਸਕੇ।

2010 ਦੇ ਕੌਮਾਂਤਰੀ ਸੂਚਕਾਂਕ ਮੁਤਾਬਕ 'ਸਭ ਤੋਂ ਭੁੱਖਾ ਕੌਣ?' ਦੇ ਮੁਕਾਬਲੇ ਭਾਰਤ ਆਪਣੇ ਗੁਆਂਢੀ ਦੇਸ਼ਾਂ-ਚੀਨ, ਪਾਕਿਸਤਾਨ ਤੇ ਨੇਪਾਲ ਤੋਂ ਬਹੁਤ ਅੱਗੇ ਹੈ। ਕੁਲ 122 ਦੇਸ਼ਾਂ 'ਚ ਹੋਏ ਅਧਿਐਨ 'ਚ ਭਾਰਤ 55ਵਾਂ ਸਭ ਤੋਂ ਭੁੱਖਾ ਦੇਸ਼ ਹੈ। ਇਕ ਹੋਰ ਸਰੋਤ ਤੋਂ ਪਤਾ ਲੱਗਦਾ ਹੈ ਕਿ ਦੁਨੀਆਂ ਦੇ ਕੁੱਲ 92.5 ਕਰੋੜ ਲੋਕਾਂ ਦੀ ਭੁੱਖੀ ਆਬਾਦੀ ਵਿਚੋਂ 45.6 ਕਰੋੜ ਲੋਕ ਭਾਰਤ 'ਚ ਰਹਿੰਦੇ ਹਨ। ਕੀ ਕਾਰਣ ਹੈ ਕਿ ਕਰੀਬ ਸਾਢੇ ਅੱਠ ਫੀਸਦੀ ਦੀ ਦਰ ਨਾਲ ਤਰੱਕੀ ਕਰਨ ਵਾਲੀ ਇਸ ਦੇਸ਼ ਦਾ ਅਰਥਚਾਰੇ 'ਤੇ ਨਿਰਭਰ ਆਬਾਦੀ 'ਚ ਦੋ-ਤਿਹਾਈ ਔਰਤਾਂ ਦੇ ਸਰੀਰ 'ਚ ਖ਼ੂਨ ਦੀ ਕਮੀ ਇਕ ਆਮ ਗੱਲ ਬਣ ਕੇ ਰਹਿ ਗਈ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਭਾਵੇਂ ਹੀ ਭਾਰਤ ਨੇ (ਅਸਥਾਈ ਹੀ ਸਹੀ) ਮੈਂਬਰਸ਼ਿਪ ਹਾਸਲ ਕਰ ਲਈ ਹੈ ਪਰ ਇਕ ਸੁਆਲ ਅਜੇ ਵੀ ਖੜਾ ਹੈ ਕਿ ਜਦ ਇਸਦੇ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਲਗਭਗ ਅੱਧੀ ਆਬਾਦੀ ਦਿਲ ਹਲਾ ਦੇਣ ਵਾਲੇ ਕੁਪੋਸ਼ਣ ਦਾ ਸ਼ਿਕਾਰ ਹੈ ਤਾਂ ਭਵਿੱਖ 'ਚ ਇਸ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕਿਹਨਾਂ ਦੇ ਮੋਢਿਆਂ 'ਤੇ ਹੋਵੇਗੀ? ਯਾਦ ਰਹੇ, ਬਚਪਨ 'ਚ ਮਨੁੱਖ ਦਾ ਵਿਕਾਸਸ਼ੀਲ ਸਰੀਰ ਜੋ ਲੋੜੀਂਦਾ ਭੋਜਨ ਹਾਸਲ ਨਹੀਂ ਕਰ ਸਕਦਾ ਹੈ ਤਾਂ ਇਸ ਦਾ ਖਮਿਆਜਾ ਉਸ ਨੂੰ ਸਾਰੀ ਉਮਰ ਭੁਗਤਨਾ ਪੈਂਦਾ ਹੈ। ਭਾਰਤੀ ਬੱਚਿਆਂ 'ਚ ਵਿਆਪਕ ਕੁਪੋਸ਼ਣ ਦਰਅਸਲ ਦੇਸ਼ ਦੀ ਇਨਸਾਨੀ ਨਸਲ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਲਾਚਾਰ ਤੇ ਕੰਮਜ਼ੋਰ ਬਣਾ ਰਿਹਾ ਹੈ ਅਤੇ ਇਸ ਕਾਰਨ ਦੇਸ਼ ਦੀ ਸੁਰੱਖਿਆ ਹੀ ਕੀ ਹੁਣ ਉਸ ਦੀ ਪੂਰੀ ਹੋਂਦ 'ਤੇ ਮੰਡਰਾਉਂਦੇ ਖਤਰੇ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਅਧਿਐਨਾਂ ਤੋਂ ਇਹ ਸਾਬਤ ਹੋ ਚੁੱਕਿਆ ਹੈ ਕਿ ਦੇਸ਼ 'ਚ ਹੋਣ ਵਾਲੀਆਂ ਕੁਲ ਬੀਮਾਰੀਆਂ 'ਚੋਂ 22 ਫੀਸਦੀ ਬਚਪਨ 'ਚ ਹੋਏ ਕੁਪੋਸ਼ਣ ਕਾਰਣ ਹੁੰਦੀਆਂ ਹਨ। ਸੋਚੋ, ਹੁਣ ਅਜਿਹੀਆਂ ਹਾਲਤਾਂ ਹਨ ਤਾਂ ਕੀ ਹੈ ਇਸ ਦੇਸ਼ ਦਾ ਭਵਿੱਖ? ਇਹੀ ਨਹੀਂ, ਕੁਪੋਸ਼ਣ ਦਾ ਮਾਮਲਾ ਏਨਾ ਸਿੱਧਾ ਵੀ ਨਹੀਂ ਹੈ। ਸਮਾਜ ਦੇ ਵੱਖ-ਵੱਖ ਤਬਕਿਆਂ ਦੀ ਵੱਖ-ਵੱਖ ਕਹਾਣੀ ਹੈ। ਗੌਰ ਕਰਨ ਵਾਲੀ ਗੱਲ ਬਿਆਨਬਾਜ਼ੀ ਸੁਨਣ ਨੂੰ ਮਿਲਦੀ ਰਹਿੰਦੀ ਹੈ ਕਿ ਹਿੰਦੁਸਤਾਨ ਇੱਕ ਤਾਕਤਵਰ ਮੁਲਕ ਬਣਨ ਦੀ ਰਾਹ 'ਤੇ ਤੇਜ਼ੀ ਨਾਲ ਕਦਮ ਵਧਾ ਰਿਹਾ ਹੈ। ਇਹਨਾਂ ਸਰਕਾਰੀ ਦਾਅਵਿਆਂ ਨੂੰ ਵਿਸ਼ਵ ਅਰਥਚਾਰੇ ਦੇ ਨੁਮਾਇੰਦੇ ਵੀ ਖ਼ੂਬ ਹਵਾ ਦਿੰਦੇ ਹਨ। ਮੀਡੀਆ ਦਾ ਇਕ ਧੜਾ ਵੀ ਇਹਨਾਂ ਦੀ ਹਾਂ 'ਚ ਹਾਂ ਮਿਲਾਉਂਦਾ ਹੈ। ਵਾਕਿਆ ਹੀ ਭਾਰਤ ਦਾ ਅਰਥਚਾਰਾ ਮਜ਼ਬੂਤੀ ਦੇ ਪਾਇਦਾਨ 'ਤੇ ਨਿਤ ਨਵੀਂ ਉੱਚਾਈਆਂ ਹਾਸਲ ਕਰ ਰਿਹਾ ਹੈ ਅਤੇ ਇਸ ਦੇ ਮੱਦੇ ਨਜ਼ਰ ਇਸ ਤਰ੍ਹਾਂ ਦੀਆਂ ਗੱਲਾਂ ਦਾ ਹੋਣਾ ਲਾਜ਼ਮੀ ਵੀ ਹੈ। ਪਰ ਹੈਰਾਨੀ ਇਹ ਹੈ ਕਿ ਅੰਕੜੇ ਤਾਂ ਕੁਝ ਹੋਰ ਹੀ ਬਿਆਨ ਕਰਦੇ ਹਨ। ਸੰਯੁਕਤ ਰਾਸ਼ਟਰ ਅਨਾਜ ਤੇ ਖੇਤੀ ਸੰਗਠਨ ਦੇ ਹਵਾਲੇ ਨਾਲ ਮਿਲੀ ਜਾਣਕਾਰੀ ਮੁਤਾਬਕ 5 ਸਾਲ ਤੱਕ ਦੇਸ਼ ਦੀ 41.1 ਫੀਸਦੀ ਆਬਾਦੀ ਦਿਨ ਭਰ 'ਚ ਇਕ ਡਾਲਰ ਭਾਵ 40-45 ਰੁਪਏ ਤੋਂ ਵੱਧ ਕਮਾ ਨਹੀਂ ਸਕਦੀ ਸੀ। ਇਹ ਸਥਿਤੀ

ਕੁਲ ਮਿਲਾ ਕੇ ਬਰਕਰਾਰ ਹੈ। ਪਰ ਧਿਆਨ ਦੇਣਯੋਗ ਹੈ ਕਿ ਹੁਣ ਭਾਰਤ ਸਰਕਾਰ ਦੀ ਵਧਦੀ ਭਰਿਸ਼ਟ ਨੀਤੀ ਦੀਆਂ ਕਈ ਮਿਸਾਲਾਂ ਮਿਲਣ ਲੱਗੀਆਂ ਹਨ। ਤਾਜ਼ਾ ਮਿਸਾਲ ਰਾਸ਼ਟਰਮੰਡਲ ਖੇਡਾਂ ਦੀ ਹੈ। ਜਿਸ ਵਿੱਚ ਭਾਰਤ ਸਰਕਾਰ ਨੇ ਲੱਖਾਂ-ਕਰੋੜਾਂ ਰੁਪਏ ਦੀ ਧਨ ਰਾਸ਼ੀ ਖ਼ਰਚ ਕੀਤੀ ਤੇ ਭਰਿਸ਼ਟਾਚਾਰ ਵੀ ਦਬਕੇ ਹੋਇਆ ਪਰ ਭਾਰਤ ਦੀ ਤੁਲਨਾ ਇਕ ਅਜਿਹੇ ਪ੍ਰੀਵਾਰ ਨਾਲ ਕੀਤੀ ਜਾ ਸਕਦੀ ਹੈ ਜਿਥੇ ਬੱਚੇ ਭੁੱਖ ਨਾਲ ਵਿਲਕ ਰਹੇ ਹਨ ਅਤੇ ਪਿਤਾ ਮਹਿਮਾਨਾਂ ਨੂੰ ਬੁਲਾ ਕੇ ਸਵਾਗਤਾਂ 'ਚ ਰਾਜਸੀ ਤੇ ਸ਼ਾਹੀ ਭੋਜਨ ਪਰੋਸ ਰਿਹਾ ਹੈ। ਭਾਰਤ ਦੀ ਰਾਜਸੱਤਾ ਦੀ ਹੈਸੀਅਤ ਪਿਛਲੇ ਦਹਾਕਿਆਂ ਦੇ ਮੁਕਾਬਲੇ ਵਧੀ ਹੈ। ਪਰ ਇਸ ਦਾ ਫਾਇਦਾ ਮਿਹਨਤਕਸ਼ ਲੋਕਾਂ ਤੋਂ ਦੂਰ ਹੈ। ਦੇਸ਼ ਦੇ ਬਹੁਤ ਲੋਕ ਅਕਾਲ ਤੇ ਸੋਕੇ ਵਰਗੇ ਹਾਲਾਤ 'ਚ ਆਪਣੀ ਜ਼ਿੰਦਗੀ ਨੂੰ ਬਚਾਈ ਰੱਖਣ ਲਈ ਕੋਹਲੂ ਦੇ ਬੈਲ ਬਣੇ ਹੋਏ ਹਨ। ਜ਼ਾਹਿਰ ਹੈ ਉਸ ਦੇਸ਼ ਦੀ ਅਮੀਰੀ ਦਾ ਮਿਹਨਤਕਸ਼ਾਂ ਨੂੰ ਕੀ ਫਾਇਦਾ ਜਿਸ ਦੇਸ਼ 'ਚ ਲੋਕਾਂ ਦੀ ਸਿਹਤ ਸੰਸਾਰਕ ਪੈਮਾਨਿਆਂ ਤੋਂ ਬਹੁਤ ਹੀ ਹੇਠਾਂ ਹੋਵੇ। ਇਹ ਤਾਂ ਬਿਲਕੁਲ ਉਹੀ ਗੱਲ ਹੋਈ ਕਿ ਮਹਿੰਗੇ ਕੱਪੜਿਆਂ ਨਾਲ ਸਰੀਰ 'ਚ ਫੈਲੇ ਕੋਹੜ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਇਸ ਸਾਲ ਜਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅੱਜ ਵੀ ਭਾਰਤ 'ਚ ਬੱਚਿਆਂ ਨੂੰ ਜਨਮ ਦਿੰਦੇ ਵਕਤ ਹਰ ਇੱਕ ਲੱਖ ਮਾਵਾਂ ਵਿੱਚੋਂ ਸਾਢੇ ਚਾਰ ਸੌ ਮਾਵਾਂ ਮਰ ਜਾਂਦੀਆਂ ਹਨ। ਪਰ ਅਜਿਹੀ ਹਾਲਤ ਜਲਵਾਯੂ ਕਾਰਨ ਨਹੀਂ ਹੈ ਕਿਉਂਕਿ ਆਪਣੇ ਗੁਆਂਢ 'ਚ ਵਸਿਆ ਦੇਸ਼ ਸ੍ਰੀ ਲੰਕਾ ਜਣੇਪੇ ਦੌਰਾਨ ਇਕ ਲੱਖ 'ਚੋਂ ਸਿਰਫ਼ ਕੁਝ ਹੀ ਮਾਵਾਂ ਦੀ ਜਾਨ ਬਚਾ ਸਕਣ 'ਚ ਚੂਕਦਾ ਹੈ। ਇਹੀ ਗਿਣਤੀ ਪਾਕਿਸਤਾਨ 'ਚ ਤਿੰਨ ਸੌ ਵੀਹ ਮਾਵਾਂ ਪ੍ਰਤੀ ਲੱਖ ਮਾਵਾਂ ਹੈ ਜੋ ਵੱਧ ਹੋਣ ਦੇ ਪਿਛੋਂ ਵੀ ਭਾਰਤ ਤੋਂ ਘੱਟ ਹੀ ਹੈ। ਚੀਨ 'ਚ ਵੀ ਇਕ ਲੱਖ ਪਿਛੇ 45 ਮਾਵਾਂ ਜਣੇਪੇ ਦੌਰਾਨ ਮਰਨ ਲਈ ਬੇਵਸ ਹਨ। ਯਾਨੀ ਇਹ ਦਰ ਭਾਰਤ 'ਚ ਮਰਨ ਵਾਲੀਆਂ ਮਾਵਾਂ ਦਾ ਦਸਵਾਂ ਹਿੱਸਾ ਹੀ ਹੈ। ਖੁਰਾਕ ਤੇ ਖੇਤੀ ਸੰਗਠਨ ਤੋਂ ਹਾਸਲ ਸੂਚਨਾਵਾਂ ਮੁਤਾਬਕ ਸੰਨ 2007 'ਚ ਹੋਈ ਮਰਦਮਸ਼ੁਮਾਰੀ 'ਚ ਇਹ ਪਾਇਆ ਗਿਆ ਕਿ ਭਾਰਤ 'ਚ 10 ਹਜ਼ਾਰ ਬੱਚਿਆਂ ਵਿਚੋਂ ਔਸਤਨ 543 ਬੱਚੇ ਜੰਮਦਿਆਂ ਹੀ ਮਰ ਜਾਂਦੇ ਹਨ ਅਤੇ 718 ਬੱਚੇ 5 ਸਾਲ ਦੀ ਵੀ ਉਮਰ ਪਾਰ ਨਹੀਂ ਕਰ ਸਕਦੇ ਹਨ। ਇਹ ਸਾਰੇ ਅੰਕੜੇ ਦੇਸ਼ ਭਰ ਦਾ ਔਸਤ ਹਨ ਅਤੇ ਪਿੰਡਾਂ ਦੀ ਹਾਲਤ ਤਾਂ ਇਸ ਤੋਂ ਵੀ ਮਾੜੀ ਹੈ। ਸਿਹਤ ਸਬੰਧੀ ਤਕਨੀਕਾਂ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੋਣ ਪਿਛੋਂ ਵੀ ਇਹ ਸੁਆਲ ਕਿਉਂ ਖੜਾ ਹੈ ਕਿ ਦੇਸ਼ ਦੇ ਕੁਪੋਸ਼ਣ, ਬੀਮਾਰੀਆਂ ਤੇ ਦੇਖਭਾਲ ਦੀ ਕਮੀ ਕਾਰਣ ਅਕਾਲ ਮੌਤਾਂ ਦੀ ਗਿਣਤੀ ਗੁਆਂਢੀ ਹੋਰ ਦੇਸ਼ਾਂ ਤੋਂ ਵੱਧ ਹੈ? ਜੁਆਬ ਜਾਹਿਰ ਹੈ ਕਿ ਭਾਰਤ 'ਚ ਵਿਦੇਸ਼ੀਆਂ ਨੂੰ ਭਾਵੇਂ ਹੀ ਸਿਹਤ ਟੂਰਿਜ਼ਮ 'ਤੇ ਆਉਣ ਲਈ ਭਰਮਾਇਆ ਜਾ ਰਿਹਾ ਹੈ। ਆਮ ਲੋਕਾਂ ਲਈ ਸਿਹਤ ਸਹੂਲਤਾਂ ਜਾਂ ਤਾਂ ਨਾ ਮਿਲਦੀਆਂ ਹੀ ਨਹੀਂ ਜਾ ਫਿਰ ਨਾ ਮਾਤਰ। ਮੌਜੂਦਾ ਦਹਾਕੇ 'ਤੇ ਇਕ ਨਜ਼ਰ ਮਾਰੀਏ ਤਾਂ ਦੇਖਾਂਗੇ ਕਿ ਸ਼ਹਿਰੀ ਤੇ ਪੇਂਡੂਆਂ ਇਲਾਕਿਆਂ ਨੂੰ ਇਕੱਠਾ ਕਰਕੇ ਭਾਰਤ 'ਚ ਔਸਤਨ 1667 ਲੋਕਾਂ ਦੀ ਸਿਹਤ ਦੀ ਜ਼ਿੰਮੇਵਾਰੀ ਇਕ ਡਾਕਟਰ ਸਿਰ ਹੈ। ਔਸਤ ਦਾ ਗਣਿਤ ਇਹ ਹੈ ਕਿ ਕਹਿਣਾ

ਨਾ ਹੋਵੇਗਾ ਕਿ ਪੇਂਡੂ ਇਲਾਕਿਆਂ 'ਚ ਜਿੱਥੇ, ਡਾਕਟਰਾਂ ਦੀ ਕਮੀ ਜੱਗ ਜ਼ਾਹਿਰ ਹੈ, ਉਥੇ ਇਸ ਔਸਤ ਨਾਲ ਕਿੰਨੇ ਵੱਧ ਲੋਕਾਂ ਦੀ ਸਿਹਤ ਦਾ ਜ਼ਿੰਮਾ ਇਕ ਡਾਕਟਰ ਸਿਰ ਹੋਵੇਗਾ। ਯਾਦ ਰਹੇ ਕਿ ਵਿਸ਼ਵ ਸ਼ਕਤੀ ਬਣਨ ਦੀ ਭਗਦੜ 'ਚ ਸ਼ਾਮਲ ਚੀਨ ਤੇ ਪਾਕਿਸਤਾਨ ਦੀ ਹਾਲਤ ਇਸ ਮਾਮਲੇ 'ਚ ਭਾਰਤ ਤੋਂ ਬੇਹਤਰ ਹੀ ਹੈ।

ਦੇਸ਼ 'ਚ ਆਮ ਲੋਕਾਂ ਲਈ ਸਿਹਤ ਸਹੂਲਤਾਂ ਦੀ ਕਮੀ ਦਾ ਕਾਰਨ ਹੈ ਕੀ? ਭਾਰਤ ਦੀ ਸਰਕਾਰ ਜਿਥੇ ਫੌਜੀਕਰਨ 'ਤੇ ਪਾਣੀ ਵਾਂਗੂੰ ਪੈਸਾ ਵਹਾਂ ਰਹੀ ਹੈ, ਉਥੇ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ ਦੇਸ਼ ਦੀ ਕੁਲ ਘਰੇਲੂ ਪੈਦਾਵਾਰ ਦਾ 4.1 ਫੀਸਦੀ ਖਰਚਾ ਸਿਹਤ 'ਤੇ ਕੀਤਾ ਜਾਂਦਾ ਹੈ। ਸਿਹਤ 'ਤੇ ਹੋਣ ਵਾਲੇ ਕੁਲ ਖ਼ਰਚ ਦਾ 26.2 ਫੀਸਦੀ ਬੋਝ ਹੀ ਸਰਕਾਰੀ ਖ਼ਜਾਨੇ 'ਤੇ ਪੈਂਦਾ ਹੈ। ਬਾਕੀ 73.8 ਫੀਸਦੀ ਦੇਣਦਾਰੀ ਲੋਕਾਂ ਦੀ ਹੁੰਦੀ ਹੈ। ਕੁਲ ਮਿਲਾ ਕੇ ਦੇਖੋ, ਤਾਂ ਭਾਰਤ 'ਚ ਸਿਹਤ ਲਈ ਸਲਾਨਾ 109 ਡਾਲਰ ਫੀ ਵਿਅਕਤੀ ਖ਼ਰਚ ਕੀਤੇ ਜਾਂਦੇ ਹਨ ਅਤੇ ਇਸ 'ਚ ਸਰਕਾਰੀ ਹਿੱਸੇਦਾਰੀ ਘੱਟ ਹੈ। ਚੀਨ 'ਚ ਸਿਹਤ 'ਤੇ ਹੋਣ ਵਾਲੇ ਪ੍ਰਤੀ ਵਿਅਕਤੀ ਖ਼ਰਚੇ ਦੇ 233 ਡਾਲਰ ਦੀ ਰਾਸ਼ੀ ਦੀ ਭਾਰਤ ਦੀ ਤੁਲਨਾ 'ਚ ਦੁਗਣੇ ਤੋਂ ਵੀ ਵੱਧ ਹੈ। ਭਾਰਤ ਤੋਂ ਵੱਧ ਤਾਂ ਭੂਟਾਨ ਸਿਹਤਮੰਦ 'ਚ 188 ਡਾਲਰ ਫੀ ਵਿਅਕਤੀ ਖ਼ਰਚ ਕਰਦਾ ਹੈ। ਕੁੱਲ ਮਿਲਾ ਕੇ ਵੇਖੀਏ ਤਾਂ ਇਕ ਵੱਡਾ ਸੁਆਲ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜਿਥੋਂ ਦੀ 20 ਫੀਸਦੀ ਅਬਾਦੀ ਕੁਪੋਸ਼ਣ ਦਾ ਸ਼ਿਕਾਰ ਹੋਵੇ ਅਤੇ ਬੀਮਾਰੀਆਂ ਦੀ ਜਕੜ ਏਨੀ ਭਿਆਨਕ ਹੋਵੇ, ਉਸ ਦੇਸ਼ ਕਿਸ ਆਧਾਰ 'ਤੇ, ਕਿਹੜੇ ਲੋਕਾਂ ਦੇ ਹਿੱਤ ਵਿੱਚ ਵਿਸ਼ਵ ਸ਼ਕਤੀ ਬਨਣ ਦੇ ਦਾਅਵੇ ਪੇਸ਼ ਕਰ ਰਿਹਾ ਹੈ?

# ਟੀ. ਵੀ. ਤੇ ਇਸ ਨੰਗੇ ਨਾਚ ਦਾ ਜ਼ਿੰਮੇਵਾਰ ਕੌਣ?

ਭਾਰਤ ਦੀ ਪਹਿਚਾਣ ਹੁਣ ਸਾਰੇ ਸਭਿਆਚਾਰਾਂ, ਭਾਸ਼ਾਵਾਂ ਦੇ ਨਾਲ ਸਾਰੇ 'ਚੈਨਲਾਂ ਵਾਲੇ ਦੇਸ਼' ਵਜੋਂ ਵੀ ਹੁੰਦੀ ਹੈ। ਇਹ ਚੈਨਲਾਂ ਦੀ ਮੁੱਖ ਕਮਾਈ ਦਾ ਜ਼ਰੀਆ ਇਸ਼ਤਿਹਾਰਬਾਜ਼ੀ ਹੈ, ਜੋ ਉਹਨਾਂ ਦੀ ਟੀ ਆਰ ਪੀ ਦੀ ਰਿਪੋਰਟ ਤੋਂ ਮਿਲਦਾ ਹੈ। ਇਸ ਲਈ ਚੈਨਲ ਆਪਣੇ ਪ੍ਰੋਗ੍ਰਾਮਾਂ ਨੂੰ ਹਰਮਨ ਪਿਆਰਾ ਬਣਾਉਣ ਲਈ ਹਰ ਉਸ ਜੁਗਾੜ ਦੀ ਵਰਤੋਂ ਕਰਦੇ ਹਨ, ਜੋ ਦਰਸ਼ਕਾਂ ਨੂੰ ਪ੍ਰੋਗ੍ਰਾਮ ਦੇਖਣ ਲਈ ਮਜ਼ਬੂਰ ਕਰ ਦੇਵੇ। ਸਾਸ ਬਹੁ ਤੋਂ ਸ਼ੁਰੂ ਹੋ ਕੇ ਅੱਜ ਟੀ ਵੀ 'ਤੇ ਚੱਲਣ ਵਾਲੀ ਟੀ. ਆਰ. ਪੀ. ਦੀ ਖੇਡ ਮਿਆਂ-ਬੀਬੀ, ਆਸ਼ਿਕ-ਮਾਸ਼ੂਕ ਤੱਕ ਦੇ ਸਬੰਧਾਂ ਨੂੰ ਕੈਸ਼ ਕਰਨਾ ਚਾਹੁੰਦਾ ਹੈ। ਘਰ ਦੀ ਲੜਾਈ ਹੁਣ ਖੁੱਲ੍ਹੇਆਮ ਛੋਟੇ ਪਰਦੇ 'ਤੇ ਲੜਵਾਈ ਜਾ ਰਹੀ ਹੈ ਜਿਸ ਵਿੱਚ ਬੇਲਗਾਮ ਬਦਤਮੀਜ਼ੀ, ਬਦਜੁਬਾਨੀ ਆਪਣੀ ਇੰਤਹਾ ਨੂੰ ਪਾਰ ਕਰਦੀ ਨਜ਼ਰ ਆਉਂਦੀ ਹੈ। ਅਜਿਹੇ 'ਚ ਸੁਆਲ ਉੱਠਦਾ ਹੈ ਕਿ ਆਖਰ ਇਕ ਘੰਟੇ, ਦੋ ਘੰਟੇ, ਦਸ ਘੰਟੇ ਟੀ ਵੀ ਦੇਖ ਕੇ ਅਸੀਂ ਹਾਸਲ ਕੀ ਕਰ ਰਹੇ ਹਾਂ? ਆਕਾਸ਼ ਮਾਰਗ ਰਾਹੀਂ ਸਾਡੇ ਘਰਾਂ 'ਚ ਘੁਸਣ ਵਾਲੇ ਇਹ ਚੈਨਲ ਆਖਰ ਕੀ ਦੇ ਰਹੇ ਅਤੇ ਖੋਹ ਰਹੇ ਹਨ? ਕੀ ਇਹ ਸਾਡੀਆਂ ਜੜ੍ਹਾਂ 'ਤੇ ਤਾਂ ਹਮਲਾ ਤਾਂ ਨਹੀਂ, ਜੋ ਸਾਨੂੰ ਦੁਨੀਆ ਭਾਰਤ ਦੀ ਆਰਥਕ ਮੰਦੀ ਦੇ ਬਾਵਜੂਦ ਪ੍ਰਭਾਵਿਤ ਨਹੀਂ ਹੋਣ ਦਿੰਦੀ ਜਿਸ 'ਚ ਸਾਡੇ ਸੁੱਖ ਤੇ ਸ਼ਾਂਤੀ ਦਾ ਸੁਪਨਾ ਹੈ। ਭਾਵੇਂ ਹੀ ਇਹ ਗੱਲਾਂ ਕਿਤਾਬੀ ਜਾਂ ਉਪਦੇਸਾਤਮਕ ਲੱਗੇ ਪਰ ਕਿਤੇ ਤਾਂ ਕੁਝ ਹੈ, ਜੋ ਅਸੀਂ ਗੁਆ ਰਹੇ ਹਾਂ ਕਿਉਂਕਿ ਜ਼ਿੰਦਗੀ ਸਿਰਫ਼ ਲਵ, ਸੈਕਸ, ਧੋਖਾ ਨਹੀਂ ਹੈ। ਇਸ ਤੋਂ ਪਰੇ ਵੀ ਦੁਨੀਆਂ ਹੈ। ਸਹੀ ਕਹੀਏ ਤਾਂ ਇਸ ਕੌੜੇ ਸੱਚ ਤੋਂ ਜਾਣੂ ਕਰਾਉਣ 'ਚ ਇਹਨੀ ਦਿਨੀ ਨਾਕਾਮ ਹੋ ਰਿਹਾ ਹੈ। ਉਹਨਾਂ ਦੀ ਥਾਂ ਰਿਸ਼ਤੇਦਾਰਾਂ ਵਿਚਕਾਰ ਦਿਖਾਈ ਜਾਣ ਵਾਲੀ ਰਾਜਨੀਤੀ ਅਤੇ ਭੇਦਭਰੀ ਮੁਸਕਾਨ ਨੇ ਲੈ ਲਈ ਹੈ।

ਇਕ ਦੌਰ ਉਹ ਸੀ ਜਦ ਦੂਰਦਰਸ਼ਨ 'ਤੇ ਪ੍ਰਸਾਰਿਤ ਹੋਣ ਵਾਲੇ ਸੀਰੀਅਲ 'ਮਿੱਟੀ ਦੇ ਰੰਗ' ਖ਼ਤਮ ਹੁੰਦੇ-ਹੁੰਦੇ ਜੀਵਨ ਨਾਲ ਜੁੜੀ ਸੁਗੰਧੀ ਮਹਿਕ ਦਾ ਅਹਿਸਾਸ ਸਹਿਜੇ ਹੀ ਹੋ ਜਾਇਆ ਕਰਦਾ ਸੀ ਪਰ ਅੱਜ ਜਦ ਜਜਬਾਤ ਦੇ ਰੰਗ ਦਿਖਾਉਣ ਦਾ ਦਾਅਵਾ ਕਰਨ ਵਾਲਾ ਟੀ. ਵੀ. ਚੈਨਲ ਰਿਆਲਟੀ ਦੇ ਨਾਂ ਹੇਠ ਨੰਗਾ ਨਾਚ ਦਿਖਾਉਂਦਾ ਹੈ, ਤਾਂ ਲੋਕਾਂ ਦੀਆਂ ਅੱਖਾਂ ਫਟੀਆਂ ਤੇ ਮੂੰਹ ਖੁੱਲ੍ਹਾ ਰਹਿ ਜਾਂਦਾ ਹੈ। ਦਰਅਸਲ ਚੈਨਲ ਹੁਣ ਜਿਹੋ ਜਿਹੀ ਵਗੇ ਹਵਾ ਉਹੋ ਜਿਹੀ ਕਰੋ ਦੇ ਸਿਧਾਂਤ 'ਤੇ ਚੱਲਣ ਲੱਗੇ ਹਨ। ਅੰਡਰ ਗਾਰਮੈਂਟ ਤੋਂ ਲੈ ਕੇ ਕੰਡੋਮ ਤੱਕ ਦੀ ਇਸ਼ਤਿਹਾਰਬਾਜ਼ੀ ਨੂੰ ਜਿਸ ਤਰ੍ਹਾਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ ਉਸ ਨੂੰ ਵੇਖ ਅੱਖਾਂ ਫੇਰ ਲੈਣ ਵਿੱਚ ਹੀ ਲੋਕ ਤੇ ਮਾਪੇ ਆਪਣੀ ਭਲਾਈ ਸਮਝਦੇ ਹਨ। ਕਿਸੇ ਕਹਾਣੀਆਂ ਤੋਂ ਹਟ ਕੇ ਜਦ ਸਿੱਧੇ-ਸਿੱਧੇ ਲਾਈਵ ਸੁਹਾਗ ਰਾਗ ਦਾ ਪ੍ਰਸਾਰਣ ਹੋਣ ਲੱਗੇ ਤਾਂ ਸਮਝਿਆ ਜਾ ਸਕਦਾ ਹੈ ਕਿ ਟੀ. ਆਰ. ਪੀ. ਲਈ ਚੈਨਲ ਕੁਝ ਵੀ ਵਿਖਾ ਸਕਦੇ ਹਨ। ਬੀਤੇ ਦਿਨੀ ਛੋਟੇ ਪਰਦੇ 'ਤੇ ਇਹ ਖੇਡ ਸਭ ਮਰਿਆਦਾਵਾਂ ਲੰਘ ਕੇ ਕੀਤਾ ਗਿਆ, ਜਿਸ ਦੀ ਉਮੀਦ ਕਿਸੇ ਨੂੰ ਵੀ ਨਹੀਂ

ਸੀ। ਘਰ ’ਚ ਟੀ. ਵੀ. ਵੇਖਦੇ ਹੋਏ ਮਾਪਿਆਂ ਦੀਆਂ ਅੱਖਾਂ ਸ਼ਰਮ ਨਾਲ ਝੁੱਕ ਗਈਆਂ ਜਦ ਕਲਰਸ ਚੈਨਲ ’ਤੇ ਆਉਣ ਵਾਲੇ ‘ਬਿਗਬਾਸ’ ਪ੍ਰੋਗ੍ਰਾਮ ’ਚ ਸਹਾਰਾ ਖਾਨ ਤੇ ਅਲੀ ਮਰਚੇਟ ਦੀ ਸੁਹਾਗ ਰਾਤ, ਦਾ ਲਾਈਵ ਪ੍ਰਸਾਰਣ ਹੋਇਆ। ਉਸੇ ਸਹਾਰਾ ਖਾਨ ਦੀ ਸੁਹਾਗ ਰਾਤ ਜਿਸ ਨੂੰ ਪਹਿਲਾਂ ਅਮਿਤ ਪਟੇਲ ਦੇ ਨੇੜੇ ਵਧਦਿਆਂ ਵਿਖਾਇਆ ਜਾਂਦਾ ਹੈ। ਫਿਰ ਅਚਾਨਕ ਉਸ ਦੇ ਪਤੀ ਅਲੀ ਮਰਚੇਟ, ਜਿਸ ਦੀ ਸ਼ਾਦੀ ਪਹਿਲਾਂ ਹੀ ਸਾਰਾ ਦੇ ਨਾਲ ਹੋਈ ਹੁੰਦੀ ਹੈ। ਉਹਨਾਂ ਨੂੰ ਬਿੱਗ ਬਾਸ ’ਚ ਇੰਟਰੀ ਦੇ ਦਿੱਤੀ ਜਾਂਦੀ ਹੈ ਅਤੇ ਫਿਰ ਸ਼ੁਰੂ ਹੁੰਦਾ ਹੈ ਨਿਕਾਹ ਤੇ ਫਿਰ ਸੁਹਾਗ ਰਾਤ ਦਾ ਲਾਈਵ ਡ੍ਰਾਮਾ। ਬੀਤੇ ਦੌਰ ਦੀ ਇਹ ਗੱਲ ਬੇਮਾਨਾ ਹੋ ਗਈ ਜਦ ਫਿਲਮਾ ’ਚ ਇਸ ਤਰ੍ਹਾਂ ਦੇ ਦ੍ਰਿਸ਼ਾਂ ਨੂੰ ਸੰਕੇਤਿਕ ਤੌਰ ’ਤੇ ਦੋ-ਫੁੱਲਾਂ ਨੂੰ ਆਪਸ ’ਚ ਟਕਰਾ ਕੇ ਅਤੇ ਲਾਈਟ ਬੁਝਾ ਕੇ ਅੰਧੇਰਾ ਕਰਕੇ ਵਿਖਾਇਆ ਜਾਂਦਾ ਸੀ। ਜਿਸ ਨਾਲ ਦ੍ਰਿਸ਼ ਖੁਦ ਹੀ ਨਾਇਕ-ਨਾਇਕਾ ਦੇ ਨੇੜਲੇ ਸਬੰਧਾਂ ਦਾ ਬੋਧ ਕਰ ਲੈਂਦੇ ਸਨ ਪਰ ਹੁਣ ਅਜਿਹਾ ਨਹੀਂ ਹੈ। ਹੱਦਾਂ ਨੂੰ ਪਾਰ ਕਰਦਿਆਂ ਛੋਟੇ ਪਰਦੇ ਦਾ ਪ੍ਰੋਗਰਾਮ ਹੁਣ ਉਸ ਸਮੇਂ ਵਿਖਾਇਆ ਜਾਂਦਾ ਹੈ ਜਦ ਇਕ ਆਮ ਪ੍ਰੀਵਾਰ ਇਕੱਠਾ ਬੈਠ ਕੇ ਟੀ ਵੀ ਵੇਖਦਾ ਹੈ। ਦਰਅਸਲ ਇਸ ਪ੍ਰੋਗਰਾਮ ਦਾ ਨਿਯਮ ਹੈ ਕਿ ਇਸ ਵਿੱਚ ਉਸ ਹਰ ਸ਼ਾਦੀਸ਼ੁਦਾ ਤੇ ਖਾਸ ਆਦਮੀ ਦੀ ਇੰਟਰੀ ਦਿੱਤੀ ਜਾਂਦੀ ਹੈ ਜਿਸ ਦੀਆਂ ਹਰਕਤਾਂ ਜਾਂ ਫਿਰ ਕਹੋ ਅਦਾਵਾਂ ਜ਼ਰੀਏ ਚੈਨਲ ਟੀ. ਆਰ. ਪੀ. ਲੁੱਟ ਸਕੇ। ਇਹਨਾਂ ਸਾਰਿਆਂ ਨੂੰ ਧਿਆਨ ’ਚ ਰੱਖਦਿਆਂ ਹੰਗਾਮਾ ਵਰਤਾਉਣ ਲਈ ਇਸ ’ਚ ਰਾਜਾ ਚੌਧਰੀ, ਕਮਾਲਖਾਨ, ਸੁਪਰ ਚੋਰ, ਬੰਟੀ, ਡਾਲਾ ਬਿੰਦ੍ਰਾ ਵਰਗੇ ਲੋਕ ਲਏ ਜਾਂਦੇ ਹਨ ਜੋ ਦੂਜੇ ਪਾਸੇ ਅਦਾਵਾਂ ਦਾ ਜਲਵਾ ਬਖੇਰਨ ਲਈ ਵੀਨਾ ਮਲਿਕ ਤੋਂ ਲੈ ਕੇ ਪਾਮੇਲਾ ਇੰਡਰਸ਼ਨ ਤੱਕ ਨੂੰ ਹਿੱਸੇਦਾਰ ਬਣਾਇਆ ਜਾਂਦਾ ਹੈ। ਪਾਮੇਲਾ ਨੂੰ ਵਿਸੇਸ਼ ਇੰਟਰੀ ਟੈਕ ਇਸ ਪ੍ਰੋਗਰਾਮ ’ਚ ਲਿਆਉਣ ਲਈ 2.5 ਕਰੋੜ ਰੁਪਏ ਭੁਗਤਾਨ ਕੀਤੇ ਜਾਣ ਦੀ ਗੱਲ ਸਾਹਮਣੇ ਆ ਰਹੀ ਹੈ ਹਾਲਾਂਕਿ ਇਸ ਪ੍ਰੋਗਰਾਮ ’ਚ ਦੋਸ਼ ਵਿਰੋਧੀ ਦੋਸ਼ ਗਾਲਾਂ ਤੇ ਮਾਰਕੁਟ ਦੀ ਤਾਂ ਇੰਤਹਾ ਹੋ ਜਾਂਦੀ ਹੈ। ਭੱਦੀ ਭਾਸ਼ਾ, ਅਸ਼ਲੀਲਤਾ ਤੇ ਗੰਦ ਮੰਦ ਦੀ ਹੱਦ-ਰੇਖਾ ਪਾਰ ਕਰ ਜਾਣ ਵਾਲੇ ਪ੍ਰੋਗ੍ਰਾਮ ’ਤੇ ਰੋਕ ਲਾਉਣ ਲਈ ਭਾਵੇਂ ਹੀ ਸਰਕਾਰ ਦੀ ਨੀਂਦ ਖੁੱਲ੍ਹੀ ਹੋਵੇ ਪਰ ਗਾਂਧੀ ਦੇ ਤਿੰਨ ਬਾਂਦਰਾਂ ਦੀ ਸਿੱਖਿਆ ਨੂੰ ਨਕਾਰਨ ਵਾਲੇ ਇਹਨਾਂ ਬੇਲਗਾਮ ਟੀ. ਵੀ. ਪ੍ਰੋਗ੍ਰਾਮਾਂ ਦੇ ਪੇਸ਼ਕਰਤਾਵਾਂ ਨੂੰ ਸਰਕਾਰੀ ਹੁਕਮਾਂ ਦਾ ਉਕਾ ਕੋਈ ਡਰ ਨਹੀਂ ਹੈ। ਇਸ ਲਈ ਇਹ ਅਦਾਲਤ ਤੋਂ ਕੁਝ ਨਾ ਕੁਝ ਕੱਢ ਲਿਆਉਂਦੇ ਹਨ। ਪ੍ਰਸਾਰਣ ਮੰਤਰਾਲੇ ਵਲੋਂ ਇਸ ਪ੍ਰੋਗਰਾਮ ਨੂੰ ਦੇਰ ਰਾਤ ਵਿਖਾਏ ਜਾਣ ਦੇ ਹੁਕਮ ਪਿਛੋਂ ਵੀ ਇਸ ਪ੍ਰੋਗਰਾਮ ਨੂੰ ਪ੍ਰਸਾਰਿਤ ਕੀਤਾ ਗਿਆ। ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ‘ਬਿਗ ਬਾਸ’ ਪ੍ਰੋਗ੍ਰਾਮ ਨੇ ਟੀ. ਆਰ. ਪੀ. ਬਟੋਰਨ ਲਈ ਅੱਧੀ ਰਾਤ ਸਮੇਂ ਸ਼ੋਅ ਨੂੰ ਅਨਕਟ ਕਰਕੇ ਵੀ ਪ੍ਰੋਗਰਾਮ ਨੂੰ ਵਿਖਾਉਣ ਦੀ ਮਸ਼ਕ ਸ਼ੁਰੂ ਕੀਤੀ ਜਿਸ ’ਚ ਅਮੁਕ ਸੇਲਿਬ੍ਰਿਟੀ ਨੇ ਕਿਸ ਨੂੰ ਅਤੇ ਕੀ ਗਾਲ ਕੱਢੀ ਜਾਂ ਫਿਰ ਉਸ ਨੇ ਹੱਦਾਂ ਪਾਰ ਕਰਦਿਆਂ ਕੀ ਹਰਕਤ ਕੀਤੀ, ਇਸ ਸਭ ਵਿਖਾਇਆ ਜਾਂਦਾ ਸੀ ਪਰ ਜਦ ਇਹ ਸਭ ਕੁਝ ਦੇਰ ਰਾਤ ਨਹੀਂ, ਬਲਕਿ ਪ੍ਰਾਈਮ ਟਾਈਮ ’ਤੇ ਪਰੋਸਿਆ ਜਾਂਦਾ ਹੈ ਤਾਂ ਕਿ ਉਸ

ਨੂੰ ਵੱਧ ਤੋਂ ਵੱਧ ਲੋਕ ਵੇਖ ਸਕਣ। ਧਿਆਨ ਦੇਣ ਲਾਇਕ ਹੈ ਕਿ ਲਾਈਵ ਸੁਹਾਗ ਰਾਤ ਤੇ ਬੈੱਡਰੂਮ ਦਾ ਸੱਚ ਦਿਖਾਉਣ ਵਾਲੇ ਇਸ ਪ੍ਰੋਗਰਾਮ ਤੋਂ ਪਹਿਲਾਂ 'ਸੱਚ ਦਾ ਸਾਹਮਣਾ' 'ਤੇ ਵੀ ਅਜਿਹੇ ਸੁਆਲ ਖੜ੍ਹੇ ਹੋਏ ਸਨ, ਜਿਸ 'ਚ ਨਿੱਜੀ ਜ਼ਿੰਦਗੀ ਦੇ ਸੁਆਲ 'ਤੇ ਅਸ਼ਲੀਲਤਾ ਫੈਲਾਏ ਜਾਣ ਦਾ ਦੋਸ਼ ਲਾਉਣ ਵਾਲਿਆਂ 'ਚ ਸੜਕ ਤੋਂ ਲੈ ਕੇ ਸੰਸਦ ਤੱਕ ਦੇ ਲੋਕ ਸ਼ਾਮਲ ਹੋ ਗਏ ਹਨ। ਸੁਆਲ ਉਠਿਆ ਕਿ ਜੇ ਕਿਸੇ ਨੂੰ ਵਾਕਿਆ ਹੀ ਆਪਣੀ ਜ਼ਿੰਦਗੀ ਦਾ ਸੱਚ ਬੋਲਣਾ ਹੈ ਤਾਂ ਉਹ ਆਪਣੇ ਵੱਡਿਆਂ ਦੇ ਸਾਹਮਣੇ ਵੀ ਉਸ ਨੂੰ ਕਬੂਲ ਕਰ ਸਕਦਾ ਹੈ, ਇਸ ਲਈ ਕਿਸੇ ਮੀਡੀਆ ਮੰਚ ਦੀ ਕੀ ਲੋੜ?

ਇਕ ਪਾਸੇ ਬਿੱਗ ਬਾਸ ਹੈ, ਤਾਂ ਦੂਜੇ ਪਾਸੇ ਐਨ. ਡੀ. ਟੀ. ਵੀ. ਇਮੇਜਿਨ 'ਤੇ 'ਰਾਖੀ ਕਾ ਇਨਸਾਫ' ਨੇ ਗਦਰ ਮਚਾ ਰੱਖਿਆ। ਸੋ ਵਿੱਚ ਪੁੱਛੇ ਜਾਣ ਵਾਲੇ ਸੁਆਲ ਤੇ ਲਾਂਛਣ ਤੋਂ ਜ਼ਖ਼ਮੀ ਨਾ ਸਿਰਫ ਉਹ ਬੰਦਾ ਹੈ ਜੋ ਪ੍ਰੋਗਰਾਮ ਦਾ ਹਿੱਸਾ ਬਣਦਾ ਹੈ ਬਲਕਿ ਉਹ ਸਮਾਜ ਵੀ ਜੋ ਜਾਣੇ-ਅਣਜਾਣੇ ਉਸ ਪ੍ਰੋਗਰਾਮ ਨੂੰ ਪ੍ਰੀਵਾਰ ਸਮੇਤ ਵੇਖ ਰਿਹਾ ਹੈ। ਪ੍ਰੋਗਰਾਮ ਰਾਹੀਂ ਪ੍ਰੀਵਾਰ ਜੁੜਨ ਦੀ ਬਜਾਏ ਖਿੰਡਦਾ ਜਾਂਦਾ ਹੈ। ਤਮਤਮਾਈ ਰਾਖੀ ਦੇ ਤੇਵਰ ਦਾ ਤੀਰ ਚਲਾ ਕੇ ਨਾ ਸਿਰਫ਼ ਉਕਤ ਚੈਨਲ, ਬਲਕਿ ਉਸ ਦੀ ਆਲੋਚਨਾ ਕਰਨ ਵਾਲੇ ਖ਼ਬਰੀ ਚੈਨਲ ਵੀ ਉਸ ਨੂੰ ਕੈਸ਼ ਕਰਦੇ ਨਜ਼ਰ ਆਉਂਦੇ ਹਨ। ਇਸ ਲਈ ਬਕਾਇਦਾ ਉਸ ਪ੍ਰੋਗਰਾਮ ਦੀ ਉਹੀ ਕਲਿਪਿੰਗ ਦੀ ਵਾਰ-ਵਾਰ ਵਰਤੋਂ ਕੀਤੀ ਜਾਂਦੀ ਹੈ, ਜੋ ਉਕਤ ਚੈਨਲ 'ਤੇ ਝਮੇਲੇ ਦਾ ਕਾਰਨ ਬਣੀ। ਟੀ. ਵੀ. ਤੇ ਸਵੰਬਰ ਰਚਾ ਕੇ ਆਪਣੀ ਜ਼ਿੰਦਗੀ ਨੂੰ ਤਮਾਸ਼ਾ ਬਣਾਉਣ ਵਾਲੀ ਰਾਖੀ ਭਾਵੇਂ ਮੰਨਦੀ ਹੈ ਕਿ ਘਰ 'ਚ ਚੱਲਣ ਵਾਲੀ ਖੇਡ ਹੁਣ ਬਾਜ਼ਾਰ ਲਈ ਹੈ ਪਰ ਇਕ ਆਮ ਇਨਸਾਨ ਦੇ ਨਾਲ ਅਜਿਹਾ ਨਹੀਂ ਹੈ। ਅੱਜ ਵੀ ਇਕ ਸਧਾਰਨ ਜਿਹੇ ਘਰ ਵਿੱਚ ਛੋਟੀ ਤੋਂ ਛੋਟੀ ਗੱਲ ਹੋਵੇ ਜਾਂ ਕੋਈ ਆਮ ਬੀਮਾਰੀ ਉਸ ਨੂੰ ਘਰ-ਪ੍ਰੀਵਾਰ ਤੋਂ ਛੁਪਾ ਕੇ ਹੀ ਰੱਖਿਆ ਜਾਂਦਾ ਹੈ। ਉਸ ਨੂੰ ਟੀ. ਵੀ. ਦੇ ਮੰਚ 'ਤੇ ਸ਼ਾਇਦ ਹੀ ਕੋਈ ਲਿਆਉਣਾ ਚਾਹੁੰਦਾ ਹੈ। ਇਹੀ ਕਾਰਨ ਹੈ ਕਿ ਵਿਵਾਦਾਂ ਦੇ ਨਾਲ ਨੇੜਲਾ ਸਾਥ ਰੱਖਣ ਵਾਲੀ ਰਾਖੀ ਜਦ ਇਸ ਪ੍ਰੋਗਰਾਮ 'ਚ ਆਉਣ ਵਾਲੇ ਸਖਸ਼ ਨੂੰ ਝਿੜਕਦੀ ਹੈ। ਉਸਨੂੰ ਨਾਦਾਰਦ ਤੱਕ ਕਹਿੰਦੀ ਹੈ ਤਾਂ ਉਹ ਬੇਇੱਜ਼ਤ ਹੋ ਕੇ ਇਸ ਹੱਦ ਤੱਕ ਟੁੱਟ ਜਾਂਦਾ ਹੈ ਕਿ ਉਹ ਆਪਣੀ ਜ਼ਿੰਦਗੀ ਤੋਂ ਵੀ ਤੋਬਾ ਕਰ ਲੈਂਦਾ ਹੈ। ਜਿਸ ਪਿੱਛੋਂ ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਦੂਸਰਿਆਂ ਦੀ ਜ਼ਿੰਦਗੀ ਦਾ ਨਿਆਂ ਕਰਨ ਵਾਲੀ ਰਾਖੀ ਨੂੰ ਖ਼ੁਦ ਲਈ ਨਿਆਂ ਦਾ ਬੂਹਾ ਖੜਕਾਉਣਾ ਪਵੇਗਾ। ਜਿਥੇ ਕੈਮਰਾ, ਐਕਸ਼ਨ, ਪਿੱਛੋਂ ਸਕਰਿਪਟ ਨਹੀਂ ਸਬੂਤ ਤੇ ਜੱਜ ਦਾ ਫੈਸਲਾ ਬੋਲੇਗਾ। ਉਧਰ ਕੇਂਦਰ ਸਰਕਾਰ ਨੇ ਮੰਨਿਆ ਹੈ ਕਿ ਦੇਸ਼ ਅੰਦਰ ਅਜਿਹੇ ਦਰਜਨਾਂ ਤੋਂ ਵੀ ਵੱਧ ਚੈਨਲ ਹਨ ਜੋ ਨਿਯਮਾਂ ਦੀ ਲਗਾਤਾਰ ਉਲੰਘਣਾ ਕਰ ਰਹੇ ਹਨ। ਜਿਹਨਾਂ 'ਤੇ ਵਾਰ-ਵਾਰ ਚੇਤਾਵਨੀ ਪਿਛੋਂ ਵੀ ਕੋਈ ਫਰਕ ਨਹੀਂ ਪੈ ਰਿਹਾ ਹੈ। ਵਿਚਾਰਨਯੋਗ ਹੈ ਕਿ ਸਰਕਾਰ ਨੇ ਪ੍ਰੋਗ੍ਰਾਮ ਤੇ ਇਸ਼ਤਹਾਰਬਾਜ਼ੀ ਨਿਯਮਾਂ ਦੇ ਉਲੰਘਣ ਸਬੰਧੀ ਨਿੱਜੀ ਟੀ. ਵੀ. ਚੈਨਲਾਂ ਦੀ ਵਿਸ਼ਾ ਵਸਤੂ ਦੀ ਨਿਗਰਾਨੀ ਲਈ ਇਲੈਕਟ੍ਰਾਲਿਕ ਮੀਡੀਆ ਮਾਨੀਟ ਰਿੰਗ ਕੇਂਦਰ (EMMC) ਦੀ ਵੀ ਸਥਾਪਨਾ ਕੀਤੀ ਹੈ। ਕੇਂਦਰੀ

ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਕਲਰਸ ਚੈਨਲ ’ਤੇ ਪ੍ਰਸਾਰਿਤ ਹੋਣ ਵਾਲੇ ‘ਬਿਗ ਬਾਸ’ ਤੇ ਐਨ ਡੀ. ਟੀ. ਵੀ. ਇਮੈਜਿਨ ’ਤੇ ਆਉਣ ਵਾਲੇ ‘ਰਾਖੀ ਦਾ ਇਨਸਾਫ਼’ ਸਬੰਧੀ ਸਖ਼ਤ ਰੁਖ ਅਖਤਿਆਰ ਕਰਦਿਆਂ ਦੋਨੋਂ ਪ੍ਰੋਗ੍ਰਾਮਾਂ ਨੂੰ ਰਾਤ 11 ਵਜੇ ਤੇ ਸਵੇਰੇ 5 ਵਜੇ ਤੋਂ ਪਿਛੋਂ ਪ੍ਰਸਾਰਨ ’ਤੇ ਰੋਕ ਲਾਈ ਹੈ। ਰਾਖੀ ਦਾ ਇਨਸਾਫ ਤਾਂ ਹੁਣ ਦੇਰ ਰਾਤ ਪ੍ਰਸਾਰਿਤ ਹੋਣ ਲੱਗਿਆ ਹੈ ਪਰ ਬਿਗਬਾਸ ਦੇ ਆਯੋਜਕਾਂ ਨੇ ਮੁੰਬਈ ਹਾਈਕੋਰਟ ਤੋਂ ਸਟੇਅ ਲੈਣ ਪਿਛੋਂ ਉਸ ਦਾ ਪ੍ਰਸਾਰਣ ਉਸੇ ਸਮੇਂ ਜਾਰੀ ਰੱਖਿਆ ਹੈ। ਗੱਲ ਚਾਹੇ ਰਾਖੀ ਦੇ ਇਨਸਾਫ ਦੀ ਹੋਵੇ ਜਾਂ ਫਿਰ ਬਿਗ ਬਾਸ ਦੀ ਦੋਨੋਂ ਹੀ ਥਾਂ ਚੱਲਣ ਵਾਲੀ ਖੇਡ ਪਹਿਲਾਂ ਤੋਂ ਤਹਿਸ਼ੁਦਾ ਦੱਸੀ ਜਾ ਰਹੀ ਹੈ। ਬਿਗ ਬਾਸ ਦੇ ਪ੍ਰਤੀਯੋਗੀ ਰਹਿ ਚੁੱਕੇ ਰਾਹੁਲ ਭੱਟ ਜਿਹਨਾਂ ਨੇ ਪ੍ਰੋਗ੍ਰਾਮ ’ਚ ਦਿਖਾਏ ਜਾਣ ਵਾਲੇ ਸਾਰੇ ਪ੍ਰਸ਼ੰਗਾਂ ਨੂੰ ਪਹਿਲਾਂ ਤੋਂ ਤਹਿਸ਼ੁਦਾ ਹੋਣ ਦਾ ਖੁਲਾਸਾ ਕੀਤਾ ਸੀ ਦਾ ਕਹਿਣਾ ਹੈ ਕਿ ਸਰਕਾਰ ਦੀ ਚਿੰਤਾ ਵਾਜਿਬ ਹੈ। ਉਥੇ ਕਸਾਬ ਦੇ ਵਕੀਲ ਰਹੇ ਅਬਾਸ ਕਾਜਮੀ ਵੀ ਸਰਕਾਰ ਦੇ ਇਸ ਕਦਮ ਨੂੰ ਸਹੀ ਠਹਿਰਾਉਂਦੇ ਹਨ ਦਰਅਸਲ ਰਿਸ਼ਤਿਆਂ ਤੇ ਰਵਾਇਤਾਂ ’ਤੇ ਚੋਟ ਕਰਨ ਵਾਲੇ ਪ੍ਰੋਗ੍ਰਾਮਾਂ ਦੇ ਆਯੋਜਕਾਂ ਨੂੰ ਆਖਰਕਾਰ ਸੋਚਣਾ ਹੀ ਪੈਣਾ ਹੈ ਕਿ ਰਾਇਲਟੀ ਦੇ ਨਾਂ ’ਤੇ ਜੋ ਕੁਝ ਉਹ ਪਰੋਸ ਰਹੇ ਹਨ, ਉਸ ਨਾਲ ਆਮ ਇਨਸਾਨ ਨੂੰ ਕੀ ਹਾਸਲ ਹੋ ਰਿਹਾ ਹੈ। ਚੈਨਲ ਬੇਸ਼ੱਕ ਆਪਣੇ ਬਚਾਅ ’ਚ ਸਫਾਈ ਦਿੰਦੇ ਹੋਏ ਕਹਿਣ ਕਿ ‘ਰਿਮੋਟ ਤਾਂ ਤੁਹਾਡੇ ਹੱਥ ਵਿੱਚ ਹੀ ਹੈ’ ਪਰ ਉਹਨਾਂ ਨੂੰ ਮੰਨਣਾ ਹੀ ਪੈਣਾ ਹੈ ਕਿ ਜ਼ਿੰਮੇਵਾਰੀ ਤਾਂ ਉਹਨਾਂ ਦੀ ਵੀ ਹੈ। ਇਹ ਸੋਚਣਾ ਹੀ ਪਵੇਗਾ ਕਿ ਇਸ ਤਰ੍ਹਾਂ ਦਾ ਪ੍ਰੋਗਰਾਮ ਭਟਕੀ ਦੁਨੀਆ ਨੂੰ ਸਹੀ ਰਾਹ ਵਿਖਾਉਣ ਦਾ ਕੰਮ ਕਰੇਗਾ ਜਾਂ ਫਿਰ ਉਹਨਾਂ ਗਲੀਆਂ ’ਚ ਭਟਕਣ ਲਈ ਛੱਡ ਆਵੇਗਾ ਜਿਸ ਦਾ ਸਾਰੇ ਲੋਕਾਂ ਨੇ ਅਜੇ ਤੱਕ ਨਾਂ ਵੀ ਨਹੀਂ ਸੁਣਿਆ ਹੋਵੇਗਾ।

# ਸਿਹਤ ਲਈ ਖ਼ਤਰਨਾਕ ਕਿਵੇਂ ਖ਼ੂਬਸੂਰਤੀ ਦੇ ਸਾਧਨ

ਇਕਵੀਂ ਸਦੀ ਵਾਲੀ ਔਰਤ ਰੋਜ਼ਾਨਾ ਘੱਟੋ-ਘੱਟ 515 ਰਸਾਇਣ ਦੀ ਵਰਤੋਂ ਕਰਦੀ ਹੈ। ਉਸ ਦੇ ਮਾਮੂਲੀ ਨੇ ਪਾਲਿਸ਼ 'ਚ 31 ਅਤੇ ਪਰਫਿਊਮ 'ਚ 400 ਤੱਕ ਰਸਾਇਣ ਹੋ ਸਕਦੇ ਹਨ। ਸਾਬਣ, ਕ੍ਰੀਮ, ਲੋਸ਼ਨ, ਜੈੱਲ, ਮੂਸੇ, ਕਲਰ, ਸਪਰੇ, ਫੋਮ ਤੇਲ, ਸੀਰਮ-ਉਹ ਹਰ ਰੋਜ਼ ਕੋਈ ਨਾ ਕੋਈ 9 ਸਾਧਨਾਂ ਦੀ ਵਰਤੋਂ ਕਰਦੀ ਹੈ ਅਤੇ ਖਾਸ ਮੇਕਅੱਪ 'ਚ 15 ਜਾਂ ਉਸ ਤੋਂ ਵੀ ਵੱਧ ਸਾਧਨਾਂ ਦੀ ਵਰਤੋਂ ਕਰਦੀ ਹੈ ਪਰ ਇਹ ਦੁਨੀਆਂ ਦੀਆਂ 73 ਫੀਸਦੀ ਔਰਤਾਂ ਵਾਂਗੂ ਨਹੀਂ ਜਾਣਦੀ ਕਿ ਇਹਨਾਂ ਸੁੰਦਰਤਾ ਵਸਤਾਂ ਨੂੰ ਬਣਾਉਣ 'ਚ ਕਿਹੜੀਆਂ ਚੀਜ਼ਾਂ ਦੀ ਵਰਤੋਂ ਹੁੰਦੀ ਹੈ, 90 ਫੀਸਦੀ ਔਰਤਾਂ ਵਾਂਗੂ ਉਸ ਨੂੰ ਇਸ ਦੀ ਕੋਈ ਪ੍ਰਵਾਹ ਵੀ ਨਹੀਂ ਹੈ। ਪਰ ਰੋਜ਼ਾਨਾ ਦੀ ਵਰਤੋਂ ਵਾਲੇ ਇਹਨਾਂ ਸਮਾਨਾਂ ਨੂੰ ਪਰਖਿਆ ਜਾ ਰਿਹਾ ਹੈ। ਇਹਨਾਂ ਵਿੱਚ ਅਜਿਹੇ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਜਿਹਨਾਂ ਦੀ ਵਰਤੋਂ ਕੀਤੀ ਨਹੀਂ ਜਾਣੀ ਚਾਹੀਦੀ। ਇਹ ਕੋਈ ਚੰਗੀ ਗੱਲ ਨਹੀਂ ਹੈ ਪਰ ਸਚਾਈ ਇਹੀ ਹੈ। ਦਿੱਲੀ ਇੰਸਟੀਚੂਟ ਆਫ ਫਾਰਮਾਸਿਊਟੀਕਲ ਸਾਇੰਸਜ ਐਂਡ ਰਿਸਰਚ (ਆਈ ਆਈ ਟੀ ਆਰ) 'ਚ ਚੱਲ ਰਹੀਆਂ ਜਾਂਚਾਂ 'ਚ ਇਹਨਾਂ ਵਸਤਾਂ 'ਚ ਜ਼ਹਿਰ ਦੇ ਅੰਸ਼ ਵੇਖੇ ਜਾ ਰਹੇ ਹਨ। ਇੰਡੀਅਨ ਆਈ ਰਿਸਰਚ ਗਰੁੱਪ (ਆਈ ਈ ਆਰ ਜੀ) ਨੇ ਅੱਖਾਂ 'ਚ ਲਾਈਆਂ ਜਾਣ ਵਾਲੀ ਵਸਤਾਂ ਦੇ ਅਧਿਐਨ 'ਚ ਪਾਇਆ ਗਿਆ ਹੈ ਕਿ ਅੱਖਾਂ ਦੇ ਸੁੰਦਰਤਾ ਸਾਧਨ ਕਿਸ ਤਰ੍ਹਾਂ ਕੈਂਸਰ ਪੈਦਾ ਕਰ ਸਕਦੇ ਹਨ। ਇਸ ਸਾਲ ਕੌਮਾਂਤਰੀ ਬਾਜ਼ਾਰ 'ਚ ਮੁਹੱਈਆ ਇਕ ਭਾਰਤੀ ਸ਼ੈਂਪੂ ਵਿੱਚ ਖ਼ਤਰਨਾਕ ਰਸਾਇਣ ਪਾਏ ਜਾਣ ਦੇ ਪਿਛੋਂ ਤੋਂ ਹਰਬਲ ਵਸਤਾਂ 'ਚ ਅਜਿਹੇ ਰਸਾਇਣਾਂ ਦੀ ਵਰਤੋਂ ਦੀ ਆਲੋਚਨਾ ਹੋ ਰਹੀ ਹੈ। ਕੈਂਸਰ ਪੈਦਾ ਕਰਨ ਵਾਲੇ ਪ੍ਰੀਜਰਵੇਟਿਵ ਦੀ ਵਰਤੋਂ 'ਤੇ ਬਹਿਸ ਛਿੜੀ ਹੋਈ ਹੈ ਖਾਸ ਕਰਕੇ ਉਹਨਾਂ ਨੈਨੋ ਪਾਰਟੀਕਲਾਂ ਦੀ ਜਾਂਚ ਕੀਤੀ ਜਾ ਰਹੀ ਹੈ ਜੋ ਆਲ੍ਹਾ ਦਰਜੇ ਦੇ ਸਾਧਨਾਂ 'ਚ ਛੁਪੇ ਹੁੰਦੇ ਹਨ ਅਤੇ ਉਹਨਾਂ ਨੂੰ ਚਮੜੀ ਲਈ ਨਵਾਂ ਏਸਬੇਸਟਸ ਦੱਸਿਆ ਜਾ ਰਿਹਾ ਹੈ। ਦੁਨੀਆਂ ਭਰ 'ਚ ਹੋਏ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਅੱਜ ਖ਼ੂਬਸੂਰਤੀ ਤੇ ਖਾਸ ਜ਼ੋਰ ਹੈ। ਅਰਥਸਾਸ਼ਤਰੀਆਂ ਦਾ ਵਿਸਲੇਸ਼ਣ ਹੈ ਕਿ ਖ਼ੂਬਸੂਰਤੀ ਨਾਲ ਵੱਧ ਕਮਾਈ ਕਰਨ 'ਚ ਕਿਵੇਂ ਮਦਦ ਮਿਲਦੀ ਹੈ ਅਤੇ ਸਮਾਜ ਸਾਸ਼ਤਰੀ ਦੱਸਦੇ ਹਨ ਕਿ ਅਸੀਂ ਖ਼ੂਬਸੂਰਤ ਲੋਕਾਂ ਦੇ ਸਕਾਰਤਮਕ ਗੁਣਾਂ ਨੂੰ ਕਿਵੇਂ ਗਿਣਾਉਂਦੇ ਹਾਂ ਅਜਿਹੇ 'ਚ ਹੈਰਾਨੀ ਨਹੀਂ ਕਿ ਭਾਰਤ 'ਚ ਖ਼ੂਬਸੂਰਤੀ ਜਾਂ ਸੁੰਦਰਤਾ ਦਾ ਬਾਜ਼ਾਰ 17 ਫੀਸਦੀ ਦੀ ਦਰ ਨਾਲ ਵਧ ਰਿਹਾ ਹੈ ਇਹ ਵਾਧਾ ਅਮਰੀਕੀ ਬਾਜ਼ਾਰ 'ਚ ਵਾਧੇ ਦੇ ਮੁਕਾਬਲੇ ਦੁਗਣਾ ਹੈ। 2009 'ਚ ਨੀਲਸਨ ਦੇ ਚਾਰ ਭਾਰਤੀ ਮਹਾਂਨਗਰਾਂ 'ਚ ਸੁੰਦਰਤਾ ਪ੍ਰਤੀ ਅਧੁਨਿਕ ਰੁਖ ਬਾਰੇ ਸਰਵੇਖਣ ਕੀਤਾ ਸੀ। ਉਸ 'ਚ ਪਾਇਆ ਗਿਆ ਕਿ 90 ਫੀਸਦੀ ਔਰਤਾਂ ਸੁੰਦਰਤਾ ਵਸਤਾਂ ਦੀ ਖ਼ਰੀਦਦਾਰੀ 'ਚ ਕੀਮਤ ਦੀ ਪ੍ਰਵਾਹ ਨਹੀਂ ਕਰਦੀਆਂ। ਬੰਗਲੌਰ ਦੇ ਮਣੀਪਾਲ ਐਜੂਕੇਸਨਐਂਡ ਮਨੀਪਾਲ ਗਰੁੱਪ ਦੇ ਪ੍ਰਬੰਧਕ ਨਿਦੇਸ਼ਕ ਡਾ. ਰੰਜਨ ਪੈ ਕਹਿੰਦੇ

ਹਨ" ਕਾਰਪੋਰੇਟ ਜਗਤ 'ਚ ਔਰਤਾਂ ਦੀ ਗਿਣਤੀ ਵਧਣ ਨਾਲ ਹੀ ਬੇਹਤਰ ਦਿੱਸਣ ਤੇ ਮਹਿਸੂਸ ਕਰਨ ਦੇ ਸਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।" ਪਰ ਸੁੰਦਰਤਾ ਵਸਤਾਂ ਦੀ ਵਿਕਰੀ ਵਧਣ ਦੇ ਨਾਲ ਹੀ ਇਹਨਾਂ ਦੇ ਰੋਗੀਆਂ ਦੀ ਗਿਣਤੀ ਵੀ ਵਧੀ ਹੈ। ਇਹਨਾਂ ਸਾਧਨ ਦੀ ਸੁਰੱਖਿਆ ਸਬੰਧੀ ਸਭ ਤੋਂ ਪਹਿਲਾਂ ਘੰਟੀ ਚਮੜੀ ਰੋਗ ਤੇ ਅੱਖਾਂ ਦੇ ਰੋਗਾਂ ਦੇ ਮਾਹਰਾਂ ਨੇ ਵਜਾਈ। ਕੁਲ ਹਿੰਦ ਅਯੁਰਵਿਗਿਆਨ ਸੰਸਥਾਨ (ਏਮਜ਼) ਨੇ ਪਾਇਆ ਕਿ ਦਿੱਲੀ ਦੇ ਕਈ ਮੁੱਖ ਬਿਊਟੀ ਪਾਰਲਰਾਂ 'ਚ ਪਹੁੰਚਣ ਵਾਲੇ 69 ਵਿਅਕਤੀ ਕਿਲਾਂ-ਸ਼ਾਹੀਆਂ ਤੇ ਚਿਹਰੇ 'ਤੇ ਸੋਜ ਦੇ ਸ਼ਿਕਾਰ ਹਨ, ਇਕ ਹੋਰ ਅਧਿਐਨ 'ਚ ਪਾਇਆ ਗਿਆ ਕਿ ਫ੍ਰੈਗਰੈਂਸ, ਡਿਓਡੋਰੇਂਟ, ਹੇਅਰ ਡਾਈ, ਸ਼ੇਵਿੰਗ ਕ੍ਰੀਮ, ਲਿਪਸਟਿਕ, ਬਿੰਦੀ ਤੇ ਆਈ ਮੇਕਅੱਪ ਉਹਨਾਂ ਵਸਤਾਂ 'ਚ ਸ਼ਾਮਲ ਹੈ ਜੋ ਰੋਗੀਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੇ ਹਨ, ਇਕ ਅਧਿਐਨ 'ਚ ਅੰਦਾਜ਼ਾ ਲਾਇਆ ਗਿਆ ਹੈ ਕਿ ਕਰੀਬ 3.3 ਫੀਸਦੀ ਲੋਕਾਂ ਨੂੰ ਇਹਨਾਂ ਸੁੰਦਰਤਾ ਸਾਧਨਾਂ ਤੋਂ ਅਲਰਜੀ ਦੀ ਸਮੱਸਿਆ ਹੁੰਦੀ ਹੈ। ਏਮਜ਼ 'ਚ ਚਮੜੀ ਰੋਗਾਂ ਦੇ ਮਾਹਰ ਤੇ ਮੁਖੀ ਡਾ. ਵੀ. ਕੇ. ਸ਼ਰਮਾ ਕਹਿੰਦੇ ਹਨ "ਹਸਪਤਾਲ ਦੇ ਅਲਰਜੀ ਕਲੀਨਿਕਾਂ 'ਚ 10-15 ਫੀਸਦੀ ਰੋਗੀਆਂ ਨੂੰ ਇਹਨਾਂ ਸੁੰਦਰਤਾ ਵਸਤਾਂ ਤੋਂ ਅਲਰਜੀ ਦੀ ਸਮੱਸਿਆ ਹੁੰਦੀ ਹੈ। ਸਭ ਤੋਂ ਵੱਧ ਅਲਰਜੀ ਹੇਅਰਡਾਈ, ਕਲਰ ਫੇਅਰਨੈਂਸ ਕ੍ਰੀਮ, ਸਨਸਕਰੀਨ ਤੇ ਹਰਬਲ ਵਸਤਾਂ ਤੋਂ ਹੁੰਦੀ ਹੈ, ਹਰਬਲ 'ਚ ਜੜੀ ਬੂਟੀ ਦਾ ਬਹੁਤ ਘੱਟ ਅੰਸ਼ ਹੁੰਦਾ ਹੈ, ਬਾਕੀ ਸਾਰਾ ਦੂਜੇ ਰਸਾਇਣਾਂ ਵਾਲਾ ਹੀ ਹੁੰਦਾ ਹੈ।" ਅੱਖਾਂ ਦੀਆਂ ਸਮੱਸਿਆਵਾਂ ਪਿੱਛੇ ਸੁੰਦਰਤਾ ਵਸਤਾਂ ਤੋਂ ਅਲਰਜੀ ਸਭ ਤੋਂ ਆਮ ਵਜ੍ਹਾ ਹੈ, ਇਸ ਕਾਰਨ ਪਲਕਾਂ 'ਚ ਸੋਜ, ਐਕਜੀਮਾ, ਅਲਰਜੀ ਅਤੇ ਅੱਖਾਂ 'ਚ ਸੁੱਕੇਪਨ ਦੀ ਸਮੱਸਿਆ ਹੁੰਦੀ ਹੈ। ਮੁੰਬਈ 'ਚ ਕੇਨਿਆ ਆਫ ਹਸਪੀਟਲ ਦੇ ਮੁਖੀ ਡਾ. ਵੈਸ਼ਾਲ ਕੇਨਿਆ ਦਾ ਕਹਿਣਾ ਹੈ "ਅੱਖਾਂ ਦੇ ਕਈ ਸੁੰਦਰਤਾ ਸਾਧਨਾਂ 'ਚ ਜ਼ਹਿਰੀਲੇ ਤੱਤ ਹੁੰਦੇ ਹਨ। ਇਹ ਤੱਤ ਕਾਲਾਬਜ਼ਾਰ ਦੇ ਨਕਲੀ ਸੁੰਦਰਤਾ ਸਾਧਨਾਂ 'ਚ ਵੱਧ ਪਾਏ ਜਾਂਦੇ ਹਨ। ਅਜਿਹੇ ਰਸਾਇਣਾਂ ਦੀ ਵਾਰ-ਵਾਰ ਵਰਤੋਂ ਨਾਲ ਗੰਭੀਰ ਬੀਮਾਰੀ ਹੋ ਸਕਦੀ ਹੈ।" 'ਡਿਸਪਰ' ਦੀ ਖੋਜ ਨੇ ਉਹਨਾਂ ਦੀ ਸਭ ਤੋਂ ਖ਼ਰਾਬ ਸ਼ੰਕਿਆਂ ਦੀ ਪੁਸ਼ਟੀ ਕਰ ਦਿੱਤੀ ਹੈ ਇਸ ਦੇ ਸਾਬਕਾ ਨਿਰਦੇਸ਼ਕ ਪ੍ਰੋ. ਐਸ. ਐਸ. ਅਗਰਵਾਲ ਦੀ ਅਗਵਾਈ 'ਚ 2008 ਤੋਂ ਖੋਜਕਰਤਾ ਆਪਣੀਆ ਲਬਾਟਰੀਆਂ 'ਚ ਖੋਜ 'ਚ ਲੱਗੇ ਹਨ। 2009 'ਚ ਉਹਨਾਂ ਨੇ ਲਿਪਸਟਿਕ, ਸੁਰਮਾ, ਟੈਲਕਮ ਪਾਊਡਰ, ਸ਼ੈਂਪੂ ਤੇ ਹੇਅਰ ਕਲਰ ਦੇ 53 ਬ੍ਰਾਂਡਾਂ ਵਿਚੋਂ 20 'ਚ ਸਿੱਕਾ, ਤਾਬਾ, ਨਿਕੇਲ, ਕ੍ਰੋਮੀਅਮ, ਕੋਬਾਲਟ, ਅਰਸੈਨਿਕ ਵਰਗੇ ਜ਼ਹਿਰੀਲੇ ਤੱਤ ਪਾਏ ਉਹਨਾਂ ਵਿੱਚੋਂ ਕੁਝ ਬ੍ਰਾਂਡਾਂ 'ਚੋਂ ਪ੍ਰਤੀ ਦਸ ਲੱਖ ਸ਼ੀਸ਼ੇ 'ਚ 20 ਪਾਰਟ ਪਾਏ ਗਏ। ਚੂਹਿਆਂ 'ਤੇ ਕੀਤੀਆਂ ਗਈਆਂ ਜਾਂਚਾਂ 'ਚ ਪਾਇਆ ਗਿਆ ਕਿ ਇਹਨਾਂ ਨੂੰ ਲਿਪਸਟਿਕ ਨੂੰ ਖਿਲਾਉਣ ਦੇ 28 ਦਿਨਾਂ ਪਿਛੋਂ ਉਹਨਾਂ 'ਚ ਲਿਟਰ ਦੀ ਸਮੱਸਿਆ ਪੈਦਾ ਹੋ ਗਈ। ਪ੍ਰੋ. ਅਗਰਵਾਲ ਦਾ ਕਹਿਣਾ ਹੈ ਕਿ "ਅਸੀਂ ਸੈਂਪੂ ਦੇ ਜਿਹਨਾਂ 11 ਬ੍ਰਾਂਡਾਂ ਦਾ ਅਧਿਐਨ ਕੀਤਾ ਹੈ ਉਹਨਾਂ 'ਚੋਂ ਕੁਝ ਵਿੱਚ ਵਿਵਾਦ ਗ੍ਰਸਿਤ ਪ੍ਰੀਜਰਵੇਟਿਵ ਪਾਰਾਬੇਸ ਦੀ ਮੰਨਜੂਰ ਮਾਤਰਾ 0.8 ਫੀਸਦੀ ਤੋਂ ਵੱਧ ਪਾਈ ਗਈ" ਮੰਨਿਆ

ਜਾਂਦਾ ਹੈ ਕਿ ਇਸ ਰਸਾਇਣ ਨਾਲ ਕੈਂਸਰ ਹੋ ਸਕਦਾ ਹੈ। ਪ੍ਰੋ. ਅਗਰਵਾਲ ਦਾ ਕਹਿਣਾ ਹੈ ਕਿ "ਸੁੰਦਰਤਾ ਸਾਧਨ ਬਾਜ਼ਾਰ ਦੇ ਨਿਯਮਾਂ ਤੇ ਸੁਰੱਖਿਆ ਮਾਨਕ ਤਹਿ ਕਰਨ ਦੀ ਸਖ਼ਤ ਲੋੜ ਹੈ।" 'ਡਿਸਪਰ' ਰਿਪੋਰਟ ਪਿੱਛੋਂ ਇਸ ਸਾਲ ਕੀਤੇ ਗਏ ਪ੍ਰੀਖਣ 'ਚ ਪਾਇਆ ਗਿਆ ਕਿ ਉਸ ਨੇ ਜਿਹਨਾਂ ਬ੍ਰਾਂਡਾਂ ਦੇ ਪ੍ਰੀਖਣ ਕੀਤੇ ਉਹਨਾਂ 'ਚ ਹੇਵੀ ਮੈਟਲ ਦੀ ਮਾਤਰਾ ਕਾਫੀ ਘਟੀ ਹੈ ਪਰ ਹੁਣ ਪ੍ਰਤੀ ਵਿਅਕਤੀ ਰਸਾਇਣਾਂ ਦੀ ਖਪਤ ਵਧ ਗਈ ਹੈ; ਦਵਾਈ ਤੇ ਸੁੰਦਰਤਾ ਸਾਧਨਾਂ ਵਿਚਕਾਰ ਦਾ ਫਰਕ ਧੁੰਦਲਾ ਹੋ ਗਿਆ ਹੈ। ਲਖਨਊ ਦੀ ਛਤਰਪਤੀ ਸਾਹੂ ਜੀ ਮਹਾਰਾਜ ਮੈਡੀਕਲ ਯੂਨੀਵਰਸਿਟੀ ਦੇ ਬਾਇਓ ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਅਬਾਸ ਮਾਹਦੀ ਦਾ ਕਹਿਣਾ ਹੈ "ਅੱਜ ਸੁੰਦਰਤਾ ਸਾਧਨਾਂ 'ਚ ਜੋ ਤੱਤ ਹੈ, ਉਹਨਾਂ ਨੂੰ ਅਸਲ 'ਚ ਡਰੱਗਸ ਦੀ ਸ਼੍ਰੇਣੀ 'ਚ ਰੱਖਿਆ ਜਾਣਾ ਚਾਹੀਦਾ ਹੈ।" ਪਰ ਉਹਨਾਂ ਦੇ ਪ੍ਰੀਖਣ ਮਾਨਕੀ-ਕਰਣ 'ਚ ਇਹ ਸਖਤੀ ਨਹੀਂ ਵਰਤੀ ਜਾਂਦੀ ਹੈ ਮਿਸਾਲ ਵਜੋਂ ਝੁਰੜੀ ਮਿਟਾਉਣ ਲਈ ਐਂਟੀ ਏਜਿੰਗ ਕ੍ਰੀਮ ਦੇ ਬਾਜ਼ਾਰ ਨੂੰ ਹੀ ਵੇਖੋ, ਦਾਅਵਾ ਕੀਤਾ ਜਾਂਦਾ ਹੈ ਕਿ ਇਹਨਾਂ ਕ੍ਰੀਮਾਂ 'ਚ ਕੋਲਾਜੇਨ, ਅਲਫਾ ਹਾਈਡ੍ਰੋਕਸੀ ਏਸਿਡ ਜਾਂ ਹਾਇਲਯੁਰਾਨਿਕ ਏਸਿਡ ਦੀ ਵਰਤੋਂ ਹੁੰਦੀ ਹੈ ਜੋ ਇਹਨਾਂ ਨੂੰ ਮੈਡੀਕਲ ਮੰਜੂਰੀ ਦਿੰਦੀ ਹੈ ਪਰ ਮਾਹਦੀ ਕਹਿੰਦੇ ਹਨ, "ਅਸਲ 'ਚ ਕੋਈ ਨਹੀਂ ਜਾਣਦਾ ਕਿ ਉਹ ਕੀ ਮਿਲਾਉਂਦੇ ਹਨ, ਮੰਨਿਆ ਜਾਂਦਾ ਹੈ ਕਿ ਉਹ ਚਮੜੀ 'ਚ ਕੋਲੇਜਨ ਨੂੰ ਵਧਾਉਂਦੇ ਹਨ ਪਰ ਅਸਲ 'ਚ ਉਹ ਉਸ ਦੀ ਨੈਸਰਸਿਕ ਪ੍ਰੀਕ੍ਰਿਆ ਨੂੰ ਪ੍ਰਭਾਵਿਤ ਕਰਕੇ ਹਾਨੀ ਪਹੁੰਚਾਉਂਦੇ ਹਨ।" ਇਸ ਤਰ੍ਹਾਂ ਗੋਰੇਪਨ ਦੀ ਜ਼ਿਆਦਾਤਰ ਕ੍ਰੀਮਾਂ 'ਚ ਹਾਈਡ੍ਰੋਕਿਵ ਨੋਨ ਵਰਗੇ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਚਮੜੀ ਨੂੰ ਕੁਦਰਤੀ ਰੰਗ ਦੇਣ ਵਾਲੇ ਕਾਰਕ ਮੇਲਾਨੋਸਾਈਟ ਨੂੰ ਪ੍ਰਭਾਵਿਤ ਕਰਦੇ ਹਨ। ਸੁੰਦਰਤਾ ਸਾਧਨਾਂ ਦੇ ਮੋਰਚੇ 'ਤੇ ਖ਼ਤਰੇ ਦਾ ਨਵਾਂ ਕਾਰਕ ਆਧੁਨਿਕ ਵਿਗਿਆਨ ਦੀ ਦੇਣ ਹੈ : ਨੈਨੋ ਪਾਰਟੀਕਲ (ਜਾਂ ਐਸੇ ਕਣ ਜੋ ਲਾਲ ਰਕਤ ਸੈਲਾਂ ਤੋਂ 70 ਗੁਣਾਂ ਵੱਧ ਛੋਟੇ ਹੁੰਦੇ ਹਨ) ਜਿਹਨਾਂ ਦੀ ਵਰਤੋਂ ਰੇਵਲਾਨ, ਕਲੇਰਿੰਸ, ਕਲੀਨਿਕ ਮੈਕਸ ਫੈਕਟਰ, ਬਾਡੀਸ਼ਾਪ, ਲਾਓਰਿਅਲ ਤੇ ਲੈਕਾਮ ਪੇਰਿਸ ਵਰਗੇ ਜਾਣੇ-ਪਹਿਚਾਣੇ ਸੁੰਦਰਤਾ ਸਾਧਨ ਬ੍ਰਾਂਡ ਕਰ ਰਹੇ ਹਨ, ਨੈਨੋ ਪਾਰਟੀਕਲ ਨਾਲ ਸਿਹਤ ਜਾ ਵਾਤਾਵਰਣ ਨੂੰ ਖ਼ਤਰਿਆਂ ਸਬੰਧੀ ਅਧਿਐਨ ਅਜੇ ਜਾਰੀ ਹੈ ਪਰ ਇਹਨਾਂ ਬ੍ਰਾਂਡਾਂ ਨੇ ਇਹਨਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਵਾਤਾਵਰਣ ਨੈਟਵਰਕ ਫ੍ਰੇਂਡਸ ਆਫ ਦਾ ਅਰਥ ਨੇ 2008 ਵਿੱਚ ਜਾਂਚ ਰਿਪੋਰਟ ਪੇਸ਼ ਕੀਤੀ ਅਤੇ ਉਸ ਦੇ ਬਾਅਦ ਤੋਂ ਹੀ ਨੈਨੋ ਟਾਕਸਿਸੀਟੀ ਵਿਸ਼ਵੀ ਮੁੱਦਾ ਬਣ ਗਿਆ। ਆਈ ਆਈ ਟੀ ਆਰ ਦੇ ਨਿਦੇਸ਼ਕ ਡਾ. ਕੇ. ਸੀ. ਗੁਪਤਾ ਦਾ ਕਹਿਣਾ ਹੈ, "ਸੁੰਦਰਤਾ ਸਾਧਨਾਂ ਨੂੰ ਅਸਰਦਾਇਕ ਸੂਖਮ ਹੋਣ ਦੇ ਕਾਰਨ ਉਹ ਚਮੜੀ, ਰਕਤ ਵਹਿਣੀਆਂ, ਸੈਲਾਂ 'ਚ ਦਾਖਲ ਹੋ ਸਕਦੇ ਹਨ ਅਤੇ ਜੇ ਉਹ ਲਿਵਰ ਵਰਗੇ ਅੰਗਾਂ 'ਚ ਜਮ੍ਹਾਂ ਹੋ ਜਾਣ ਤਾਂ ਅੰਗ ਬੇਕਾਰ ਹੋ ਸਕਦੇ ਹਨ।" ਮੰਨਿਆ ਜਾਂਦਾ ਹੈ ਕਿ ਉਹ ਫ੍ਰੀ ਰੈਡੀਕਲ ਪੈਦਾ ਕਰਦੇ ਹਨ ਜੋ ਡੀ. ਐਨ ਏ ਸੈਲਾਂ ਨੂੰ ਹਰਜਾ ਪਹੁੰਚਾਉਂਦੇ ਹਨ ਅਤੇ ਇਥੋਂ ਤੱਕ ਕਿ ਕੈਂਸਰ ਦਾ ਕਾਰਕ ਬਣ ਸਕਦੇ ਹਨ। ਆਈ. ਆਈ. ਟੀ. ਆਰ. ਦੇ ਪ੍ਰੀਖਣਾਂ 'ਚ ਸੁੰਦਰਤਾ ਸਾਧਨਾਂ 'ਚ ਨੈਨੋ-ਟਾਈਟੇਨਿਅਮ ਅਕਸਾਈਡ

ਤੇ ਜ਼ਿੰਕ ਅਕਸਾਈਡ ਦੀ ਮਾਤਰਾ ਪਾਈ ਗਈ। ਡਾ. ਗੁਪਤਾ ਦਾ ਕਹਿਣਾ ਹੈ "ਸਾਡੀ ਟੀਮ ਜ਼ਹਿਰੀਲੇਪਣ ਦਾ ਪਤਾ ਲਾਉਣ ਲਈ ਵਿਆਪਕ ਜਾਂਚ ਕਰ ਰਹੀ ਹੈ।"

ਦੁਕਾਨਾਂ 'ਤੇ ਅਨੇਕਾਂ ਸੁੰਦਰਤਾ ਸਾਧਨ ਮੌਜੂਦ ਹਨ ਜੋ ਅੱਖਰ ਬੋਲੋ, ਉਸ ਤੋਂ ਕੋਈ ਨਾ ਕੋਈ ਉਤਪਾਦ ਮਿਲ ਜਾਵੇਗਾ ਪਰ ਤੁਸੀਂ ਕਿਹੜਾ ਚੁਣਦੇ ਹੋ? 60 ਰੁਪਏ ਦਾ ਸੁਰਮਾ ਜਿਸ ਨਾਲ ਤੁਹਾਨੂੰ ਲੈਡ ਪੋਆਇਜ਼ਨਿੰਗ ਮਿਲ ਸਕਦੀ ਹੈ ਜਾਂ 2000 ਰੁਪਏ ਦੀ ਸਨਸਕਰੀਨ ਜਿਸ ਨਾਲ ਕੈਂਸਰ ਹੋ ਸਕਦਾ ਹੈ? ਦੇਸ਼ 'ਚ ਚਮੜੀ ਦੇ ਦੇਖ-ਰੇਖ ਦੇ ਬਾਜ਼ਾਰ ਦੇ ਅੱਧੇ ਹਿੱਸੇ 'ਤੇ ਗੋਰੇਪਨ ਦੀ 'ਕ੍ਰੀਮ ਦਾ ਕਬਜ਼ਾ ਹੈ ਪਰ ਕੀ ਤੁਸੀਂ ਹਾਈਡ੍ਰੋਕਿਵਨੋਨ ਦੇ ਆਸਰੇ ਜੀਵਨ 'ਚ 'ਅੱਗੇ ਵਧਣਾ' ਚਾਹੋਗੇ? ਯੁਨਾਈਟਡ ਅਰਬ ਰੀਪਬਲਿਕ 'ਚ ਪਾਬੰਦੀ ਸ਼ੁਧਾ ਹਿਮਾਲਿਆ ਸ਼ੈਂਪੂ ਹੁਣ ਸੁਰੱਖਿਆ ਪੈਮਾਨਿਆਂ 'ਤੇ ਖਰੇ ਉਤਰ ਰਹੇ ਹਨ, ਉਹਨਾਂ ਨੇ ਪਹਿਲਾਂ ਅਜਿਹਾ ਕਿਉਂ ਨਹੀਂ ਕੀਤਾ? ਫੈਬ ਇੰਡੀਆ ਦੇ ਸੀਬਕਥਾਰਨ ਸ਼ੈਂਪੂ 'ਚ ਝੱਗ ਪੈਦਾ ਕਰਨ ਵਾਲਾ ਸਿੰਥੈਟਿਕ ਸੋਡੀਅਮ ਲਾਰੇਥ ਸਲਫੇਟ ਕਿਉਂ ਹੈ? ਜੋ ਵਿਵਾਦ ਗ੍ਰੰਥ ਹੈ। ਨੇਲ ਪਾਲਿਸ਼ ਤੇ ਕਦੀ ਇਕ ਕਿਉਂ ਨਹੀਂ ਲਿਖਿਆ ਹੁੰਦਾ ਕਿ ਉਹਨਾਂ 'ਚ ਪੀ ਐਚ ਥੈਲੇਟ ਹੁੰਦਾ ਹੈ ਜਿਸ ਨਾਲ ਬਾਂਝਪਨ ਦੀ ਸਥਿਤੀ ਪੈਦਾ ਹੋ ਸਕਦੀ ਹੈ? ਸਿਹਤ ਦੇ ਅਹਿਮ ਮੁੱਦਿਆਂ ਨਾਲ ਜੁੜੇ ਕਈ ਸੁਆਲ ਪੈਦਾ ਹੁੰਦੇ ਹਨ ਅਤੇ ਉਹਨਾਂ ਕੋਲ ਤਸੱਲੀਬਖ਼ਸ ਜੁਆਬ ਨਹੀਂ ਹੈ। ਲਿਹਾਜਾ, ਤੁਸੀਂ ਵਿਚਾਰ ਕਰੋ ਅਤੇ ਉਮੀਦ ਕਰੋ ਕਿ ਵਿਗਿਆਨ ਅੰਤ 'ਚ ਸਰਕਾਰ ਨੂੰ ਜਾਗਣ ਲਈ ਮਜ਼ਬੂਰ ਕਰੇਗਾ ਤੇ ਸੁੰਦਰਤਾ ਸਾਧਨਾਂ ਦੇ ਉਦਯੋਗ ਦੀ ਅੰਤਰ ਆਤਮਾ ਅਤੇ ਖਪਤਕਾਰਾਂ ਨੂੰ ਬਾਹਰ ਹੀ ਨਹੀਂ ਬਲਕਿ ਅੰਦਰੋਂ ਵੀ ਬੇਹਤਰ ਤੇ ਸਿਹਤਮੰਦ ਰੱਖਣ ਲਈ ਪ੍ਰੇਰਿਤ ਹੋਵੇਗੀ।

# ਸਿਹਤ ਬੀਮਾ ਕੰਪਨੀਆਂ ਬਨਾਮ ਬੀਮਾਰ ਮਨੁੱਖ

ਸਿਹਤ ਬੀਮਾ ਕਰਾਉਣ ਦੇ ਬਾਵਜੂਦ ਪ੍ਰਚੂਨ ਖਪਤਕਾਰ ਨੂੰ ਨਾਮਾਤਰ ਦੀ ਸਿਹਤ ਸੁੱਰਖਿਆ ਹਾਸਲ ਹੈ ਕਿਉਂਕਿ ਬੀਮਾ ਸ਼ਰਤਾਂ ਦੀਆਂ ਬਰੀਕ ਇਬਾਰਤਾਂ ਲਾਜ਼ਮੀ ਤੌਰ ’ਤੇ ਸੇਵਾ ਮੁਹੱਈਆ ਕਰਵਾਉਣ ਵਾਲੀਆਂ ਕੰਪਨੀਆਂ ਦੇ ਪੱਖ ’ਚ ਝੁੱਕੀਆਂ ਹੁੰਦੀਆਂ ਹਨ। ਦਿੱਲੀ ਦੀ ਰਹਿਣ ਵਾਲੀ 35 ਸਾਲਾ ਸੋਨੀਆ ਤੇ ਉਸ ਦੇ 38 ਸਾਲ ਪਤੀ ਰਵੀ ਸ਼ਾਹ ਸਮੇਂ ਸਿਰ ਅਪਰੇਸ਼ਨ ਕਰਾਉਣ ਦੀ ਵਿਵਸਥਾ ਕਰਨ ਲਈ ਜ਼ਮੀਨ ਅਸਮਾਨ ਇਕ ਕਰਨ ’ਚ ਇਕ ਮਹੀਨਾ ਖ਼ਰਚ ਕਰ ਚੁੱਕੇ ਹਨ। ਬੀਮਾ ਕੰਪਨੀ ਨੂੰ ਵਾਰ-ਵਾਰ ਈ-ਮੇਲ ਕਰਨ ’ਤੇ ਸ਼ਾਹ ਨੂੰ ਇਕ ਹੀ ਲਾਈਨ ਦੀ ਰਟੀ ਰਟਾਈ ਸਲਾਹ ਮਿਲੀ ਕਿ ਉਹ ਕਿਸੇ ਛੋਟੇ ਹਸਪਤਾਲ ਜਾਂ ਨਰਸਿੰਗ ਹੋਮ ’ਚ ਚਲੇ ਜਾਣ ਕਿਉਂਕਿ ਪੈਸੇ ਜਮ੍ਹਾਂ ਕਰਵਾਏ ਬਿਨਾਂ ਭਰਤੀ ਦੀ ਸਹੂਲਤ ਸਿਰਫ਼ ਛੋਟੇ ਹਸਪਤਾਲ ’ਚ ਹੀ ਮੁਹੱਈਆ ਹੈ। ਬੀਮਾ ਕੰਪਨੀ ਨੂੰ ਇਹ ਫੈਸਲਾ ਕਰਨ ਦਾ ਕੀ ਅਧਿਕਾਰ ਹੈ ਕਿ ਮਰੀਜ਼ ਇਲਾਜ ਕਰਾਉਣ ਕਿੱਥੇ ਜਾਵੇ। ਜਿਹੋ ਜਿਹੇ ਛੋਟੇ ਹਸਪਤਾਲ ਦਾ ਨਾਂ ਕੰਪਨੀ ਦਿੰਦੀ ਹੈ ਉਹਨਾਂ ਤੇ ਵਿਸਵਾਸ਼ ਪੈਦਾ ਨਹੀਂ ਹੁੰਦਾ। ਏਨਾ ਸਮਾਂ ਵੀ ਮਰੀਜ਼ ਕੋਲ ਨਹੀਂ ਹੁੰਦਾ ਕਿ ਉਹ ਵਾਰ-ਵਾਰ ਹਸਪਤਾਲ ਬਦਲਦਾ ਰਹੇ। ਸ਼ਾਹ ਤੇ ਉਸ ਵਰਗੇ ਝੰਜੋੜੇ ਹੋਏ ਹੋਰ ਕਈ ਖਪਤਕਾਰ ਕੁਝ ਚੋਟੀ ਦੇ ਹਸਪਤਾਲਾਂ ਪੈਸੇ ਜਮ੍ਹਾਂ ਕਰਵਾਏ ਬਿਨਾ ਭਰਤੀ ਹੋਣ ਦੀ ਸਹੂਲਤ ਤੋਂ ਬਿਨਾਂ ਕੋਈ ਪਹਿਲਾਂ ਸੂਚਨਾ ਦਿੱਤੇ ਵਾਪਸ ਲੈਣ ਸਬੰਧੀ ਚਾਰ ਸਰਕਾਰੀ ਬੀਮਾ ਕੰਪਨੀਆਂ ਖ਼ਿਲਾਫ ਕਾਨੂੰਨੀ ਕਾਰਵਾਈ ਕਰ ਲਈ ਵਿਚਾਰ ਕਰ ਰਹੇ ਹਨ। ਜਿਥੇ ਹਸਪਤਾਲਾਂ ਤੇ ਬੀਮਾ ਕੰਪਨੀਆਂ ਦੇ ਨਜ਼ਰੀਏ ਆਪਸ ’ਚ ਮੇਲ ਨਹੀਂ ਖਾਂਦੇ, ਉਥੇ ਖਪਤਕਾਰਾਂ ਨੇ ਬੜੀ ਬੇਰੁਖੀ ਨਾਲ ਇਹ ਸਬਕ ਲਿਆ ਹੈ ਕਿ ਜੇ ਹੁਣ ਉਹਨਾਂ ਦੇ ਨਾਲ ਕੋਈ ਇਲਾਜ ਦੀ ਦਿਕਤ ਆਉਂਦੀ ਹੈ ਤਾਂ ਉਸ ਨੂੰ ਜਾਂ ਤਾਂ ਉਸ ਹਸਪਤਾਲ ’ਚ ਜਾਣਾ ਚਾਹੀਦਾ ਹੈ ਜੋ ਉਸ ਦੀ ਬੀਮਾ ਕੰਪਨੀ ਦੇ ਪਸੰਸਦੀਦਾ ਨੈਟਵਰਕ (ਪੀ. ਪੀ. ਐਨ) ਦਾ ਹਿੱਸਾ ਹੋਣ ਜਾਂ ਫਿਰ ਜੇ ਉਹ ਚੰਗੇ ਹਸਪਤਾਲ ’ਚ ਇਲਾਜ ਕਰਵਾਉਣਾ ਚਾਹੁੰਦੇ ਹੋਣ ਤਾਂ ਆਪਣੀ ਜੇਬ ’ਚ ਪੈਸੇ ਕੱਢਣ।

ਇਕ ਚੋਟੀ ਦੀ ਹਸਪਤਾਲਾਂ ਦੀ ਲੜੀ ਦਾ ਦਾਅਵਾ ਹੈ ਕਿ ਉਹਨਾਂ ਨੂੰ ਜੁਲਾਈ ’ਚ ਇਕ ਬੀਮਾ ਕੰਪਨੀ ਦੀ ਤਰਫੋਂ ਇਕ ਚਿੱਠੀ ਮਿਲੀ ਸੀ ਕਿ ਹੁਣ ਉਹ ਹਸਪਤਾਲ ਕੰਪਨੀ ਦੇ ‘ਪੀ. ਪੀ. ਐਨ’ ਨੈਟਵਰਕ ਦਾ ਹਿੱਸਾ ਨਹੀਂ ਰਹੇ। ਨਿਊ ਇੰਡੀਆ ਇਸ਼ੋਰੈਸ ਕੰਪਨੀ ਦੇ ਸੀ. ਐਮ. ਡੀ. ਐਮ ਰਾਮਦਾਸ ਕਹਿੰਦੇ ਹਨ ਕਿ 14 ਜੁਲਾਈ ਨੂੰ ਉਹਨਾਂ ਨੇ ਇਕ ਪਬਲਿਕ ਨੋਟਿਸ ਜਾਰੀ ਕੀਤਾ ਸੀ ਅਤੇ ਅਖ਼ਬਾਰਾਂ ’ਚ ਇਸ਼ਤਿਹਾਰ ਦਿੱਤੇ ਸਨ ਤੇ ਇਹ ਸੂਚਨਾ ਉਹਨਾਂ ਦੀ ਵੈਬਸਾਈਟ ’ਤੇ ਅਤੇ ਥਰਡ ਪਾਰਟੀ ਪ੍ਰਸਾਸ਼ਕਾਂ (TPAS) ਕੋਲ ਵੀ ਮੁਹੱਈਆ ਹੈ। ਹਰ ਹਾਲਤ ’ਚ ਬੀਮਾ ਕਰਵਾਉਣ ਵਾਲਿਆਂ ਨੂੰ ਭਰਤੀ ਹੋਣ ਤੋਂ ਪਹਿਲਾਂ ਬੀਮੇ ਦੀ ਜ਼ਰੂਰਤ ਵਾਲੇ ਅਮਲ ਦੀ TPAS ਤੋਂ ਆਥਰੀਈਜ਼ੇਸ਼ਨ ਲੈਣੀ ਹੁੰਦੀ ਹੈ, ਉਹਨਾਂ ਨੂੰ ਇਹ

ਸੂਚਨਾ ਤਦ ਮਿਲ ਜਾਂਦੀ। ਭਾਰਤ 'ਚ ਸਿਹਤ ਸੇਵਾ ਬੀਮਾ ਦੇ ਕਰੀਬ 4 ਕਰੋੜ ਖਪਤਕਾਰ ਹਨ ਅਤੇ ਸਰਕਾਰੀ ਖੇਤਰ ਦੀਆਂ ਬੀਮਾ ਕੰਪਨੀਆਂ ਦੀ ਹਿੱਸੇਦਾਰੀ ਕਰੀਬ 50 ਫੀਸਦੀ ਹੈ। ਇਸ ਦਾ ਅਰਥ ਹੋਇਆ ਕਿ ਕਰੀਬ ਦੋ ਕਰੋੜ ਖਪਤਕਾਰ ਇਸ ਫੈਸਲੇ ਨਾਲ ਪ੍ਰਭਾਵਿਤ ਹੋਣਗੇ। ਦਿਲਚਸਪ ਗੱਲ ਇਹ ਹੈ ਕਿ ਜਿਥੇ ਬੀਮਾ ਕੰਪਨੀਆਂ ਦਾ ਦੋਸ਼ ਹੈ ਕਿ ਪੈਸਾ ਜਮ੍ਹਾਂ ਕੀਤੇ ਬਿਨਾਂ ਭਰਤੀ ਕਰਨ ਦੀ ਸਹੂਲਤ ਵਾਪਸ ਲੈਣ ਦੀ ਵਜ੍ਹਾ ਚੋਟੀ ਦੇ ਹਸਪਤਾਲਾਂ ਦੀ ਲੜੀਆਂ ਵਲੋਂ ਵਾਧੂ ਬਿੱਲ ਬਣਾਉਣਾ ਹੈ ਪਰ ਦੂਜੇ ਪਾਸੇ ਉਹਨਾਂ ਦੇ ਅਮੀਰ (ਕਾਰਪੋਰੇਟ) ਖਪਤਕਾਰਾਂ ਨੂੰ ਪੈਸਾ ਜਮ੍ਹਾਂ ਕਰਾਏ ਬਿਨਾਂ ਭਰਤੀ ਹੋਣ ਦੀ ਸਹੂਲਤ ਉਹਨਾਂ ਵੱਡੇ ਹਸਪਤਾਲਾਂ 'ਚ ਉਹਨਾਂ ਹੀ ਰੇਟਾਂ 'ਤੇ ਮਿਲਦੀ ਰਹੇਗੀ। ਅਪੋਲੋ ਹਸਪਤਾਲ ਦੇ ਵਾਈਸ ਪ੍ਰੈਜੀਡੈਂਟ (ਫਾਇਨਾਂਸ) ਪੀ ਸ਼ਿਵ ਕੁਮਾਰ ਇਸ ਦੀ ਪੁਸਟੀ ਕਰਦੇ ਹਨ ਹਾਂ ਅਸੀਂ ਕਾਰਪੋਰੇਟ (ਅਮੀਰਜਾਦੇ) ਖਪਤਕਾਰਾਂ ਲਈ ਹਸਪਤਾਲਾਂ ਦੇ ਉਹਨਾਂ ਦੇ ਨੈਟਵਰਕ ਦਾ ਹਿੱਸਾ ਹਾਂ ਪਰ ਪ੍ਰਚੂਨ (ਛੋਟੇ) ਖਪਤਕਾਰਾਂ ਲਈ ਨਹੀਂ। ਬੀਮਾ ਕੰਪਨੀਆਂ ਤੇ ਹਸਪਤਾਲਾਂ ਵਿਚਕਾਰ ਇਸ ਝਮੇਲੇ ਨਾਲ ਨਾ ਸਿਰਫ਼ ਆਮ ਖ਼ਪਤਕਾਰਾਂ ਲਈ ਕਠਿਨਾਈ ਪੈਦਾ ਹੋਈ ਹੈ ਬਲਕਿ ਆਮ ਗਰੀਬ ਖਪਤਕਾਰਾਂ ਦੇ ਮਨ 'ਚ ਕੰਪਨੀਆਂ ਵਲੋਂ ਸਮਝੌਤੇ ਸਮੇਂ ਕੀਤੇ ਜਾਂਦੇ ਵਾਅਦਿਆਂ ਸਬੰਧੀ ਸ਼ੱਕ ਵੀ ਪੈਦਾ ਹੋਇਆ ਹੈ। ਅਜਿਹਾ ਲੱਗਦਾ ਹੈ ਕਿ ਕੰਪਨੀਆਂ ਜਦੋਂ ਚਾਹੁਣ ਆਪਣੀ ਪਾਲਸੀ ਬਦਲ ਲੈਣਗੀਆਂ ਅਤੇ ਇਹ ਉਮੀਦ ਕਰਨਗੀਆਂ ਕਿ ਖਪਤਕਾਰ ਉਹਨਾਂ ਦੀ ਗੱਲ ਫੌਰਨ ਮੰਨੇ। ਜੇ ਖਪਤਕਾਰ ਨੂੰ ਕੀਤੇ ਵਾਅਦੇ ਅਨੁਸਾਰ ਇਲਾਜ ਦੀ ਸਹੂਲਤ ਨਹੀਂ ਮਿਲਦੀ ਤਾਂ ਖਪਤਕਾਰਾਂ ਵਲੋਂ ਦਿੱਤਾ ਪ੍ਰੀਮੀਅਰ ਉਹਨਾਂ ਨੂੰ ਵਾਪਸ ਕੀਤਾ ਜਾਵੇ। ਬੀਮਾ ਕੰਪਨੀਆਂ ਨੂੰ ਆਪਣੇ ਨੈਟਵਰਕ 'ਚ ਹਸਪਤਾਲ ਸ਼ਾਮਲ ਕਰਨ ਜਾਂ ਹਟਾਉਣ ਦੀ ਇਜਾਜ਼ਤ ਹੈ। ਇਸ ਲਈ ਬੀਮਾ ਕੰਪਨੀਆਂ ਕਹਿੰਦੀਆਂ ਹਨ ਕਿ ਉਹਨਾਂ ਨੇ ਕੋਈ ਕਨੂੰਨ ਨਹੀਂ ਤੋੜਿਆ ਹੈ। ਹੈਰਾਨੀ ਦੀ ਗੱਲ ਹੈ ਕਿ ਮੁੰਬਈ ਜਾਂ ਦਿੱਲੀ ਦਾ ਇਕ ਵੀ ਮਸ਼ਹੂਰ ਕਾਰਪੋਰੇਟ ਹਸਪਤਾਲ ਇਹਨਾਂ ਬੀਮਾ ਕੰਪਨੀਆਂ ਦੀ ਪੀ. ਪੀ. ਐਨ. ਸੂਚੀ 'ਚ ਸ਼ਾਮਲ ਨਹੀਂ ਹੈ ਅਪਰੇਸ਼ਨਾਂ ਦੇ 41 ਕੇਸਾਂ ਦਾ ਸਰਵੇਕਰਨ ਪਿਛੋਂ ਬੀਮਾ ਕੰਪਨੀਆਂ ਇਸ ਨਤੀਜੇ 'ਤੇ ਪੁੱਜੀਆਂ ਹਨ ਕਿ ਵੱਡੇ ਹਸਪਤਾਲ ਉਹਨਾਂ ਤੋਂ ਵੱਧ ਵਸੂਲੀ ਕਰਦੇ ਹਨ। ਸਿੱਟੇ ਵਜੋਂ ਉਹਨਾਂ ਨੇ ਇਹਨਾਂ ਅਪਰੇਸ਼ਨਾਂ ਦੇ ਰੇਟ ਤਹਿ ਕਰਨ ਦਾ ਫੈਸਲਾ ਕੀਤਾ 41 ਅਪਰੇਸ਼ਨਾਂ ਦੇ ਰੇਟ ਤਹਿ ਕੀਤੇ ਗਏ ਹਨ ਕੁਝ ਕਾਰਪੋਰੇਟ ਹਸਪਤਾਲਾਂ ਨੂੰ ਲੱਗਿਆ ਕਿ ਇਹ ਰੇਟ ਉਹਨਾਂ ਲਈ ਕਾਫੀ ਘੱਟ ਹਨ ਤੇ ਉਹਨਾਂ ਨੇ ਪੀ. ਪੀ. ਐਨ ਨੈਟਵਰਕ 'ਚੋਂ ਨਿਕਲਣ ਦਾ ਫੈਸਲਾ ਲੈ ਲਿਆ। ਰੇਟ ਤਹਿ ਕਰਨ ਦੀ ਕਾਢ ਬੀਮਾ ਕੰਪਨੀਆਂ ਨੇ ਸਿਰਫ਼ ਪ੍ਰਾਈਵੇਟ ਹਸਪਤਾਲਾਂ ਲਈ ਹੀ ਨਹੀਂ ਕੱਢੀ, ਗਰੀਬੀ ਦੇ ਰੇਖਾ ਤੋਂ ਹੇਠਾ ਰਹਿਣ ਵਾਲਿਆਂ ਲਈ ਕੌਮੀ ਸਿਹਤ ਬੀਮਾ ਯੋਜਨਾ ਤਹਿਤ ਸਰਕਾਰ ਇਹੀ ਕੰਮ ਕਈ ਸਾਲਾਂ ਤੋਂ ਕਰਦੀ ਆ ਰਹੀ ਹੈ ਇਸ ਦੇ ਤਹਿਤ 700 ਇਲਾਜ ਆਈਟਮਾਂ ਦੀ ਪਹਿਚਾਨ ਕਰਕੇ ਉਹਨਾਂ ਦਾ ਰੇਟ ਤਹਿ ਕੀਤਾ ਹੋਇਆ ਹੈ। ਚਾਰ ਬੀਮਾ ਕੰਪਨੀਆਂ ਵਲੋਂ ਕਰਵਾਏ ਸਰਵੇ ਤੋਂ ਪਤਾ ਲੱਗਿਆ ਹੈ ਕਿ ਲੈਪਰੋਸਕੋਪਿਕ ਹਿਸਟਰੈਕਟਮੀ ਲਈ ਮੁੰਬਈ ਦਾ ਇਕ ਹਸਪਤਾਲ 1.40 ਲੱਖ ਰੁਪਏ ਵਸੂਲ

ਕਰਦਾ ਹੈ ਜਦ ਕਿ ਇਕ ਛੋਟਾ ਹਸਪਤਾਲ ਉਸ ਅਪਰੇਸ਼ਨ ਦੇ 60 ਹਜ਼ਾਰ ਰੁਪਏ ਲੈਂਦਾ ਹੈ। ਬੀਮਾ ਕੰਪਨੀ ਦਾ ਕਹਿਣਾ ਹੈ ਕਿ ਜੇ ਉਸ ਤੋਂ ਵੀ ਛੋਟੇ ਹਸਪਤਾਲ 'ਚ ਜਾਈਏ ਤਾਂ ਲਾਗਤ 35000 ਰੁਪਏ ਹੀ ਬੈਠੇਗੀ ਪਰ ਇਸ ਸਰਵੇ ਨੂੰ ਉਦਯੋਗ ਦੀਆਂ ਸੰਸਥਾਵਾਂ, ਬੀਮਾ ਕਰਤਾਵਾਂ ਤੇ ਹਸਪਤਾਲ ਦੀ ਕਿਸੇ ਮੀਟਿੰਗ 'ਚ ਪੇਸ਼ ਨਹੀਂ ਕੀਤਾ ਗਿਆ। ਦੂਜੇ ਪਾਸੇ ਨਿੱਜੀ ਹਸਪਤਾਲਾਂ ਦਾ ਦੋਸ਼ ਹੈ ਕਿ ਬੀਮਾ ਕੰਪਨੀਆਂ ਚਾਹੁੰਦੀਆਂ ਸਨ ਕਿ ਉਹ ਆਪਣੀ ਫੀਸ ਅਸੰਭਵ ਰੇਟਾਂ ਤੱਕ ਘਟਾਵੇ। ਮੈਕਸ ਹਸਪਤਾਲ ਦੇ ਨਿਦੇਸ਼ਕ (ਫਾਇਨਾਂਸ) ਸੰਜੈ ਰਾਇ ਕਹਿੰਦੇ ਹਨ ਕਿ ਉਹਨਾਂ ਨੇ ਰੇਟ ਘਟਾਉਣ ਦੀ ਜੰਗ 'ਚ ਸ਼ਾਮਲ ਹੋਣ ਤੋਂ ਟਾਲਾ ਵੱਟਿਆ ਹੈ ਅਸੀਂ ਆਪਣੇ ਢਾਂਚੇ ਤੇ ਕਾਫੀ ਨਿਵੇਸ਼ ਕੀਤਾ ਹੈ ਇਸ ਲਈ ਦਰਾਂ ਘੱਟ ਨਹੀਂ ਕਰ ਸਕਦੇ। ਬੀਮਾ ਅਥਾਰਟੀ (ਇਰਡਾ) ਦੇ ਮੁੱਖੀ ਹਰੀ ਨਰਾਇਣ ਅਨੁਸਾਰ "ਜਿਨ੍ਹਾਂ ਖਪਤਕਾਰਾਂ ਦੇ ਦਾਅਵਿਆਂ ਦਾ ਪੁਨਰ ਭੁਗਤਾਨ ਕੀਤਾ ਜਾਂਦਾ ਹੈ, ਉਸ ਦੀ ਤੁਲਨਾ ਪੈਸੇ ਜਮ੍ਹਾਂ ਕੀਤੇ ਬਿਨਾਂ ਭਰਤੀ ਹੋਣ ਦੀ ਸਹੂਲਤ ਵਾਲੇ ਖਪਤਕਾਰਾਂ ਤੋਂ ਹਸਪਤਾਲ ਲਗਭਗ 50 ਫੀਸਦੀ ਵੱਧ ਪੈਸੇ ਵਸੂਲ ਰਹੇ ਸਨ ਇਸ ਲਈ ਬੀਮਾ ਕਰਤਾਵਾਂ ਨੇ ਉਹਨਾਂ ਤੋਂ ਆਪਣੀਆਂ ਦਰਾਂ ਘੱਟ ਕਰਨ ਨੂੰ ਕਿਹਾ।"

ਬੀਮਾ ਕੰਪਨੀਆਂ ਜਾਣਦੀਆਂ ਹਨ ਕਿ ਅਪੋਲੋ ਵਰਗੇ ਹਸਪਤਾਲ ਸਾਰੇ ਖਪਤਕਾਰਾਂ ਤੋਂ ਇੱਕ ਬਰਾਬਰ ਤੇ ਬਿਨਾਂ ਰਿਆਇਤ ਵਸੂਲੀ ਕਰਦੇ ਹਨ, ਇਸਦੇ ਬਾਵਜੂਦ ਇਸ ਹਸਪਤਾਲ ਨੂੰ ਬਹੁਤੀਆਂ ਬੀਮਾ ਕੰਪਨੀਆਂ ਦੀ ਸੂਚੀ ਤੋਂ ਬਾਹਰ ਕਰ ਦਿੱਤਾ ਗਿਆ ਹੈ। ਉਦਯੋਗ ਦੇ ਮਾਹਰਾਂ ਦਾ ਵਿਸਵਾਸ਼ ਹੈ ਕਿ ਕਰੀਬ 300 ਕਰੋੜ ਰੁਪਏ ਦਾ ਘਾਟਾ ਖਾ ਚੁੱਕੀਆਂ ਬੀਮਾ ਕੰਪਨੀਆਂ ਨੇ ਸਿਰਫ਼ ਪ੍ਰਚੂਨ ਖਪਤਕਾਰਾਂ ਨੂੰ ਬਲੀ ਦਾ ਬੱਕਰਾ ਬਣਾਉਣ ਦਾ ਫੈਸਲਾ ਕੀਤਾ ਹੈ ਕਿਉਂਕਿ ਉਹ ਕਾਰਪੋਰੇਟ ਗਾਹਕਾਂ ਨੂੰ ਨਾਰਾਜ਼ ਕਰਨ ਦਾ ਜੋਖ਼ਮ ਨਹੀਂ ਉਠਾ ਸਕਦੀਆਂ ਸਨ। ਇਸ ਦੀ ਮੂਲ ਵਜ੍ਹਾ 2006 ਵਿੱਚ ਦਰਾਂ ਦਾ ਨਿਰਧਾਰਣ ਖ਼ਤਮ ਹੋਣ ਪਿਛੋਂ ਤੋਂ ਆਮ ਬੀਮੇ ਦੇ ਖੇਤਰ 'ਚ ਮੱਚੀ ਹੋੜ ਹੈ। ਪੂਰੇ ਗਰੁੱਪ ਦਾ ਕੰਮਕਾਜ ਹਾਸਿਲ ਕਰਨ ਦੀ ਕੋਸ਼ਿਸ਼ ਵਿੱਚ ਬੀਮਾ ਕੰਪਨੀਆਂ ਨੇ ਆਪਣੇ ਕਾਰਪੋਰੇਟ ਗਾਹਕਾਂ ਨੂੰ ਸਿਹਤ ਬੀਮੇ ਨੂੰ ਆਮ ਬੀਮਾ ਦੀਆਂ ਵਸਤਾਂ ਦੇ ਨਾਲ-ਨਾਲ ਨੱਥੀ ਕਰਕੇ ਦੇਣਾ ਸ਼ੁਰੂ ਕੀਤਾ। ਇਹ ਦੇਖਦੇ ਹੋਇਆ ਅੱਗ ਲੱਗਣ ਨਾਲ ਸੰਪਤੀ ਨੂੰ ਹਰਜਾ ਪਹੁੰਚਣ ਦੇ ਬੀਮੇ ਦੇ ਦਾਅਵੇ ਘੱਟ ਹੀ ਹੁੰਦੇ ਹਨ। ਕੰਪਨੀਆਂ ਸਿਹਤ ਬੀਮਿਆਂ ਨੂੰ ਕੌਡੀਆਂ ਦੇ ਭਾਅ ਦੇਣਾ ਬਰਦਾਸ਼ਿਤ ਕਰ ਸਕਦੀਆਂ ਹਨ। ਪਰ ਜਦ ਹੋੜ ਵੱਧ ਗਈ ਤਾਂ ਕੰਪਨੀਆਂ ਨੇ ਇਕ ਦੂਜੇ ਤੋਂ ਘੱਟ ਕੀਮਤ ਮੰਗਣੀ ਸ਼ੁਰੂ ਕਰ ਦਿੱਤੀ ਇਸ ਕਾਰਨ ਦਾਅਵੇ ਵਧ ਗਏ ਅਤੇ ਪ੍ਰੀਮੀਅਮ ਘੱਟ ਹੁੰਦੇ ਗਏ। ਘਾਟੇ ਦਾ ਸਾਹਮਣਾ ਕਰਨ ਤੇ ਚਾਰ ਵੱਡੀਆਂ ਸਰਕਾਰੀ ਬੀਮਾ ਕੰਪਨੀਆਂ ਨੇ ਜੋ ਸਿਹਤ ਬੀਮੇ ਦੇ 8000 ਕਰੋੜ ਰੁਪਏ ਦੇ ਬਾਜ਼ਾਰ 'ਚ ਲਗਭਗ 50-60 ਫੀਸਦੀ 'ਤੇ ਕੰਟਰੋਲ ਰੱਖਦੀਆਂ ਹਨ। ਇਸ ਬਾਰੇ ਵਿਚਾਰ ਕਰਨਾ ਸ਼ੁਰੂ ਕੀਤਾ ਕਿ ਸੀਮਤ ਨਕਦੀ ਰਹਿਤ ਸਹੂਲਤ ਸਿਰਫ਼ ਉਹਨਾਂ ਹਸਪਤਾਲਾਂ ਨੂੰ ਦਿੱਤੀ ਜਾਵੇ ਜੋ ਕੁਝ ਵਿਸ਼ੇਸ਼ ਰੋਗਾਂ ਤੇ ਖਾਸ ਪੈਕੇਜ ਦੇਣ ਲਈ ਸਹਿਮਤ ਹੋਣ। ਇਸ ਤੋਂ ਇਲਾਵਾ ਹਸਪਤਾਲਾਂ ਨੂੰ ਆਪਣੇ ਨੈਟਵਰਕ 'ਚ ਸ਼ਾਮਲ ਕਰਨ ਲਈ ਇਹਨਾਂ ਕੰਪਨੀਆਂ ਨੇ ਕੋਈ

ਕਲੀਨੀਕਲ ਅਮਲ ਵੀ ਨਹੀਂ ਅਪਣਾਇਆ ਸੀ, ਇਸ ਦਾ ਇਕ ਕਾਰਣ ਇਸ ਖੇਤਰ ਦੀ ਜਾਣਕਾਰੀ ਦੀ ਕਮੀ ਹੋਣਾ ਵੀ ਹੈ। ਸ਼ੁੱਧ ਸਿਹਤ ਬੀਮਾ ਖੇਤਰ ਦੀਆਂ ਕੰਪਨੀਆਂ ਵਿਸਵਾਸ਼ ਕਰਦੀਆਂ ਹਨ ਕਿ ਸਿਹਤ ਬੀਮੇ ਦਾ ਕਾਰੋਬਾਰ 25 ਫੀਸਦੀ ਸਲਾਨਾ ਦਰ ਨਾਲ ਵਧ ਰਿਹਾ ਹੈ ਅਤੇ ਇਹ ਜਾਹਰਾ ਤੌਰ 'ਤੇ ਉਨਾ ਅਸੰਭਵ ਨਹੀਂ ਹੈ, ਮੈਕਸ ਬੁਪਾ ਤੇ ਅਪੋਲੋ ਮਿਊਨਿਖ ਹੈਲਥ ਇੰਸੋਰੈਂਸ ਵਰਗੇ ਨਿੱਜੀ ਸਿਹਤ ਬੀਮਾ ਕਰਤਾ ਦਾਅਵਾ ਕਰਦੇ ਹਨ ਕਿ ਉਹ ਹਸਪਤਾਲਾਂ ਨਾਲ ਸਿੱਧਾ ਗਠਜੋੜ ਕਰਦੇ ਹਨ। ਅਪੋਲੋ ਮਿਊ ਨਿਖ ਹੈਲਥ ਇੰਸੋਰੈਂਸ ਸੀ. ਈ. ਓ. ਇੰਥਨੀ ਜੈਕਬ ਸਪਸ਼ਟ ਕਰਦੇ ਹਨ ਕਿ "ਉਹਨਾਂ ਦੇ ਨੈਟਵਰਕ 'ਚ 4000 ਹਸਪਤਾਲ ਹਨ ਘਾਟੇ ਦੇ ਸਾਡੇ ਅਨੁਪਾਤ ਸਾਡੇ ਟੀਚਿਆਂ ਦੇ ਦਾਇਰੇ ਦੇ ਅੰਦਰ ਹੀ ਹਨ, ਉਹ ਕੈਸ਼ਲੈਸ ਸਹੂਲਤਾਂ ਦਿੰਦੇ ਹਨ"।

ਇਸ ਝਗੜੇ ਦਾ ਸਭ ਤੋਂ ਵੱਡਾ ਨੁਕਸਾਨ ਇਹ ਵੀ ਹੋ ਸਕਦਾ ਹੈ ਕਿ ਬੀਮਾ ਕਰਾਉਣ ਵਾਲੇ ਮਰੀਜ਼ਾਂ ਨੂੰ ਉਸ ਹਸਪਤਾਲ 'ਚ ਘਟੀਆ ਪੱਧਰ ਦੀਆਂ ਸਹੂਲਤਾਂ ਦਿੱਤੀਆਂ ਜਾਣ, ਅਸਲ 'ਚ ਕਾਰਪੋਰੇਟ ਖਪਤਕਾਰਾਂ ਦੇ ਨਾਲ ਇਹ ਸ਼ੁਰੂ ਵੀ ਹੋ ਚੁੱਕਿਆ ਹੈ, ਬੀਮਾ ਕੰਪਨੀਆਂ ਨੇ ਆਪਣੇ ਬਟੂਏ ਖੋਹਲਣ 'ਚ ਆਪਣਾ ਹੱਥ ਰੋਕਣਾ ਸ਼ੁਰੂ ਕਰ ਦਿੱਤਾ ਹੈ ਅਤੇ ਮਰੀਜ਼ਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਅਪਰੇਸ਼ਨ ਦੇ ਖ਼ਰਚ ਤੇ ਕਮਰੇ ਨੂੰ ਛੱਡ ਕੇ ਲਗਭਗ ਹਰ ਚੀਜ਼ ਦਾ ਭੁਗਤਾਨ ਖ਼ੁਦ ਕਰਨ। ਦੂਜੇ ਬਾਜ਼ਾਰਾਂ 'ਚ ਸਹਿ-ਭੁਗਤਾਨ ਦਾ ਸਿਧਾਂਤ ਚੱਲਦਾ ਹੈ ਜਿਸ 'ਚ ਇਕ ਖਪਤਕਾਰ ਕਿਸੇ ਵੱਡੇ ਹਸਪਤਾਲ 'ਚ ਸਹੂਲਤਾਂ ਲੈਣ ਲਈ ਵੱਧ ਪ੍ਰੀਮੀਅਮ ਦਿੰਦਾ ਹੈ ਹਾਲਾਂਕਿ ਭਾਰਤ 'ਚ ਇਹ ਸਿਧਾਂਤ ਨਹੀਂ ਹੈ ਬੀਮਾ ਕਰਤਾ ਇਸ ਬਾਰੇ ਸੋਚ ਵੀ ਨਹੀਂ ਰਹੇ ਹਨ। ਕੰਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ (ਸੀ. ਆਈ. ਆਈ) ਵਿਵਾਦ ਦਾ ਹੱਲ ਕੱਢਣ ਲਈ ਦੋਨਾਂ ਧਿਰਾਂ ਨਾਲ ਗੱਲ ਕਰ ਰਹੀ ਹੈ। ਐਕਸੈਸ ਬਿਲਟੀ ਤੇ ਸੀ ਆਈ ਆਈ ਦੀ ਉਪਸੰਮਤੀ ਦੇ ਮੁਖੀ ਏ ਵੈਧੀਸ਼ ਕਹਿੰਦੇ ਹਨ "ਝਮੇਲਾ ਇਕ ਮਹੀਨੇ 'ਚ ਸੁਲਝਾਇਆ ਜਾ ਸਕਦਾ ਹੈ, ਨਿੱਜੀ ਹਸਪਤਾਲਾਂ ਨਾਲ ਗੱਲਬਾਤ ਲਈ 90 ਦਿਨ ਦੀ ਮੋਹਲਤ ਮੰਗੀ ਹੈ ਅਤੇ ਉਹ ਚਾਹੁੰਦੇ ਹਨ ਕਿ ਇਸ ਦੌਰਾਨ ਬਿਨਾਂ ਨਕਦੀ ਦੇ ਭਰਤੀ ਦੀ ਸਹੂਲਤ ਬਰਕਰਾਰ ਰੱਖੀ ਜਾਵੇ।"

ਫਿਲਹਾਲ ਪ੍ਰਚੂਨ ਖਪਤਕਾਰਾਂ ਪਾਸ ਜਾਂ ਤਾਂ ਆਪਣੇ ਇਲਾਜ ਦਾ ਖ਼ਰਚ ਆਪਣੀ ਜੇਬ 'ਚੋਂ ਕਰਨ ਅਤੇ ਫਿਰ ਪਿਛੋਂ ਬੀਮਾ ਕਰਨ ਵਾਲਿਆਂ ਤੋਂ ਉਹਨਾਂ ਦੇ ਪੁਨਰ ਭੁਗਤਾਨ ਦੀ ਮੰਗ ਕਰਨ ਦਾ ਬਦਲ ਹੈ ਜਾਂ ਫਿਰ ਆਪਣੀ ਸਿਹਤ ਦੇਖਭਾਗ ਲੋੜਾਂ ਲਈ ਦੂਜੇ ਤੇ ਤੀਜੇ ਨੰਬਰ ਦੇ ਸੇਵਾ ਮੁਹੱਈਆ ਕਰਨ ਵਾਲਿਆਂ ਕੋਲ ਜਾਣ ਦਾ ਬਦਲ ਹੈ। ਬੀਮਾ ਕੰਪਨੀਆਂ ਕਰਦੀਆਂ ਸਭ ਘਾਲਾਮਾਲਾ ਹੀ ਹਨ। ਆਮ ਗਾਹਕ ਠੱਗਿਆ ਮਹਿਸੂਸ ਕਰਦਾ ਹੈ।

# ਹੈਪੇਟਾਈਟਸ-ਸੀ ਦੀ ਬੀਮਾਰੀ ਹੈ ਕੀ?

ਹੈਪਾਟਾਈਟਸ-ਸੀ ਇਕ ਵਾਇਰਸ ਹੈ ਜੋ ਜਿਗਰ ਦਾ ਵਿਨਾਸ਼ ਕਰਦਾ ਹੈ। ਇਹ ਰੋਗ ਪੂਰੀ ਦੁਨੀਆਂ 'ਚ ਲਗਭਗ 17 ਕਰੋੜ ਲੋਕਾਂ ਨੂੰ ਹੈ ਜਦ ਕਿ ਭਾਰਤ 'ਚ ਇਸ ਰੋਗ ਨਾਲ 1.4 ਕਰੋੜ ਲੋਕ ਇਸਦੀ ਮਾਰ ਹੇਠ ਹੈ। ਇਹ ਰੋਗ ਐਚ ਆਈ. ਵੀ. ਦੀ ਲਾਗ ਤੋਂ ਵੀ ਵੱਧ ਆਮ ਪਾਇਆ ਜਾਂਦਾ ਹੈ। ਹਰ ਸਾਲ ਹੈਪੇਟਾਈਟਸ-ਸੀ ਦੀ ਲਾਗ (ਇਨਫੈਕਸ਼ਨ) ਦੇ ਲਗਭਗ 35000 ਨਵੇਂ ਕੇਸ ਨਿਕਲਦੇ ਹਨ। ਇਸ ਘਾਤਕ ਰੋਗ ਨਾਲ ਸਲਾਨਾ 8000 ਤੋਂ 10000 ਲੋਕਾਂ ਦੀ ਮੌਤ ਵੀ ਹੋ ਜਾਂਦੀ ਹੈ। ਜਦੋਂ ਬੰਦਾ ਹੈਪੇਟਾਈਟਸ-ਸੀ (ਏਚ ਸੀ ਵੀ) ਦੀ ਇਨਫੈਕਸ਼ਨ ਨਾਲ ਪ੍ਰਭਾਵਿਤ ਹੁੰਦਾ ਹੈ ਤਾਂ ਜਿਗਰ ਦੇ ਸੈਲਾਂ 'ਚ ਵਾਇਰਸ ਦਾਖਲ ਹੋ ਜਾਂਦਾ ਹੈ ਅਤੇ ਵਧਣ ਫੁਲਣ ਲਈ ਉਨ੍ਹਾਂ ਸੈੱਲਾਂ ਨੂੰ ਫੈਕਟਰੀ ਵਜੋਂ ਵਰਤਦਾ ਹੈ ਇਹ ਨਵੇਂ ਪੈਦਾ ਹੋਏ ਵਾਈਰਸ ਹੋਰਾਂ ਲਿਵਰ ਸੈਲਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ, ਅੱਗੇ ਇਹ ਚੱਕਰ ਦੁਹਰਾਇਆ ਜਾਂਦਾ ਰਹਿੰਦਾ ਹੈ। 15 ਫੀਸਦੀ ਕੇਸਾਂ 'ਚ HCV (ਹੈਪੇਟਾਈਟਸ-ਸੀ) ਦੀ ਲਾਗ ਗੰਭੀਰ ਕਿਸਮ ਦੀ ਹੁੰਦੀ ਹੈ। ਇਹ ਲਾਗ 6 ਮਹੀਨਿਆਂ ਤੋਂ ਵੀ ਘੱਟ ਸਮੇਂ ਲਈ ਹੁੰਦੀ ਹੈ ਅਤੇ ਫਿਰ ਸਰੀਰ ਵਲੋਂ ਸਾਫ਼ ਕਰ ਦਿੱਤੀ ਜਾਂਦੀ ਹੈ। ਬਦਕਿਸਮਤੀ ਨਾਲ 85 ਫੀਸਦੀ ਦੇਸ਼ਾਂ 'ਚ ਲਾਗ ਚਿਰ ਕਾਲੀਨ (ਕਰੋਨਿਕ) ਬਣ ਜਾਂਦੀ ਹੈ ਯਾਨੀ 6 ਮਹੀਨੇ ਤੋਂ ਵੱਧ (ਕਈ ਵਾਰ ਉਮਰ ਭਰ) ਸਮੇਂ ਲਈ ਇਹ ਵਾਇਰਸ ਜਿਗਰ 'ਚ ਰਹਿੰਦਾ ਹੈ। ਹੌਲੀ-ਹੌਲੀ ਕਈ ਸਾਲਾਂ ਤੱਕ ਇਹ ਜਿਗਰ ਨੂੰ ਘੁਣ ਵਾਂਗ ਖਾਈ ਜਾਂਦਾ ਹੈ। ਇਸ ਕਰਕੇ ਐਚ ਸੀ. ਵੀ. ਦੇ ਵਾਇਰਸ ਤੋਂ ਪੀੜਤ ਕਈ ਮਰੀਜ਼ ਕੋਈ ਵੀ ਲੱਛਣ ਮਹਿਸੂਸ ਨਹੀਂ ਕਰਦੇ। ਸਮੇਂ ਦੇ ਨਾਲ ਜਿਗਰ ਦੇ ਵਿਗਾੜ ਕਰਕੇ ਗੰਭੀਰ ਸਿੱਟੇ ਨਿਕਲ ਸਕਦੇ ਹਨ ਜਿਸ ਵਿੱਚ ਜਿਗਰ ਦਾ ਸੁੰਗੜਨਾ (ਸਿਰੋਸਿਸ) ਭਾਵ ਜਿਗਰ 'ਤੇ ਫਾਇਬਰੋਸਿਸ ਦੇ ਦਾਗ ਪੈਣੇ। ਆਖਰ ਨੂੰ ਜਿਗਰ ਦੀ ਗੰਭੀਰ ਬਿਮਾਰੀ ਅਤੇ ਜਿਗਰ ਦਾ ਕੈਂਸਰ ਸ਼ਾਮਲ ਹਨ।

ਹੈਪੇਟਾਈਟਸ-ਸੀ ਦਾ ਵਾਇਰਸ ਕਈ ਜੀਨੋ ਟਾਈਪ ਦਾ ਹੁੰਦਾ ਹੈ ਅਣਗਣਿਤ ਉਪ-ਕਿਸਮਾਂ ਸਮੇਤ ਹੈਪੇਟਾਈਟਸ-ਸੀ ਦੇ ਵੱਖ-ਵੱਖ ਜੀਨੋਟਾਈਪ ਹਨ। ਵੱਖ-ਵੱਖ ਕਿਸਮਾਂ ਕਿੰਨੀਆਂ ਆਮ ਹਨ, ਇੱਕ ਹਰ ਦੇਸ਼ 'ਚ ਵੱਖੋ-ਵੱਖਰਾ ਹੁੰਦਾ ਹੈ। ਯੂਰਪ, ਬ੍ਰਿਟੇਨ, ਏਸ਼ੀਆ ਤੇ ਅਮਰੀਕਾ 'ਚ ਕਿਸਮਾ 1, 2, 3, ਸਭ ਤੋਂ ਆਮ ਹਨ। ਉਪ ਕਿਸਮਾਂ ਨੂੰ ਏ. ਬੀ. ਸੀ. ਕਿਹਾ ਜਾਂਦਾ ਹੈ। ਦੁਬਾਰਾ ਕਿਸੇ ਹੋਰ ਜੀਨੋ ਟਾਈਪ ਤੋਂ ਲਾਗੂ ਹੋਣਾ ਜਾਂ ਇਕੋ ਕਿਸਮ ਦੇ ਦੋ ਜੀਨੋ ਟਾਈਪਸ ਤੋਂ ਲਾਗ ਹੋਣਾ ਵੀ ਸੰਭਵ ਹੈ। ਭਾਰਤ 'ਚ ਜੀਨੋ ਟਾਈਪ ਦੋ ਤੇ ਤਿੰਨ ਆਮ ਹਨ।

ਹੈਪੇਟਾਈਟਸ-ਸੀ ਲੱਭਣ ਲਈ ਖ਼ੂਨ ਦੀ ਜਾਂਚ ਕੀਤੀ ਜਾਂਦੀ ਹੈ। ਐਂਟੀ ਐਚ. ਸੀ. ਵੀ. (ਹੈਪੇਟਾਈਟਸ ਐਂਟੀ ਬਾਡੀ) ਜਾਂਚ ਹੈ ਹੈਪੇਟਾਈਟਸ-ਸੀ ਦੇ

ਵਾਇਰਸ ਦੇ ਉਹਨਾਂ ਐਂਟੀਬਾਡੀਜ਼ ਦੀ ਖੋਜ ਕਰਦੀ ਹੈ ਜੋ ਵਾਇਰਸ ਵੱਲ ਪ੍ਰਤੀਕ੍ਰਿਆ 'ਚ ਸਰੀਰ ਦੀ ਰੋਗ ਨਾਸ਼ਕ ਪ੍ਰਣਾਲੀ ਵਲੋਂ ਪੈਦਾ ਕੀਤੀਆਂ ਜਾਂਦੀਆਂ ਹਨ। ਇਹ ਜਾਂਚ ਦੋ ਤਰੀਕਿਆਂ ਨਾਲ ਕੀਤੀ ਜਾਂਦੀ ਹੈ (ਐਂਟੀ HCV-ELISA-3) ਜਾਂ ਰੀਬਾਂ (ਰੀਕੋਮਬਿਨੈਂਟ ਇਮਯੂਨੋਬਲੋਟ ਐਸੇ) ਇਹ ਟੈਸਟ ਸਕਾਰਤਾਮਕ (ਪੌਜੇਟਿਵ) ਨਤੀਜਾ ਦਰਸਾਉਂਦਾ ਹੈ ਕਿ ਬੰਦਾ ਕਿਸੇ ਸਮੇਂ ਵਾਇਰਲ ਵੱਲ ਪ੍ਰਗਟ ਹੋਇਆ ਹੈ। ਇਸ ਵਿੱਚ ਇਹ ਪਤਾ ਨਹੀਂ ਲੱਗਦਾ ਕਿ ਕੀ ਵਾਇਰਸ ਹੁਣ ਵੀ ਮੌਜੂਦ ਹੈ ਜਾਂ ਇਹ ਕਿ ਬੰਦਾ ਰੋਗ ਸੰਚਾਰੀ ਹੈ ਜਾਂ ਨਹੀਂ। ਖ਼ੂਨ 'ਚ ਵਾਇਰਸ ਲੱਭਣ ਲਈ ਹੈਪੇਟਾਈਸ-ਸੀ PCR(HCV-RNA) ਖ਼ੂਨ ਦੀਆਂ ਹੋਰ ਜਾਂਚਾਂ ਜੋ ਨਿਰੰਤਰ ਲਾਗ ਲੱਭਣ ਲਈ ਕੀਤੀਆਂ ਜਾਂਦੀਆਂ ਹਨ। PCR ਇਸ ਜਾਂਚ ਲਈ ਵਰਤੀ ਜਾਣ ਵਾਲੀ ਤਕਨੀਕ ਹੈ। ਇਹ ਖ਼ੂਨ 'ਚ HCV ਦੀ ਮੌਜੂਦਗੀ ਦਾ ਪਤਾ ਲਾਉਂਦੀ ਹੈ ਅਤੇ ਖ਼ੂਨ 'ਚ ਵਾਇਰਸ ਦੀ ਮਾਤਰਾ ਵੀ ਨਿਰਧਾਰਿਤ ਕਰਦੀ ਹੈ।

ਜਿਨੋਟਾਈਪਿੰਗ - ਨਿਰਧਾਰਿਤ ਕਰਨ ਲਈ ਹੈਪਾਟਾਈਟਸ-ਸੀ ਵਾਇਰਸ ਲਈ ਜਾਂਚ ਦੇ ਪੋਜ਼ਿਟਿਵ ਨਤੀਜੇ ਵਾਲੇ ਲੋਕਾਂ ਦੀ ਖ਼ੂਨ ਦੀ ਜੀਨੋ-ਟਾਈਪਿੰਗ ਜਾਂਚ ਕੀਤੀ ਜਾਂਦੀ ਹੈ ਕਿ ਉਹਨਾਂ 'ਚ ਕਿਸ ਕਿਸਮ ਦਾ ਹੈਪਾਟਾਈਟਸ-ਸੀ ਵਾਇਰਸ ਮੌਜੂਦ ਹੈ। 50 ਉਪ ਕਿਸਮਾਂ ਸਮੇਤ HCV ਦੇ 6 ਵੱਖਰੇ ਜੀਨੋਟਾਈਪ ਹੁੰਦੇ ਹਨ। ਬੀਮਾਰੀਆਂ ਦੀਆਂ ਵੱਖ-ਵੱਖ ਸ਼ੈਲੀਆਂ ਲਈ ਵੱਖੋ-ਵੱਖਰੇ ਜੀਨੋਟਾਈਪ ਪ੍ਰਗਟ ਨਹੀਂ ਹੁੰਦੇ ਪਰ ਇਲਾਜ ਵੱਲ ਪ੍ਰਤੀਕ੍ਰਿਆ 'ਚ ਉਹ ਵੱਖਰੇ ਹੁੰਦੇ ਹਨ। ਜੀਨੋਟਾਈਪ-1 ਸਭ ਤੋਂ ਵੱਧ ਵਿਰੋਧੀ ਹੁੰਦਾ ਹੈ। ਜੀਨੋਟਾਈਪ 2 ਅਤੇ 3 ਦੇ ਮਰੀਜ਼ਾਂ ਦੀ ਇਲਾਜ ਵੱਲ ਚੰਗੀ ਪ੍ਰਤੀਕ੍ਰਿਆ ਹੁੰਦੀ ਹੈ।

ਹੈਪੇਟਾਈਟਸ-ਸੀ ਦਾ ਇਲਾਜ ਕਿਸੇ ਮਾਹਰ ਡਾਕਟਰ ਦੀ ਨਿਗਰਾਨੀ ਹੇਠ ਹੀ ਲਿਆ ਜਾਣਾ ਚਾਹੀਦਾ ਹੈ। ਹੈਪੇਟਾਈਟਸ-ਸੀ ਲਈ ਮੁਹੱਈਆ ਦਵਾਈਆਂ ਬਾਰੇ ਰਾਇ ਹਮੇਸ਼ਾ ਆਪਣੇ ਭਰੋਸੇਮੰਦ ਡਾਕਟਰ ਨਾਲ ਹੀ ਕਰੋ ਜਦੋਂ ਤੱਕ ਤੁਹਾਡੇ ਸਰੀਰ ਨੇ ਆਪਣੇ ਆਪ ਹੈਪੇਟਾਈਟਸ-ਸੀ ਦਾ ਮੁਕਾਬਲਾ ਨਾ ਕੀਤਾ ਹੋਵੇ ਜੋ ਲਗਭਗ 15 ਫੀਸਦੀ ਕੇਸਾਂ 'ਚ ਹੁੰਦਾ ਹੈ ਤਾਂ ਹੋ ਸਕਦਾ ਹੈ ਕਿ ਚਿਰਕਾਲੀਨ ਹੈਪੇਟਾਈਟਸ-ਸੀ, ਨੂੰ ਕਾਬੂ ਕਰਨ ਲਈ ਇਲਾਜ ਦੀ ਲੋੜ ਹੋਵੇ। ਕਈ ਵਾਰ ਇਲਾਜ ਕਾਰਗਰ ਹੋਣ 'ਚ ਵੱਧ ਸਮਾਂ ਲੱਗਦਾ ਹੈ ਅਤੇ ਕਈ ਵਾਰ ਹੋ ਸਕਦਾ ਹੈ ਕਿ ਇਹ ਕਾਰਗਰ ਨਾ ਵੀ ਹੋਵੇ ਪਰ ਕਿਉਂਕਿ ਸਮੇਂ ਦੇ ਨਾਲ ਇਹ ਬੀਮਾਰੀ ਵਿਗੜ ਸਕਦੀ ਹੈ, ਡਾਕਟਰ ਤੋਂ ਸਹੀ ਇਲਾਜ ਤੇ ਦੇਖਭਾਲ ਹਾਸਲ ਕਰਨਾ ਬਹੁਤ ਮਹੱਤਵਪੂਰਨ ਹੈ। ਚਿਰਕਾਲੀਨ ਹੈਪੇਟਾਈਟਸ-ਸੀ ਦੇ ਇਲਾਜ ਦਾ ਮਕਸਦ ਖ਼ੂਨ 'ਚ ਵਾਇਰਸ ਦੀ ਮਾਤਰਾ ਨੂੰ ਘਟਾਉਣਾ ਤੇ ਸਿਰ ਹੋਸਿਸ (ਜਿਗਰ ਫੇਲ੍ਹ ਹੋਣ ਦੀ ਬੀਮਾਰੀ) ਅਤੇ ਦੂਜੀਆਂ ਉਲਝਣਾਂ ਤੋਂ ਬਚਣ ਲਈ ਬੀਮਾਰੀ ਦੀ ਪ੍ਰਗਤੀ ਨੂੰ ਹੌਲੀ ਕਰਨਾ ਹੈ। ਚਿਰਕਾਲੀਨ (Chronic) ਹੈਪੇਟਾਈਟਸ ਦੇ ਇਲਾਜ ਲਈ ਉਪਲੱਭਦ ਸਭ ਮੌਜੂਦਾ ਇਲਾਜ ਅਲਫਾ ਇੰਟਰਫੇਰੋਨਸ ਦੇ ਸਮੂਹ ਦੀ ਕ੍ਰਿਆ 'ਤੇ ਅਧਾਰਤ ਹਨ। ਇੰਟਰਫੇਰੋਨਸ ਕੁਦਰਤੀ ਤੌਰ 'ਤੇ ਸਰੀਰ 'ਚ ਪੈਦਾ ਹੋਣ ਵਾਲੇ ਪ੍ਰੋਟੀਨ ਹੁੰਦੇ ਹਨ। ਉਹ ਮਨੁੱਖ ਵਲੋਂ ਵੀ ਬਣਾਏ ਜਾ ਸਕਦੇ ਹਨ ਅਤੇ ਲੋਕਾਂ 'ਚ ਇੰਟਰਫੇਰੋਨ ਦੀ ਸਪਲਾਈ ਵਧਾਉਣ ਲਈ ਇਹ ਟੀਕੇ ਰਾਹੀਂ ਲਾਏ ਜਾ ਸਕਦੇ

ਹਨ ਇੰਟਰਫੇਰੋਨ ਇਲਾਜ ਨੂੰ ਜੀਵ ਵਿਗਿਆਨੀ ਇਲਾਜ ਕਿਹਾ ਜਾਂਦਾ ਹੈ ਕਿਉਂਕਿ ਇਹ ਸਰੀਰ ’ਚ ਪੈਦਾ ਹੋਣ ਵਾਲੇ ਪਦਾਰਥ ਦੀ ਵਰਤੋਂ ਕਰਦਾ ਹੈ ਇਸ ਦੀ ਸੰਭਾਵਨਾ ਵਧਾਉਂਦੇ ਹੋਏ ਕਿ ਇਕ ਬਾਹਰੀ ਤੱਤ ਵਜੋਂ ਵਾਇਰਸ ਨੂੰ ਪਛਾਣਿਆ ਜਾਵੇਗਾ ਤੇ ਰੋਗ-ਨਾਸ਼ਕ ਪ੍ਰਣਾਲੀ ਦੀਆਂ ਵਿਸ਼ੇਸ ਕੋਸ਼ਕਾਵਾਂ (ਸੈਲਾਂ) ਵਲੋਂ ਉਸ ’ਤੇ ਹਮਲਾ ਕੀਤਾ ਜਾਵੇਗਾ, ਇੰਟਰਫਿਰੋਨਸ ਕੰਮ ਕਰਨ ’ਚ ਸਰੀਰ ਦੀ ਰੋਗ-ਨਾਸ਼ਕ ਪ੍ਰਣਾਲੀ ਦੀ ਮਦਦ ਕਰਦੇ ਹਨ। ਇੰਟਰਫਿਰੋਨਸ ਚਮੜੀ ਦੇ ਹੇਠਲੇ ਹਿੱਸੇ ਭਾਵ ਚਮੜੀ ਦੇ ਥੱਲੇ (Sub cutaneous) ਦਿੱਤਾ ਜਾਣਾ ਚਾਹੀਦਾ ਹੈ। ਟੀਕੇ 24 ਤੋਂ 48 ਹਫਤਿਆਂ ਲਈ ਹਰ ਹਫਤੇ ਦਿੱਤੇ ਜਾਣੇ ਚਾਹੀਦੇ ਹਨ। ਹੁਣ ਪੇਗਾਇਲੇਟਿਡ ਅਲਫਾ ਇੰਟਰਫੈਰੋਨਸ ਉਪਲੱਭਦ ਹਨ। ਉਹ ਸਰੀਰ ’ਚ ਕੁਝ ਵੱਖਰੇ ਢੰਗ ਨਾਲ ਕੰਮ ਕਰਦੇ ਹਨ। ਮੌਜੂਦਾ ਤਜ਼ਰਬਾ ਇਹ ਦਰਸਾਉਂਦਾ ਹੈ ਕਿ ਦਵਾਈਆਂ ਦਾ ਇਕ ਮੇਲ (ਪੈਰਾ ਇੰਟਰਫੇਰੋਨਸ + ਰਿਬਾਵਾਰਿਨ) ਪ੍ਰਤੀਕ੍ਰਿਆ ਦਰ ’ਚ ਸੁਧਾਰ ਕਰਦਾ ਹੈ। ਸੰਯੁਕਤ ਇਲਾਜ ਝਲਣ ’ਚ ਅਸਮਰੱਥ ਕੁਝ ਲੋਕਾਂ ਲਈ ਕਈ ਵਾਰ ਅਲਫਾ ਇੰਟਰਫਿਰੋਨਸ ਆਪ ਹੀ ਫਾਇਦੇਮੰਦ ਹੁੰਦਾ ਹੈ ਕਈ ਲੋਕਾਂ ਨੂੰ ਸਿਰਫ਼ ਇਹ ਪਤਾ ਲਾਉਣ ਲਈ ਨਿਯਮਤ ਮੁਲਅੰਕਣ ਦੀ ਲੋੜ ਹੁੰਦੀ ਹੈ ਕਿ ਉਹਨਾਂ ਦੇ ਜਿਗਰ ’ਚ ਵਿਕਾਸ ਪੈਦਾ ਹੋ ਰਿਹਾ ਹੈ ਜਾਂ ਵਧ ਰਿਹਾ ਹੈ। ਉਮਰ, ਲਿੰਗ, ਹੈਪੇਟਾਈਟਸ-ਸੀ ਦਾ ਜੈਨੋਟਾਈਪ, ਲਾਗ ਦਾ ਅਰਸਾ, ਜਿਗਰ ’ਚ ਵਕਾਰ ਦਾ ਦਰਜਾ ਅਤੇ ਇਹ ਕਿ ਸਿਰਹੋਸਿਸ ਵਿਕਸਤ ਹੋਇਆ ਹੈ ਜਾਂ ਨਹੀਂ, ਇਹ ਫੈਸਲਾ ਲੈਣ ਲਈ ਜ਼ਰੂਰੀ ਹਨ ਕਿ ਇਲਾਜ ਦੇ ਪ੍ਰਭਾਵੀ ਹੋਣ ਦੀ ਸੰਭਾਵਨਾ ਹੈ ਜਾਂ ਨਹੀਂ।

**ਹੈਪੇਟਾਈਟਸ ਸੀ ਅਤੇ ਬੀ ਦੇ ਲੱਛਣ** : ਕਈ ਲੋਕਾਂ ਨੂੰ ਕੋਈ ਲੱਛਣ ਨਹੀਂ ਹੁੰਦੇ ਹਾਲਾਂਕਿ ਹੈਪੇਟਾਈਟਸ-ਸੀ ਤੋਂ ਪੀੜਤ ਕੁਝ ਲੋਕ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਫਿਲੂ ਹੈ। ਇਸ ਲਈ ਉਹਨਾਂ ਨੂੰ ਥਕਾਵਟ ਮਹਿਸੂਸ ਹੁੰਦੀ ਹੈ, ਬੁਖਾਰ ਹੋ ਸਕਦਾ ਹੈ, ਖਾਣਾ ਖਾਣ ਨੂੰ ਜੀਅ ਨਹੀਂ ਕਰਦਾ। ਢਿੱਡ ’ਚ ਦਰਦ ਹੋ ਸਕਦਾ ਹੈ, ਦਸਤ ਲੱਗ ਸਕਦੇ ਹਨ। ਕੁਝ ਲੋਕਾਂ ਦਾ ਪੇਸ਼ਾਬ ਗੂੜੇ ਪੀਲੇ ਰੰਗ ਦਾ ਹੁੰਦਾ ਹੈ, ਟੱਟੀ ਹਲਕੇ ਰੰਗ ਦੀ ਹੁੰਦੀ ਹੈ। ਅੱਖਾਂ ਤੇ ਚਮੜੀ ਪੀਲੀ ਹੁੰਦੀ ਹੈ। ਰੋਗ ਦੀ ਪੁਸ਼ਟੀ ਦਾ ਇਕੋ ਤਰੀਕਾ ਬੀਤੇ ਹੈਪੇਟਾਈਟਸ-ਸੀ ਲਈ ਖ਼ੂਨ ਦੀ ਜਾਂਚ ਕਰਵਾਉਣਾ ਹੈ। ਠੀਕ ਸਮੇਂ ਤੇ ਇਲਾਜ ਨਾ ਹੋਣ ਕਰਕੇ ਇਹ ਬੀ ਅਤੇ ਸੀ ਵਾਇਰਸ ਜਿਗਰ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਿਹਤਮੰਦ ਜਿਗਰ ਲਾਸ ਦਾ ਮੁਕਾਬਲਾ ਕਰਨ ’ਚ ਮਦਦ ਕਰਦਾ ਹੈ ਖ਼ੂਨ ਸਾਫ਼ ਕਰਦਾ ਹੈ ਇਹ ਭੋਜਨ ਹਜਮ ਕਰਨ ’ਚ ਮਦਦ ਕਰਦਾ ਹੈ। ਲੋੜ ਪੈਣ ਦੇ ਸਮੇਂ ਲਈ ਊਰਜਾ ਰਿਜ਼ਰਵ ਰੱਖਦਾ ਹੈ। ਵਿਗਾੜ ਪੈਦਾ ਹੋਣ ਪਿਛੋਂ ਇਕ ਸਿਹਤਮੰਦ ਜਿਗਰ ’ਚ ਮੁੜ ਵਿਕਸਤ ਹੋਣ ਜਾਂ ਦੁਬਾਰਾ ਪੈਦਾ ਹੋਣ ਦੀ ਸ਼ਾਨਦਾਰ ਸਮਰੱਥਾ ਹੁੰਦੀ ਹੈ। ਜਿਗਰ ਨੂੰ ਉਸ ਦਾ ਕੰਮ ਕਰਨ ਤੋਂ ਰੋਕਣ ਜਾਂ ਸੱਟ ਪਿਛੋਂ ਮੁੜ ਵਿਕਸਤ ਹੋਣ ਵਾਲੀ ਕੋਈ ਵੀ ਚੀਜ਼ ਤੁਹਾਡੀ ਜ਼ਿੰਦਗੀ ਨੂੰ ਖ਼ਤਰੇ ’ਚ ਪਾ ਸਕਦੀ ਹੈ। ਜੇ ਇਲਾਜ ਨਾ ਹੋ ਸਕੇ ਤਾਂ ਸੁੱਜੇ ਹੋਏ ਜਿਗਰ ’ਚ ਦਾਗ ਪੈਣ ਲੱਗਦੇ ਹਨ। ਜਿਗਰ ’ਚ ਫਾਇਬਰੋਸਿਸ ਹੋ ਕੇ ਉਹ ਕੰਮ ਕਰਨਾ ਬੰਦ ਕਰ ਸਕਦੈ। ਦਾਗੀ ਜਿਗਰ ਦੀ ਪੂਰਤੀ ਕਰਨ

ਲਈ ਜਿਗਰ ਦੇ ਸਿਹਤ ਮੰਦ ਹਿੱਸੇ ਨੂੰ ਵੱਧ ਮਿਹਨਤ ਪੈਂਦੀ ਹੈ। ਜੇ ਸਮੇਂ ਸਿਰ ਇਲਾਜ ਹੁੰਦਾ ਹੈ ਤਾਂ ਇਹ ਸੰਭਾਵਨਾ ਹੁੰਦੀ ਹੈ ਕਿ ਤੁਹਾਡਾ ਜਿਗਰ ਤੰਦਰੁਸਤ ਹੋ ਜਾਵੇ।

**ਸਿਰਹੋਸਿਸ** : ਜੇ ਇਲਾਜ ਨਾ ਕੀਤਾ ਜਾਵੇ ਤਾਂ ਜਿਗਰ 'ਤੇ ਅਜਿਹੇ ਗੂੜੇ ਦਾਗ ਪੈ ਸਕਦੇ ਹਨ ਜੋ ਆਪਣੇ ਆਪ ਤੰਦਰੁਸਤ ਨਹੀਂ ਹੋ ਸਕਦਾ ਇਹ ਸਥਿਤੀ ਜਦੋਂ ਵਿਕਾਰ ਠੀਕ ਨਹੀਂ ਹੋ ਸਕਦਾ ਸਿਰਹੋਸਿਸ ਅਖਵਾਉਂਦੀ ਹੈ। ਸਿਰਹੋਸਿਸ ਕਾਰਨ ਕਈ ਗੁੰਝਲਾ ਪੈਦਾ ਹੋ ਸਕਦੀਆਂ ਹਨ। ਜਿਗਰ ਦਾ ਕੈਂਸਰ ਵੀ ਹੋ ਸਕਦਾ ਹੈ। ਕੁਝ ਲੋਕਾਂ 'ਚ ਸਿਰਹੋਸਿਸ ਜਿਗਰ ਦੀ ਬੀਮਾਰੀ ਦੇ ਪਹਿਲੇ ਲੱਛਣ ਹੋ ਸਕਦੇ ਹਨ।

# ਸਰੀਰ ’ਚ ਖ਼ੂਨ ਦੀ ਘਾਟ (ਅਨੀਮੀਆ)

ਖ਼ੂਨ ਦੀ ਘਾਟ ਕਿਸੇ ਦੇ ਵੀ ਸਰੀਰ ਵਿੱਚ ਹੋ ਸਕਦੀ ਹੈ ਪਰ ਫਿਰ ਵੀ ਇਸ ਰੋਗ ਨਾਲ ਔਰਤਾਂ ਵੱਧ ਪ੍ਰਭਾਵਿਤ ਹੁੰਦੀਆਂ ਹਨ। ਜ਼ਿਆਦਾਤਰ ਔਰਤਾਂ ’ਚ ਖ਼ੂਨ ਦੀ ਘਾਟ ਪਾਈ ਜਾਂਦੀ ਹੈ। ਮਰਦਾਂ ਦੇ ਮੁਕਾਬਲਤਨ ਔਰਤਾਂ ’ਚ ਖ਼ੂਨ ਦੀ ਵੱਧ ਕਮੀ ਦੇ ਕਾਰਨ ਹੇਠ ਲਿਖੇ ਹਨ।

• ਬਚਪਨ ’ਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੇ ਪਾਲਣ-ਪੋਸ਼ਣ ’ਤੇ ਵੱਧ ਧਿਆਨ ਨਾ ਦੇਣਾ, ਲੜਕਿਆਂ ਦੇ ਮੁਕਾਬਲਤਨ ਉਹਨਾਂ ਨੂੰ ਘਟੀਆ ਭੋਜਨ ਮਿਲਣਾ।

• ਔਰਤਾਂ ’ਚ ਹਰ ਮਹੀਨੇ ਮਾਂਹਵਾਰੀ ਹੋਣ ਕਰਕੇ ਸਰੀਰ ’ਚੋਂ ਖ਼ੂਨ ਦੀ ਕੁਝ ਮਾਤਰਾ ਨਿਕਲ ਜਾਣਾ।

• ਗਰਭ ਅਵਸਥਾ ਤੇ ਜਣੇਪੇ ਪਿਛੋਂ ਜਦ ਔਰਤਾਂ ਨੂੰ ਵੱਧ ਕੈਲੋਰੀ ਵਾਲਾ ਵੱਧ ਪੋਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਮਿਲਣਾ ਚਾਹੀਦਾ ਹੈ, ਉਹ ਮਿਲ ਨਾ ਸਕਣਾ। ਜਣੇਪੇ ਦੌਰਾਨ ਵੱਧ ਖ਼ੂਨ ਵਗ ਜਾਣ ਕਰਕੇ।

• ਔਰਤਾਂ ਨੂੰ ਘਰ ਦੇ ਮੈਂਬਰਾਂ ਦੀ ਚਿੰਤਾ ਵੱਧ ਤੇ ਆਪਣੀ ਚਿੰਤਾ ਘੱਟ ਕਰਨ ਦੇ ਰੁਝਾਣ ਕਰਕੇ।

• ਬਹੁਤ ਸਾਰੀਆਂ ਅਜਿਹੀਆਂ ਸਰੀਰਕ ਤੇ ਮਾਨਸਿਕ ਬੀਮਾਰੀਆਂ ਜਿਹਨਾਂ ਦੇ ਇਲਾਜ ਲਈ ਔਰਤਾਂ ਡਾਕਟਰ ਕੋਲ ਜਾਣੋਂ ਕੰਨੀ ਕਤਰਾਉਂਦੀਆਂ ਹਨ। ਇਕ ਸਿਹਤਮੰਦ ਵਿਅਕਤੀ ਦੇ ਸਰੀਰ ਵਿੱਚ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ 90 ਮਿਲੀਖ਼ੂਨ ਹੁੰਦਾ ਹੈ। ਜੋ ਲਾਲ ਤੇ ਸਫੈਦ ਕਣਾਂ ਤੋਂ ਹੀਮੋਗਲੋਬਿਨ ਬਣਦਾ ਹੈ ਉਹ ਖ਼ੂਨ ਨਾਲ ਲਾਲ ਰੰਗ ਦਿੰਦਾ ਹੈ। ਹੀਮੋਗਲੋਬਨ ਹੀਮ ਤੇ ਗਲੋਬਿਨ ਨਾਲ ਮਿਲ ਕੇ ਬਣਦਾ ਹੈ। ਇਕ ਬਾਲਗ ’ਚ 14 ਤੋਂ 16 ਗ੍ਰਾਮ ਤੱਕ ਹੀਮੋਗਲੋਬਿਨ ਹੁੰਦਾ ਹੈ। ਸਰੀਰ ’ਚ ਖ਼ੂਨ ਦਾ ਨਿਰਮਾਣ ਬੋਨ ਮੈਰੋ ’ਚ ਆਇਰਨ, ਵਿਟਾਮਨ (ਸੀ. ਫੌਲਿਕ ਏਸਡ, ਬੀ-6, ਬੀ-12) ਕਾਪਰ ਕੋਬਾਲਟ, ਪ੍ਰੋਟੀਨ ਤੇ ਥਾਇਰਾਇਡ ਹਾਰਮੋਨਾ ਜ਼ਰੀਏ ਹੁੰਦਾ ਹੈ।

**ਖ਼ੂਨ ਦੇ ਮੁੱਖ ਕੰਮ** - ਸਾਡੇ ਸਰੀਰ ’ਚ ਫੈਲੀਆਂ ਰਕਤ ਨਲਕਾਵਾਂ ’ਚ ਜਦ ਤੱਕ ਖ਼ੂਨ ਦੌੜਦਾ ਰਹਿੰਦਾ ਹੈ, ਜ਼ਿੰਦਗੀ ਆਪਣੀ ਰਫਤਾਰ ਨਾਲ ਚੱਲਦੀ ਰਹਿੰਦੀ ਹੈ ਇਸ ਦੇ ਬੰਦ ਹੁੰਦਿਆਂ ਹੀ ਮੌਤ ਹੋ ਜਾਂਦੀ ਹੈ। ਇਸ ਲਈ ਲਹੂ ਦੀਆਂ ਨਲਕਾਵਾਂ ’ਚ ਖ਼ੂਨ ਦਾ ਦੌੜਨਾ ਬਹੁਤ ਜ਼ਰੂਰੀ ਹੈ ਤਾਂ ਹੀ ਹੇਠ ਲਿਖੇ ਕੰਮ ਹੋ ਸਕਦੇ ਹਨ :-

• ਖ਼ੂਨ ਫੇਫੜਿਆਂ ਤੋਂ ਲੋੜੀਂਦੀ ਆਕਸੀਜਨ ਲੈ ਜਾ ਕੇ ਸਰੀਰ ਦੇ ਸਭ ਸੈਲਾਂ ਨੂੰ ਮਹੱਈਆ ਕਰਵਾਉਂਦਾ ਹੈ ਤੇ ਉਥੋਂ ਕਾਰਬਨ ਡਾਈਸਾਈਡ ਨੂੰ ਲੈਕੇ ਫੇਫੜਿਆਂ ਰਾਹੀਂ ਬਾਹਰ ਕੱਢਦਾ ਹੈ।

• ਸਭ ਤਰ੍ਹਾਂ ਦੇ ਹਾਰਮੋਨ ਸਤਰਾਵੀ ਗ੍ਰੰਥੀਆਂ ਤੋਂ ਨਿਕਲਕੇ ਖ਼ੂਨ ਦੇ ਰਾਹੀਂ ਹੀ ਉਥੇ ਪਹੁੰਚਦੇ ਹਨ ਜਿਥੇ ਉਹਨਾਂ ਦੀ ਲੋੜ ਹੁੰਦੀ ਹੈ।

• ਖ਼ੂਨ 'ਚ ਮੌਜੂਦ ਸਫੈਦ ਸੈਲ ਤੇ ਐਂਟੀਬਾਡੀਜ਼ ਇਨਫੈਕਸ਼ਨ ਤੋਂ ਸਾਡੀ ਰਾਖੀ ਕਰਦੀਆਂ ਹਨ।

• ਵੱਖ-ਵੱਖ ਅੰਗਾਂ ਦੀ ਰਸਾਇਣਿਕ ਕ੍ਰਿਆ ਨੂੰ ਬਣਾਈ ਰੱਖਣਾ।

• ਬਲੱਡ ਪ੍ਰੈਸ਼ਰ ਨੂੰ ਨਿਯਮਤ ਕਰਨਾ।

• ਅਸੀਂ ਜੋ ਭੋਜਨ ਕਰਦੇ ਹਾਂ, ਉਸ ਦਾ ਮਹੱਤਵਪੂਰਨ ਅੰਸ਼ ਪਾਚਨ ਤੇ ਅਵਸੋਸ਼ਣ ਰਾਹੀਂ ਖ਼ੂਨ 'ਚ ਮਿਲ ਜਾਂਦਾ ਹੈ, ਇਸ 'ਚ ਜੀਵਨ ਲਈ ਸਭ ਮਹੱਤਵਪੂਰਨ ਅੰਸ਼ ਜਿਵੇਂ ਮਿਨਰਲਸ, ਵਿਟਾਮਿਨਸ, ਕਾਰਬੋਹਾਈਡਰੇਟਸ।

• ਪ੍ਰੋਟੀਨਸ ਤੇ ਚਰਬੀ ਆਦਿ ਹੁੰਦੇ ਹਨ। ਉਹ ਖ਼ੂਨ ਰਾਹੀਂ ਸਾਡੇ ਸਰੀਰ ਦੇ ਸੈਲਾਂ ਤੱਕ ਪਹੁੰਚਦੇ ਹਨ ਜਿਸ ਨਾਲ ਉਹਨਾਂ ਨੂੰ ਪੋਸ਼ਣ ਤੇ ਊਰਜਾ ਮਿਲਦੀ ਹੈ ਜੋ ਸਾਡੇ ਜਿਉਂਦੇ ਰਹਿਣ ਲਈ ਜ਼ਰੂਰੀ ਹੈ।

**ਕਿਉਂ ਹੁੰਦੀ ਹੈ ਖ਼ੂਨ ਦੀ ਕਮੀ?** - ਭਾਵੇਂ ਕਿ ਔਰਤਾਂ 'ਚ ਕੁਝ ਨਿੱਜੀ ਤੇ ਪ੍ਰੀਵਾਰਕ ਗੁੰਝਲਾਂ ਕਾਰਨ ਮਰਦਾਂ ਦੇ ਮੁਕਾਬਲੇ ਖ਼ੂਨ ਦੀ ਘਾਟ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ ਪਰ ਫਿਰ ਵੀ ਇਸ ਰੋਗ ਤੋਂ ਕੋਈ ਵੀ ਪ੍ਰਭਾਵਿਤ ਹੋ ਸਕਦਾ ਹੈ। ਸਰੀਰ 'ਚ ਖ਼ੂਨ ਦੀ ਘਾਟ ਹੋਣ ਦੇ ਹੇਠਾਂ ਲਿਖੇ ਮੁੱਖ ਕਾਰਨ ਹੋ ਸਕਦੇ ਹਨ।

• ਪੇਟ 'ਚ ਕੀੜੇ ਹੋਣੇ

• ਪਾਅਰਿਆ, ਪੈਪਟਿਕ ਅਲਸਰ ਬਵਾਸੀਰ, ਕੋਲਾਈਟਸ, ਖ਼ੂਨ ਪੇਚਿਸ, ਫੇਫੜਿਆਂ ਤੋਂ ਖ਼ੂਨ ਆਉਣਾ, ਨੱਕ ਤੋਂ ਖ਼ੂਨ ਵਗਣਾ (ਨਕਸੀਰ) ਆਦਿ ਬੀਮਾਰੀਆਂ ਜਿਨਾਂ 'ਚ ਥੋੜਾ-ਥੋੜਾ ਖ਼ੂਨ ਲਗਾਤਾਰ ਵਗਦਾ ਰਹਿੰਦਾ ਹੈ, ਜੋ ਖ਼ੂਨ ਦੀ ਘਾਟ ਦਾ ਕਾਰਨ ਬਣ ਸਕਦਾ ਹੈ, ਬਵਾਸੀਰ ਵੀ ਇਸੇ ਤਰ੍ਹਾਂ ਦੀ ਬੀਮਾਰੀ ਹੈ।

• ਪਾਚਣ ਸਬੰਧੀ ਗੜਬੜਾਂ ਜਿਸ ਕਾਰਨ ਭੋਜਨ ਠੀਕ ਤਰ੍ਹਾਂ ਨਾਲ ਪਚਦਾ ਨਹੀਂ ਤੇ ਸਰੀਰ ਨੂੰ ਲਾਜ਼ਮੀ ਤੱਤ ਹਾਸਲ ਨਹੀਂ ਹੁੰਦੇ ਜਿਸ ਕਾਰਨ ਖ਼ੂਨ ਦੇ ਬਣਨ 'ਚ ਅੜਿੱਕਾ ਆਉਂਦਾ ਹੈ।

• ਕੁਪੋਸ਼ਣ, ਭੋਜਨ 'ਚ ਲੋਹ-ਤੱਤ ਦੀ ਘਾਟ, ਲੰਮੀ ਬੀਮਾਰੀ ਤੋਂ ਪੀੜਤ ਹੋਣਾ।

• ਸਰੀਰ 'ਚ ਵਿਟਾਮਨ ਸੀ. ਬੀ ਤੇ ਫੌਲਿਕ ਏਸਡ ਦੀ ਘਾਟ ਹੋਣ ਕਰਕੇ ਖ਼ੂਨ ਬਨਣ 'ਚ ਅੜਿੱਕਾ।

• ਦੁਰਘਟਨਾ ਆਦਿ ਹੋਣ 'ਤੇ ਸਰੀਰ 'ਚੋਂ ਇਕ ਵੇਲੇ ਵਧ ਖ਼ੂਨ ਨਿਕਲ ਜਾਣ ਕਰਕੇ

• ਸਰੀਰ 'ਚ ਕਿਸੇ ਤਰ੍ਹਾਂ ਦੀ ਜ਼ਹਿਰ ਮੌਜੂਦ ਹੋਣਾ।

• ਫੌਲਿਕ ਏਸੰਡ ਐਂਟੀਗਨਿਸਟ ਦੀ ਵਧ ਦਿਨਾਂ ਤੱਕ ਵਰਤੋਂ ਕਰਨ ਕਰਕੇ।

• ਵਾਰ ਵਾਰ ਮਲੇਰੀਆ, ਪੀਲੀਆ ਆਦਿ ਹੋਣ 'ਤੇ।

**ਸਰੀਰ 'ਚ ਖ਼ੂਨ ਦੀ ਘਾਟ ਦੇ ਲੱਛਣ** :- ਸਰੀਰ 'ਚ ਵੱਖ-ਵੱਖ ਕਾਰਨਾਂ

ਕਰਕੇ ਜਦ ਹੌਲੀ-ਹੌਲੀ ਖ਼ੂਨ ਦੀ ਘਾਟ ਹੋਣ ਲੱਗਦੀ ਹੈ ਤਾਂ ਸਰੀਰ 'ਚ ਕਈ ਅਜਿਹੇ ਲੱਛਣ ਪ੍ਰਗਟ ਹੋਣ ਲੱਗਦੇ ਹਨ ਜੋ ਇਸ ਕਮੀ ਵੱਲ ਇਸ਼ਾਰਾ ਕਰਦੇ ਹਨ। ਆਮ ਹਾਲਤਾਂ 'ਚ ਇਹ ਲੱਛਣ ਨਿਮਨਲਿਖਤ ਹਨ

- ਥੋੜਾ ਜਿਹਾ ਕੰਮ ਕਰਨ 'ਤੇ ਵੀ ਸਾਹ ਫੁਲਣ ਲੱਗਣਾ।
- ਹਰ ਸਮੇਂ ਥਕਾਵਟ ਬਣੀ ਰਹਿਣੀ ਤੇ ਆਰਾਮ ਕਰਨ ਦੀ ਇੱਛਾ ਹੋਣੀ
- ਸਾਰੇ ਸਰੀਰ 'ਚ ਸੋਜ ਆਉਣੀ
- ਚੱਕਰ ਆਉਣੇ ਤੇ ਅੱਖਾਂ ਸਾਹਮਣੇ ਹਨੇਰਾ ਛਾਂ ਜਾਣਾ।
- ਚੇਹਰੇ 'ਤੇ ਪੀਲਾਪਨ ਤੇ ਨਹੁੰ ਚਿੱਟੇ ਹੋਣੇ।
- ਬਲੱਡ ਪ੍ਰੈਸ਼ਰ ਘਟਨਾ, ਪਾਚਣ ਕ੍ਰਿਆ ਵਿਗੜ ਜਾਣੀ, ਮਾਨਸਿਕ ਥਕਾਵਟ
- ਠੀਕ ਤਰ੍ਹਾਂ ਨੀਂਦ ਨਾ ਆਉਣੀ, ਵਾਰ-ਵਾਰ ਮੂੰਹ ਤੇ ਜੀਭ 'ਤੇ ਜ਼ਖਮ ਹੋਣੇ।
- ਨਜ਼ਰ 'ਚ ਧੁੰਦਲਾਪਣ। ਹੱਥਾਂ ਪੈਰਾਂ 'ਚ ਝਨਝਨਾਹਟ।
- ਅੱਖਾਂ ਦੀ ਹੇਠਲੀ ਪਲਕ ਨੂੰ ਖਿਚ ਕੇ ਦੇਖਣ ਤੇ ਸਫੈਦਪਣ ਹੋਣਾ।
- ਖ਼ੂਨ ਦੀ ਘਾਟ ਹੋਣ 'ਤੇ ਤਣਾਅ, ਚਿੜਚਿੜਾਪਨ ਤੇ ਸਹਿਨਸ਼ਕਤੀ ਦੀ ਘਾਟ ਆਦਿ ਮਾਨਸਕ ਲੱਛਣ ਵੀ ਪੈਦਾ ਹੋ ਸਕਦੇ ਹਨ।
- ਮਾਂਹਵਾਰੀ ਸਬੰਧੀ ਬੇਨਿਯਮੀਆਂ।

**ਸਰੀਰ 'ਚ ਖ਼ੂਨ ਦੀ ਘਾਟ ਤੋਂ ਬਚਾਅ ਦੇ ਉਪਾਅ:-**

ਅਨੀਮੀਆ ਕਾਰਨ ਹੋਰਨਾਂ ਲੱਛਣਾਂ ਦੇ ਨਾਲ ਸਾਡੀ ਰੋਗ ਪ੍ਰਤੀਰੋਧਕ ਸਮਰੱਥਾ ਵੀ ਘੱਟ ਹੁੰਦੀ ਜਾਂਦੀ ਹੈ। ਜਿਸ ਨਾਲ ਅਸੀਂ ਹੋਰ ਰੋਗਾਂ ਦੀ ਚਪੇਟ 'ਚ ਅਸਾਨੀ ਨਾਲ ਆ ਜਾਂਦੇ ਹਾਂ। ਸਾਨੂੰ ਇਹ ਗੱਲ ਪ੍ਰਤੀ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਕਿ ਸਾਡੇ ਸਰੀਰ 'ਚ ਕਿਸੇ ਵੀ ਹਾਲਤ 'ਚ ਖ਼ੂਨ ਦੀ ਘਾਟ ਨਾ ਹੋਵੇ। ਸਾਨੂੰ ਨਿਮਨਲਿਖਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

- ਵੱਧ ਵਰਤ ਨਾ ਰੱਖੋ। ਵਰਤ ਰੱਖਣ ਨਾਲ ਖ਼ੂਨ ਨਿਰਮਾਣ ਕਰਨ 'ਚ ਅੜਿੱਕਾ ਲੱਗਦਾ ਹੈ। ਮਲੇਰੀਆ ਰੋਗ ਤੋਂ ਬਚੋ ਜੇ ਹੋ ਜਾਵੇ ਤਾਂ ਛੇਤੀ ਇਲਾਜ ਕਰਵਾਓ। ਇਸ ਰੋਗ 'ਚ ਖ਼ੂਨ ਦੇ ਲਾਲ ਕਣ ਨਸ਼ਟ ਹੋਣ ਲੱਗਦੇ ਹਨ।
- ਅਜਿਹੇ ਭੋਜਨ ਨੂੰ ਤਰਜੀਹ ਦਿਉ ਜੋ ਪੌਸ਼ਿਕ ਤੱਤਾਂ ਨਾਲ ਭਰਪੂਰ ਹੋਵੇ ਜਿਸ ਵਿੱਚ ਲੋਹ ਤੱਤ, ਫੌਲਿਕ ਏਸਡ ਤੇ ਵਿਟਾਮਨ ਸੀ ਆਦਿ ਭਰਪੂਰ ਮਾਤਰਾ 'ਚ ਹੋਣ, ਜਿਸ ਨਾਲ ਖ਼ੂਨ ਦੇ ਬਣਨ ਦਾ ਅਮਲ ਸਚਾਰੂ ਰੂਪ ਨਾਲ ਚਲ ਸਕੇ।
- ਭੋਜਨ ਨੂੰ ਬਹੁਤ ਜ਼ਿਆਦਾ ਪਕਾਉਣ ਨਾਲ ਉਸ ਦੇ ਮੁੱਖ ਪੌਸਟਿਕ ਤੱਤ ਨਸ਼ਟ ਹੋ ਜਾਂਦੇ ਹਨ। ਇਸ ਲਈ ਖਾਣੇ 'ਚ ਟਮਾਟਰ, ਪੱਤਗੋਭੀ, ਮੂਲੀ, ਚਕੰਦਰ ਆਦਿ ਦੀ ਆਦਤ ਪਾਓ ਤੇ ਹਰੀਆਂ ਪੱਤੇਦਾਰ ਸਬਜ਼ੀਆਂ ਦੀ ਵੱਧ ਤੋਂ ਵੱਧ ਵਰਤੋਂ ਕਰੋ।
- ਆਪਣੇ ਸਰੀਰ 'ਚ ਥੋੜਾ ਜਿੰਨਾ ਵੀ ਖ਼ੂਨ ਨਾ ਵਗਣ ਦਿਉ।

ਪੈਪਟਿਕ ਅਲਸਰ, ਅਲਸਰੇਟਿਵ ਕੋਲਾਈਟਸ, ਬਵਾਸੀਰ ਤੇ ਮਸੂੜਿਆਂ ਤੋਂ ਖ਼ੂਨ ਆਉਣ 'ਤੇ ਉਸ ਦਾ ਜਲਦੀ ਇਲਾਜ ਕਰਾਓ। ਕਿਉਂਕਿ ਨਿਰੰਤਰ ਥੋੜਾ-ਥੋੜਾ ਖ਼ੂਨ ਵਗਣ ਨਾਲ ਅੱਗੇ ਚਲ ਕੇ ਖ਼ੂਨ ਦੀ ਘਾਟ ਹੋ ਜਾਂਦੀ ਹੈ।

• ਪੇਟ ਦੇ ਕੀੜੇ ਜੋ ਹੋਣ ਤਾਂ ਉਹਨਾਂ ਨੂੰ ਮਾਰਨ ਵਾਲੀ ਦਵਾਈ ਲੈ ਕੇ ਬਾਹਰ ਕੱਢ ਦਿਉ। ਬਿਨਾਂ ਵਜ੍ਹਾ ਉਨ੍ਹਾਂ ਨੂੰ ਆਪਣਾ ਖ਼ੂਨ ਨਾ ਪੀਣ ਦਿਉ।

• ਔਰਤਾਂ ਵੱਧ ਮਾਂਹਵਾਰੀ ਆਉਣ ਜਾਂ ਹੋਰ ਬੇਨਿਯਮੀਆਂ ਸਬੰਧੀ ਡਾਕਟਰ ਦੀ ਰਾਇ ਜਲਦੀ ਲੈਣ।

• ਗਰਭ ਅਵਸਥਾ ਦੌਰਾਨ ਅਕਸਰ ਸਹੀ ਖਾਣ-ਪਾਣ ਦੀ ਘਾਟ ਕਰਕੇ ਔਰਤਾਂ ਅਨੀਮੀਆ ਦਾ ਸ਼ਿਕਾਰ ਹੋ ਜਾਂਦੀਆਂ ਹਨ। ਔਰਤਾਂ ਨੂੰ ਰੋਜ਼ਾਨਾ 10 ਮਿ. ਗ੍ਰਾ. ਆਇਰਨ ਦੀ ਲੋੜ ਹੁੰਦੀ ਹੈ ਇਸ 'ਚੋਂ ਵੀ ਸਿਰਫ 10 ਫੀਸਦੀ ਆਇਰਨ ਹੀ ਜਜ਼ਬ ਹੁੰਦਾ ਹੈ। ਵੈਸੇ ਤਾਂ ਇਹ ਮਾਤਰਾ ਸਾਡੇ ਸਰੀਰ ਅੰਦਰ ਹੀਮੋਗਲੋਬਿਨ ਦੀ ਸਹੀ ਮਾਤਰਾ ਬਣਾਈ ਰੱਖਣ ਲਈ ਕਾਫੀ ਹੁੰਦੀ ਹੈ ਪਰ ਗਰਭਅਵਸਥਾ ਸਮੇਂ ਭਰੂਣ ਦੇ ਵਿਕਾਸ ਤੇ ਖੁਦ ਲਈ 1000 ਮਿ. ਗ੍ਰਾ. ਲੋਹੇ ਦੀ ਲੋੜ ਹੁੰਦੀ ਹੈ ਇਸ ਦੀ ਪੂਰਤੀ ਲਈ ਲੋਹ ਤੱਤ ਭਰਪੂਰ ਭੋਜਨ ਲੈਣਾ ਚਾਹੀਦਾ ਹੈ।

**ਅਨੀਮੀਆ ਦਾ ਇਲਾਜ** - ਖ਼ੂਨ ਦੀ ਘਾਟ ਹੋਵੇ ਤਾਂ ਉਸ ਦਾ ਤੁਰੰਤ ਇਲਾਜ ਕਰਵਾਉਣਾ ਚਾਹੀਦਾ ਹੈ ਨਹੀਂ ਤਾਂ ਹੋਰ ਸਮੱਸਿਆਂ ਤੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਡਾਕਟਰ ਦੀ ਸਲਾਹ ਨਾਲ ਹੀਮੋਗਲੋਬਨ, ਆਇਰਨ ਫੋਲਿਕ ਏਸਡ ਵਿਟਾਮਨ ਸੀ. ਬੀ. ਭਰਪੂਰ ਦਵਾਈਆਂ ਲਵੋ।

• ਗਰਭਵਤੀ ਔਰਤਾਂ ਨੂੰ ਖ਼ੂਨ ਦੀ ਘਾਟ ਨਾ ਹੋਵੇ, ਇਸ ਲਈ ਪੋਸਟਿਕ ਦੀ ਵਾਧੂ ਖੁਰਾਕ ਤੀਜੇ ਮਹੀਨੇ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ।

• ਭਿਅੰਕਰ ਖ਼ੂਨ ਦੀ ਘਾਟ ਹੋਵੇ ਤਾਂ ਸਾਰੀਆਂ ਜਾਂਚਾਂ ਕਰਨ ਪਿਛੋਂ ਕਿਸੇ ਸਿਹਤਮੰਦ ਵਿਅਕਤੀ ਦਾ ਖ਼ੂਨ ਚੜ੍ਹਾਉਣਾ ਚਾਹੀਦਾ ਹੈ ਜਿਸ ਨਾਲ ਹੀਮੋਗਲੋਬਨ ਦਾ ਪੱਧਰ ਵਧ ਸਕਦਾ ਹੈ।

# ਬੀ. ਟੀ. ਬੈਂਗਨ ਬਨਾਮ ਮੌਂਸਾਂਟੋ ਦੀ ਸਾਜ਼ਿਸ

ਸਾਡੀ ਹਾਕਮ ਜਮਾਤ ਨੂੰ ਦੇਸ਼ ਦੇ ਆਮ ਲੋਕਾਂ ਦੀ ਪ੍ਰੇਸ਼ਾਨੀਆਂ ਦੀ ਉਕਾ ਹੀ ਕੋਈ ਚਿੰਤਾ ਨਹੀਂ ਹੈ। ਪਰ ਉਹ ਬਹੁਕੌਮੀ ਐਗਰੀ ਬਿਜਨਸ ਕਾਰਪੋਰੇਸ਼ਨ ਮੌਂਸਾਂਟੋ ਨੂੰ ਭਾਰਤੀ ਬਾਜ਼ਾਰ 'ਚ ਬੀ. ਟੀ. ਬ੍ਰਿੰਜਲ (ਬੈਂਗਣ) ਵੇਚਣ ਤੇ ਬੇਹੱਦ ਮੁਨਾਫ਼ਾ ਕਮਾਉਣ ਦੀ ਇਜਾਜ਼ਤ ਦੇਣ 'ਚ ਡੂੰਘੀ ਦਿਲਚਸਪੀ ਵਿਖਾ ਰਹੇ ਹਨ। ਹਰਾ ਇਨਕਲਾਬ ਤੇ ਗੈਟ ਸਮਝੌਤਾ ਆਖਰ ਹੈ ਕਿਸ ਲਈ? ਅਖੌਤੀ ਹਰੇ ਇਨਕਲਾਬ ਨਾਲ ਖੇਤੀ ਲਾਗਤ ਦੀ ਕੀਮਤ ਬੇਹੱਦ ਵੱਧ ਗਈ ਹੈ ਅਤੇ ਕਿਸਾਨ ਨੂੰ ਖੇਤੀ ਲਾਗਤ ਦੀ ਪੈਦਾਵਾਰ ਕਰਨ ਵਾਲੀਆਂ ਕਾਰਪੋਰੇਟ ਫਰਮਾਂ ਦਾ ਗੁਲਾਮ ਬਣਾ ਦਿੱਤਾ ਹੈ। ਇਹ ਕਿਸਾਨਾਂ ਨੂੰ ਬੀ ਟੀ ਬੀਜ਼ਾਂ ਦੀ ਸਪਲਾਈ ਕਰਦੇ ਹਨ ਅਤੇ ਉਹਨਾਂ ਨੂੰ ਆਪਣੀਆਂ ਫਰਮਾਂ 'ਤੇ ਨਿਰਭਰ ਬਣਾ ਲੈਂਦੇ ਹਨ। ਹੁਣ ਉਹ ਆਪਣੇ ਬੈਂਗਣ ਦੀ ਮਾਰਫਤ ਬੀ. ਟੀ. ਤਕਨਾਲੋਜੀ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਦਾ ਮਕਸਦ ਇਸ ਦੇ ਰਾਹੀਂ ਦੂਜੀਆਂ ਖਾਣ ਵਾਲੀਆਂ ਚੀਜ਼ਾਂ ਨੂੰ ਅਧੀਨ ਕਰਨਾ ਹੈ। ਡੰਕਲ ਤਜਵੀਜ਼ਾਂ ਨੇ ਅਜਿਹੀ ਕਾਰਪੋਰੇਟ ਘੁਸਪੈਂਠ ਦਾ ਰਾਹ ਬਣਾਇਆ ਹੈ ਕਿ ਜੋ ਨਾ ਸਿਰਫ਼ ਕਿਸਾਨਾਂ ਬਲਕਿ ਸਾਰੇ ਲੋਕਾਂ ਨੂੰ ਨੁਕਸਾਨ ਪਹੁੰਚਾਏਗਾ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਬੀਟੀ ਕਪਾਹ ਬੀਜ ਵੇਚ ਕੇ ਮੌਂਸਾਂਟੋ ਭਾਰਤੀ ਕਿਸਾਨਾਂ ਦੇ ਨਾਲ ਪਹਿਲਾਂ ਹੀ ਧੋਖੇਬਾਜੀ ਕਰ ਚੁੱਕੀ ਹੈ। ਮਹਾਂਰਾਸ਼ਟਰ, ਆਂਧਰਾ ਤੇ ਕਰਨਾਟਕ ਦੇ ਹਜ਼ਾਰਾਂ ਕਿਸਾਨਾਂ ਨੂੰ ਆਤਮ ਹੱਤਿਆ ਕਰਨੀ ਪਈ। ਬੀਟੀ ਕਾਟਨ ਦੇ ਪੱਤਿਆਂ ਨੂੰ ਖਾਣ ਵਾਲੇ ਪਸ਼ੂ ਮਰ ਰਹੇ ਹਨ। ਦਾਅਵਾ ਕੀਤਾ ਗਿਆ ਹੈ ਕਿ ਬੀਟੀ ਕਾਟਨ ਬੀਜਾਂ 'ਤੇ ਕੀਟਾਣੂਆਂ ਦਾ ਅਸਰ ਨਹੀਂ ਹੁੰਦਾ ਪਰ ਹਕੀਕਤ 'ਚ ਅਜਿਹਾ ਨਹੀਂ ਹੈ। ਕਿਸਾਨਾਂ ਨੂੰ ਹੁਣ ਵੀ ਕੀਟ ਨਾਸ਼ਕਾਂ ਦੀ ਵਰਤੋਂ ਕਰਨੀ ਪੈ ਰਹੀ ਹੈ। ਉਪਜ 'ਚ ਕੋਈ ਵਾਧਾ ਨਹੀਂ ਹੋਇਆ ਹੈ। ਅਜਿਹੇ ਨਕਾਰਤਮਕ ਸਿੱਟਿਆਂ ਦੇ ਬਾਵਜੂਦ ਸਰਕਾਰ ਅਜੇ ਵੀ ਬੀਟੀ ਕਾਟਨ ਬੀਜ ਦੀ ਵਿਕਰੀ ਤੇ ਪਸਾਰੇ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਨਾਲ ਭਾਰਤ ਸਰਕਾਰ ਦੀਆਂ ਲੋਕ ਵਿਰੋਧੀ ਤੇ ਵੱਡੀਆਂ ਕਾਰਪੋਰੇਸ਼ਨਾਂ ਦੇ ਹਿੱਤ ਵਿੱਚ ਨੀਤੀ ਦਾ ਪਤਾ ਲੱਗਦਾ ਹੈ। ਮੌਂਸਾਂਟੋ ਨੇ ਭਾਰਤ ਦੇ ਸਹਿਯੋਗੀ ਅਦਾਰੇ ਮਾਹਕੋ ਕਾਰਪੋਰੇਸ਼ਨ ਦੀ ਮਦਦ ਨਾਲ ਬੀ. ਟੀ. ਬ੍ਰਿੰਜਲ ਤਿਆਰ ਕੀਤਾ ਹੈ। ਬੀਜ ਨੂੰ ਸਰਕਾਰ ਵਲੋਂ ਕੰਟਰੋਲ ਜੇਨੇਟਿਕ ਇੰਜਨੀਰਿੰਗ ਐਪਰੂਵਿਲ ਕਮੇਟੀ ਤੋਂ ਮੰਜੂਰੀ ਲੈਣ ਦੀ ਲੋੜ ਪਵੇਗੀ। ਜਦ ਕਿ ਇਹ ਮੰਜੂਰੀ ਲੈਣ ਤੋਂ ਪਹਿਲਾਂ ਹੀ ਫਰਮ ਨੇ ਵਪਾਰਕ (ਕਾਰੋਬਾਰੀ) ਅਪਰੇਸ਼ਨ ਸ਼ੁਰੂ ਕਰਨ ਲਈ ਲੋੜੀਂਦੇ ਬੀਜ ਦੀ ਪੈਦਾਇਸ਼ ਤੇ ਸਟਾਕ ਇਕੱਠਾ ਕਰ ਲਿਆ ਹੈ। ਆਪਣੇ ਇਥੇ ਸਰਕਾਰ ਦਾ ਜੋ ਕਿਰਦਾਰ ਹੈ ਉਸ ਨੂੰ ਵੇਖਦਿਆਂ ਕੋਈ ਹੈਰਾਨੀ ਨਹੀਂ ਕਿ ਕਾਰਪੋਰੇਸ਼ਨ ਨੇ ਮੰਨ ਲਿਆ ਹੈ ਕਿ ਮੰਜੂਰੀ ਤਾਂ ਮਿਲੇਗੀ ਹੀ ਅਤੇ ਇਸ ਆਧਾਰ 'ਤੇ ਉਸ ਨੇ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ ਹੈ ਅਜਿਹਾ ਲੱਗਦਾ ਹੈ ਕਿ ਬੀ. ਟੀ. ਬ੍ਰਿੰਜਲ ਬੀਜ ਦਾ ਫੀਲਡ ਟੇਸਟਿੰਗ ਖੇਤੀ ਯੂਨੀਵਰਸਿਟੀਆਂ ਤੇ ਕੋਇੰਬਟੂਰ, ਦਵਾਰਕਾ ਤੇ ਵਾਰਾਣਸੀ 'ਚ ਹੋਇਆ ਹੈ। ਮਾਹੀਕੋ ਕਾਰਪੋਰੇਸ਼ਨ

ਦੀ ਯੋਜਨਾ ਇਹਨਾਂ ਚੀਜ਼ਾਂ ਨੂੰ ਭਾਰਤ ਦੇ ਨਾਲ-ਨਾਲ ਬੰਗਲਾ ਦੇਸ਼ ਤੇ ਫਿਲੀਪੀਂਸ 'ਚ ਵੇਚਣ ਦੀ ਹੈ।

ਮਹੀਕੋ ਨੇ ਦਾਅਵਾ ਕੀਤਾ ਹੈ ਕਿ ਸੰਨ 2000 ਤੋਂ ਹੀ ਉਹ ਖੇਤਾਂ ਵਿੱਚ ਬੀਟੀ ਬੈਂਗਣ 'ਤੇ ਤਜ਼ਰਬੇ ਕਰ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਇਸ ਨਵੇਂ ਬੀਜ਼ ਨਾਲ ਕੀਟਨਾਸ਼ਕ ਦੀ ਲੋੜ 70 ਫੀਸਦੀ ਘੱਟ ਜਾਵੇਗੀ ਅਤੇ ਇਸ ਤਰ੍ਹਾਂ ਕਿਸਾਨਾਂ ਨੂੰ ਚੰਗੀ ਖਾਸੀ ਬਚਤ ਹੋਵੇਗੀ। ਇਸ ਦੇ ਨਾਲ ਹੀ ਉਪਜ ਦੋ ਗੁਣਾ ਹੋ ਜਾਵੇਗੀ। ਇਸ ਨਾਲ ਕਿਸਾਨਾਂ ਦਾ ਮੁਨਾਫਾ ਵਧ ਜਾਵੇਗਾ। ਪਰ ਵਿਗਿਆਨੀਆਂ ਦਾ ਕੀ ਕਹਿਣਾ ਹੈ? ਅਨੇਕਾਂ ਜੀਵ ਵਿਗਿਆਨੀਆਂ ਤੇ ਵਿਗਿਆਨਕਾਂ ਨੇ ਚੋਕਸ ਕੀਤਾ ਹੈ ਕਿ ਬੀ ਟੀ ਬੈਂਗਣ ਦੀ ਵਰਤੋਂ ਨਾਲ ਲੋਕਾਂ ਨੂੰ ਅਨੇਕਾਂ ਕਿਸਮ ਦਾ ਨੁਕਸਾਨ ਹੋਵੇਗਾ। ਇਸ ਤਰ੍ਹਾਂ ਚੌਕਸ ਕਰਨ ਵਾਲਿਆਂ 'ਚ ਬੁੱਧੀਜੀਵੀਆਂ ਵੰਦਨਾ ਸ਼ਿਵਾ, ਮਗਨ ਸਹਾਏ, ਪੁਸ਼ਪਾ ਤੇ ਭਾਰਗਵ, ਜੀਏਸੀ ਦੇ ਮੈਂਬਰ ਤੇ ਹੋਰ ਲੋਕ ਸ਼ਾਮਲ ਸਨ। ਉਹਨਾਂ ਦਾ ਕਹਿਣਾ ਹੈ ਕਿ ਬੀਟੀ ਬੈਂਗਣ ਖਾਸ ਕਰਕੇ ਬੱਚਿਆਂ ਤੇ ਬੁੱਢਿਆਂ ਲਈ ਕਾਫੀ ਨੁਕਸਾਨਦੇਹ ਹੈ। ਆਮ ਤੌਰ 'ਤੇ ਲੋਕਾਂ 'ਤੇ ਐਂਟੀਬਾਇਟਕ ਦਵਾਈਆਂ ਦਾ ਅਸਰ ਘੱਟ ਜਾਵੇਗੀ। ਇਹਨਾਂ ਲੋਕਾਂ ਨੇ ਇਸ ਬੀਜ ਦੇ ਫਾਇਦੇ ਸਾਬਿਤ ਕਰਨ ਲਈ ਕੀਤੇ ਗਏ ਫੀਲਡ ਟਰਾਇਲ ਦੇ ਤਰੀਕਿਆਂ 'ਤੇ ਵੀ ਸੁਆਲ ਉਠਾਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਫੀਲਡ ਟਰਾਇਲ ਦੇ ਸਿੱਟਿਆਂ ਨੂੰ ਦੱਸਣ 'ਚ ਹੇਰਾਫੇਰੀ ਕੀਤੀ ਗਈ ਹੈ।

ਯੂਰਪੀ ਸੰਘ 'ਚ ਸ਼ਾਮਲ ਦੇਸ਼ ਆਪਣੇ ਇਥੇ ਸੋਆਬੀਨ, ਬਾਜਰਾ ਵਰਗੇ ਦੂਜੇ ਬੀ ਟੀ ਬੀਜਾਂ ਦੀ ਬਰਾਮਦ ਦੀ ਇਜਾਜ਼ਤ ਨਹੀਂ ਦੇ ਰਹੇ। ਆਪਣੇ ਦੇਸ਼ 'ਚ ਬਿਹਾਰ ਵਰਗੇ ਰਾਜ ਨੇ ਮਸ਼ਹੂਰ ਬਾਇਓ ਟੈਕ ਵਿਗਿਆਨਕ ਡਾ. ਡੂੰਗ ਗੁਰਿਅਨ ਸ਼ੇਮਨ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਅਜਿਹੀ ਵਪਾਰਕ ਤੌਰ 'ਤੇ ਲਾਭਦਾਇਕ, ਵਾਤਾਵਰਣ ਲਈ ਫਾਇਦੇਮੰਦ ਜਾਂ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਾਲੀ ਇਕ ਵੀ ਫਸਲ ਨਹੀਂ ਹੈ। ਸਰਕਾਰ ਵਲੋਂ ਨਿਯੁਕਤ ਜੇਨੇਟਿਕ ਇੰਜਨੀਰਿੰਗ ਇਪਰੂਵਲ ਕਮੇਟੀ ਨੇ ਬੀ ਟੀ ਬੈਂਗਣ ਨੂੰ ਪੈਦਾ ਕਰਨ ਲਈ ਇਕ ਸੁਰੱਖਿਅਤ ਫਸਲ ਨੂੰ ਮਾਣਤਾ ਦੇ ਦਿੱਤੀ ਹੈ। ਇਸ ਮਾਨਤਾ ਨੂੰ ਹਾਸਲ ਕਰਨ ਲਈ ਮੌਸਾਂਟੋ ਤੇ ਮਾਹੀਕੋ ਨੇ ਸੰਮਤੀ ਦੇ ਮੈਂਬਰ 'ਤੇ ਤਰ੍ਹਾਂ-ਤਰ੍ਹਾਂ ਦੇ ਦਬਾਅ ਤੇ ਪ੍ਰਭਾਵ ਬਣਾਏ। ਇਹਨਾਂ ਕੰਪਨੀਆਂ ਨੇ ਮੈਂਬਰਾਂ ਨੂੰ ਲਾਲਚ ਵੀ ਦਿੱਤਾ। ਸੰਮਤੀ ਦੇ ਕਈ ਮੈਂਬਰ ਇਹਨਾਂ ਕਾਰਪੋਰੇਟ ਫਰਮਾਂ ਰਾਹੀਂ ਦੂਜੇ ਦੇਸ਼ਾਂ 'ਚ ਚਲਾਏ ਜਾਣ ਵਾਲੇ ਅਦਾਰਿਆਂ ਲਈ ਕੰਮ ਕਰਦੇ ਹਨ। ਸੇਜ ਥਰਮੋਨਿਊਕਲੀਅਰ ਪਾਵਰ ਪਲਾਂਟ ਆਦਿ ਸਬੰਧੀ ਹੋਈ ਜਨ ਸੁਣਵਾਈ ਦੌਰਾਨ ਦੇਖਿਆ ਗਿਆ ਹੈ ਕਿ ਆਪਣੇ ਦੇਸ਼ 'ਚ ਕਿਸ ਤਰ੍ਹਾਂ ਜਨ ਸੁਣਵਾਈ ਸਮੇਂ ਹੇਰਾਫੇਰੀ ਹੁੰਦੀ ਹੈ। ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਜਨਵਰੀ ਵਿੱਚ ਜਨ ਸੁਣਵਾਈ ਕਰਨ ਦਾ ਐਲਾਨ ਕੀਤਾ ਸੀ। ਘਾਤਕ ਨਵੀਂ ਤਕਨੋਲੋਜੀ ਵਾਤਾਵਰਣ ਨੂੰ ਬਰਾਮਦ ਕਰ ਦੇਵੇਗੀ। ਜੈਵਿਕ ਵਿਭਿੰਨਤਾ ਨੂੰ ਹਾਨੀ ਪਹੁੰਚਾਵੇਗੀ ਜੋ ਲੋਕ ਇਸ ਦੀ ਵਰਤੋਂ ਕਰਨਗੇ ਉਹਨਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਏਗੀ। ਪਿਛਲੇ 4000 ਸਾਲਾਂ ਤੋਂ ਵਰਤੋਂ 'ਚ ਆ ਰਹੇ ਅਨੇਕਾਂ ਕਿਸਮ ਦੇ ਬੈਂਗਣਾਂ ਨੂੰ ਅਲੋਪ

ਕਰ ਦੇਵੇਗੀ। ਦੇਸੀ ਬੈਂਗਣ ਪੈਦਾ ਕਰਨ ਵਾਲੇ ਭਾਰਤੀ ਕਿਸਾਨ ਹਜ਼ਾਰਾਂ ਦੀ ਗਿਣਤੀ 'ਚ ਭੁੱਖੇ ਮਰ ਜਾਣਗੇ। ਸਾਡੇ ਹਾਕਮ ਇਸ 'ਚ ਸਰਗਰਮੀ ਨਾਲ ਸ਼ਾਮਲ ਹੋਣ, WTO 'ਚ ਸ਼ਾਮਲ ਹੋਣ ਤੇ ਅਖੌਤੀ 'ਵਿਕਾਸ' ਕਰਨ ਲਈ ਕਹਿ ਰਹੇ ਹਨ। ਪਰ ਲੋਕ ਅਸਹਿਮਤ ਹਨ ਉਹਨਾਂ ਦੀ ਮੰਗ ਹੈ ਕਿ ਸਾਮਰਾਜੀ ਮੁਨਾਫਾ ਖੋਰ ਬਹੁਕੌਮੀ ਕੰਪਨੀਆਂ ਨੂੰ ਦੇਸ਼ ਤੋਂ ਬਾਹਰ ਕੱਢਿਆ ਜਾਵੇ। ਲੋਕ ਹਿੱਤ ਖੇਤੀ ਨੀਤੀ ਅਪਣਾਈ ਜਾਵੇ।

# ਪੀਲੀਆ - ਕਾਰਨ, ਲੱਛਣ ਤੇ ਇਲਾਜ

ਪੀਲੀਆ ਭਾਵ Jaundice (ਜਾਂਡੇਸ) ਰੋਗ ਕਾਰਨ ਰੋਗੀ ਦੀਆਂ ਅੱਖਾਂ ਪੀਲੀਆਂ ਤੇ ਨਹੁੰ ਪੀਲੇ ਨਜ਼ਰ ਆਉਣ ਲੱਗਦੇ ਹਨ। ਜਦ ਰੋਗ ਭਿਅੰਕਰ ਭਾਵ, ਹਮਲਾਵਰ ਰੂਪ ਧਾਰਨ ਕਰ ਲੈਂਦਾ ਹੈ ਤਾਂ ਸਰੀਰ ਦੀ ਚਮੜੀ ਵੀ ਪੀਲੀ ਪੈ ਜਾਂਦੀ ਹੈ ਇਸ ਰੋਗ ਵਿੱਚ ਪਿੱਤ (Bile) ਪਿਤੇ ਦੀ ਨਲੀ (Bileduct) 'ਚ ਕੋਈ ਰੁਕਾਵਟ ਆਉਣ ਕਰਕੇ ਰੁਕ ਜਾਂਦਾ ਹੈ ਅਤੇ ਛੋਟੀ ਆਂਤੜੀ (Duodenum) 'ਚ ਨਹੀਂ ਪਹੁੰਚਦਾ ਜਿਸ ਕਾਰਨ ਇਹ ਸਿੱਧਾ ਲਹੂ 'ਚ ਮਿਲ ਕੇ ਸਾਡੇ ਸਰੀਰ ਨੂੰ ਪੀਲਾ ਬਣਾ ਦਿੰਦਾ ਹੈ।

**ਪੀਲੀਆ ਦੇ ਕਾਰਨ** - ਇਸ ਦੇ ਅਨੇਕਾਂ ਕਾਰਨ ਹੁੰਦੇ ਹਨ ਪਰ ਮੁੱਖ ਤੌਰ 'ਤੇ ਇਸ ਦੇ ਚਾਰ ਕਾਰਨ ਜਾਂ ਕਿਸਮਾਂ ਹੁੰਦੀਆਂ ਹਨ।

1. **ਅੜਿਕਾ ਜਨਕ ਪੀਲੀਆ (Obstructive Jaundice)** - ਜਿਗਰ ਵਿੱਚ ਬਣਿਆ ਪਿੱਤ (Bile) ਪਿਤੇ (Gall Blander) 'ਚ ਇਕੱਠਾ ਹੋ ਕੇ ਪਿੱਤ ਨਲੀ ਰਾਹੀਂ ਛੋਟੀ ਆਂਤੜੀ 'ਚ ਜਾਂਦਾ ਹੈ ਜਦ ਕਿਸੇ ਕਾਰਨ ਇਸ ਦੇ ਰਾਹ 'ਚ ਕੋਈ ਰੁਕਾਵਟ ਪੈਦਾ ਹੋ ਜਾਵੇ ਤਾਂ ਇਹ ਪਿੱਤ ਜਿਗਰ ਅੰਦਰ ਹੀ ਇਕੱਠਾ ਹੁੰਦਾ ਰਹਿੰਦਾ ਹੈ ਤੇ ਉਥੋਂ ਪਿਤ ਰਕਤਵਹਿਣੀਆਂ ਰਾਹੀਂ ਵਾਪਸ ਜਜ਼ਬ ਹੋ ਕੇ ਖ਼ੂਨ 'ਚ ਮਿਲ ਜਾਂਦਾ ਹੈ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਖ਼ੂਨ 'ਚ ਪਿੱਤ ਦੀ ਵੱਧ ਮਾਤਰਾ ਹੋ ਜਾਂਦੀ ਹੈ ਜਿਸ ਨਾਲ ਸਰੀਰ ਦੇ ਜਿੰਨੇ ਵੀ ਪਾਰਦਰਸ਼ਿਕ ਅੰਗ ਹੈ ਜਿਵੇਂ ਅੱਖਾਂ, ਨਹੁੰ ਆਦਿ 'ਚ ਸਪੱਸ਼ਟ ਪੀਲਾਪਣ ਨਜ਼ਰ ਆਉਣ ਲੱਗਦਾ ਹੈ। ਇਹ ਅੜਿਕਾ ਕਈ ਕਾਰਨਾਂ ਕਰਕੇ ਹੋ ਸਕਦਾ ਹੈ ਜਿਵੇਂ ਪਿੱਤ ਨਲੀਕਾ 'ਚ ਪਥਰੀ, ਗੰਢ, ਰਸੌਲੀ, ਸੋਜ, ਗੋਲ ਕੀੜੇ ਜਾਂ ਜਮਾਂਦਰੂ ਵਿਗਾੜ ਜਾਂ ਅਪਰੇਸ਼ਨ ਦੌਰਾਨ ਸੁਗੜਨ ਹੋ ਕੇ ਵੀ ਅੜਿਕਾ ਹੋ ਸਕਦਾ ਹੈ। ਪਿੱਤ ਥੁਕ ਅਤੇ ਪਸੀਨ 'ਚ ਵੀ ਨਿਕਲਣ ਲੱਗਦਾ ਹੈ। ਇਹ ਹਾਲਤ 'ਚ ਚਰਬੀ (ਫੈਟ) ਦੇ ਨਾ ਪਚਣ ਕਰਕੇ ਟੱਟੀ ਸਲੇਟੀ ਜਾਂ ਸਫੈਦ ਰੰਗ ਦੀ ਆਉਣ ਲੱਗਦੀ ਹੈ ਅੰਤ ਵਿੱਚ ਪਿੱਤ ਨਾ ਜਾਣ ਕਰਕੇ ਯੂਰੋਬਿਲੀਨੋਜਿਨ ਬਣਦਾ ਹੀ ਨਹੀਂ ਹੈ ਅਤੇ ਪੇਸ਼ਾਬ 'ਚ ਇਹ ਬਹੁਤ ਘੱਟ ਮਿਲਦਾ ਹੈ ਜਾਂ ਫਿਰ ਮਿਲਦਾ ਹੀ ਨਹੀਂ। ਸੀਰਮ (ਖ਼ੂਨ) 'ਚ ਅਲਕੇਲਾਈਨ ਫਾਸਫੈਟ ਤੇ ਕਲੈਸਟ੍ਰੋਲ ਦੀ ਮਾਤਰਾ ਵਧ ਜਾਂਦੀ ਹੈ। ਪੇਸ਼ਾਬ ਪੀਲਾ ਹੁੰਦਾ ਹੈ, ਜਿਗਰ ਦਾ ਸਾਈਜ਼ ਵੱਧ ਜਾਂਦਾ ਹੈ। ਖ਼ੂਨ ਦੀ ਘਾਟ ਵੀ ਹੋ ਸਕਦੀ ਹੈ।

**ਹੀਮੋਲਿਟਿਕ ਪੀਲੀਆ (Haemolytic Jaundlice)** – ਇਹ ਹਾਲਤ ਖ਼ੂਨ ਦੇ ਲਾਲ ਕਣਾਂ ਦੇ ਵੱਧ ਵਿਨਾਸ਼ ਦੇ ਕਾਰਨ ਪੈਦਾ ਹੁੰਦੀ ਹੈ। ਮਲੇਰੀਆ, ਕਾਲਾ ਜਾਰ, ਟਾਈਫਾਇਡ ਆਦਿ ਦੇ ਜੀਵਾਣੂੰ ਜ਼ਹਿਰ ਕਾਰਨ ਲਾਲ ਰਕਤ ਕਣਾਂ ਦਾ ਵਿਨਾਸ਼ ਹੁੰਦਾ ਹੈ। ਇਸ ਤਰ੍ਹਾਂ ਸਟਰੈਪਟੋਕੋਕਲ ਇਨਫੈਕਸ਼ਨ, ਪਰਨੀਸ਼ੀਅਸ ਅਨੀਆ, ਜ਼ਹਿਰੀਲਾ, ਮਾਦਾ, ਗਲਤ ਗਰੁੱਪ ਦਾ ਖ਼ੂਨ ਚੜ੍ਹਨ ਕਰਕੇ ਜਾਂ ਜਮਾਂਦਰੂ ਕਾਰਨਾਂ ਕਰਕੇ ਰਕਤ ਦੇ ਲਾਲ ਕਣ ਵਾਧੂ ਮਾਤਰਾ 'ਚ ਟੁੱਟ ਕੇ ਜਾਂ

ਨਸ਼ਟ ਹੋ ਕੇ ਪੀਲੀਏ ਦੀ ਹਾਲਤ ਪੈਦਾ ਕਰਦੇ ਹਨ। ਲਾਲ ਕਣਾਂ ਦੇ ਟੁੱਟਣ ਨਾਲ ਇਹਨਾਂ 'ਚ ਮੌਜੂਦ ਹੀਮੋਗਲੋਬਿਨ ਤੋਂ ਵੱਧ ਮਾਤਰਾ 'ਚ ਬਿਲੀਰੂਬਿਨ ਬਣਦਾ ਹੈ ਜੋ ਖ਼ੂਨ 'ਚ ਵੱਧ ਕੇ ਪੀਲੀਏ ਦਾ ਕਾਰਨ ਬਣਦਾ ਹੈ। ਲਾਲ ਕਣਾਂ ਦੇ ਵਿਨਾਸ਼ ਕਾਰਨ ਜੋ ਪੀਲੀਆ ਹੁੰਦਾ ਹੈ ਉਹ ਆਜ਼ਾਦ ਤੌਰ 'ਤੇ ਨਾ ਹੋ ਕੇ ਵਧੀ ਹੋਈ ਖ਼ੂਨ ਦੀ ਕਮੀ (ਅਨੀਮੀਆ) ਦਾ ਹੀ ਖਾਸ ਰੂਪ ਹੁੰਦਾ ਹੈ। ਇਸ ਪ੍ਰਕਾਰ ਦੇ ਪੀਲੀਏ 'ਚ ਜਿਗਰ ਦਾ ਸਾਈਜ ਵਧਿਆ ਹੋਇਆ ਹੁੰਦਾ ਹੈ। ਪਰ ਟੱਟੀ-ਪਿਸ਼ਾਬ ਦਾ ਰੰਗ ਨਹੀਂ ਬਦਲਦਾ।

3. **ਜਿਗਰ ਦੀ ਇਨਫੈਕਸ਼ਨ ਕਾਰਨ ਪੀਲੀਆ (Infectional Jaundice)** - ਲਿਵਰ ਦੀ ਬੀਮਾਰੀ ਤੋਂ ਪੈਦਾ ਹੋਇਆ ਪੀਲੀਆ ਦੇ ਰੋਗੀ ਦੇ ਖ਼ੂਨ ਵਿੱਚ ਇਕ ਬਾਇਰਸ ਹੁੰਦਾ ਹੈ ਜੋ ਦੂਜਿਆਂ ਦੇ ਪੀਣ ਦੇ ਦੂਸ਼ਿਤ ਪਾਣੀ ਪੀਣ ਜਾਂ ਦੂਸ਼ਿਤ ਕੱਚੀਆਂ ਸਬਜ਼ੀਆਂ ਖਾਣ ਨਾਲ ਸਰੀਰ 'ਚ ਦਾਖਲ ਹੁੰਦਾ ਹੈ ਅਤੇ ਫਿਰ ਮਰੀਜ਼ ਦੀ ਟੱਟੀ ਰਸਤੇ ਬਾਹਰ ਨਿਕਲਦਾ ਰਹਿੰਦਾ ਹੈ। ਖਾਣ ਵਾਲੀ ਵਸਤਾਂ ਰੋਗੀ ਦੀ ਟੱਟੀ ਦੇ ਸੰਪਰਕ 'ਚ ਮੱਖੀਆਂ ਆਦਿ ਰਾਹੀਂ ਆ ਸਕਦੀਆਂ ਹਨ। ਕਈ ਲੋਕ ਰੋਗੀ ਤਾਂ ਨਹੀਂ ਪਰ ਇਸ ਰੋਗ ਦੇ ਵਾਹਕ (Carrier) ਹੁੰਦੇ ਹਨ। ਉਹਨਾਂ ਦੀ ਟੱਟੀ ਤੋਂ ਵੀ ਇਹ ਰੋਗ ਦੂਜਿਆਂ ਨੂੰ ਜਾਂਦਾ ਹੈ। ਪੇਟ ਤੋਂ ਲਿਵਰ 'ਚ ਤੇ ਫਿਰ ਇਹ ਸਾਰੇ ਸਰੀਰ 'ਚ ਫੈਲ ਜਾਂਦਾ ਹੈ। ਜਿਥੇ ਭੀੜ ਹੁੰਦੀ ਹੈ (ਜਿਵੇਂ ਮੇਲੇ, ਉਤਸਵ ਕੁੰਭ, ਅਮਰਨਾਥ ਯਾਤਰਾ, ਜੇਲ੍ਹਾਂ, ਹਸਪਤਾਲ, ਝੁੱਗੀਆਂ, ਬੱਸ ਸਟੈਂਡ, ਰੇਲਵੇ ਸਟੇਸ਼ਨ ਆਦਿ) ਉਥੇ ਪੀਣ ਦੇ ਪਾਣੀ ਨੂੰ ਮਲ (ਟੱਟੀ) ਕਾਰਨ ਦੂਸ਼ਿਤ ਹੋਣ ਤੋਂ ਰੋਕਣ ਦਾ ਪੂਰਾ ਪ੍ਰਬੰਦ ਨਹੀਂ ਹੁੰਦਾ। ਅਜਿਹੀਆਂ ਥਾਵਾਂ ਤੇ ਇਹ ਰੋਗ ਇਨਫੈਕਸ਼ਨ ਵਜੋਂ ਫੈਲਦਾ ਹੈ। ਵੈਸੇ ਇਹ ਰੋਗ ਇਕੱਲੇ ਇਕਹਿਰੇ ਵਿਅਕਤੀਆਂ 'ਚ ਵੀ ਹੁੰਦਾ ਹੈ। ਉਹਨਾਂ ਨੂੰ ਵੀ ਇਹ ਰੋਗ ਦੂਸ਼ਿਤ ਪਾਣੀ ਦੇ ਪੀਣ ਨਾਲ ਹੋਇਆ ਹੀ ਸਮਝਣਾ ਚਾਹੀਦਾ ਹੈ। ਇਹ ਰੋਗ ਅਕਸਰ 30-35 ਸਾਲ ਦੀ ਉਮਰ ਤੋਂ ਹੇਠਾਂ ਦੇ ਲੋਕਾਂ 'ਚ ਵੱਧ ਹੁੰਦਾ ਹੈ। ਖਾਸ ਕਰਕੇ ਬਰਸਾਤ ਰੁੱਤ। ਇਕ ਵਾਰ ਹੋ ਕੇ ਦੁਬਾਰਾ ਨਹੀਂ ਹੁੰਦਾ। ਵੱਡੀ ਉਮਰ ਦੇ ਰੋਗੀਆਂ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਪੈਦਾ ਹੋ ਜਾਣ ਕਰਕੇ ਇਹ ਰੋਗ ਘੱਟ ਹੁੰਦਾ ਹੈ। ਪੀਲੀਆ ਦਾ ਵਾਇਰਸ ਦੋ ਰੂਪਾਂ 'ਚ ਵੇਖਿਆ ਜਾਂਦਾ ਹੈ।

1. ਵਾਇਰਲ ਹੈਪੇਟਾਈਟਸ-ਏ ਜਾਂ Infectitious Hepatitis
2. ਵਾਇਰਸ ਹੈਪੇਟਾਈਟਸ-ਬੀ ਜਾਂ Serum Hepatitis

ਇਹ ਰੋਗ ਦਾ ਵਾਇਰਸ ਲਹੂ ਰਾਹੀਂ ਇਕ ਤੋਂ ਦੂਜੇ ਵਿਅਕਤੀ ਨੂੰ ਜਾਂਦਾ ਹੈ। ਜਦੋਂ ਰੋਗੀ ਵਿਅਕਤੀ ਦਾ ਖ਼ੂਨ ਤੰਦਰੁਸਤ ਵਿਅਕਤੀ ਨੂੰ ਚੜ੍ਹਾ ਦਿੱਤਾ ਜਾਵੇ ਜਾਂ ਰੋਗੀ ਦੇ ਖ਼ੂਨ ਨਾਲ ਦੂਸ਼ਿਤ ਸੂਈ ਨਾਲ ਟੀਕਾ ਦੂਜੇ ਵਿਅਕਤੀ ਨੂੰ ਲਾ ਦਿੱਤਾ ਜਾਵੇ। ਸੂਈ ਜਾਂ ਟੀਕਾ ਲੱਗਣ ਤੋਂ ਦੋ-ਚਾਰ ਮਹੀਨਿਆਂ ਅੰਦਰ ਇਹ ਪੀਲੀਆ ਰੋਗ ਪੈਦਾ ਹੋ ਜਾਂਦਾ ਹੈ ਇਹ ਪੀਲੀਆ ਵੱਧ ਖ਼ਤਰਨਾਕ ਹੁੰਦਾ ਹੈ। ਵੈਸੇ ਤਾਂ ਵਾਇਰਸ ਸਾਰੇ ਸਰੀਰ 'ਚ ਹੀ ਫੈਲ ਜਾਂਦਾ ਹੈ ਪਰ ਜਿਗਰ 'ਤੇ ਇਸ ਦਾ ਵਿਸ਼ੇਸ਼ ਦੁਰਪ੍ਰਭਾਵ ਹੁੰਦਾ ਹੈ। ਜਿਗਰ ਦੇ ਸੈਲ ਇਸ ਨੂੰ ਨਸ਼ਟ ਕਰਨ ਦੀ

ਕੋਸ਼ਿਸ਼ ਕਰਦੇ ਹਨ। ਇਸ ਨਾਲ ਜਿਗਰ ਨੂੰ ਸੋਜ, ਪਿੱਤੇ ਦੀ ਨਲਿਕਾਵਾਂ ਨੂੰ ਸੋਜ, ਪਿੱਤੇ ਦੀ ਨਲਿਕਾਵਾਂ ਨੂੰ ਸੋਜ ਜਾਂ ਅੜਿਕਾ ਹੋ ਜਾਂਦਾ ਹੈ ਜਿਸ ਕਾਰਨ ਪਿੱਤ ਛੋਟੀ ਆਂਤੜੀਆਂ 'ਚ ਨਹੀਂ ਪੁੱਜਦਾ ਤਾਂ ਰੋਗੀ ਦੀ ਟੱਟੀ ਸਫੈਦ ਰੰਗ ਦੀ ਹੋ ਜਾਂਦੀ ਹੈ। ਪਿੱਤ ਵਾਪਸ ਜਜ਼ਬ ਹੋ ਕੇ ਖ਼ੂਨ 'ਚ ਚਲਿਆ ਜਾਂਦਾ ਹੈ, ਇਹ ਥੁੱਕ ਅਤੇ ਪਸੀਨੇ 'ਚ ਵੀ ਨਿਕਲਣ ਲੱਗਦਾ ਹੈ। ਭੁੱਖ ਹੌਲੀ-ਹੌਲੀ ਘੱਟਣ ਲੱਗਦੀ ਹੈ। ਖ਼ੂਨ 'ਚ ਬਲੱਡ ਬਿਲੀਰੂਬਿਨ ਤੇ ਬਾਈਲ ਬਿਲੀਰੂਬਿਨ ਦੋਨੋਂ ਹੀ ਵੱਧ ਜਾਂਦੇ ਹਨ। ਮੌਤ ਦਾ ਕਾਰਨ ਜਿਗਰ ਦੇ ਸੈਲਾਂ ਦਾ ਵੱਧ ਨਸ਼ਟ ਹੋਣਾ ਹੁੰਦਾ ਹੈ। ਸਿਹਤਮੰਦ ਹੋਣ 'ਤੇ ਜਿਗਰ ਦੇ ਸੈਲ ਵੀ ਤੰਦਰੁਸਤ ਹੋ ਜਾਂਦੇ ਹਨ

**ਪੀਲੀਆ ਦੇ ਲੱਛਣ** - ਭੁੱਖ ਘੱਟ ਜਾਣੀ, ਖਾਣਾ ਖਾਣ ਨੂੰ ਚਿੱਤ ਨਾ ਕਰਨਾ, ਉਲਟੀਆਂ ਹੋਣੀਆਂ, ਭੋਜਨ ਦਾ ਨਾਂ ਲੈਣ ਤੋਂ ਵੀ ਨਫ਼ਰਤ ਹੋਣੀ, ਇਸ ਰੋਗ ਦਾ ਇਕ ਮੁੱਖ ਲੱਛਣ ਹੈ ਲਿਵਰ 'ਚ ਸੋਜ ਹੋਣ ਨਾਲ ਮਿਹਦੇ ਵੱਲ ਜਾਂ ਸੱਜੀਆਂ ਪਸਲੀਆਂ ਹੇਠਾਂ ਭਾਰੀਪਣ ਜਾਂ ਹਲਕਾ ਦਰਦ ਰਹਿੰਦਾ ਹੈ। ਸਰੀਰ 'ਚ ਇਨਫੈਕਸ਼ਨ ਕਾਰਨ ਸਿਰਦਰਦ ਰਹਿੰਦਾ ਹੈ। ਸਰੀਰ ਥੱਕਿਆ ਤੇ ਅਸਮਰੱਥ ਲੱਗਦਾ ਹੈ। ਸ਼ਾਮ ਨੂੰ ਤਬੀਅਤ ਵੱਧ ਮੰਦੀ ਲੱਗਦੀ ਹੈ। ਇਨਫੈਕਸ਼ਨ ਕਾਰਨ ਬੁਖਾਰ ਵੀ 100 ਤੋਂ 102 ਡਿਗਰੀ ਤਿੰਨ ਚਾਰ ਦਿਨ ਤੱਕ ਰਹਿੰਦਾ ਹੈ। ਪੇਸ਼ਾਬ ਗੂੜੇ ਪੀਲੇ ਰੰਗ ਜਾਂ ਹਲਦੀ ਰੰਗ ਦਾ ਹੋ ਜਾਂਦਾ ਹੈ। ਰੋਗ ਵਧਣ ਤੇ ਪਿੱਤ ਦੇ ਆਂਤੜੀ 'ਚ ਘੱਟ ਜਾਣ ਕਰਕੇ ਟੱਟੀ ਦਾ ਰੰਗ ਫਿੱਕਾ ਹੋ ਜਾਂਦਾ ਹੈ। ਚਰਬੀ ਦੇ ਟੱਟੀ 'ਚ ਜਾਣ ਨਾਲ ਵੀ ਰੰਗ ਸਫੈਦ ਤੇ ਬਦਬੂਦਾਰ ਹੋ ਜਾਂਦਾ ਹੈ। ਇਸ ਰੋਗ 'ਚ ਖ਼ੂਨ ਦੇ ਜੰਮਣ ਦਾ ਸਮਾਂ (CT) ਵਧ ਜਾਂਦਾ ਹੈ। ਜਿਸ ਕਾਰਨ ਸਰੀਰ ਦੇ ਕਿਸੇ ਵੀ ਹਿੱਸੇ ਖ਼ੂਨ ਵਗ ਸਕਦਾ ਹੈ। ਅਜਿਹੀ ਸਥਿਤੀ 'ਚ ਪੀਲੀਏ ਦਾ ਕਾਰਨ ਮਲੇਰੀਆ ਹੁੰਦਾ ਹੈ। ਕਈ ਵਾਰੀ ਇਹ ਰੋਗ ਇਸੇ ਹਾਲਾਤ 'ਚ ਠੀਕ ਹੋ ਜਾਂਦਾ ਹੈ। ਉਪਰੋਕਿਤ ਸ਼ੁਰੂਆਤੀ ਲੱਛਣਾਂ ਦੇ ਸ਼ੁਰੂ ਹੋਣ ਤੋਂ ਇਕ ਹਫਤੇ ਦੇ ਅੰਦਰ-ਅੰਦਰ ਹੀ ਇਸ ਦੀ ਖ਼ਤਰਨਾਕ ਪੜਾਅ ਸ਼ੁਰੂ ਹੋ ਜਾਂਦਾ ਹੈ। ਜਿਸ 'ਚ ਅੱਖਾਂ ਜਾਂ ਪੇਸ਼ਾਬ ਦਾ ਰੰਗ ਪੀਲਾ ਹੋ ਜਾਂਦਾ ਹੈ। ਬੁਖਾਰ ਉਤਰ ਜਾਂਦਾ ਹੈ ਜਿਗਰ ਵਧਿਆ ਹੋਇਆ ਹੁੰਦਾ ਹੈ। ਜਿਗਰ ਪਸਲੀਆਂ ਤੋਂ 2-3 ਉਂਗਲਾਂ ਹੇਠਾਂ ਤੱਕ ਆ ਜਾਂਦਾ ਹੈ ਅਤੇ ਹੱਥ ਲਾਉਣ 'ਤੇ ਦਰਦ ਕਰਦਾ ਹੈ। ਇਹ ਕਠੋਰ ਨਹੀਂ ਹੁੰਦਾ।

**ਪੀਲੀਏ ਦੀ ਪਹਿਚਾਣ** - ਰੋਗੀ ਨੂੰ ਬੁਖਾਰ ਚੜਨਾ, ਭੁੱਖ ਨਾ ਲੱਗਣੀ ਚਿਕਨਾਈ ਵਾਲੇ ਭੋਜਨ ਤੋਂ ਜੀ ਕਤਰਾਉਣਾ, ਜੀ ਕੱਚਾ ਹੋਣਾ, ਕਦੀ-ਕਦੀ ਉਲਟੀਆਂ ਆਉਣੀਆਂ, ਸਿਰਦਰਦ, ਅੱਖਾਂ ਦਾ ਰੰਗ ਪੀਲਾ, ਪੀਲਾ ਪਿਸ਼ਾਬ ਆਉਣਾ, ਕਮਜ਼ੋਰੀ, ਥਕਾਵਟ ਪੀਲੀਏ ਦੇ ਲੱਛਣ ਹਨ।

**ਪੀਲੀਏ ਦਾ ਫੈਲਣਾ** -

- ਪੀਲੀਆ ਰੋਗੀ ਦੀ ਟੱਟੀ ਨਾਲ ਦੂਸ਼ਿਤ ਪਾਣੀ, ਦੁੱਧ, ਖਾਣ ਵਾਲੀਆਂ ਹੋਰ ਵਸਤਾਂ ਰਾਹੀਂ ਇਸ ਦਾ ਪ੍ਰਸਾਰ ਹੁੰਦਾ ਹੈ।
- ਕਾਲਾ ਪੀਲੀਆ (Hepatitis-B) ਦੂਸ਼ਿਤ ਸੂਈ ਲਾਉਣ ਨਾਲ ਫੈਲਦਾ ਹੈ।

• ਪੀਲੀਆ ਦਾ ਵਾਇਰਸ ਰੋਟੀ ਖਾਣ ਤੋਂ ਪਹਿਲਾਂ ਦੂਸ਼ਿਤ ਹੱਥਾਂ ਰਾਹੀਂ ਜਾਂ ਮੱਖੀਆਂ ਰਾਹੀਂ ਦੂਸ਼ਿਤ ਹੋਇਆ ਖਾਣਾ ਖਾਣ ਨਾਲ ਫੈਲਦਾ ਹੈ।

• ਭੀੜ ਭੜੱਕੇ ਵਾਲੀਆਂ ਥਾਵਾਂ ਤੋਂ ਦੂਸ਼ਿਤ ਪਾਣੀ ਨਾਲ ਇਹ ਬਹੁਤ ਲੋਕਾਂ ਨੂੰ ਇਕੱਠਿਆਂ ਹੀ ਹੋ ਜਾਂਦਾ ਹੈ। ਕਦੀ-ਕਦੀ ਇਹ ਮਾਂਹਮਾਰੀ ਦਾ ਰੂਪ ਵੀ ਲੈਂਦਾ ਹੈ।

• ਅਗਸਤ ਤੋਂ ਅਕਤੂਬਰ ਤੱਕ ਇਹ ਵਧ ਫੈਲਦਾ ਹੈ।

**ਪੀਲੀਆ ਰੋਗ ਦੀ ਘਾਤਿਕਤਾ** - ਬੀ ਟਾਈਪ ਜਾਂ ਕਾਲਾ ਪੀਲੀਆ ਵੱਧ ਖ਼ਤਰਨਾਕ ਹੁੰਦਾ ਹੈ। ਇਸ ਨਾਲ ਮੌਤ ਦੀ ਦਰ ਵੱਧ ਹੁੰਦੀ ਹੈ। ਖ਼ੂਨ 'ਚ ਬਾਇਲ (ਪਿੱਤ) ਦੇ ਨਾਲ ਬਾਈਲ ਸਾਲਟਸ ਦੇ ਵੱਧ ਬਣ ਜਾਣ ਕਰਕੇ, ਖ਼ੂਨ ਦੇ ਪਤਲਾ ਹੋਣ ਕਰਕੇ ਇਸ ਰੋਗ 'ਚ ਉਲਟੀਆਂ ਨਾਲ ਖ਼ੂਨ ਜਾਂ ਟੱਟੀ ਰਾਹੀਂ ਵੀ ਖ਼ੂਨ ਆ ਸਕਦਾ ਹੈ। ਬਾਈਲ ਸਾਲਟਾਂ ਦੇ ਵਧਣ ਕਾਰਨ ਚਮੜੀ ਤੇ ਖਾਰਸ਼, ਨੀਂਦ ਦੀ ਘਾਟ, ਪਠਿਆਂ 'ਚ ਕੰਬਣੀ, ਹਿਚਕੀ, ਬੇਹੋਸ਼ੀ ਨੂੰ ਗੰਭੀਰ ਹਾਲਤ ਸਮਝ ਲੈਣੀ ਚਾਹੀਦੀ ਹੈ। ਬਹੁਤੇ ਲੋਕਾਂ 'ਤੇ ਪੀਲੀਏ ਦਾ ਅਸਰ ਸਾਧਾਰਨ ਹੁੰਦਾ ਹੈ ਪਰ ਇਹ ਜਾਨ ਲੇਵਾ ਵੀ ਹੋ ਸਕਦਾ ਹੈ। ਮੌਤ ਜਿਗਰ ਫੇਲ੍ਹ ਹੋਣ ਕਾਰਨ ਹੁੰਦੀ ਹੈ। ਕਈ ਮਰੀਜ਼ਾਂ 'ਚ ਪੀਲੀਆ ਵੱਧ ਲੰਮਾ ਸਮਾਂ ਚਲ ਜਾਂਦਾ ਹੈ।

ਪੀਲੀਏ ਦੇ ਰੋਗ 'ਚ ਆਯੂਰਵੇਦਿਕ ਇਲਾਜ ਵੱਧ ਕਾਮਯਾਬ ਹੈ। ਪ੍ਰਹੇਜ-ਚਕਨਾਈ ਵਾਲੀਆਂ ਚੀਜ਼ਾਂ ਦਾ ਪ੍ਰਹੇਜ ਕਰੋ, ਤਰਲ ਪਦਾਰਥ ਵੱਧ ਦਿਉ। ਗੰਨੇ ਦਾ ਰਸ, ਸਿਕੰਜਵੀ, ਟਮਾਟਰ, ਗਾਜਰ, ਸੰਤਰਾ, ਮੌਸਮੀ ਮਿੱਠੇ ਚੌਲ, ਪਾਲਕ, ਮੇਥੀ, ਖੀਰਾ, ਚੀਕੂ, ਸੇਬ, ਅੰਗੂਰ, ਪਪੀਤਾ, ਲੀਚੀ ਪਾਣੀ ਉਬਾਲ ਕੇ ਹੀ ਪੀਓ। ਪੂਰਨ ਆਰਾਮ ਲਾਜ਼ਮੀ ਹੈ। ਤਾਜ਼ੀ ਲੱਸੀ ਪੀਲੀਏ ਤੋਂ ਬਚਣ ਲਈ ਹੈਪੇਟਾਈਟਸ-ਬੀ ਦੇ ਟੀਕੇ ਲਵਾਉਣੇ ਚਾਹੀਦੇ ਹਨ। ਇਲਾਜ ਨਾਲੋਂ ਪ੍ਰਹੇਜ ਚੰਗਾ ਹੈ।

# ਨਸ਼ਿਆਂ (ਡਰੱਗਸ) ਦਾ ਵਧਦਾ ਸ਼ਿਕੰਜਾ

ਨਵੇਂ ਸ਼ਹਿਰੀ ਨਸ਼ੇੜੀਆਂ ਦੀ ਦੂਜੀਆਂ 'ਚ ਡਰੱਗਜ਼ ਨੂੰ ਸ਼ਾਨਦਾਰ ਮੰਨਿਆ ਜਾਂਦਾ ਹੈ। ਕਾਰਪੋਰੇਟ ਜਗਤ ਦੀ ਪੌੜੀਆਂ ਚੜ ਰਹੇ ਨੌਜਵਾਨਾਂ, ਬੀਅਰ ਬਾਰ 'ਚ ਬੈਠੀਆਂ ਖ਼ੂਬਸੂਰਤ ਲੜਕੀਆਂ ਤੋਂ ਲੈ ਕੇ, ਇਕ ਘੰਟੇ 'ਚ 10 ਕਾਲ ਅਟੈਂਡ ਕਰਨ ਵਾਲੇ ਕਾਲ ਸੈਂਟਰ ਕਰਮਚਾਰੀਆਂ, ਵੱਧ ਦਬਾਅ ਵਾਲੇ ਕਿੱਤਾਮੁਖੀ ਕੋਰਸਾਂ ਦੇ ਵਿਦਿਆਰਥੀਆਂ, ਇੰਟਰਨੈਟ ਤੇ ਕੰਮ ਕਰਦੇ ਕਿਸ਼ੋਰ, ਕਿਸ਼ੋਰੀਆਂ ਦੀ ਮਸਤ ਟੋਲੀ ਅਤੇ ਤੁਹਾਡੇ ਗੁਆਂਢ 'ਚ ਖੂਬਸੂਰਤ ਲੜਕਿਆਂ ਤੱਕ ਸਭ ਤੁਹਾਡੇ ਇਰਦ-ਗਿਰਦ ਹਨ, ਉਹ ਕਿਸੇ ਗੁਮਨਾਮ ਥਾਂ 'ਤੇ ਨਹੀਂ ਰਹਿੰਦੇ, ਉਹਨਾਂ ਤੇ ਅਪਰਾਧੀਆਂ 'ਚ ਬੜਾ ਫਰਕ ਦਿੱਸਦਾ ਹੈ, ਨਾ ਹੀ ਉਹ ਕੋਈ ਪੇਜ-3 ਦੇ ਨਸ਼ੇੜੀ ਹਨ ਜੋ ਚਰਚਾ 'ਚ ਰਹਿਣ ਲਈ ਕੋਕੀਨ ਸੁੰਘਦੇ ਹਨ ਬਲਕਿ ਉਹ ਆਮ ਲੋਕ ਹਨ ਜੋ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਨੂੰ ਆਸਾਨ ਬਣਾਉਣਾ ਚਾਹੁੰਦੇ ਹਨ-ਵਧੀਆ ਕੰਮ ਕਰਨਾ, ਖੁਸ਼ਮਿਜ਼ਾਜ ਦਿੱਸਣਾ, ਦੇਰ ਤੱਕ ਜਾਗਦੇ ਰਹਿਣਾ, ਵੱਧ ਤਸੱਲੀ ਮਹਿਸੂਸ ਕਰਨਾ, ਭਾਰਤ ਦੇ ਸ਼ਹਿਰੀ ਇਲਾਕਿਆਂ 'ਚ ਨਵੇਂ ਡਰੱਗਸ ਆਉਣ ਦੇ ਨਾਲ ਹੀ ਉਹ ਬਣਾਉਟੀ ਤਰੀਕਿਆਂ ਤੋਂ ਸਕੂਨ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਪਦਾਰਥ ਸਸਤੇ ਹਨ, ਸਮਾਜਕ ਤੇ ਕਾਨੂੰਨੀ ਪਕੜ ਤੋਂ ਦੂਰ ਹਨ। ਮਹਾਂਨਗਰਾਂ ਤੋਂ ਲੈ ਕੇ ਦੂਜੇ ਦਰਜੇ ਦੇ ਸ਼ਹਿਰੀਆਂ ਤੱਕ ਦਵਾਈਆਂ ਦੀ ਦੁਰਵਰਤੋਂ ਰੋਜ਼ਮਰਾ ਦੀ ਸਮਾਜਕ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ ਅਤੇ ਇਹ ਸਮਝ ਬਦਲਦੀ ਜਾ ਰਹੀ ਹੈ ਕਿ ਕਿਸ ਦਵਾ ਦੇ ਨਾਲ ਕਿੱਥੇ, ਕਦੋਂ, ਕਿੰਨਾ, ਕੀ ਮਿਲਣਾ ਹੈ।

ਯੂਨਾਈਟਡ ਨੇਸ਼ਨਜ਼ ਆਫਿਸ ਆਨ ਡਰੱਗ ਰਿਪੋਰਟ (WDR) 2010 ਤੋਂ ਇਸ ਰੁਝਾਣ ਦੀ ਤਸਵੀਰ ਉਭਰਦੀ ਹੈ। ਇਸ ਰਿਪੋਰਟ 'ਚ ਸੰਕੇਤ ਦਿੱਤਾ ਗਿਆ ਹੈ ਕਿ ਨਵੇਂ ਡਰਗਸ ਤੇ ਨਵੇਂ ਬਾਜ਼ਾਰਾਂ ਵੱਲ ਝੁਕਾਅ ਵਧ ਰਿਹਾ ਹੈ ਅਤੇ ਨੁਸਖੇ ਵਾਲੀਆਂ ਦਵਾਈਆਂ ਦੇ ਨਾਲ ਹੀ ਇੰਮਫੀਟੇਮਾਇਨ ਟਾਇਮ ਸਟੀਮੂਲੈਂਟ (ATS) ਦੀ ਦੁਰਵਰਤੋਂ ਵਧ ਰਹੀ ਹੈ। ਦੱਖਣੀ ਏਸ਼ੀਆ 'ਚ ਯੂ ਐਨ ਓ ਡੀ ਸੀ ਦੀ ਨੁਮਾਇੰਦਾ ਕ੍ਰਿਸਟੀਨਾ ਅਲਬਰਟਿਨ ਦਾ ਕਹਿਣਾ ਹੈ "ਇਸ ਰਿਪੋਰਟ ਕਾਰਨ ਰਾਜਧਾਨੀ 'ਚ ਸ਼ਾਸਤਰੀ ਭਵਨ ਦੀ ਛੇਵੀਂ ਮੰਜ਼ਿਲ 'ਤੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਹ ਡਰੱਗਸ ਦੀ ਦੁਰਵਰਤੋਂ ਦੀ ਵੱਖਰੀ ਸੰਸਕ੍ਰਿਤੀ ਵੱਲ ਇਸ਼ਾਰਾ ਕਰਦੀ ਹੈ" ਕੇਂਦਰੀ ਸਮਾਜਕ ਨਿਆਂ ਤੇ ਸ਼ਕਤੀਕਰਣ (MSJE) ਮੰਤਰੀ ਮੁਕੂਲ ਵਾਸਨਿਕ ਦਾ ਕਹਿਣਾ ਹੈ "ਅਸੀਂ ਭਾਰਤ 'ਚ ਦਵਾਈਆਂ ਦੀ ਦੁਰਵਰਤੋਂ ਦੀ ਰੋਕਥਾਮ ਲਈ ਪਹਿਲੀ ਕੌਮੀ ਨੀਤੀ 'ਤੇ ਕੰਮ ਕਰ ਰਹੇ ਹਾਂ" ਜਾਗਰੂਕਤਾ ਸਮੇਂ ਦੀ ਲੋੜ ਹੈ। ਸੰਯੁਕਤ ਸਕੱਤਰ ਪੁਰਨਿਮਾ ਸਿੰਘ ਯੋਜਨਾ ਬਾਰੇ ਦੱਸਦੀ ਹੈ- ਮੈਡੀਕਲ ਕਾਲਜ ਤੋਂ ਲੈ ਕੇ ਸਕੂਲਾਂ ਤੱਕ ਸਲੇਬਸ ਰਾਹੀਂ, ਜਾਗਰੂਕਤਾ ਫੈਲਾਈ ਜਾਵੇਗੀ। ਸਪੈਸ਼ਲ ਨੈਟਵਰਕਿੰਗ ਸਾਈਟਸ 'ਤੇ ਸਖਤ ਨਜ਼ਰ ਰੱਖੀ ਜਾਵੇਗੀ ਪਰ ਦਵਾਈਆਂ ਦੀ ਦੁਰਵਰਤੋਂ 'ਤੇ ਸਮੇਂ-ਸਮੇਂ ਸਿਰ ਸਰਵੇਖਣ ਕੀਤਾ ਜਾਵੇਗਾ।

ਦਵਾਈ ਵੇਚਣ ਵਾਲਿਆਂ ਤੇ ਜਨਤਕ ਸਿਹਤ ਨੀਤੀ ਦੇ ਤਹਿਤ ਦਵਾਈ ਦੀ ਮੰਗ ’ਚ ਕਮੀ ਦੀ ਨਿਗਰਾਨੀ ਕੀਤੀ ਜਾਵੇਗੀ। ਇਲਾਜ ਦੇ ਦੌਰਾਨ ਨਸਮੁਕਤੀ ਤੇ ਪੁਨਰਵਾਸ ਦੀ ਥਾਂ ਵਿਕਲਪਿਕ ਇਲਾਜ ਪ੍ਰਣਾਲੀ ਦੀ ਵਰਤੋਂ ਕੀਤੀ ਜਾਵੇਗੀ। ਨਸ਼ਾ ਛੁਡਾਊ ਕੇਂਦਰਾਂ ’ਚ ਮਰੀਜ਼ਾਂ ਨਾਲ ਮਨੁੱਖੀ ਵਰਤਾਅ ਕੀਤਾ ਜਾਵੇਗਾ। ਇਹ ਸਭ ਸਬੰਧਤ ਮੰਤਰਾਲਿਆਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਉਹ ਦੱਸਦੀ ਹੈ “ਦੇਸ਼ ’ਚ ਦਵਾਈਆਂ ਦੀ ਦੁਰਵਰਤੋਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਕੌਮੀ ਸੈਂਪਲ ਸਰਵੇ ਸੰਗਠਨ ਸਾਡੇ ਵਲੋਂ ਪਹਿਲਾਂ ਵੱਡੇ ਪੈਮਾਨੇ ’ਤੇ ਸਰਵੇਖਣ ਕਰ ਰਿਹਾ ਹੈ।” ਤਕਨੋਲੋਜੀ ਨੇ ਅਜਿਹੇ ਵਿਅਕਤੀ ਦੀ ਵੱਖਰੀ ਪਹਿਚਾਣ ਕਰਵਾ ਦਿੱਤੀ ਹੈ। ਅਨਿਲ ਦੀ ਉਮਰ 15 ਸਾਲ ਹੈ ਅਤੇ ਉਹ ਆਪਣੇ ਸਕੂਲ ਤੋਂ ਵੱਧ ਵਕਤ ਇੰਟਰਨੈਟ ’ਤੇ ਗੁਜਾਰਦਾ ਹੈ। ਉਸ ਦੀ ਜ਼ਿੰਦਗੀ ਦਾ ਫਲਸਫਾ ਸਾਈਬਰਸਪੇਸ ਨਾਲ ਤਹਿ ਹੁੰਦਾ ਹੈ। ਤੁਹਾਨੂੰ ਜੋ ਪਸੰਦ ਹੈ ਲੈ ਲਵੋ, ਜੋ ਨਹੀਂ ਉਹ ਛੱਡ ਦਿਉ ਤੇ ਫਿਲਹਾਲ ਉਹ ਇਕ ਮਾਮੂਲੀ ਫੁਲਮਾਰਨਿੰਗ ਗਲੋਰੀ ਬਾਰੇ ਜਾਣਕਾਰੀ ‘ਲੈਣਾ’ ਚਾਹੁੰਦਾ ਹੈ। ਪਰ ਉਸ ਨੂੰ ਫੂਲ ’ਚ ਕੋਈ ਦਿਲਚਸਪੀ ਨਹੀਂ ਹੈ। ਉਸ ਦਾ ਬੀਜ ਚਾਹੁੰਦਾ ਹੈ ਉਹ ਪਹਿਲਾਂ ਤੋਂ ਹੀ ਜੜੀ-ਬੂਟੀਆਂ ਨਾਲ ਸਬੰਧਤ ਕੋਈ ਅੱਧੀ ਦਰਜਨ ਵੈੱਬ ਸਮੂਹਾਂ ਦਾ ਹਿੱਸਾ ਹੈ ਅਤੇ ਉਸ ਨੇ ਉਹਨਾਂ ’ਚੋਂ ਇਕ ਦਾ ਪਤਾ ਲਾ ਲਿਆ ਹੈ ਜੋ ਉਸ ਨੂੰ ਬੀਜ ਕੋਰੀਅਰ ਰਾਹੀਂ ਭੇਜ ਸਕਦਾ ਹੈ। ਫਿਰ ਉਹ ਉਹਨਾਂ ਸਾਈਟਾਂ ਤੇ ਜਾਏਗਾ ਜਿਥੋਂ ਪੈਟ੍ਰੋਲੀਅਰ ਈਥਰ ਭੇਜਣ ਦੀ ਵਿਵਸਥਾ ਹੈ ਉਸ ਪਿਛੋਂ ਉਹ ਸੌਖੇ ਨੁਸਖੇ ਲੱਭਣ ਲਈ ਈਰੋਵਿਡਠ ਓ ਆਰ ਜੀ-ਨੈੱਟ ’ਤੇ ਡ੍ਰਗ ਡਾਟਾਬੇਸ ਜਿਸ ’ਚ ਟ੍ਰਿਪ ਰਿਪੋਰਟਾਂ ਤੇ ਮਾਤਰਾ ਦੱਸੀ ਗਈ ਹੈ-ਖੰਗਾਲੇਗਾ ਉਸ ਦਾ ਸਿੱਧਾ ਜਿਹਾ ਮਕਸਦ ਹੈ। ਉਹ ਨਸ਼ੀਲੇ ਪਦਾਰਥਾਂ ਦਾ ਨੁਸਖਾ ਤਿਆਰ ਕਰਨ ਵਿੱਚ ਮਾਹਰਤ ਹਾਸਲ ਕਰਨਾ ਚਾਹੁੰਦਾ ਹੈ ਅਤੇ ਦੇਸੀ LSD ਦਾ ਜਾਦੂਮਈ ਕਾੜ੍ਹਾ ਤਿਆਰ ਕਰਕੇ ਗੁਪਤ ਕੋਰੀਅਰ ਬਣਾਉਣਾ ਚਾਹੁੰਦਾ ਹੈ। ਉਸ 15 ਸਾਲਾ ਲੜਕੇ ਨੂੰ ਪਤਾ ਨਹੀਂ ਹੈ ਕਿ ਉਹ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਲਈ ਆਸਾਨ ਸ਼ਿਕਾਰ ਹੈ। ਉਹ ਨੌਜਵਾਨਾਂ ਨੂੰ ਪ੍ਰਚੂਨ ਵਿਕ੍ਰੇਤਾ ਵਜੋਂ ਨਿਯੁਕਤ ਕਰਨ ਲਈ ਸੋਸ਼ਲ ਨੈਟਵਰਕਿੰਗ ਸਾਈਟਸ ਨੂੰ ਵੇਖਦੇ ਰਹਿੰਦੇ ਹਨ। ਉਸ ਦੇ ਚਿੰਤਤ ਮਾਪਿਆਂ ਨੂੰ ਪਤਾ ਨਹੀਂ ਹੈ ਕਿ ਡੀ ਡਬਲਯੂ ਡੀ ਆਰ 2010 ਦੇ ਮੁਤਾਬਕ ਭਾਰਤ ਨਜਾਇਜ਼ ਇੰਟਰਨੈਟ ਫਾਰਮੇਸੀ ਰਾਹੀਂ ਵੇਚੇ ਜਾਣ ਵਾਲੇ ਡਰੱਗਸ ਦਾ ਕੇਂਦਰ ਬਣ ਗਿਆ ਹੈ ਪਰ ਉਹਨਾਂ ਨੇ ਦਿੱਲੀ ਸਥਿਤ ਨੈਸ਼ਨਲ ਡਿਟੇਕਿਟਵਸ ਐਂਡ ਕਾਰਪੋਰੇਟ ਕੰਸਲਟੈਂਟਸ ਦੀ ਮੁੱਖ ਤਰਾਲਿਕਾ ਲਾਹਿੜੀ ਨਾਲ ਸੰਪਰਕ ਕਰਕੇ ਆਪਣੇ ਬੇਟੇ ਅਤੇ ਉਸ ਦੇ ਦੋਸਤਾਂ ’ਤੇ “ਨਜ਼ਰ ਰੱਖਣ” ਲਈ ਕਿਹਾ ਹੈ। ਲਹਿੜੀ ਦਾ ਮੰਨਣਾ ਹੈ ਕਿ ਇਹ ਉਭਰ ਰਿਹਾ ਰੁਝਾਣ ਹੈ। ਨਵੇਂ ਸ਼ਹਿਰੀ ਨਸੇੜੀਆਂ ਦੀ ਵੱਖਰੀ ਪਹਿਚਾਣ ਪਿੱਛੇ ਇਹ ਡਰਾਉਣ ਵਾਲੀ ਹਕੀਕਤ ਹੈ ਕਿ ਉਹ ਨਵੇਂ ਕਿਸਮ ਦੇ ਪਦਾਰਥਾਂ ਦੀ ਵਰਤੋਂ ਕਰਨ ਲੱਗੇ ਹਨ। ਫਿਲਹਾਲ ਸਭ ਤੋਂ ਵੱਧ ਸਿੰਥੈਟਿਕ ਡਰੱਗਸ (ਪ੍ਰਯੋਗਸ਼ਾਲਾ ’ਚ ਤਿਆਰ ਸਾਈਕੋ ਐਕਟਿਵ ਪਦਾਰਥ) ਪਸੰਦ ਕੀਤੀਆਂ ਜਾ ਰਹੀਆਂ ਹਨ ਅਤੇ ਇਹਨਾਂ ’ਚ ਕਈ ਤਰ੍ਹਾਂ ਦੀਆਂ ਦਵਾਈਆਂ ਹਨ। ਸੋਚ ਨੂੰ ਬਦਲਣ ਵਾਲੀ ਐਫੀਟਾ ਮਾਇਨ, ਐਕਸਟੈਸੀ, ਐਲ

ਐਸ ਡੀ, ਤੇ ਦੂਜੀ ਮਹਿੰਗੀ ਮੁਸ਼ਕਲ ਨਾਲ ਮਿਲਣ ਵਾਲੀਆਂ ਡਿਜ਼ਾਇਨਰ ਡਰੱਗਸ ਤੋਂ ਲੈ ਕੇ ਨੁਸਖੇ ਅਤੇ ਬਿਨਾਂ ਨੁਸਖੇ ਦੇ ਅਸਾਨੀ ਨਾਲ ਮੁਹੱਈਆ ਸਸਤੀਆਂ ਦਵਾਈਆਂ ਆਲ ਇੰਡੀਆ ਇਸਟੀਚੂਟ ਆਫ ਮੈਡੀਕਲ ਸਾਇੰਸਜ (AIIMS–ਏਮਜ਼) 'ਚ ਨੈਸ਼ਨਲ ਡਰੱਗ ਡਿਪੇਂਡੈਂਸ ਟ੍ਰੀਟਮੈਂਟ ਸੈਂਟਰ (NDDTC) ਨੂੰ ਦੇਖੋ ਜਿਥੇ ਹਰ ਸਾਲ 32000 ਨਸ਼ੇੜੀ ਪਹੁੰਚਦੇ ਹਨ ਅਤੇ 21000 ਤੋਂ ਵੱਧ ਦੀ ਸਮਾਜਕ ਦੇਖਭਾਲ ਕੀਤੀ ਜਾਂਦੀ ਹੈ। ਉਹਨਾਂ ਦੇ ਅੰਕੜਿਆਂ ਤੋਂ ਜਾਹਰ ਹੁੰਦਾ ਹੈ ਕਿ ਅਫੀਮ ਦੀਆਂ ਵਸਤਾਂ (ਕੁਦਰਤੀ ਤੇ ਅਰਧ ਸਿੰਥੈਟਿਕ ਅਫੀਮ ਤੋਂ ਹੈਰੋਇਨ ਤਕ) ਦੇ ਤਜ਼ਰਬੇ ਕਰਨ ਵਾਲਿਆਂ ਦੀ ਗਿਣਤੀ ਇਸ ਤੋਂ ਵੀ ਘੱਟ ਸਮੇਂ 'ਚ ਤੇਜ਼ੀ ਨਾਲ ਵਧੀ ਹੈ ਅਤੇ ਇਲਾਜ ਕਰਾਉਣ ਵਾਲਿਆਂ 'ਚ ਗਾਹਕਾਂ ਦੀ ਗਿਣਤੀ 15 ਫੀਸਦੀ ਹੈ NDDTC ਦੇ ਮੁਖੀ ਡਾ. ਰਜਤ ਰਾਏ ਕਹਿੰਦੇ ਹਨ "ਇਹ ਭਾਰਤ 'ਚ ਡਰੱਗਸ ਦੀ ਵਧਦੀ ਦੁਰਵਰਤੋਂ ਪਿੱਛੇ ਵੱਡਾ ਕਾਰਕ ਹੈ। ਦੁਨੀਆਂ ਭਰ 'ਚ ਮੁੱਖ–'ਪ੍ਰਾਬਲਮਡਰੱਗਸ' ਕੋਕੀਨ, ਹੈਰੋਇਨ ਦੀ ਵਰਤੋਂ ਘੱਟ ਰਹੀ ਹੈ ਜਦ ਕਿ ਦੂਜੀਆਂ ਸਿੰਥੈਟਿਕ ਦਵਾਈਆਂ ਦੀ ਦੁਰਵਰਤੋਂ ਵਧ ਰਹੀ ਹੈ।" MSJE ਦੇ ਤਹਿਤ ਨੈਸ਼ਨਲ ਸੈਂਟਰ ਫਾਰ ਡਰੱਗਜ਼ ਯੂਜ ਪ੍ਰੀਵੇਂਸ਼ਨ ਦੇ ਉਪਨਿਦੇਸ਼ਕ ਸੁਰੇਸ਼ ਕੁਮਾਰ ਦਾ ਕਹਿਣਾ ਹੈ 'ਪੇਨਕਿਲਰ, ਸਿਡੇਟਿਵ, ਇੰਕਜਓਲਾਇਟਿਕਸ, ਹਾਪੀ ਨੋਟਿਕ ਵਰਗੀਆਂ ਦਵਾਈਆਂ ਤੇ ਬੁਰਪੀਨਾਫੋਨ ਦੇ ਨਾਲ ਹੀ ਅਫੀਮ ਤੋਂ ਬਣੀਆਂ ਸਿੰਥੈਟਿਕ ਤੇ ਕਈ ਤਰ੍ਹਾਂ ਦਵਾਈਆਂ ਦੀ ਦੁਰਵਰਤੋਂ ਤੇਜ਼ੀ ਨਾਲ ਵਧ ਰਹੀ ਹੈ।" UNODC ਨੇ ਬਦਲਾਅ ਜਾਨਣ ਲਈ 2008 'ਚ ਰੈਪਿਡ ਸਿਚੂਏਸ਼ਨ ਐਂਡ ਰਸਪਾਂਸ ਅਸੇਸਮੈਂਟ (RSRA) ਤਹਿਤ ਦੱਖਣੀ ਏਸ਼ੀਆ ਦੇ ਪੰਜ ਦੇਸ਼ਾਂ ਵਿੱਚ 21 ਤੋਂ 31 ਸਾਲ ਦੇ 9465 ਲੋਕਾਂ ਦਾ ਸਰਵੇਖਣ ਕੀਤਾ ਗਿਆ ਸੀ। ਭਾਰਤ 'ਚ 5800 ਉਤਰ ਦਾਤਿਆਂ ਵਿੱਚੋ 43 ਫੀਸਦੀ 'ਡਰੱਗ ਕਾਕਟੇਲ' ਦੀ ਵਰਤੋਂ ਕਰਦੇ ਹਨ ਉਹਨਾਂ 'ਚੋਂ 64 ਫੀਸਦੀ ਤੋਂ ਵੱਧ ਪੇਨ ਕਿਲਰ ਪ੍ਰੋਪਾਕਸੀਫਿਨ ਦੀ ਸੂਈ ਲਗਵਾਉਂਦੇ ਹਨ ਅਤੇ 76 ਫੀਸਦੀ ਬੁਪਰੀਨਾਰਫਿਨ ਲੈਂਦੇ ਹਨ। ਇਸ ਸੈਂਪਲ 'ਚ ਸ਼ਾਮਲ 359 ਔਰਤਾਂ ਵਿੱਚ 16 ਫੀਸਦੀ ਨੀਂਦ ਦੀਆਂ ਗੋਲੀਆਂ ਲੈਂਦੀਆਂ ਹਨ। ਇਸ 'ਚ ਐਮਫੀਟੇਮਾਈਨ ਨੂੰ ਜੋੜ ਦੇਈਏ ਤਾਂ ਕਾਕਟੇਲ ਨੂੰ ਜਿਨਾ ਚਾਹੋ ਉਹਨਾਂ ਨਸ਼ੀਲਾ ਬਣਾ ਸਕਦੇ ਹੋ। WDR 2010 'ਚ ਕਿਹਾ ਗਿਆ ਹੈ ਕਿ ਭਾਰਤ ਦੱਖਣੀ ਏਸ਼ੀਆ 'ਚ ਹੈਰੋਇਨ ਦਾ ਸਭ ਤੋਂ ਵੱਡਾ ਖਪਤਕਾਰ ਹੈ ਪਰ ਇਹ ਹੌਲੀ–ਹੌਲੀ ਇਫੇਡ੍ਰਾਇਨ ਤੇ ਸਿਊਡੋਇਫੇਡ੍ਰਾਇਨ–ਇੰਫੀਟੇਮਾਇਨ ਦੇ ਨਿਰਮਾਣ 'ਚ ਇਹਨਾਂ ਦੋਹਾਂ ਰਸਾਇਣਾਂ ਦੀ ਵਰਤੋਂ ਹੁੰਦੀ ਹੈ–ਦੇ ਸਭ ਤੋਂ ਵੱਡੇ ਨਿਰਮਾਣ ਕੇਂਦਰ ਵਜੋਂ ਉਭਰ ਰਿਹਾ ਹੈ। ਦੁਨੀਆਂ ਵਿੱਚ ATS ਦੀ ਵਰਤੋਂ ਕਰਨ ਵਾਲੇ ਅੱਧੇ ਲੋਕ ਏਸ਼ੀਆ ਵਿੱਚ ਹਨ (WDR-2008) ਤਾਂ ਭਾਰਤ ਦਾ ਉਸ ਵਿੱਚ ਯੋਗਦਾਨ 29 ਫੀਸਦੀ ਹੈ (WDR-2009) ਦਿੱਲੀ ਦੇ ਵਸੰਤ ਕੁੰਜ ਸਥਿਤ ਇਕ ਨਸ਼ਾਮੁਕਤੀ ਕੇਂਦਰ 'ਚ ਇਕ ਗਰਮੀ ਦੀ ਦੁਪਹਿਰ 'ਚ ਕਈ ਨੌਜਵਾਨ ਇਕ ਇਕੱਲੇ ਇਕਹਾਰੇ ਪਈ ਰਿਹਾਇਸ਼ 'ਚ ਵਾਪਸ ਆ ਜਾਂਦੇ ਹਨ। ਸਾਰੇ ਸੁਕ ਕੇ ਡੱਕਾ ਹੋਈ ਜਾ ਰਹੇ ਹਨ, ਸਭ ਨਿਰਾਸ਼ ਹੋ ਗਏ ਹਨ ਅਤੇ ਆਪਣੀ ਥੋੜੀ ਬਹੁਤ ਪਹਿਚਾਣ ਨੂੰ ਬਣਾਈ ਰੱਖਣ ਲਈ ਜਦੋਂ ਜਹਿਦ ਕਰ ਰਹੇ ਹਨ ਪਰ ਇਹ ਕੋਈ

ਇਕੱਲੇ ਨਹੀਂ ਹਨ। 46 ਸਾਲਾ ਫ੍ਰੈਕਲਿਜ ਲੇਜਾਰਸ ਉਹਨਾਂ ਨੂੰ 26 ਸਾਲਾਂ ਤੱਕ ਨਸ਼ੇ 'ਚ ਬਤੀਤ ਕੀਤੇ ਆਪਣੇ ਜੀਵਨ ਬਾਰੇ ਦਸ ਰਹੇ ਹਨ-ਪਹਿਲੀ ਵਾਰ ਸੁੰਘ ਕੇ ਨਸ਼ਾ ਕਰਨ ਤੋਂ ਲੈ ਕੇ ਆਜ਼ਾਦ ਬੰਦੇ ਵਜੋਂ 'ਪੁਨਰਜਨਮ' ਦੀ ਕਹਾਣੀ ਤੱਕ ਉਹ ਮਦਦ ਦੇ ਲਈ ਸੁਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸੇਜ (SPYM) ਕੋਲ ਪਹੁੰਚੇ। ਅੱਜ ਉਹ ਉਥੇ ਆਪਣੇ ਵਰਗੇ ਦੂਜੇ ਲੋਕਾਂ ਦੀ ਮਦਦ ਕਰਨ ਲਈ ਸਲਾਹਕਾਰ ਦੀ ਭੂਮਿਕਾ ਨਿਭਾਉਂਦੇ ਹਨ। SPYM ਦੇ ਸੰਸਥਾਪਕ ਰਾਜੇਸ਼ ਕੁਮਾਰ ਦਾ ਮੰਨਣਾ ਹੈ ਕਿ ਫ੍ਰੈਕਲਿਨ ਦੀ ਪੀੜੀ 'ਚ ਪਹੁੰਚ ਬਣਾਉਣਾ ਸੌਖਾ ਸੀ, ਉਹ ਕਹਿੰਦੇ ਹਨ" ਓਦੋਂ ਨੌਜਵਾਨ ਜਲਦੀ ਸਿਖਦੇ ਸਨ।" ਨਸ਼ਾ ਮੁਕਤੀ ਨਾਲ ਜੁੜੇ ਦੂਜੇ ਮਾਹਰਾਂ ਦੀ ਵੀ ਇਹੋ ਰਾਇ ਹੈ, ਪੁਣੇ ਸਥਿਤ ਮੁਕਤਾਂਗਨ ਰਿਹੈਬਿਲੀ ਟੇਸ਼ਨ ਸੈਂਟਰ ਦੀ ਉਪਨਿਦੇਸ਼ਕ ਮੁਕਤਾ ਪੁਣਤਾਂ ਬੇਕਰ ਕਹਿੰਦੀ ਹੈ "ਅੱਜ ਦੇ ਨੌਜਵਾਨ ਨਵੀਂ ਤਰ੍ਹਾਂ ਦੀ ਡਰੱਗਸ ਦੀ ਵਰਤੋਂ ਕਰਨ ਲਈ ਉਤਸੁਕ ਰਹਿੰਦੇ ਹਨ। ਜਦਕਿ ਆਰਥਕ ਤੌਰ ਤੇ ਪਿਛੜੇ ਨਸ਼ੇੜੀਆਂ ਦੀ ਸ਼੍ਰੇਣੀ ਅਜੇ ਤੱਕ ਬਣੀ ਹੋਈ ਹੈ" ਚੇਨਈ ਸਥਿਤ ਟੀ. ਟੀ. ਆਰ. ਸੀ. ਰਿਸਰਚ ਸੈਂਟਰ ਦੀ ਮੁਖੀ ਅਨੀਤਾ ਰਾਓ ਕਹਿੰਦੀ ਹੈ "ਪਹਿਲਾਂ ਮਰੀਜ਼ਾਂ ਦੇ ਨਾਲ ਉਨ੍ਹਾਂ ਦੀਆਂ ਪਤਨੀਆਂ ਆਉਂਦੀਆਂ ਸਨ ਅੱਜ ਉਹਨਾਂ ਦੀਆਂ ਮਾਵਾਂ ਲਿਆਉਂਦੀਆਂ ਹਨ।" ਮੁੰਬਈ ਸਥਿਤ ਕ੍ਰਿਪਾ ਫਾਊਂਡੇਸ਼ਨ ਦੇ ਮੁੱਖੀ ਫਾਦਰ ਜੋਏ ਪ੍ਰੇਰਾ ਕਹਿੰਦੇ ਹਨ" ਅਸਾਨੀ ਨਾਲ ਮੁਹੱਈਆ ਡਰੱਗਸ ਦੀ ਸਮਾਜਕ ਮਕਬੂਲੀਅਤ ਕਾਰਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਢੰਗ ਬਦਲ ਗਿਆ ਹੈ।" ਭਾਰਤ ਦੇ ਕੰਪਨੀ ਜਗਤ ਵਿੱਚ ਅਧਿਕਾਰੀਆਂ 'ਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਘਾਤਕ ਤਰੀਕੇ ਨਾਲ ਉਭਰ ਰਹੀ ਹੈ। ਮਿਸਾਲ ਵਜੋਂ ਚੇਨਈ ਦੀ 27 ਸਾਲਾ ਆਰਤੀ ਰੰਗ ਰਾਜਨ ਨੂੰ ਵੇਖੋ ਜੇ ਤੁਸੀਂ ਤੇਜ਼ ਤਰਾਰ ਨਹੀਂ ਤਾਂ ਚੋਟੀ ਦੀ ਸਾਫਟ ਵੇਅਰ ਕੰਪਨੀ 'ਚ ਸਟਾਰ ਪ੍ਰਫਾਰਮਰ ਨਹੀਂ ਹੋ ਸਕਦੇ। ਇਕ ਸਾਲ ਪਹਿਲਾਂ ਤੱਕ ਰੰਗਾਰਾਜਨ 'ਚ ਕਿਸੇ ਵੀ ਦੂਜੇ ਵਿਅਕਤੀ ਵਾਂਗੂੰ ਭਰਪੂਰ ਆਤਮ ਵਿਸਵਾਸ਼ ਸੀ ਅਤੇ ਉਹਨਾਂ ਨੂੰ ਪਤਾ ਸੀ ਕਿ ਉਹ ਆਪਣੇ ਕੈਰੀਅਰ 'ਚ ਕਿਥੇ ਜਾ ਰਹੀ ਹੈ। ਤੰਜਾਵੁਰ ਦੇ ਪਿਛੋਕੜ ਵਾਲੀ ਇਹ ਲੜਕੀ ਨੇ ਆਪਣੇ ਮਾਪਿਆਂ ਨੂੰ ਬੁਲਾਇਆ, ਇਕ ਫਲੈਟ ਖ਼ਰੀਦਿਆ ਤੇ ਉਹਨਾਂ ਨੂੰ ਚੰਗੇ ਜੀਵਨ ਦਾ ਐਸਾ ਸੁਆਦ ਚਖਾਇਆ ਜਿਸ ਨੂੰ ਉਹਨਾਂ ਨੇ ਪਹਿਲਾਂ ਕਦੀ ਮਹਿਸੂਸ ਨਹੀਂ ਕੀਤਾ ਸੀ ਪਰ ਉਪਰ ਪਹੁੰਚ ਦਾ ਨਸ਼ੀਲਾ ਤਰੀਕਾ ਤਿਲਕਣ ਭਰਿਆ ਸਾਬਤ ਹੋਇਆ ਕਿਉਂਕਿ ਉਸ ਦੀ ਇਕ ਤੋਂ ਬਾਅਦ ਇਕ ਪਾਰਟੀ ਵਾਲੀ ਸ਼ੈਲੀਕਾਰਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਤੇ ਲਾਹਪ੍ਰਵਾਹੀ ਦੇ ਨਾਲ ਯੌਨ ਸਬੰਧ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਅੱਜ ਉਹ ਇਕ ਨਸ਼ਾ ਛੁਡਾਊ ਕੇਂਦਰ 'ਚ ਪਈ ਹੋਈ ਹੈ ਅਤੇ ਉਸ ਦੇ ਖ਼ੂਨ 'ਚ ਐਚ ਆਈ ਪੀ ਪਾਜੇਟਿਵ ਹੋਣ ਦੇ ਵੀ ਸੰਕੇਤ ਹਨ ਅਤੇ ਉਹ ਕਿਸੇ ਨੂੰ ਵੀ ਨਹੀਂ ਮਿਲਦੀ, ਆਪਣੇ ਮਾਪਿਆਂ ਨੂੰ ਵੀ ਨਹੀਂ। ਬੰਗਲੌਰ ਸਥਿਤ ਨੈਸ਼ਨਲ ਇੰਸਟੀਚੂਟ ਆਫ ਮੇਂਟਲ ਹੈਲਥ ਐਂਡ ਨਿਊਰ ਸਾਇੰਸਜ਼ (ਨਿਮਹਾਂਸ) 'ਚ ਨਸ਼ਾ ਛਡਾਊ ਸੈਂਟਰ ਦੀ ਮੁਖੀ ਡਾ. ਪ੍ਰੀਤਮਾ ਮੂਰਤੀ ਦਾ ਕਹਿਣਾ ਹੈ "ਸ਼ਹਿਰਾਂ ਵਿੱਚ ਡਰੱਗਜ਼ ਦੇ ਨਾਲ ਖ਼ਤਰਨਾਕ ਤਜ਼ਰਬੇ ਆਮ ਗੱਲ ਹੋ ਗਈ ਹੈ, ਅਸੀਂ ਕਾਫ਼ੀ ਨੌਜਵਾਨ ਪੇਸ਼ਾਵਰਾਂ ਨੂੰ ਦੇਖ ਰਹੇ ਹਾਂ ਜੋ ਸਾਥੀਆਂ ਦੇ ਦਬਾਅ,

ਉਕਾਊ ਜ਼ਿੰਦਗੀ, ਤਣਾਅ ਅਤੇ ਲੋੜ ਤੋਂ ਵੱਧ ਆਮਦਨ ਦੀ ਵਜ੍ਹਾ ਕਰਕੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ" RSRA ਸੈਂਪਲ ਸਰਵੇ 'ਚ ਵੇਖਿਆ ਗਿਆ ਕਿ 62 ਫੀਸਦੀ ਨਸ਼ੇੜੀ ਨੌਕਰੀ ਪੇਸ਼ਾ ਹਨ। ਸਮੇਂ ਅਨੁਸਾਰ ਇਕ ਨਵੀਂ ਕਿਸਮ ਦੀ ਕਾਪਰੇਟਿਵ ਸੇਵਾ ਸ਼ੁਰੂ ਹੋ ਗਈ ਹੈ। ਪਿਛੋਕੜ ਦੀ ਜਾਂਚ 'ਤੇ ਨਸ਼ੀਲੇ ਤਰਲ ਵਰਤਨ ਦੀ ਜਾਂਚ, ਫੈਡਰੇਸ਼ਨ ਆਫ ਇੰਡੀਅਨ ਚੈਬਰ ਆਫ ਕਾਗਰਸ ਐਂਡ ਇੰਡਸਟ੍ਰੀ (ਫਿੱਕੀ) ਨੇ 1997 'ਚ UNODC ਅਤੇ ਕੌਮਾਂਤਰੀ ਕਿਰਤ ਸੰਗਠਨ (ILO) ਦੇ ਨਾਲ ਉਪਕਰਣਾਂ ਦੇ ਪ੍ਰਬੰਦ 'ਚ ਨਸ਼ੀਲੇ ਤਰਲ ਪਦਾਰਥਾਂ ਦੀ ਵਰਤੋਂ ਨੂੰ ਰੋਕਣ ਦੀ ਰਣਨੀਤੀ ਸ਼ਾਮਲ ਕਰਨ ਦੇ ਪ੍ਰੋਜੈਕਟ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਆਈ. ਐਲ. ਓ. ਦੇ ਅਧਿਐਨਾਂ ਤੋਂ ਦੇਖਿਆ ਗਿਆ ਸੀ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਮੁਲਾਜ਼ਮ ਅਕਸਰ ਦਫ਼ਤਰੋਂ ਗਾਇਬ ਰਹਿੰਦੇ ਹਨ। ਘੱਟ ਸੇਹਤਮੰਦ ਹੁੰਦੇ ਹਨ। ਦਫ਼ਤਰ 'ਚ ਖ਼ੁਦ ਨੂੰ ਤੇ ਦੂਜੀਆਂ ਨੂੰ ਹਰਜਾ ਪਹੁੰਚਾ ਸਕਦੇ ਹਨ, ਤਦ ਭਾਰਤੀ ਕੰਪਨੀ ਜਗਤ ਨੇ ਉਸ 'ਚ ਬੜੀ ਮੁਸ਼ਕਲ ਨਾਲ ਕੋਈ ਦਿਲਚਸਪੀ ਵਿਖਾਈ ਸੀ ਪਰ ਵਧਦੀ ਖੁਸ਼ਹਾਲੀ ਦਫ਼ਤਰ 'ਚ ਤਣਾਅ ਤੇ ਨਸ਼ੇੜੀਆਂ ਨੂੰ ਵੱਧ ਸਮਾਜਕ ਪ੍ਰਵਾਨਗੀ ਮਿਲਣ ਦੇ ਨਾਲ ਹੀ ਆਈ ਟੀ ਆਈ ਟੀ ਈ ਤੇ ਬਹੁਕੌਮੀ ਕੰਪਨੀਆਂ ਦਫ਼ਤਰ 'ਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਦੀ ਜਾਂਚ ਕਰਨ ਦੀ ਵਿਵਸਥਾ ਕਰ ਰਹੀ ਹੈ। ਗੁੜਗਾਓ ਸਥਿਤ ਆਥਬ੍ਰਿਜ ਰਿਸਰਚ ਸਰਵਿਸ ਦੇ ਮੁਖੀਆਂ 'ਚੋਂ ਇਕ, ਅਨਿਲ ਧਰ ਦਾ ਕਹਿਣਾ ਹੈ ਕਿ" ਪਿਛਲੇ ਦੋ ਸਾਲਾਂ 'ਚ ਇਸ ਗੱਲ ਦੀ ਜਾਗਰੂਕਤਾ ਵਧੀ ਹੈ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਦਫ਼ਤਰ ਦਾ ਕੰਮਕਾਜ ਪ੍ਰਭਾਵਿਤ ਹੋ ਸਕਦਾ ਹੈ।" ਉਹਨਾਂ ਦਾ ਕਹਿਣਾ ਹੈ" ਅਸੀਂ ਵੇਖ ਰਹੇ ਹਾਂ ਕਿ ਅਫੀਮਾਂ ਦੇ ਉਤਪਾਦਾਂ ਅਤੇ ਗਾਂਜੇ ਦੀ ਵਰਤੋਂ ਕਰਨ ਵਾਲੇ ਬਹੁਤੇ ਲੋਕ 20 ਤੋਂ 40 ਸਾਲ ਦੀ ਉਮਰ ਦੇ ਹਨ। ਜਿਹਨਾਂ ਵਿੱਚ ਔਰਤਾਂ ਵੀ ਸ਼ਾਮਲ ਹਨ। ਇਹ ਨਿਰੰਤਰ ਚੱਲਣ ਵਾਲਾ ਅਮਲ ਹੈ ਤੇ ਕਰਮਚਾਰੀਆਂ ਨੂੰ ਪਹਿਲਾਂ ਦੱਸੇ ਬਗੈਰ ਉਹਨਾਂ ਦੇ ਪੇਸ਼ਾਬ ਦੇ ਨਮੂਨੇ ਲਏ ਜਾਂਦੇ ਹਨ।" ਕੀ ਨਸੇੜੀ ਬਣਾਏ ਜਾਂਦੇ ਹਨ ਜਾਂ ਜਮਾਂਦਰੂ ਹੁੰਦੇ ਹਨ? ਮਨੋਰੋਗਾਂ ਦੇ ਮਾਹਰ ਡਾਕਟਰ ਦੱਸਦੇ ਹਨ ਕਿ ਵਿਦਿਆਰਥੀ ਦੇ ਰੂਪ 'ਚ ਕਿਸੇ ਨਸੇੜੀ ਦਾ ਜਨਮ ਹੁੰਦਾ ਹੈ। UNODC ਦਾ ਕਹਿਣਾ ਹੈ ਕਿ ਜਿਥੇ 2001 ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਸ਼ੁਰੂ ਕਰਨ ਦੀ ਉਮਰ 20 ਸਾਲ ਸੀ, ਉਹ ਅੱਜ ਘਟ ਕੇ 17 ਸਾਲ ਹੋ ਗਈ ਹੈ ਕੀ ਇਹ ਰੁਝਾਣ ਹੋਰ ਵਧ ਰਿਹਾ ਹੈ? ਪਾਇਲ ਜਦ ਸਿਰਫ਼ 14 ਸਾਲਾਂ ਦੀ ਸੀ ਤਾਂ ਉਸ ਨੇ ਵਾਈਟਨਰ, ਜਿਸ ਨਾਲ ਟਾਈਪ ਜਾਂ ਲਿਖਾਈ ਦੀ ਗਲਤੀ ਨੂੰ ਢੱਕਿਆ ਜਾਂਦਾ ਹੈ ਦੀ ਵਰਤੋਂ ਸ਼ੁਰੂ ਕਰ ਦਿੱਤੀ, ਜਿਸ ਤਰ੍ਹਾਂ ਉਤਸੁਕਤਾ ਦੀ ਵਜ੍ਹਾ ਕਰਕੇ ਬਾਂਦਰ ਦੀ ਪੂਛ ਲੱਕੜ ਦੀਆਂ ਦੋ ਫਾਕੜਾਂ ਵਿਚਕਾਰ ਫਸ ਗਈ ਸੀ, ਉਸੇ ਤਰ੍ਹਾਂ ਕੋਲਕਾਤਾ ਦੀ ਇਸ ਲੜਕੀ ਨੇ ਆਪਣੇ ਸਹਿਪਾਠੀਆਂ ਦੀ ਦੇਖਾ ਰੇਖੀ ਸੁੰਘ ਕੇ ਨਸ਼ਾ ਕਰਨ ਵਾਲੀ ਘਾਤਕ ਦੁਨੀਆਂ ਵਿੱਚ ਕਦਮ ਰੱਖ ਦਿੱਤਾ, ਰੋਜ਼ਾਨਾ 8-10 ਬੋਤਲਾਂ ਖ਼ਰਚ ਕਰਨ ਪਿੱਛੋਂ ਉਸ ਨੇ ਚਿੰਤਾਮੁਕਤ ਕਰਨ ਵਾਲੀਆਂ ਦਵਾਈਆਂ, ਸ਼ਰਾਬ ਤੇ ਗਾਂਜੇ ਦੀ ਵਰਤੋਂ ਸ਼ੁਰੂ ਕਰ ਦਿੱਤੀ। ਉਸ ਦਾ

ਬਾਪ ਛੋਟੀ ਉਮਰ 'ਚ ਹੀ ਚਲ ਵਸਿਆ ਸੀ। ਮਾਂ ਰੋਟੀ ਰੋਜ਼ੀ ਕਮਾਉਣ 'ਚ ਰੁੱਝੀ ਰਹਿੰਦੀ ਸੀ, ਘਰ 'ਚ ਨਿਗਰਾਨੀ ਦੀ ਘਾਟ ਕਾਰਨ ਉਸ ਨੇ ਨਸ਼ੀਲੇ ਪਦਾਰਥਾਂ ਦੀ ਅਸਾਨੀ ਨਾਲ ਵਰਤੋਂ ਸ਼ੁਰੂ ਕਰ ਦਿੱਤੀ। ਅੱਜ ਉਹ 20 ਸਾਲਾਂ ਲੜਕੀ ਨਸ਼ੇ ਦੀ ਲੱਤ ਤੋਂ ਮੁਕਤ ਹੋ ਗਈ ਹੈ ਪਰ ਉਸ ਦੇ ਨਾਲ ਜੋ ਹੋਇਆ ਉਹ ਸਾਡੇ ਜ਼ਮਾਨੇ ਦਾ ਮੁੱਖ ਸੰਕੇਤ ਹੈ। NDDTC-ਏਮਜ਼ (AIIMS) 'ਚ ਅਸਿਸਟੈਂਟ ਪ੍ਰੋਫੈਸਰ ਡਾ. ਅੰਜੂ ਧਵਨ ਦਾ ਕਹਿਣਾ ਹੈ ਕਿ "ਵਾਈਨਰ 'ਚ ਟਾਲੀਨ ਹੁੰਦਾ ਹੈ, ਇਹ ਘੋਲ ਰੰਗ, ਰਸਾਇਣ, ਦਵਾ ਦੇ ਰਬੜ ਉਦਯੋਗ 'ਚ ਵਰਤਿਆ ਜਾਂਦਾ ਹੈ। ਉਸ 'ਚ ਅਜਿਹੀ ਵਿਸ਼ੇਸ਼ਤਾ ਹੁੰਦੀ ਹੈ ਕਿ ਉਸ ਨੂੰ ਵਾਰ-ਵਾਰ ਵਰਤਨ ਦਾ ਮਨ ਕਰਦਾ ਹੈ ਤੇ ਫਿਰ ਖੁਸ਼ਨੁਮਾ ਅਹਿਸਾਸ ਹੁੰਦਾ ਹੈ। ਪਰ ਲੰਮੇ ਸਮੇਂ ਤੱਕ ਟਾਲੀਨ ਸੁੰਘਣ ਨਾਲ ਦਿਮਾਗੀ ਸ਼ਕਤੀ ਪੱਕੇ ਤੌਰ 'ਤੇ ਖ਼ਤਮ ਹੋ ਜਾਂਦੀ ਹੈ ਅਤੇ ਬੰਦੇ ਦੀ ਮੌਤ ਹੋ ਸਕਦੀ ਹੈ।" ਦਿੱਲੀ ਸਥਿਤ ਵਿਦਿਆਸਾਗਰ ਇੰਸਟੀਚੂਟ ਆਫ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਜ (ਵਿਸਹਾਂਸ) ਨੂੰ ਹਫ਼ਤੇ 'ਚ ਅਜਿਹੇ 10-14 ਕੇਸ ਅਜਿਹੇ ਮਿਲਦੇ ਹਨ। ਮਨੋਵਿਗਿਆਨੀ ਡਾ. ਜਤਿੰਦਰ ਨਾਗਪਾਲ ਦਾ ਕਹਿਣਾ ਹੈ ਇਹ ਬੋਤਲ ਕੇਵਲ 26 ਰੁਪਏ 'ਚ ਕਿਸੇ ਵੀ ਸਟੇਸ਼ਨੀ ਦੀ ਦੁਕਾਨ ਤੋਂ ਮਿਲਦੀ ਹੈ। ਬੱਚੇ ਉਸ ਨੂੰ ਆਸਾਨੀ ਨਾਲ ਹਾਸਲ ਕਰ ਸਕਦੇ ਹਨ ਉਸ 'ਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ। ਕਿਸੇ ਜ਼ਮਾਨੇ 'ਚ ਪ੍ਰਮੁੱਖ ਗਾਇਕ ਰਹੇ ਰਬੀਬੁਲ ਇਸਲਾਮ, ਜੋ ਅਸਮ 'ਚ UNODC ਦੇ ਸਤਰੋਤ, ਤਾਜ਼ਾ ਸਰਵੇਖਣ 'ਚ ਦੱਸਦੇ ਹਨ ਕਿ ਕਿਸ਼ੋਰ ਉਮਰ ਦੇ ਬੱਚੇ ਡੇਂਡ੍ਰਾਈਟ ਵਰਗੇ ਚਿਪਕਾਉਣ ਵਾਲੇ ਪਦਾਰਥਾਂ ਦੀ ਦੱਬ ਕੇ ਵਰਤੋਂ ਕਰਦੇ ਹਨ। ਲੱਗਦਾ ਹੈ ਕਿ ਸਕੂਲੀ ਬੱਚੇ ਕਈ ਤਰ੍ਹਾਂ ਦੀ ਡਰੱਗਸ ਦੀ ਇਕੋ ਵੇਲੇ ਵਰਤੋਂ ਕਰਦੇ ਹਨ। ਸਵੇਂ ਸੇਵੀ ਸੰਗਠਨ ਯੂਥ ਇੰਲਾਈਟਮੈਂਟ ਦ ਸੋਸਾਇਟੀ ਨੇ ਇੰਦਰਾ ਗਾਂਧੀ ਮੈਡੀਕਲ ਕਾਲਜ ਦੇ ਨਾਲ 2010 'ਚ ਸ਼ਿਮਲਾ ਦੇ 2000 ਸਕੂਲੀ ਬੱਚਿਆਂ ਦਾ ਸਰਵੇਖਣ ਕੀਤਾ ਉਹਨਾਂ ਦੇ ਅਧਿਐਨ ਦੇ ਨਤੀਜ਼ੇ ਇਸ ਵੱਲ ਇਸ਼ਾਰਾ ਕਰਦੇ ਹਨ-55 ਫੀਸਦੀ ਤੋਂ ਵੱਧ ਲੜਕੇ ਤੇ 24 ਫੀਸਦੀ ਲੜਕੀਆਂ ਰੇਗੂਲਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੀਆਂ ਹਨ। ਉਹਨਾਂ 'ਚੋਂ 29 ਫੀਸਦੀ ਗਾਂਜਾ, ਖਾਂਸੀ ਦੀ ਸੀਰਪ ਤੇ ਅਫੀਮ ਦੀ ਵਰਤੋਂ ਕਰਦੇ ਹਨ। ਸਿਰਫ਼ 15 ਸਾਲ ਦੀ ਉਮਰ 'ਚ ਹੀ 'ਸੁੰਘ ਕੇ" ਨਸ਼ਾ ਸ਼ੁਰੂ ਕਰਨ ਵਾਲੇ 21 ਸਾਲਾ ਅਭਿਸ਼ੇਕ ਵਰਮਾ ਨੂੰ ਇਸ ਦੀ ਵਜ੍ਹਾ ਪੱਕੇ ਤੌਰ 'ਤੇ ਪਤਾ ਹੈ : "ਇਹ ਸ਼ਾਨਦਾਰ, ਜੋਸ਼ੀਲਾ ਤੇ ਨਸ਼ੀਲਾ ਸੀ, ਮੈਂ ਇਹ ਨਸ਼ਾ ਜਮਾਤ ਵਿੱਚ ਕਰਦਾ ਸੀ ਤੇ ਅਧਿਆਪਕ ਨੂੰ ਭਿਣਕ ਤੱਕ ਨਹੀਂ ਲੱਗਦੀ ਸੀ। ਜਲਦੀ ਹੀ ਸਕੂਲ 'ਚ ਮੈਂ ਹਰਮਨ ਪਿਆਰਾ ਬੰਦਾ ਬਣ ਗਿਆ" ਡਾਕਟਰ ਜੋੜੀ ਦਾ ਇਹ ਪੁੱਤ ਅਜੇ ਤੱਕ ਨਸ਼ੇ ਦੀ ਲੱਤ ਨੂੰ ਛੱਡ ਨਹੀਂ ਸਕਿਆ। ਉੜੀਸਾ 'ਚ ਬੇਹਰਾਮਪੁਰਾ ਦੇ ਪੰਜ ਪ੍ਰੋਫੈਸ਼ਨਲ ਕਾਲਜਾਂ 'ਚ 2008 'ਚ ਕੀਤੇ ਗਏ ਅਧਿਐਨ ਤੋਂ ਪਤਾ ਲੱਗਿਆ ਕਿ ਨਸ਼ੇ ਦੀ ਦੁਨੀਆਂ ਵਿੱਚ ਪੈਰ ਰੱਖਣ ਲਈ 15 ਸਾਲਾਂ ਦੀ ਉਮਰ ਸਭ ਤੋਂ ਵੱਧ ਸੰਵੇਦਨਸ਼ੀਲ ਹੈ। ਉਹਨਾਂ ਕਾਲਜਾਂ ਦੇ 59 ਫੀਸਦੀ ਵਿਦਿਆਰਥੀਆਂ ਨੇ ਆਪਣੇ ਸਾਥੀਆਂ ਦੇ ਦਬਾਅ ਹੇਠ ਨਸ਼ੀਲੇ ਪਦਾਰਥਾਂ ਦੀ ਵਰਤੋਂ ਸ਼ੁਰੂ ਕੀਤੀ ਸੀ। ਕੋਲਕੱਤਾ ਦੇ ਦੋ ਮੁੱਖ ਮੈਡੀਕਲ ਕਾਲਜਾਂ ਵਿੱਚ 2004 ਦੇ ਅਧਿਐਨ ਨਾਲ

ਖੁਲਾਸਾ ਹੋਇਆ ਕਿ ਸਮੱਸਿਆ ਮੂਲਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ 47 ਫੀਸਦੀ ਕੇਸਾਂ ਵਿੱਚ ਪਹਿਲ "ਦੋਸਤ" ਹੀ ਕਰਦੇ ਹਨ। ਅਸਮ 'ਚ ਗੁਹਾਟੀ ਦੇ 36 ਸਾਲਾ ਚੰਦਨ ਸੈਕਿਆ ਨੇ ਤਣਾਅ ਅਤੇ ਦੋਸਤਾਂ ਦੇ ਦਬਾਅ ਕਾਰਨ ਆਪਣੀ ਜ਼ਿੰਦਗੀ ਦੇ ਸਭ ਤੋਂ ਪਿਆਰੇ ਸ਼ੁਗਲ ਕ੍ਰਿਕਟ ਤੇ ਉਭਰਦੇ ਕ੍ਰਿਕਟਰ ਵਜੋਂ ਆਪਣੇ ਕੈਰੀਅਰ ਨੂੰ ਖ਼ਤਮ ਕਰ ਲਿਆ। ਕਾਟਨ ਕਾਲਜ ਦੇ ਇਸ ਸਾਬਕਾ ਵਿਦਿਆਰਥੀ ਨੇ ਵੱਖ-ਵੱਖ ਥਾਵਾਂ 'ਤੇ ਆਪਣੇ ਸੂਬੇ ਦੀ ਨੁਮਾਇੰਦਗੀ ਕਰਦਿਆਂ ਦੁਕਾਨ 'ਚ ਵਿਕਣ ਵਾਲੀਆਂ ਦਵਾਈਆਂ ਦੇ ਨਾਲ ਤਜ਼ਰਬਾ ਸ਼ੁਰੂ ਕੀਤਾ। ਉਹਨਾਂ ਦਾ ਕਹਿਣਾ ਹੈ "ਅਸੀਂ ਸਿਰਫ਼ ਮਜ਼ੇ ਲਈ ਟੀਮ ਦੀਆਂ ਪਾਰਟੀਆਂ 'ਚ ਡਰੱਗਸ ਲੈਂਦੇ ਸੀ" ਮਦਹੋਸ਼ ਕਰਨ ਵਾਲੀ ਰੋਸ਼ਨੀ, ਧੂੰਆਂ, ਡ੍ਰਾਈ ਆਈਸ ਝੱਗ ਤੇ ਕੰਨ ਫੜਨ ਵਾਲੇ ਟੈਕਨੋ ਸੰਗੀਤ ਦੀ ਧੁਨ 'ਤੇ ਨੱਚਦੇ ਸੈਂਕੜੇ ਨੌਜਵਾਨ ਕੀ ਇਹ ਵੀ ਇਕ ਪੂਰੀ ਰਾਤ ਚੱਲਣ ਵਾਲੀ ਡਾਂਸ ਪਾਰਟੀ ਹੈ? ਬਿਲਕੁਲ ਨਹੀਂ। "ਆਰਾਮ ਕਰਨ ਵਾਲੇ" ਖੇਤਰ 'ਚ ਪਏ ਮਾਲ 'ਤੇ ਨਜ਼ਰ ਮਾਰੋ ਜਾਂ ਤੁਹਾਨੂੰ ਉਥੇ ਵਿਕਾਸ ਵੈਪੋਰੋਬ, ਆਈ ਡਰਾਪਸ, ਸਰਜੀਕਲ ਮਾਸਕ, ਲਾਲੀਪਾਪ, ਢੇਰ ਸਾਰਾ ਪਾਣੀ, ਜੂਸ, ਸਾਫਟ ਡ੍ਰਿੰਕਸ (ਪਰ ਸ਼ਰਾਬ ਨਹੀਂ) ਮਿਲੇ ਤਾਂ ਇਹ ਰੇਵ ਪਾਰਟੀ ਹੈ, ਹਰ ਸ਼ਹਿਰ ਦਾ ਆਪਣਾ ਮਨਪਸੰਦ ਜ਼ਹਿਰ ਹੈ। ਦਿੱਲੀ ਇਕਸਟੈਸੀ ਦੇ ਨਾਲ ਮਸਤ ਰਹਿੰਦੀ ਹੈ। ਮੁੰਬਈ ਆਈਸ ਦੇ ਨਾਲ ਮਚਲਦੀ ਹੈ ਤੇ ਕੈਟਾਮਾਈਨ ਚੇਨਈ ਦਾ ਜ਼ਹਿਰ ਹੈ ਲਖਨਊ ਧਾਬਾ 'ਤੇ ਝੂਮਦਾ ਹੈ ਅਤੇ ਕੋਲਕੱਤਾ ਮੇਥ 'ਤੇ ਮਚਲਦਾ ਹੈ। ਲੋਬਲੂਆਬ ਇਹ ਹੈ ਕਿ ਸਭ ਇੰਮਫੀਫੇਮਾਇਨ-ਟਾਈਮ ਸਟੀਮੂਲੈਂਟ ਹਨ-ਜੋ ਦੁਨੀਆ ਭਰ 'ਚ ਵਰਤੀ ਜਾਣ ਵਾਲੀ ਦੂਜੇ ਨੰਬਰ ਦੀ ਸਭ ਤੋਂ ਆਮ ਦਵਾਈ ਹੈ। WDR 2010 ਮੁਤਾਬਿਕ, ਇਹ ਕੋਕੀਨ ਤੇ ਅਫੀਮ ਦੀਆਂ ਵਸਤਾਂ ਤੋਂ ਵੀ ਵੱਧ ਵਰਤੀ ਜਾਂਦੀ ਹੈ। MSSE ਨੇ 2004 'ਚ ਜਦ ਨਸ਼ੀਲੇ ਪਦਾਰਥਾਂ ਦੀ ਵਰਤੋਂ 'ਤੇ ਪਹਿਲਾਂ ਕੌਮੀ ਸਰਵੇਖਣ 'ਦ ਐਕਸਟੈਂਟ ਪੈਟਰਨ ਐੱਡ ਟ੍ਰੇਂਡਸ ਆਫ ਡਰੱਗ ਅਬਿਊਜ਼ ਇਨ ਇੰਡੀਆ, ਪ੍ਰਦਾਸ਼ਿਤ ਕੀਤਾ ਗਿਆ ਸੀ। ਤਦ ਇਲਾਜ ਕਰਵਾ ਰਹੇ 81802 ਲੋਕਾਂ ਵਿੱਚੋਂ ਕਰੀਬ 0.2 ਫੀਸਦੀ ATS ਦੀ ਗਲਤ ਵਰਤੋਂ ਕਰਨ ਵਾਲੇ ਲੋਕ ਸਨ। ਕੋਲਕਾਤਾ ਸਥਿਤ ਅਪੋਲੋ ਹਸਪਤਾਲ ਦੇ ਮਨੋਵਿਗਿਆਨੀ ਤੇ ਨਸ਼ਾ ਛਡਾਉਣ ਦੇ ਮਾਹਰ ਡਾ. ਅਰਿੰਦਮ ਮੰਡਲ ਦਾ ਕਹਿਣਾ ਹੈ "ਸਿੰਥੈਟਿਕ ਡ੍ਰਾਪਸ ਨੌਜਵਾਨਾਂ ਨੂੰ ਖਾਸ ਕਰਕੇ ਪਸੰਦ ਹਨ, ਉਹਨਾਂ ਨਾਲ ਸਮਾਜਕ ਹਿਚਕ ਘੱਟ ਹੋ ਜਾਂਦੀ ਹੈ, ਵੱਧ ਊਰਜਾ ਹੁਸ਼ਿਆਰੀ ਤੇ ਸਮਰੱਥਾ ਦਾ ਅਹਿਸਾਸ ਹੁੰਦਾ ਹੈ।" ਨਵੀਂ ਡਰੱਗ ਨਾਲ ਨਵੀਂ ਸਪਲਾਈ ਲੜੀ ਤਿਆਰ ਹੋ ਜਾਂਦੀ ਹੈ। ਇਸ ਸਾਲ ਫਰਵਰੀ ਦੀ ਇਕ ਸਰਦੀਆਂ ਦੀ ਸਵੇਰ 'ਚ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਉਪਮਹਾਂ-ਨਿਰਦੇਸ਼ਕ, ਯੋਗੇਸ਼ ਦੇਸਮੁੱਖ ਤੇ ਉਹਨਾਂ ਦੀ ਟੀਮ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਇਕ ਰੇਲ ਗੱਡੀ ਦੇ ਹਰ ਡੱਬੇ ਦੀ ਜਾਂਚ ਕਰ ਰਹੇ ਸਨ, ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਕ ਨਜ਼ੀਰੀ ਆਈ ਨਾਗਰਿਕ ਕੋਲ ਹੈਰੋਇਨ ਹੈ। ਉਨ੍ਹਾਂ ਦੀ ਟੀਮ ਨੇ ਉਸ ਬੰਦੇ ਨੂੰ ਲੱਭ ਲਿਆ ਪਰ ਤਲਾਸ਼ੀ ਲੈਣ 'ਤੇ ਕੁਝ ਡੋਰ ਸਟਾਪਰ ਮਿਲੇ। ਉਸ ਨੇ ਕਿਹਾ ਕਿ ਉਹ ਉਹਨਾਂ ਡੋਰ ਸਟਾਪਰਾਂ ਬਣਾਉਣ ਵਾਲੀ ਇਕ ਕੰਪਨੀ 'ਚ ਕੰਮ ਕਰਦਾ ਹੈ। ਪਰ ਜਦ ਦੇਸ਼ਮੁਖ ਨੇ ਉਹਨਾਂ ਨੂੰ ਤੋੜਿਆ

ਤਾਂ ਹਰ ਡੋਰ ਸਟਾਪਰ 'ਚ ਹੈਰੋਇਨ ਮਿਲੀ। ਉਹਨਾਂ ਦਾ ਕਹਿਣਾ ਹੈ "ਨਸ਼ੀਲੇ ਤਰਲਾਂ ਦੀ ਰੋਜਮਰਾ ਦੀ ਜ਼ਿੰਦਗੀ 'ਚ ਸ਼ਾਮਲ ਹੋਣ ਦੇ ਨਾਲ ਹੀ ਉਹਨਾਂ ਨੂੰ ਲੁਕਾਉਣ ਲਈ ਨਵੇਂ-ਨਵੇਂ ਤਰੀਕੇ ਨਿਕਲ ਆਏ ਹਨ, ਅਸੀਂ ਸਿੰਥੈਟਕ ਡਰਗਸ ਬਣਾਉਣ ਵਾਲੀਆਂ ਕਈ ਗੁਪਤ ਲਬਾਟਰੀਆਂ, ਕੁਝ ਇੰਟਰਨੈਟ ਫਾਰਮੇਸੀ ਕੁਝ ਕੋਰੀਅਰ ਕੰਪਨੀਆਂ ਦਾ ਭੰਡਾ ਭੰਨਿਆ ਹੈ, ਜੋ ਅੱਜ ਇਸ ਕਾਰੋਬਾਰ ਦੀ ਮੁੱਖ ਕਾਰਜ ਵਿਧੀ ਹੈ।" ਉਹਨਾਂ ਦਾ ਕਹਿਣਾ ਹੈ ਕਿ ਜਦ ਤੱਕ ਦਵਾਈਆਂ ਨੂੰ ਸਿਰਫ਼ ਨੁਸੱਖੇ ਦੇ ਅਧਾਰ 'ਤੇ ਵੇਚਣ ਲਈ ਸਖ਼ਤ ਕਾਨੂੰਨ ਤਿਆਰ ਨਹੀਂ ਹੁੰਦਾ ਤਦ ਤੱਕ ਦੇਸ਼ ਭਰ ਵਿੱਚ ਨਸ਼ੀਲੇ ਰਸਾਇਣਾਂ ਦੇ ਵਧਦੇ ਰੁਝਾਣ ਨੂੰ ਰੋਕਣਾ ਮੁਸ਼ਕਲ ਹੈ। ਸਰਕਾਰ ਦਾ ਮੰਨਣਾ ਹੈ ਕਿ "ਦੇਸ਼ 'ਚ ਕਰੀਬ 7 ਕਰੋੜ ਲੋਕ ਨਸ਼ੀਲੇ ਤਰਲਾਂ ਦੀ ਵਰਤੋਂ ਕਰਦੇ ਹਨ।" ਪਰ ਇਹ ਅੰਕੜਾ 2000-01 'ਚ ਕੀਤੇ ਆਖਰੀ ਕੌਮੀ ਸਰਵੇਖਣ 'ਤੇ ਅਧਾਰਿਤ ਹੈ, ਜਿਸ ਨੂੰ 2004 'ਚ ਪ੍ਰਕਾਸ਼ਿਤ ਕੀਤਾ ਗਿਆ ਸੀ। ਉਸ ਸਮੇਂ ਸਭ ਤੋਂ ਵੱਧ ਗਾਂਜਾ, ਹਸ਼ੀਸ਼, ਅਫੀਮ ਤੇ ਹੈਰੋਇਨ ਦੀ ਵਰਤੋਂ ਕੀਤੀ ਜਾ ਰਹੀ ਸੀ। ATS ਤੇ ਨੁਸਖੇ ਵਾਲੀਆਂ ਦਵਾਈਆਂ ਦੀ ਬੇਲੋੜੀ ਵਰਤੋਂ ਏਨੀ ਨਹੀਂ ਸੀ ਕਿ ਉਹਨਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਉਸ 'ਚ ਔਰਤਾਂ ਤੇ ਬੱਚਿਆਂ ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ ਸੀ "ਨਸ਼ੀਲੇ ਪਦਾਰਥਾਂ ਦੇ ਆਦੀ" ਦਾ ਮਤਲਬ ਸੜਕ ਤੇ ਪਿਆ ਅਜਿਹਾ ਬੰਦਾ ਸੀ ਜਿਸ ਕੋਲ ਘਰ ਜਾਇਦਾਦ ਨਹੀਂ ਹੈ ਤੇ ਉਹ ਅਪਰਾਧ ਦੀ ਦੁਨੀਆਂ ਦੇ ਕੰਢੇ 'ਤੇ ਖੜ੍ਹਾ ਹੈ।

ਦੇਸ਼ ਦੇ ਮੱਧ ਤੇ ਖੁਸ਼ਹਾਲ ਵਰਗ ਦੇ ਨਸ਼ੇੜੀਆਂ 'ਤੇ ਏਨੀ ਚਿੰਤਾ ਨਹੀਂ ਜਤਾਈ ਗਈ ਸੀ। ਕੌਮੀ ਅਧਿਐਨਾਂ ਦੀ ਘਾਟ ਕਾਰਨ "7 ਕਰੋੜ" ਨੂੰ ਹੁਣ ਵੀ ਜਾਦੂਮਈ ਅੰਕੜਾ ਕਰਾਰ ਦਿੱਤਾ ਜਾ ਰਿਹਾ ਹੈ। ਇਸ ਦੌਰਾਨ ਅਫੀਮ ਤੇ ਹੈਰੋਇਨ ਦੀ ਵਰਤੋਂ ਘੱਟ ਹੋ ਗਈ ਹੈ। ਉਹਨਾਂ ਦੀ ਥਾਂ ਸਿੰਥੈਟਿਕ ਡਰਾਪਸ ਲੈ ਰਹੇ ਹਨ। ਇਸ ਤੋਂ ਵੀ ਵੱਧ ਕੇ ਇਹ ਕਿ ਗੁਪਤ ਤਰੀਕੇ ਨਾਲ ਉਹਨਾਂ ਨੂੰ ਦੇਸ਼ ਭਰ 'ਚ ਬਣਾਇਆ ਜਾ ਰਿਹਾ ਹੈ। "ਨਵੇਂ ਸ਼ਹਿਰੀ ਨਸ਼ੇੜੀਆਂ" ਦੀ ਪਹਿਚਾਣ ਵੱਖਰੀ ਹੋ ਗਈ ਹੈ-ਨੌਜਵਾਨ, ਸਿੱਖਿਅਤ, ਕੰਮਕਾਜੀ, ਉੱਚ ਤੇ ਮੱਧਵਰਗ, ਆਸਾਨੀ ਨਾਲ ਮੁਹੱਈਆ ਨਵੀਆਂ ਡਰੱਗਸ ਉਹਨਾਂ ਨੂੰ ਮਨ ਲਾਉਣ ਤੇ ਪੇਸ਼ੇ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਦੇ ਮਾਮਲੇ 'ਚ ਚੰਗੀ ਲੱਗਦੀ ਹੈ। ਭਾਰਤ ਸਾਹਮਣੇ ਇਹ ਖੇਤਰ ਚੁਣੌਤੀ ਪੇਸ਼ ਕਰ ਰਿਹਾ ਹੈ। ਬਦ-ਕਿਸਮਤੀ ਨਾਲ ਪੁਰਾਣੇ ਅਧਿਐਨਾਂ ਦੇ ਸਫਿਆਂ ਨੂੰ ਪਲਟਣ ਵਿੱਚ ਰੁਝੀ ਕੌਮ ਨੂੰ ਫੌਰਨ ਕਾਰਵਾਈ ਕਰਨ ਲਈ ਨਵੀਂ ਹਕੀਕਤ ਸਮਝਣ 'ਚ ਵਕਤ ਲੱਗੇਗਾ।

# ਸ਼ੂਗਰ ਦੀ ਬੀਮਾਰੀ ਦੀਆਂ ਕਿਸਮਾਂ, ਲੱਛਣ ਤੇ ਇਲਾਜ

ਅੱਜ ਦੇਸ਼ 'ਚ ਸ਼ੂਗਰ ਦੀ ਬੀਮਾਰੀ ਤੇਜ਼ੀ ਨਾਲ ਵੱਧ ਰਹੀ ਹੈ। ਭਾਰਤ 'ਚ ਇਕ ਤੋਂ ਦੋ ਫੀਸਦੀ ਲੋਕ ਇਸ ਦੇ ਸ਼ਿਕਾਰ ਹਨ ਭਾਵ ਦੋ ਕਰੋੜ ਸ਼ੂਗਰ ਦੀ ਬੀਮਾਰੀ ਨਾਲ ਪੀੜਤ ਲੋਕ ਸਾਡੇ ਦੇਸ਼ ਅੰਦਰ ਮੌਜੂਦ ਹਨ। ਇਸ ਤਰ੍ਹਾਂ ਸ਼ੂਗਰ ਦੀ ਬੀਮਾਰੀ (ਡਾਇਬਟੀਜ਼) ਇਕ ਮੁੱਖ ਰੋਗ ਹੈ ਜੋ ਦੇਸ਼ ਦੀ ਬਹੁਤ ਵੱਡੀ ਅਬਾਦੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹ ਵੇਖਿਆ ਗਿਆ ਹੈ ਕਿ ਇਹ ਰੋਗ ਪੇਂਡੂ ਖੇਤਰਾਂ ਦੀ ਬਜਾਏ ਸ਼ਹਿਰੀ ਖੇਤਰਾਂ 'ਚ ਵੱਧ ਹੈ। ਹੁਣ ਪੱਛਮੀ ਸੱਭਿਅਤਾ ਅਪਣਾਉਣ ਕਾਰਨ ਇਹ ਰੋਗ ਭਾਰਤ 'ਚ ਵੀ ਤੇਜ਼ੀ ਨਾਲ ਵਧ ਰਿਹਾ ਹੈ ਇਸ ਲਈ ਇਸ ਰੋਗ ਦੀ ਜਾਣਕਾਰੀ ਤੇ ਰੋਕਥਾਮ ਸਬੰਧੀ ਸਭ ਨੂੰ ਪਤਾ ਹੋਣਾ ਚਾਹੀਦੈ। ਇਹ ਬੀਮਾਰੀ ਪੈਂਕ੍ਰੀਆਜ (ਕੋਲਮ ਗ੍ਰੰਥੀ) ਦਾ ਰੋਗ ਹੈ ਇਹ ਗ੍ਰੰਥੀ ਮਿਹਦੇ ਦੇ ਹੇਠਾਂ ਅੰਤੜੀ ਦੇ ਵਿਚਾਲੇ ਪਈ ਰਹਿੰਦੀ ਹੈ। ਇਸ ਤੋਂ ਇਨਸੂਲਿਨ ਨਾਮਕ ਹਾਰਮੋਨ ਨਿਕਲ ਕੇ ਸਿੱਧਾ ਖ਼ੂਨ 'ਚ ਮਿਲਦਾ ਹੈ ਇਹ ਖ਼ੂਨ 'ਚ ਮੌਜੂਦ ਗੁਲੂਕੋਜ਼ ਭੋਜਨ ਰਾਹੀਂ ਲਏ ਕਾਰਬੋਹਾਈਡਰੇਟ ਦੇ ਪਾਚਣ ਦੇ ਪਿਛੋਂ ਪਹੁੰਚਦੀ ਹੈ ਅਤੇ ਗਲੂਕੋਜ਼ ਦਾ ਆਕਸੀਕਰਨ ਕਰਕੇ ਊਰਜਾ ਪੈਦਾ ਕਰਦੀ ਹੈ। ਸਰੀਰ 'ਚ ਆਕਸੀਜਨ ਤੇ ਗੁਲੂਕੋਜ਼ ਰਾਹੀਂ ਊਰਜਾ ਪੈਦਾ ਹੋਣ ਪਿਛੋਂ ਬਾਕੀ ਸ਼ੂਗਰ ਦੀ ਖ਼ੂਨ ਵਿੱਚ ਵਾਧੂ ਮਾਤਰਾ ਇਨਸੂਲਿਨ ਰਾਹੀਂ ਹੀ ਗਲਾਈ ਕੋਜਨ 'ਚ ਤਬਦੀਲ ਹੋ ਕੇ ਜਿਗਰ ਤੇ ਮਾਸ ਪੇਸੀਆਂ 'ਚ ਇਕੱਠੀ ਹੋ ਜਾਂਦੀ ਹੈ। ਇਸ ਤਰ੍ਹਾਂ ਲਹੂ 'ਚ ਗਲੂਕੋਜ਼ (ਸ਼ੂਗਰ) ਵਧਦੀ ਨਹੀਂ। ਖਾਲੀ ਪੇਟ ਸ਼ੂਗਰ ਦਾ ਪੱਧਰ 70 ਤੋਂ 100 ਮਿ. ਗ੍ਰਾਮ ਪ੍ਰਤੀ 100 ਸੀ. ਸੀ. ਵਿਚਕਾਰ ਹੁੰਦਾ ਹੈ ਅਤੇ ਭੋਜਨ ਖਾਣ ਪਿੱਛੋਂ 100-140 ਮਿਲੀਗ੍ਰਾਮ ਦੇ ਕਰੀਬ ਹੋ ਜਾਂਦਾ ਹੈ। ਜਦ ਕਿਸੇ ਕਾਰਣ ਕਲੋਮ ਗ੍ਰੰਥੀ ਤੋਂ ਨਿਕਲਣ ਵਾਲੀ ਇੰਸੂਲੀਨ ਦੀ ਮਾਤਰਾ ਘੱਟ ਹੋ ਜਾਂਦੀ ਹੈ ਜਾਂ ਇੰਸੂਲਿਨ ਦਾ ਨਿਕਲਣਾ ਬਿਲਕੁਲ ਬੰਦ ਹੋ ਜਾਂਦਾ ਹੈ, ਉਸ ਰੋਗ ਦੀ ਜਾਂਚ ਦੌਰਾਨ ਸ਼ੂਗਰ ਦੀ ਬੀਮਾਰੀ ਦਾ ਪਤਾ ਲੱਗਦਾ ਹੈ ਮਿਸਾਲ ਵਜੋਂ ਕਈ ਵਾਰ ਜਦ ਸਰੀਰ 'ਤੇ ਸੱਟ ਵਜਣ ਕਾਰਨ ਕੋਈ ਜਖ਼ਮ ਬਣਦਾ ਹੈ ਅਤੇ ਉਹ ਠੀਕ ਹੋਣ ਦੀ ਬਜਾਏ ਵਧ ਜਾਂਦਾ ਹੈ ਤਾਂ ਡਾਕਟਰ ਸ਼ੱਕ ਪੈਣ 'ਤੇ ਖ਼ੂਨ ਤੇ ਪੇਸ਼ਾਬ 'ਚ ਸ਼ੂਗਰ ਦੀ ਜਾਂਚ ਕਰਦੇ ਹਨ, ਤਾਂ ਸੂਗਰ ਦੀ ਬੀਮਾਰੀ ਦਾ ਪਤਾ ਲੱਗਦਾ ਹੈ। ਇਸ ਤਰ੍ਹਾਂ ਅੱਖਾਂ ਦੇ ਜਾਂ ਹੋਰ ਅਪ੍ਰੇਸ਼ਨ ਸਮੇਂ ਜਾਂਚ 'ਚ ਇਸ ਰੋਗ ਦਾ ਪਤਾ ਲੱਗਦਾ ਹੈ ਜਦ ਸਰੀਰ 'ਚ ਵਾਰ-ਵਾਰ ਇਨਫੈਕਸ਼ਨ ਤੇ ਠੀਕ ਨਾ ਹੋਣ ਵਾਲੇ ਚਮੜੀ ਰੋਗ ਹੁੰਦੇ ਹਨ, ਤਦ ਵੀ ਜਾਂਚ ਦੌਰਾਨ ਸ਼ੂਗਰ ਦੀ ਮਾਤਰਾ ਵਧੀ ਹੋਈ ਮਿਲਦੀ ਹੈ। ਸ਼ੂਗਰ ਦੀ ਬੀਮਾਰੀ ਦੇ ਮੁੱਖ ਲੱਛਣਾਂ ਵਿੱਚ ਬਹੁਤ ਜ਼ਿਆਦਾ ਭੁੱਖ ਤੇ ਪਿਆਸ ਦਾ ਵਧਣਾ, ਵਾਰ-ਵਾਰ ਪੇਸ਼ਾਬ ਆਉਣਾ ਤੇ ਪਸੀਨਾ ਵੱਧ ਆਉਣਾ ਹਨ ਪਰ ਇਹ ਜ਼ਰੂਰੀ ਨਹੀਂ ਸ਼ੂਗਰ ਦੇ ਹਰ ਮਰੀਜ਼ 'ਚ ਇਹ ਲੱਛਣ ਹੋਣ। ਕਈ ਵਾਰੀ ਬਗੈਰ ਲੱਛਣਾਂ ਦੇ ਵੀ ਸ਼ੂਗਰ ਦੀ ਮਾਤਰਾ ਵਧੀ ਹੋਈ ਮਿਲਦੀ ਹੈ ਅਤੇ ਵਧੀ ਹੋਈ ਮਾਤਰਾ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਰਹਿੰਦੀ ਹੈ ਅਤੇ ਸਰੀਰ ਦੀ ਮਹੱਤਵਪੂਰਨ ਤੇ ਉਪਯੋਗੀ ਅੰਗਾਂ ਜਿਵੇਂ

ਦਿਲ ਗੁਰਦੇ ਜਿਗਰ, ਫੇਫੜੇ ਤੇ ਅੱਖਾਂ ਆਦਿ ਨੂੰ ਪ੍ਰਭਾਵਿਤ ਕਰਕੇ ਕਈ ਤਰ੍ਹਾਂ ਦੇ ਰੋਗ ਪੈਦਾ ਕਰਦੀ ਹੈ। ਹਾਈ ਬਲੱਡ ਪ੍ਰੈਸ਼ਰ ਦੇ ਨਾਲ ਸ਼ੂਗਰ ਦੀ ਬੀਮਾਰੀ ਨੂੰ ਵੀ ਸਰੀਰ ਦੇ ਗੁਪਤ ਦੁਸ਼ਮਣਾਂ 'ਚ ਇਕ ਮੰਨਿਆ ਜਾਂਦਾ ਹੈ।

**ਰੋਗ ਦੀਆਂ ਕਿਸਮਾਂ ਤੇ ਲੱਛਣ** - ਸ਼ੂਗਰ ਦੀ ਬੀਮਾਰੀ ਨੂੰ ਸੰਸਾਰ ਸਿਹਤ ਸੰਸਥਾ ਅਨੁਸਾਰ ਹੇਠ ਲਿਖੀਆਂ ਕਿਸਮਾਂ 'ਚ ਵੰਡਿਆ ਜਾਂਦਾ ਹੈ।

1. **ਇੰਸੂਲਿਨ ਆਸਰਿਤ** (ਇਨਸੂਲਿਨਡਿਪੈਡੈਂਟ ਡਾਇਬਟੀਜ਼) – ਸ਼ੂਗਰ ਦੀ ਬੀਮਾਰੀ ਦੀ ਇਸ ਕਿਸਮ 'ਚ ਮਰੀਜ਼ ਤੇ ਬਲੱਡ ਸ਼ੂਗਰ ਪੱਧਰ 'ਤੇ ਕੰਟਰੋਲ ਰੱਖਣ ਲਈ ਟੀਕਿਆਂ ਦੀ ਲੋੜ ਪੈਂਦੀ ਹੈ, ਗੋਲੀਆਂ ਨਾਲ ਸ਼ੂਗਰ ਦਾ ਪੱਧਰ ਕੰਟਰੋਲ ਨਹੀਂ ਹੁੰਦਾ। ਕਿਉਂਕਿ ਮਰੀਜ਼ ਦੇ ਇਲਾਜ ਲਈ ਇੰਸੂਲਿਨ 'ਤੇ ਨਿਰਭਰ ਰਹਿਣਾ ਪੈਂਦਾ ਹੈ। ਇਸ ਲਈ ਇਸ ਨੂੰ ਇੰਸੂਲਿਨ ਆਸਰਿਤ ਡਾਇਬਟੀਜ਼ ਕਿਹਾ ਜਾਂਦਾ ਹੈ। ਇਹ ਬੀਮਾਰੀ 40 ਸਾਲਾਂ ਤੋਂ ਘੱਟ ਉਮਰ ਦੇ ਵਿਅਕਤੀਆਂ ਕਿਸ਼ੋਰਾ ਤੇ ਨੌਜਵਾਨਾਂ 'ਚ ਵੱਧ ਹੁੰਦੀ ਹੈ ਅਤੇ ਇਸ 'ਚ ਪ੍ਰੀਵਾਰਕ ਪਿੱਠ ਭੂਮੀ ਵੀ ਇਸ ਬੀਮਾਰੀ ਦੀ ਹੁੰਦੀ ਹੈ ਇਸ ਤਰ੍ਹਾਂ ਦੀ ਡਾਇਬਟੀਜ਼ ਦੇ ਪ੍ਰਮੁੱਖ ਲੱਛਣ ਹਨ

• ਵਾਰ–ਵਾਰ ਪੇਸ਼ਾਬ ਆਉਣਾ, ਵਜਨ ਘਟਣਾ, ਵਾਰ–ਵਾਰ ਭੁੱਖ ਲੱਗਣੀ ਖਾਸ ਕਰਕੇ ਨੌਜਵਾਨਾਂ 'ਚ ਵਜਣ ਘੱਟ ਹੋਣ ਦੀ ਸ਼ਿਕਾਇਤ ਵੱਧ ਮਿਲਦੀ ਹੈ।

• ਇਸ ਤਰ੍ਹਾਂ ਦੀ ਡਾਇਬਟੀਜ਼ 'ਚ ਰਕਤ ਅਤੇ ਪੇਸ਼ਾਬ 'ਚ ਸ਼ੂਗਰ ਲੇਵਲ ਬਹੁਤ ਵੱਧ ਜਾਂਦਾ ਹੈ ਅਤੇ ਪੇਸ਼ਾਬ 'ਚ ਕੀਟੋਨ ਨਾਮਕ ਪਦਾਰਥ ਵੀ ਮੌਜੂਦ ਹੁੰਦਾ ਹੈ। ਰੋਗੀ ਦੇ ਸਾਹ 'ਚ ਇਕ ਵਿਸ਼ੇਸ਼ ਮਿੱਠੀ ਬੋ ਹੁੰਦੀ ਹੈ।

• ਸ਼ੂਗਰ 'ਤੇ ਕੰਟਰੋਲ ਇੰਸੂਲਿਨ ਦਿੱਤੇ ਬਗੈਰ ਨਹੀਂ ਹੁੰਦਾ।

2. **ਇੰਸੂਲਿਨ ਗੈਰਆਸਰਿਤ ਡਾਇਬਟੀਜ਼ (NIDDM)** – ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ ਇਸ ਪ੍ਰਕਾਰ ਦੀ ਬੀਮਾਰੀ 'ਤੇ ਕੰਟਰੋਲ ਬਗੈਰ ਇੰਸੂਲਿਨ ਦੇ ਟੀਕੇ ਲਾਇਆ ਹੋ ਜਾਂਦਾ ਹੈ। ਇਹ ਰੋਗ ਅੱਧਖੜ ਉਮਰ ਜਾਂ ਬਜ਼ੁਰਗ ਅਵਸਥਾ 'ਚ ਹੁੰਦਾ ਹੈ। ਅੱਗੇ ਇਸ ਦੀਆਂ ਵੀ ਦੋ ਕਿਸਮਾਂ ਹਨ–

(ੳ) ਮੋਟੇ ਬੰਦਿਆਂ ਦੀ ਡਾਇਬਟੀਜ਼ ਰੋਗ

(ਅ) ਉਹਨਾਂ ਬੰਦਿਆਂ ਦੀ ਡਾਇਬਟੀਜ਼ ਜੋ ਮੋਟੇ ਨਹੀਂ ਹਨ।

ਕਈ ਵਾਰ ਇੰਸੂਲਿਨ ਗੈਰ ਆਸਰਿਤ ਡਾਇਬਟੀਜ਼ 'ਚ ਕੋਈ ਸਪੱਸ਼ਟ ਲੱਛਣ ਨਹੀਂ ਮਿਲਦੇ ਜਾਂਚ ਸਮੇਂ ਅਚਾਨਕ ਪਤਾ ਲੱਗਦਾ ਹੈ ਕਿ ਰੋਗੀ ਨੂੰ ਡਾਇਬਟੀਜ਼ ਹੈ। ਜਦ ਕਿ ਕੁਝ ਮਰੀਜ਼ਾਂ 'ਚ ਡਾਇਬਟੀਜ਼ ਦੇ ਆਮ ਲੱਛਣ ਹੁੰਦੇ ਹਨ : ਜਿਵੇਂ ਪੇਸ਼ਾਬ ਵਾਰ–ਵਾਰ ਆਉਣਾ, ਵਾਰ–ਵਾਰ ਭੁੱਖ ਲੱਗਣੀ, ਜਖ਼ਮ ਰਾਜੀ ਨਾ ਹੋਣਾ, ਚਮੜੀ ਤੇ ਫੇਫੜਿਆਂ ਦੀ ਇਨਫੈਕਸ਼ਨ ਵਾਰ–ਵਾਰ ਹੋਣੀ। ਅਜਿਹੇ ਮਰੀਜ਼ਾਂ ਦੇ ਰੋਗ ਦਾ ਇਲਾਜ ਭੋਜਨ 'ਤੇ ਕੰਟਰੋਲ ਜਾਂ ਖਾਣ ਵਾਲੀਆਂ ਦਵਾਈਆਂ ਨਾਲ ਹੀ ਹੋ ਜਾਂਦਾ ਹੈ। ਪਰ ਰੋਗ ਦੀ ਵਧੀ ਹੋਈ ਹਾਲਤ 'ਚ ਕਦੀ ਇੰਸੂਲਿਨ ਦੇ ਟੀਕੇ ਵੀ ਦੇਣੇ ਪੈ ਸਕਦੇ ਹਨ।

3. **ਕੁਪੋਸ਼ਣ ਦੀ ਪੈਦਾ ਕੀਤੀ ਸ਼ੂਗਰ ਰੋਗ** – ਇਸ ਤਰ੍ਹਾਂ ਦਾ ਸ਼ੂਗਰ ਰੋਗ ਗਰੀਬ ਤੇ ਪਿਛੜੇ ਦੇਸ਼ਾਂ ਵਿੱਚ ਮਿਲਦਾ ਹੈ ਭਾਰਤ 'ਚ ਉੜੀਸਾ, ਆਂਧਰਾ,

ਤਾਮਿਲਨਾਡੂ, ਚੇਨਈ ਤੇ ਕੇਰਲਾ 'ਚ ਕੁਪੋਸ਼ਣ ਆਦਿ ਕਾਰਣ ਅਜਿਹੇ ਸ਼ਕਰ ਰੋਗ ਦੇ ਰੋਗੀ ਵੱਧ ਵੇਖੇ ਗਏ ਹਨ। ਇਹਨਾਂ ਰੋਗੀਆਂ 'ਚ ਕੁਪੋਸ਼ਣ ਦੇ ਨਾਲ-ਨਾਲ ਖਾਣ ਵਾਲੇ ਪਦਾਰਥਾਂ 'ਚ ਮੌਜੂਦ ਜ਼ਹਿਰੀਲੇ ਤੱਤ (ਟਾਕਸਿੰਜ਼) ਤੇ ਪਿਤਰੀ ਸੰਵੇਦਨਸੀਲਤਾ ਵੀ ਸ਼ੂਗਰ ਰੋਗ ਲਈ ਜੁਆਬਦੇਹ ਹੁੰਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗਰੀਬ ਤੇ ਨਿਮਨ ਤਬਕੇ 'ਚ ਵੀ ਕੁਪੋਸ਼ਣ ਦਾ ਪੈਦਾ ਕੀਤਾ ਸ਼ਕਰ ਰੋਗ ਅਕਸਰ ਹੋ ਜਾਂਦਾ ਹੈ। ਸਿਰਫ਼ ਇਹ ਮੰਨਣਾ ਹੀ ਠੀਕ ਨਹੀਂ ਕਿ ਸ਼ੂਗਰ ਰੋਗ ਉੱਚ ਵਰਗ ਤੇ ਆਰਾਮ ਪਸੰਦ ਵਿਅਕਤੀਆਂ ਨੂੰ ਹੀ ਹੁੰਦਾ ਹੈ।

4. **ਗਰਭ ਸਮੇਂ ਦਾ ਸ਼ੂਗਰ ਰੋਗ** - ਬਹੁਤ ਸਾਰੀਆਂ ਔਰਤਾਂ 'ਚ ਗਰਭ ਅਵਸਥਾ ਦੌਰਾਨ ਸ਼ੂਗਰ ਦਾ ਪੱਧਰ ਆਮ ਨਾਲੋਂ ਵਧ ਹੋ ਜਾਂਦਾ ਹੈ। ਫਿਰ ਜਣੇਪੇ ਪਿਛੇ ਇਹ ਆਮ ਪੱਧਰ 'ਤੇ ਵਾਪਸ ਆ ਜਾਂਦਾ ਹੈ। ਪਰ ਅਜਿਹੀਆਂ ਔਰਤਾਂ 'ਚ ਅਗਲੀ ਵਾਰੀ ਗਰਭ ਅਵਸਥਾ 'ਚ ਸ਼ੂਗਰ ਦਾ ਪੱਧਰ ਵਧਣ ਦੀ ਸੰਭਾਵਨਾ ਹੁੰਦੀ ਹੈ ਤੇ ਭਵਿੱਖ 'ਚ ਉਹ ਕਦੀ ਵੀ ਸ਼ੂਗਰ ਰੋਗ ਦਾ ਸ਼ਿਕਾਰ ਬਣ ਸਕਦੀਆਂ ਹਨ। ਇਸ ਮਾਮਲੇ 'ਚ ਉਹਨਾਂ ਨੂੰ ਸਾਵਧਾਨੀ ਦੀ ਲੋੜ ਹੁੰਦੀ ਹੈ।

5. **ਸ਼ੂਗਰ ਰੋਗ ਦੀਆਂ ਹੋਰ ਕਿਸਮਾਂ** - ਇਸ ਵਿੱਚ ਬਹੁਤ ਸਾਰੀਆਂ ਹਾਲਤਾਂ ਸ਼ਾਮਲ ਹਨ ਜਿਵੇਂ ਕਲੋਮ ਗਰੰਥੀ (ਪੈਨਕ੍ਰੀਆਜ) ਦੀ ਇਨਫੈਕਸ਼ਨ ਨਾਲ ਵੀ ਇਹ ਬੀਮਾਰੀ ਹੋ ਸਕਦੀ ਹੈ। ਸਤਰਾਵੀ ਗ੍ਰੰਥੀਆਂ 'ਚ ਗੜਬੜਾਂ ਕਾਰਨ ਤੇ ਡਾਈ ਯੂਰੇਟਿਕਸ (ਪੇਸ਼ਾਬ ਵੱਧ ਲਿਆਉਣ ਵਾਲੀਆਂ ਦਵਾਈਆਂ ਨਾਲ) ਵੀ ਸ਼ੂਗਰ ਹੋ ਜਾਂਦਾ ਹੈ

- ਕਸਿੰਗ ਸਿਡ੍ਰੋਮ, ਥਾਈਰੋ ਟੋਸੀ ਕੋਸਿਸ, ਆਦਿ ਨਾਲ ਸ਼ੂਗਰ ਰੋਗ ਹੋ ਸਕਦਾ ਹੈ।
- ਕੁਝ ਪਿਤਾ ਪੁਰਖੀ ਰੋਗਾਂ ਜਿਵੇਂ ਯੌਨੀ ਸਬੰਧੀ ਵਿਗਾੜਾਂ 'ਚ ਵੀ ਇਹ ਰੋਗ ਹੁੰਦਾ ਹੈ। ਉਪਰੋਕਿਤ ਸਥਿਤੀਆਂ ਤੋਂ ਇਲਾਵਾ ਪੇਸ਼ਾਬ 'ਚ ਸ਼ੂਗਰ ਗੁਰਦਿਆਂ ਦੀ ਖਰਾਬੀ ਕਾਰਣ ਵੀ ਆ ਸਕਦੀ ਹੈ। ਅਜਿਹੀ ਸਥਿਤੀ 'ਚ ਗੁਰਦਿਆਂ ਦੀਆਂ ਬਰੀਕ ਨਲਕਾਵਾਂ ਰਾਹੀਂ ਸ਼ੂਗਰ ਬਲੱਡ 'ਚ ਪੂਰਾ ਆਕਸੀਕਰਨ ਨਹੀਂ ਹੁੰਦਾ ਅਤੇ ਸ਼ੂਗਰ ਪੇਸ਼ਾਬ 'ਚ ਮੌਜੂਦ ਰਹਿ ਜਾਂਦੀ ਹੈ ਇਸ ਨੂੰ ਰੀਨਲ ਗਲਾਈ ਕੋਜ਼ ਯੂਰੀਆ ਕਿਹਾ ਜਾਂਦਾ ਹੈ ਪਰ ਇਸ ਹਾਲਤ 'ਚ ਬਲੱਡ ਸ਼ੂਗਰ ਆਮ ਪੱਧਰ ਤੋਂ ਬਹੁਤੀ ਉਪਰ ਨਹੀਂ ਜਾਂਦੀ।

**ਪਿਤਾ ਪੁਰਖੀ (ਜੈਨਟਿਕ) ਕਾਰਕ ਤੇ ਸ਼ੂਗਰ ਰੋਗ** - ਇਸ ਰੋਗ ਦੇ ਬਹੁਤੇ ਕਾਰਣਾਂ ਦਾ ਜ਼ਿਕਰ ਤਾਂ ਸ਼ੱਕਰ ਰੋਗ ਦੀਆਂ ਵੱਖ-ਵੱਖ ਕਿਸਮਾਂ ਦੇ ਨਾਲ ਕਰ ਦਿੱਤਾ ਗਿਆ ਹੈ ਪਰ ਸ਼ੂਗਰ ਰੋਗ 'ਚ ਪਿਤਰੀ ਕਾਰਣ ਵੀ ਬੇਹੱਦ ਮਹੱਤਵ ਰੱਖਦੇ ਹਨ। ਮਾਂ-ਬਾਪ ਵਿਚੋਂ ਕੋਈ ਵੀ ਜੇ ਰੋਗ ਤੋਂ ਪੀੜਤ ਹੈ ਤਾਂ ਬੱਚਿਆਂ ਨੂੰ ਵੀ ਰੋਗ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਜੁੜਵਾਂ ਬੱਚਿਆਂ ਦੇ ਅਧਿਐਨ ਤੋਂ 90 ਫੀਸਦੀ ਕੇਸਾਂ 'ਚ ਇਹ ਵੇਖਿਆ ਗਿਆ ਹੈ ਕਿ ਜੇ ਇਕ ਨੂੰ ਸ਼ੂਗਰ ਰੋਗ ਹੋਵੇ ਤਾਂ ਦੂਜੇ ਜੁੜਵਾਂ ਬੱਚੇ ਨੂੰ ਵੀ ਇਹ ਬੀਮਾਰੀ ਪਾਈ ਜਾਂਦੀ ਹੈ ਜੇ ਮਾਂ-ਬਾਪ ਦੋਨਾਂ ਨੂੰ ਸ਼ੂਗਰ ਰੋਗ ਹੈ ਤਾਂ ਬੱਚਿਆਂ 'ਚ ਵੀ ਇਸ ਬੀਮਾਰੀ ਦੀ ਸੰਭਾਵਨਾ ਬੇਹੱਦ ਵਧ ਜਾਂਦੀ ਹੈ।

**ਮੋਟਾਪਾ ਅਤੇ ਸ਼ੂਗਰ ਰੋਗ** - ਇਹ ਸਮਝਿਆ ਜਾਂਦਾ ਹੈ ਕਿ ਮੋਟੇ ਵਿਅਕਤੀਆਂ ਨੂੰ ਇੰਸੂਲਿਨ ਗੈਰ ਆਸਰਿਤ ਸ਼ੂਗਰ ਰੋਗ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਅਜਿਹਾ ਇਸ ਲਈ ਕਿ ਮੋਟਾਪਾ ਇੰਸੂਲਿਨ ਦੀ ਕਾਰਜ ਸ਼ਕਤੀ ਨੂੰ ਪ੍ਰਭਾਵਿਤ ਕਰਦਾ ਹੈ। ਇਹ ਵੀ ਵੇਖਿਆ ਗਿਆ ਹੈ ਕਿ ਬਹੁਤੇ ਮੋਟੇ ਵਿਅਕਤੀ ਸ਼ੂਗਰ ਰੋਗ ਦਾ ਸ਼ਿਕਾਰ ਨਹੀਂ ਵੀ ਹੁੰਦੇ। ਫਿਰ ਵੀ ਮੋਟਾਪਾ ਸ਼ੂਗਰ ਰੋਗ ਪੈਦਾ ਕਰਨ 'ਚ ਇਕ ਕਾਰਕ ਤਾਂ ਹੈ ਪਰ ਹਮੇਸ਼ਾ ਨਹੀਂ। ਮੋਟਾਪੇ ਦੇ ਨਾਲ ਹੋਰ ਕਾਰਕ ਵੀ ਜੁਆਬਦੇਹ ਹੁੰਦੇ ਹਨ। ਜਿਵੇਂ ਸਰੀਰਕ ਗੈਰ ਸਰਗਰਮੀ ਤੇ ਕੁਝ ਖਾਸ ਤਰ੍ਹਾਂ ਦੇ ਤੱਤਾਂ ਦੀ ਘਾਟ ਵੀ ਸ਼ੂਗਰ ਰੋਗ ਪੈਦਾ ਕਰਨ ਲਈ ਜੁਆਬਦੇਹ ਹੈ। ਇੰਸੂਲਿਨ ਆਸਰਿਤ ਸ਼ੂਗਰ ਰੋਗ ਦੀ ਬੀਮਾਰੀ ਪੈਦਾ ਕਰਨ ਵਿੱਚ ਮੋਟਾਪੇ ਦੀ ਕੋਈ ਭੂਮਿਕਾ ਨਹੀਂ ਹੁੰਦੀ ਪਰ ਇੰਸੂਲਿਨ ਗੈਰ ਆਸਰਿਤ ਸ਼ੂਗਰ ਰੋਗ 'ਚ ਇਹ ਇਕ ਕਾਰਣ ਬਣ ਸਕਦਾ ਹੈ।

**ਸ਼ੂਗਰ ਰੋਗ ਪੈਦਾ ਕਰਨ 'ਚ ਵਾਤਾਵਰਣ ਨਾਲ ਸਬੰਧਤ ਕਾਰਕਾਂ ਦੀ ਭੂਮਿਕਾ**

ਆਰਾਮ ਪ੍ਰਸਤ ਜੀਵਨ, ਕਸਰਤ ਦੀ ਘਾਟ, ਹੋਰ ਇਕ ਮਹੱਤਵਪੂਰਨ ਕਾਰਕ ਹੈ ਜੋ ਭਵਿੱਖ 'ਚ ਆਦਮੀ ਨੂੰ ਇੰਸੂਲਿਨ ਗੈਰ ਆਸਰਿਤ ਸ਼ੂਗਰ ਰੋਗ ਦਾ ਰੋਗੀ ਬਣਾ ਦਿੰਦਾ ਹੈ।

**ਭੋਜਨ** - ਇਸ ਤਰ੍ਹਾਂ ਦੇ ਕੋਈ ਸਬੂਤ ਨਹੀਂ ਮਿਲੇ ਕਿ ਕੋਈ ਵਿਸ਼ੇਸ਼ ਤਰ੍ਹਾਂ ਦੇ ਖਾਣ ਵਾਲੇ ਪਦਾਰਥ ਜਿਵੇਂ ਵੱਧ ਮਿੱਠਾ ਖਾਣ ਵਾਲਿਆਂ ਨੂੰ ਸ਼ੂਗਰ ਰੋਗ ਵੱਧ ਹੁੰਦਾ ਹੈ ਪਰ ਸਰੀਰ ਦੀ ਲੋੜ ਤੋਂ ਵੱਧ ਕੈਲਰੀ ਭੋਜਨ ਦੇ ਰੂਪ 'ਚ ਰੋਜ਼ਾਨਾ ਲੈਣ ਨਾਲ ਮੋਟਾਪੇ ਤੇ ਸ਼ੂਗਰ ਰੋਗ ਦੀ ਸੰਭਾਵਨਾ ਵੱਧ ਜਾਂਦੀ ਹੈ।

**ਕੁਪੋਸ਼ਣ** - ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਸ਼ੂਗਰ ਰੋਗ ਵਿੱਚ ਕੁਪੋਸ਼ਣ ਦੀ ਵੀ ਭੂਮਿਕਾ ਹੁੰਦੀ ਹੈ। ਬਚਪਨ 'ਚ ਪੋਸ਼ਟਿਕ ਤੱਤਾਂ ਦੀ ਕਮੀ ਕਾਰਣ ਇੰਸੂਲਿਨ ਬਣਾਉਣ ਵਾਲੇ ਬੀਟਾ ਸੈਲਾਂ ਨੂੰ ਸਥਾਈ ਹਰਜਾ ਪੁੱਜਦਾ ਹੈ ਜਿਸ ਕਾਰਨ ਉਹ ਅਧੂਰਾ ਕੰਮ ਹੀ ਕਰਦੀਆਂ ਹਨ ਮਿਸਾਲ ਵਜੋਂ ਬੱਚਿਆ 'ਚ ਸੈਂਕੜੇ ਦੀ ਬੀਮਾਰੀ (PCM) ਜੋ ਪ੍ਰੋਟੀਨ ਦੀ ਘਾਟ ਕਾਰਨ ਹੁੰਦੀ ਹੈ, ਵਿੱਚ ਉਹਨਾਂ ਨੂੰ ਕਾਰਬੋਹਾਈਡ੍ਰੇਟ ਵਾਲਾ ਭੋਜਨ ਦਿੱਤਾ ਜਾਂਦਾ ਹੈ ਤਾਂ ਉਹ ਇੰਸੂਲਿਨ ਪੂਰੀ ਨਾ ਹੋਣ ਕਾਰਨ ਪਚਾ ਨਹੀਂ ਸਕਦੇ।

**ਸ਼ਰਾਬ** - ਵੱਧ ਅਲਕੋਹਲ ਬੀਟਾ-ਸੈਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਕਾਰਨ ਵੀ ਸ਼ੂਗਰ ਦੀ ਬੀਮਾਰੀ ਹੋ ਸਕਦੀ ਹੈ। ਵੱਧ ਸ਼ਰਾਬ ਪੀਣਾ ਸ਼ੂਗਰ ਦੀ ਬੀਮਾਰੀ ਨੂੰ ਜਨਮ ਦਿੰਦਾ ਹੈ।

**ਵਿਸ਼ਾਣੂਆਂ ਦੀ ਇਨਫੈਕਸ਼ਨ** - ਰੋਗਾਂ ਪ੍ਰਤੀ ਸੰਵੇਦਨਸ਼ੀਲ ਬੰਦਿਆਂ 'ਚ ਕੁਝ ਵਿਸ਼ਾਣੂ ਜਿਵੇਂ ਸਮਪਸ, ਰਬੇਲਾ ਆਦਿ ਹਮਲਾ ਕਰਕੇ ਬੀਟਾ ਸੈਲਾਂ ਨੂੰ ਨਸ਼ਟ ਕਰ ਦਿੰਦੇ ਹਨ। ਸ਼ੂਗਰ ਰੋਗ ਦਾ ਇਹ ਵੀ ਇਕ ਕਾਰਨ ਹੁੰਦਾ ਹੈ।

**ਰਸਾਇਣਕ ਕਾਰਣ** :- ਬਹੁਤ ਸਾਰੇ ਰਸਾਇਣਕ ਪਦਾਰਥ ਕਲੋਮ ਗ੍ਰੰਥੀ (ਪੈਨਕ੍ਰੀਆਜ਼) ਦੇ ਬੀਟਾ ਸੈਲਾਂ ਲਈ ਹਾਨੀਕਾਰਕ ਹੁੰਦੇ ਹਨ ਮਿਸਾਲ ਵਜੋਂ ਚੂਹੇ ਮਾਰ ਦਵਾਈ 'ਵਾਲਕੋਰ' ਤੇ ਇਲੋਕਲੋਸਾਨ, ਸਟਰੈਪਟੋ ਜੋਟਾਸਿਨ' ਆਦਿ

ਰਸਾਇਣ ਬੀਟਾ-ਸੈਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਸਾਇਨਾਇਡ ਪੈਦਾ ਕਰਨ ਵਾਲੇ ਕੁਝ ਖਾਣ ਵਾਲੇ ਪਦਾਰਥ (ਕਸੇਵਾ ਤੇ ਕੁਝ ਦਾਲਾਂ) ਵੀ ਇਹਨਾਂ ਸੈਲਾਂ ਲਈ ਹਾਨੀਕਾਰਕ ਹੋ ਸਕਦੇ ਹਨ।

**ਤਣਾਅ ਤੇ ਰੋਸ** - (ਸਟ੍ਰੈਸ) ਕੁਝ ਕਿਸਮ ਦੇ ਅਪ੍ਰੇਸ਼ਨ, ਸੱਟ ਤੇ ਸਥਾਈ ਮਾਨਸਕ ਤਣਾਅ ਦੀ ਹਾਲਤਾਂ ਵੀ ਰੋਗ ਦਾ ਕਾਰਨ ਬਣ ਸਕਦੀਆਂ ਹਨ।

**ਹੋਰ ਕਾਰਨ** - ਉਕਤ ਕਾਰਨ ਤੋਂ ਇਲਾਵਾ ਕੁਝ ਸਮਾਜਕ ਤੇ ਆਰਥਕ ਹਾਲਤਾਂ ਨਾਲ ਵੀ ਰੋਗ ਦਾ ਸਬੰਧ ਹੁੰਦਾ ਹੈ। ਮਿਸਾਲ ਵਜੋਂ ਸ਼ੂਗਰ ਰੋਗ ਉੱਚ ਵਰਗ ਜਾਂ ਧਨਾਢ ਪ੍ਰੀਵਾਰਾਂ 'ਚ ਵੱਧ ਪਾਇਆ ਜਾਂਦਾ ਹੈ ਇਸ ਤਰ੍ਹਾਂ ਰੋਗ ਪੇਂਡੂ ਖੇਤਰਾਂ ਨਾਲੋਂ ਸ਼ਹਿਰੀ ਖੇਤਰਾਂ ਦੇ ਵਿਅਕਤੀਆਂ ਨੂੰ ਵੱਧ ਪ੍ਰਭਾਵਿਤ ਕਰਦਾ ਹੈ। ਪੱਛਮੀ ਰਹਿਣ-ਸਹਿਣ ਨਾਲ ਪ੍ਰਭਾਵਿਤ ਲੋਕਾਂ ਵਿੱਚ ਵੀ ਇਹ ਰੋਗ ਬਹੁਤ ਹੋ ਰਿਹਾ ਹੈ।

**ਸ਼ੂਗਰ ਰੋਗ ਦੀ ਪਹਿਚਾਣ** - ਰੋਗ ਦੀ ਸ਼ਨਾਖਤ ਲੱਛਣ ਤੋਂ ਇਲਾਵਾ ਪੇਸ਼ਾਬ ਤੇ ਲਹੂ ਦੀਆਂ ਵੱਖ-ਵੱਖ ਜਾਂਚਾਂ ਨਾਲ ਸੰਭਵ ਹੁੰਦੀ ਹੈ ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕਿੰਨਾ ਬੰਦਿਆਂ ਨੂੰ ਸ਼ੂਗਰ ਦੀ ਬੀਮਾਰੀ ਲਈ ਜਾਂਚ ਕਰਵਾਉਣੀ ਚਾਹੀਦੀ ਹੈ? ਸ਼ੂਗਰ ਦੀ ਬੀਮਾਰੀ ਦੇ ਉਪਰ ਵਰਨਣ ਕੀਤੇ ਲੱਛਣ ਜੇ ਹੋਣ ਤਾਂ ਜਾਂਚ ਕਰਵਾਉਣੀ ਚਾਹੀਦੀ ਹੈ ਪਰ ਇਹ ਲੱਛਣ ਨਾ ਮਿਲਣ ਤਾਂ ਵੀ ਨਿਮਨਲਿਖਤ ਵਿਅਕਤੀਆਂ ਜਾਂ 0-40 ਸਾਲ ਤੋਂ ਉਪਰ ਦੇ ਅਜਿਹੇ ਮਰੀਜ਼ਾਂ ਨੂੰ ਜਾਂਚ ਕਰਾਉਣੀ ਚਾਹੀਦੀ ਹੈ ਜੋ ਵਾਰ-ਵਾਰ ਬੀਮਾਰ ਰਹਿੰਦੇ ਹਨ ਅਤੇ ਕੰਮਜ਼ੋਰ ਹੁੰਦੇ ਜਾ ਰਹੇ ਹਨ ਤੇ ਅਚਾਨਕ ਵਜਨ ਵੀ ਘੱਟ ਹੋ ਰਿਹਾ ਹੋਵੇ।

ਸ਼ੂਗਰ ਰੋਗ ਨਾਲ ਪੀੜਤ ਰੋਗੀ ਦੇ ਭਾਈ-ਭੈਣਾਂ ਬੱਚਿਆਂ ਨੂੰ (ਜੋ 35 ਸਾਲਾਂ ਤੋਂ ਉਪਰ ਹੋਣ) ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਕੋਈ ਵੀ ਅਜਿਹਾ ਮਰੀਜ਼ ਜਿਸ ਨਾਲ ਵਾਰ-ਵਾਰ ਖਾਰਿਸ਼ ਤੇ ਫੋੜੇ ਫਿੰਨਸੀਆਂ ਹੋ ਰਹੇ ਹੋਣ ਜਾਂ ਫੇਫੜਿਆਂ ਦੀ ਇਨਫੈਕਸ਼ਨ ਜਿਵੇਂ ਤਪਦਿਕ ਆਦਿ ਹੋਵੇ। ਇਸ ਤੋਂ ਇਲਾਵਾ ਪੁਰਾਣਾ ਚਮੜੀ ਰੋਗ ਜੋ ਠੀਕ ਨਾ ਹੋ ਰਿਹਾ ਹੋਵੇ। ਅਜਿਹੇ ਰੋਗੀਆਂ ਨੂੰ ਜਾਂਚ ਕਰਵਾ ਲੈਣੀ ਚਾਹੀਦੀ ਹੈ।

ਸਭ ਗਰਭਵਤੀ ਮਾਵਾਂ ਖਾਸ ਕਰਕੇ ਉਹ ਜਿਨਾਂ ਨੂੰ ਪਹਿਲਾਂ ਗਰਭਪਾਤ ਹੋਇਆ ਹੋਵੇ ਜਾਂ ਬੱਚਾ ਮਰਿਆ ਹੋਇਆ ਪੈਦਾ ਹੋਇਆ ਹੋਵੇ ਜਾਂ ਉਹਨਾਂ ਦੇ ਕਿਸੇ ਪ੍ਰੀਵਾਰਕ ਮੈਂਬਰ ਨੂੰ ਸ਼ੂਗਰ ਰੋਗ ਹੋਵੇ।

ਉਹਨਾਂ ਮਰੀਜ਼ਾਂ ਨੂੰ ਸ਼ੂਗਰ ਰੋਗ ਲਈ ਜਾਂਚ ਕਰਵਾਉਣੀ ਚਾਹੀਦੀ ਹੈ ਜੋ ਕਿਸੇ ਤਰ੍ਹਾਂ ਦਾ ਅਪਰੇਸ਼ਨ ਕਰਵਾਉਣ ਜਾ ਰਹੇ ਹੋਣ।

ਉਹ ਸਾਰੇ ਰੋਗੀ ਜਿਨਾਂ ਨੂੰ ਦਿਲ ਦਾ ਰੋਗ, ਲਕਵਾ, ਨਮੂਨਿਆਂ ਜਾ ਗੰਭੀਰ ਚਮੜੀ ਇਨਫੈਕਸ਼ਨ ਹੋਵੇ।

ਕੋਈ ਵੀ ਬੰਦਾ ਜੋ ਸਰੀਰਕ ਫਿਟਨੈਸ ਚਾਹੁੰਦਾ ਹੈ ਉਹ ਸ਼ੂਗਰ ਦੀ ਜਾਂਚ ਕਰਵਾਏ।

**ਜਾਂਚ ਦੀਆਂ ਕਿਹੜੀਆਂ ਵਿਧੀਆਂ ਚੰਗੀਆਂ ਹਨ?** - ਸ਼ੂਗਰ ਦੀ ਸ਼ਨਾਖਤ ਹੋਣ ਅੱਜ ਕੋਈ ਔਖਾ ਕੰਮ ਨਹੀਂ ਹੈ। ਦੋ ਤਿੰਨ ਜਾਂਚਾਂ ਪਿਛੋਂ ਹੀ ਰੋਗ

ਦੀ ਪਹਿਚਾਣ ਹੋ ਜਾਂਦੀ ਹੈ। ਪਰ ਮਾਹਰ ਡਾਕਟਰ ਇਕ ਵਾਰੀ ਬਲੱਡ ਸ਼ੂਗਰ ਤੇ ਪੇਸ਼ਾਬ ਦੀ ਜਾਂਚ ਤੋਂ ਸਿੱਟਾ ਨਹੀਂ ਕੱਢਦੇ। ਬਲਕਿ ਇਸ ਨੂੰ ਦੋ-ਤਿੰਨ ਵਾਰੀ ਕਰਵਾਉਂਦੇ ਹਨ ਜਾਂ ਫਿਰ ਵਿਸ਼ੇਸ਼ ਜਾਂਚ-ਗੁਲੂਕੋਜ਼ ਟਾਲਰੈਂਸ ਟੈਸਟ ਵੀ ਕਰਵਾਉਂਦੇ ਹਨ।

**ਸ਼ੂਗਰ ਦੀ ਬੀਮਾਰੀ ਦੀਆਂ ਗੁੰਝਲਾਂ** – ਸ਼ੂਗਰ ਇੱਕ ਅਜਿਹਾ ਰੋਗ ਹੈ, ਜਿਸ 'ਚ ਸਰੀਰ ਦੇ ਸਾਰੇ ਮੁੱਖ ਅੰਗ ਜਿਵੇਂ-ਦਿਲ, ਦਿਮਾਗ, ਗੁਰਦੇ, ਲਿਵਰ, ਅੱਖਾਂ ਆਦਿ ਪ੍ਰਭਾਵਿਤ ਹੋ ਸਕਦੇ ਹਨ। ਵਿਅਕਤੀ ਡਾਇਬਿਟਕ ਕੌਮਾ ਵਿੱਚ ਵੀ ਜਾ ਸਕਦਾ ਹੈ। ਇਸ ਲਈ ਰੋਗੀ ਨੂੰ ਆਪਣੇ ਨਾਲ ਇਕ ਕਾਰਡ ਹਮੇਸ਼ਾ ਰੱਖਣਾ ਚਾਹੀਦਾ ਹੈ ਕਿ ਜਿਸ 'ਚ ਨਾਂ, ਪਤਾ ਤੇ ਬੀਮਾਰੀ ਦਾ ਜ਼ਿਕਰ ਹੋਵੇ ਤਾਂ ਕਿ ਜ਼ਰੂਰੀ ਸਹਾਇਤਾ ਸਮੇਂ ਸਿਰ ਮਿਲ ਸਕੇ।

**ਕੁੱਝ ਮੁੱਖ ਉਲਝਣਾਂ ਦਾ ਵਰਨਣ ਹੇਠ ਲਿਖਿਆ ਹੈ**

1. ਪਾਣੀ ਤੇ ਖਣਿਜ ਪਦਾਰਥਾਂ ਦੀ ਘਾਟ
2. ਕੀਟੋਏਸੀ ਡੋਸਿਸ

ਕੀਟੋਏਸੀ ਡੋਸਿਸ 'ਚ ਸਰੀਰ 'ਚ ਬਾਈਕਾਰ ਬਾਨਿਕ ਦੀ ਮਾਤਰਾ ਘੱਟ ਜਾਂਦੀ ਹੈ ਜਿਸ ਨਾਲ ਖ਼ੂਨ ਦੀ ਅਮਲਤਾ (Acidity) ਵਧ ਜਾਂਦੀ ਹੈ, ਪੇਸ਼ਾਬ ਦੀ ਜਾਂਚ ਨਾਲ ਇਸ ਦਾ ਪਤਾ ਲੱਗ ਜਾਂਦਾ ਹੈ ਸ਼ੂਗਰ ਰੋਗੀ 'ਚ ਜਦ ਕੋਈ ਇਨਫੈਕਸ਼ਨ ਹੁੰਦੀ ਹੈ ਅਤੇ ਜੇ ਉਸ ਦਾ ਇਲਾਜ ਨਹੀਂ ਕੀਤਾ ਜਾਂਦਾ ਤਾਂ ਕੀਟੋਏਸੀਡੋਸਿਸ ਹੋ ਸਕਦਾ ਹੈ।

**ਇਸ ਸਥਿਤੀ 'ਚ ਲੱਛਣ ਹਨ** – ਤੇਜ਼ ਪਿਆਸ ਲੱਗਣੀ, ਵਾਰ-ਵਾਰ ਪੇਸ਼ਾਬ ਜਾਣਾ, ਕਬਜ਼, ਮਾਸਪੇਸੀਆਂ 'ਚ ਦਰਦ ਤੇ ਨਿਗਾਹ 'ਚ ਤਬਦੀਲੀ ਹੋਣੀ। ਬੱਚਿਆਂ 'ਚ ਇਸ ਕਾਰਨ ਪੇਟ ਦਰਦ ਵੀ ਹੋ ਸਕਦਾ ਹੈ। ਇਸ ਕਾਰਨ ਮਰੀਜ਼ ਕੰਮਜ਼ੋਰ ਤੇ ਸੁਸਤ ਹੋ ਸਕਦਾ ਹੈ ਅਜਿਹੀ ਹਾਲਤ 'ਚ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਕੀਟੋਏਸੀਡੋਸਿਸ ਦੇ ਹੋਰ ਲੱਛਣ** - ਖੁਸ਼ਕ ਜੀਭ, ਅੱਖਾਂ ਦਾ ਧਸਣਾ, ਵਾਰ ਵਾਰ ਲੰਮੇ ਡੂੰਘੇ ਸਾਹ ਲੈਣੇ। ਕੰਮਜ਼ੋਰ ਨਾੜੀ ਤੇ ਘਟਿਆ ਹੋਇਆ ਬਲੱਡ ਪ੍ਰੈਸ਼ਰ ਸਾਹ 'ਚ ਪ੍ਰੋਟੀਨ ਦੀ ਬਦਬੂ ਆਉਣੀ।

ਇਸ ਸਥਿਤੀ ਦਾ ਜੇ ਇਲਾਜ ਨਾ ਕੀਤਾ ਜਾਵੇ ਤਾਂ ਰੋਗੀ ਕੌਮਾ ਅਰਥਾਤ ਡੂੰਘੀ ਬੇਹੋਸ਼ੀ 'ਚ ਜਾ ਸਕਦਾ ਹੈ ਅਤੇ ਇਸ ਦਾ ਫਿਰ ਇਲਾਜ ਸੰਭਵ ਨਹੀਂ ਹੈ। ਇਸ ਲਈ ਮਾਹਰ ਡਾਕਟਰ ਦੀ ਦੇਖ ਰੇਖ 'ਚ ਇਲਾਜ ਕਰਵਾਉਣਾ ਹੀ ਠੀਕ ਰਹੇਗਾ।

3. **ਰਕਤ ਨਲਕਾਵਾਂ ਸਬੰਧੀ ਗੁੰਝਲਾਂ** - ਸ਼ੂਗਰ ਰੋਗ ਦੇ ਮਰੀਜ਼ਾਂ ਵਿੱਚ ਧਮਨੀਆਂ ਮੋਟੀਆਂ ਤੇ ਕਠੋਰ ਹੋ ਜਾਂਦੀਆਂ ਹਨ ਅਤੇ ਉਹਨਾਂ ਅੰਦਰ ਚਰਬੀ ਜੰਮਣ ਨਾਲ ਇਹ ਅੰਦਰੋਂ ਭੀੜੀਆ ਹੋ ਜਾਂਦੀਆਂ ਹਨ। (ਐਥੀਰੋਸਕਲੀਰੋਸਿਸ) ਅਮਲ ਆਮ ਲੋਕਾਂ 'ਚ ਵੱਡੀ ਉਮਰ 'ਚ ਹੁੰਦੀ ਹੈ ਪਰ ਸ਼ੂਗਰ ਰੋਗੀ 'ਚ ਇਹ ਅਮਲ ਜਲਦੀ ਸ਼ੁਰੂ ਹੋ ਜਾਂਦਾ ਹੈ। ਇਸ ਕਾਰਨ ਹਾਈ ਬਲੱਡ ਪ੍ਰੈਸ਼ਰ, ਦਿਲ ਦਾ ਦੌਰਾ ਤੇ ਪੈਰਾਂ ਦੀ ਉਂਗਲਾਂ 'ਚ ਗੈਂਗਰੀਨ ਵਰਗੀਆਂ ਗੁੰਝਲਾਂ ਹੋ ਸਕਦੀਆਂ ਹਨ।

ਗੈਂਗਰੀਨ ਤੋਂ ਬਚਣ ਲਈ ਸ਼ੂਗਰ ਰੋਗੀਆਂ ਨੂੰ ਉਪਰ ਤੱਕ ਜੁੱਤੇ ਪਹਿਨਣੇ ਚਾਹੀਦੇ ਹਨ ਅਤੇ ਆਪਣੇ ਹੱਥਾਂ ਨਾਲ ਪੈਰਾਂ ਦੇ ਨਹੁੰਆਂ ਨੂੰ ਕੱਟਣਾ ਜਾਂ ਖੁਰਚਨਾ ਨਹੀਂ ਚਾਹੀਦਾ। ਬਲਕਿ ਚੰਗੇ ਅਪ੍ਰੇਸ਼ਨ ਮਾਹਰ ਨੂੰ ਵਿਖਾਉਣਾ ਚਾਹੀਦਾ ਹੈ ਤੇ ਬਲੱਡ ਸ਼ੂਗਰ 'ਤੇ ਪ੍ਰਭਾਵੀ ਕੰਟਰੋਲ ਰੱਖਣਾ ਚਾਹੀਦਾ ਹੈ।

4. **ਗੁਰਦਿਆਂ ਸਬੰਧੀ ਉਲਝਣਾ** - ਸ਼ੂਗਰ ਰੋਗੀਆਂ ਵਿਚ ਗੁਰਦਿਆਂ ਦੀ ਨਲਕਾਵਾਂ ਬਰੀਕ 'ਚ ਤਬਦੀਲੀ ਹੋਣ ਨਾਲ ਉਹ ਮੋਟੀਆਂ ਤੇ ਅਨਿਯਮਤ ਆਕਾਰ ਦੀਆਂ ਹੋ ਜਾਂਦੀਆਂ ਹਨ। ਇਸ ਨੂੰ ਗਲੋਮੇਰੂਲੋ ਸਕਲੀਰੋਸਿਸ ਕਿਹਾ ਜਾਂਦੈ। ਇਹ ਇਕ ਤਰ੍ਹਾਂ ਨਾਲ ਗੁਰਦਿਆਂ ਦੇ ਖ਼ਰਾਬ ਹੋਣ ਦੀ ਸ਼ੁਰੂਆਤ ਹੁੰਦੀ ਹੈ। ਇਸ ਕਾਰਨ ਮਰੀਜ਼ ਦੇ ਪੇਸ਼ਾਬ 'ਚ ਪ੍ਰੋਟੀਨ (ਅਲਬਿਊਮਨ) ਆਉਣ ਲੱਗਦੀ ਹੈ। ਹੱਥਾਂ, ਪੈਰਾਂ, ਪੇਟ ਅਤੇ ਚਿਹਰੇ ਉਪਰ ਸੋਜ ਆ ਜਾਂਦੀ ਹੈ ਖ਼ੂਨ 'ਚ ਯੂਰੀਆ ਦੀ ਮਾਤਰਾ ਵਧਣ ਨਾਲ ਯੂਰੀਮੀਆ ਦੀ ਸਥਿਤੀ ਬਣ ਜਾਂਦੀ ਹੈ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਗੁਰਦੇ ਆਪਣਾ ਕੰਮ ਕਰਨਾ ਬੰਦ ਕਰ ਦਿੰਦੇ ਹਨ। ਯੂਰੀਮੀਆ 'ਚ ਰੋਗੀ ਪੇਸ਼ਾਬ ਘੱਟ ਜਾਂਦਾ ਹੈ ਅਤੇ ਉਸ ਦੇ ਖ਼ੂਨ 'ਚ ਯੂਰੀਆ ਦੀ ਮਾਤਰਾ ਬਹੁਤ ਵਧ ਜਾਂਦੀ ਹੈ। ਇਸ ਗੁੰਝਲ ਨੂੰ ਰੋਕਣ ਲਈ ਕੋਈ ਵਿਸ਼ੇਸ ਉਪਾਅ ਨਹੀਂ ਹਨ। ਇਸ ਸਥਿਤੀ 'ਚ ਹੀਮੋਡਾਇਆਲਿਸਿਸ ਦੀ ਲੋੜ ਪੈਂਦੀ ਹੈ। ਇਸ ਤੋਂ ਬਚਣ ਲਈ ਰੋਗੀ ਨੂੰ ਪ੍ਰਹੇਜ ਰੱਖ ਕੇ ਅਤੇ ਸ਼ੁਰੂ ਤੋਂ ਹੀ ਨਿਯਮਤ ਦਵਾਈ ਲੈ ਕੇ ਆਪਣੇ ਬਲੱਡ ਸ਼ੂਗਰ 'ਤੇ ਕੰਟਰੋਲ ਰੱਖਣਾ ਚਾਹੀਦਾ ਹੈ।

5. **ਅੱਖਾ ਸਬੰਧੀ ਗੁੰਝਲਾਂ** - ਲੰਮੇ ਸਮੇਂ ਤੱਕ ਬਲੱਡ ਸ਼ੂਗਰ ਵਧੇ ਰਹਿਣ ਨਾਲ ਸ਼ੂਗਰ ਰੋਗੀ ਦੀਆਂ ਅੱਖਾਂ ਦੇ ਪਰਦੇ (ਰੇਟੀਨਾ) 'ਚ ਖਰਾਬੀ ਆ ਜਾਂਦੀ ਹੈ। ਇਥੋਂ ਤੱਕ ਕਿ ਇਸ ਕਾਰਨ ਅੰਨਾਪਣ ਹੋ ਜਾਂਦਾ ਹੈ। ਬ੍ਰਿਟੇਨ 'ਚ 30 ਤੋਂ ਲੈ ਕੇ 60 ਸਾਲਾਂ ਦੀ ਉਮਰ ਦੇ ਲੋਕਾਂ ਵਿੱਚ ਅੰਨੇਪਣ ਦਾ ਮੁੱਖ ਕਾਰਣ ਸ਼ੂਗਰ ਰੋਗ ਦੇ ਰੋਗੀਆਂ ਦੀ ਇਸ ਤਰ੍ਹਾਂ ਗੁੰਝਲ ਹੁੰਦੀ ਹੈ ਰੇਟੀਨਾ 'ਚ ਸਥਿਤ ਬਰੀਕ ਖ਼ੂਨ ਦੀਆਂ ਨਾਲੀਆਂ 'ਚ ਗੜਬੜਾ ਕਾਰਨ ਖੂਨ ਲੀਕ ਕਰਕੇ ਛੋਟੇ-ਛੋਟੇ ਬਿੰਦੂਆਂ ਦੇ ਰੂਪ 'ਚ ਜਮ੍ਹਾਂ ਹੋ ਜਾਂਦਾ ਹੈ। ਨਾਲ ਹੀ ਕੁਝ ਤਰਲ ਪਦਾਰਥ ਵੀ ਉਥੇ ਇਕੱਠਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਨਵੀਂ ਛੋਟੀਆਂ-ਛੋਟੀਆਂ ਰਕਤ ਨਲਕਾਵਾਂ ਗੁੱਝੇ ਦੇ ਰੂਪ 'ਚ ਬਣਦੀਆਂ ਹਨ ਤੇ ਇਹਨਾਂ ਸਾਰੀਆਂ ਤਬਦੀਲੀਆਂ ਕਾਰਨ ਰੋਗੀ ਨੂੰ ਦਿੱਸਣਾ ਘੱਟ ਹੋ ਜਾਂਦਾ ਹੈ। ਜੇ ਸ਼ੂਗਰ ਦੇ ਰੋਗੀ 'ਚ ਨਜ਼ਰ ਸਬੰਧੀ ਥੋੜ੍ਹੀ ਜਿੰਨੀ ਵੀ ਗੜਬੜ ਹੋਵੇ ਤਾਂ ਉਸ ਨੂੰ ਫੌਰਨ ਅੱਖਾਂ ਦੇ ਰੋਗਾਂ ਦੇ ਮਾਹਰ ਡਾਕਟਰ ਨੂੰ ਵਿਖਾਉਣਾ ਚਾਹੀਦਾ ਹੈ। ਵਰਨਾ ਇਸ ਨਾਲ ਅੱਖਾਂ ਤੋਂ ਦਿਸਣਾ ਬਿਲਕੁੱਲ ਘੱਟ ਜਾ ਬੰਦ ਹੋ ਜਾਂਦਾ ਹੈ। ਰੇਟਿਨਾ 'ਚ ਖ਼ਰਾਬੀ ਤੋਂ ਇਲਾਵਾ ਸ਼ੂਗਰ ਦੇ ਰੋਗੀ ਦੀਆਂ ਅੱਖਾਂ 'ਚ ਚਿੱਟਾ ਮੋਤੀਆ ਬਿੰਦ (ਕੇਟਾਰੈਕਟ) ਵੀ ਜਲਦੀ ਬਣ ਜਾਂਦਾ ਹੈ।

ਕਈ ਵਾਰੀ ਰੋਗੀ ਬੱਚਿਆਂ 'ਚ ਮੋਤੀਆ ਬੰਦ ਦੀ ਸ਼ਿਕਾਇਤ ਦੇਖੀ ਜਾਂਦੀ ਹੈ।

6. **ਵੱਖ ਵੱਖ ਇਨਫੈਕਸ਼ਨ** - ਸ਼ੂਗਰ ਦੇ ਰੋਗੀ ਦੇ ਰੋਗ ਪ੍ਰਤੀਰੋਧਕ ਸ਼ਕਤੀ ਘੱਟ ਹੋ ਜਾਣ ਕਰਕੇ ਉਹ ਬਹੁਤ ਸਾਰੀਆਂ ਇਨਫੈਕਸ਼ਨਾਂ ਲਈ ਸੰਵੇਦਨਸ਼ੀਲ ਹੋ

ਜਾਂਦਾ ਹੈ ਜਿਵੇਂ ਕਿ ਉਸ ਨੂੰ ਚਮੜੀ ਦੀ ਇਨਫੈਕਸ਼ਨ ਤੇ ਫੋੜੇ, ਫਿਨਸੀਆਂ, ਖਾਰਿਸ਼ ਆਦਿ ਹੋ ਸਕਦੇ ਹਨ। ਔਰਤ ਦੇ ਜਨਣ ਅੰਗਾਂ 'ਚ ਕੈਨਡਿਡਾ ਫੰਗਸ ਹੋ ਜਾਂਦੀ ਹੈ। ਸ਼ੂਗਰ ਦੇ ਰੋਗੀ ਨੂੰ ਫੇਫੜਿਆਂ ਦੀ ਤਪਦਿਕ ਵੀ ਹੋ ਸਕਦੀ ਹੈ ਇਸ ਤਰ੍ਹਾਂ ਉਸ ਨੂੰ ਪੇਸ਼ਾਬ ਦੇ ਰਸਤੇ ਇਨਫੈਕਸ਼ਨ (UTI) ਵੀ ਹੁੰਦੀ ਹੈ। ਸਾਹ ਪ੍ਰਣਾਲੀ ਸਬੰਧੀ ਰੋਗ, ਨਮੋਨੀਆ ਤੇ ਬੌਂਕਾਈਟਸ ਵਾਰ-ਵਾਰ ਹੋ ਸਕਦੇ ਹਨ।

7. **ਤੰਤ੍ਰਿਕਾ ਸਬੰਧੀ ਗੁੰਝਲਾਂ** - ਸ਼ੂਗਰ ਦੇ ਰੋਗੀ 'ਚ ਇਸ ਤਰ੍ਹਾਂ ਦੀਆਂ ਗੁੰਝਲਾਂ ਹੋਣੀਆਂ ਬਹੁਤ ਹੀ ਆਮ ਹਨ। ਇਸ ਤਰ੍ਹਾਂ ਹੱਥਾਂ ਪੈਰਾਂ 'ਚ ਝਨਝਨਾਹਟ ਜਾਂ ਸੂਈਆਂ ਚੁਬਣ ਵਰਗਾ ਅਹਿਸਾਸ ਹੁੰਦਾ ਹੈ। ਜਾਂ ਪੈਰ ਸੁੰਨ ਹੋਣ ਵਰਗੇ ਲੱਛਣ ਹੋ ਸਕਦੇ ਹਨ। ਮਾਸਪੇਸ਼ੀਆਂ 'ਚ ਦਰਦ, ਪੈਰਾਂ 'ਚ ਦਰਦ, ਮਾਸਪੇਸੀਆਂ ਦਾ ਪਤਲਾ ਪੈਣਾ ਆਦਿ ਸ਼ਿਕਾਇਤਾਂ ਵੀ ਹੋ ਸਕਦੀਆਂ ਹਨ। ਬੇਲਗਾਤ ਸ਼ੂਗਰ ਰੋਗ ਵਾਲੇ ਬੰਦੇ 'ਚ ਚਿਹਰੇ ਜਾਂ ਪੈਰਾਂ 'ਚ ਲਕਵੇ ਵਰਗੀ ਬੀਮਾਰੀ ਵੀ ਹੋ ਸਕਦੀ ਹੈ।

8. **ਆਜ਼ਾਦ ਤੰਤਰਿਕਾ ਤੰਤਰ** (Autonomic Newous Sysrem) ਅਜ਼ਾਦ ਤੰਤਰਿਕਾ ਦੇ ਪ੍ਰਭਾਵਿਤ ਹੋਣ ਨਾਲ ਦਸਤ ਲੱਗਣੇ, ਇਕ-ਇਕ ਕਰਕੇ ਪੇਸ਼ਾਬ ਜਾਣਾ, ਨਿਪੁੰਸਕਤਾ, ਵਧ ਪਸੀਨਾ, ਚਮੜੀ ਦੇ ਤਾਪਮਾਨ 'ਚ ਤਬਦੀਲੀ ਆਦਿ ਲੱਛਣ ਪੈਦਾ ਹੋ ਸਕਦੇ ਹਨ। ਡਾਕਟਰ ਸ਼ੂਗਰ ਰੋਗ ਨੂੰ ਵਸ 'ਚ ਰੱਖਣ ਲਈ ਚਾਰ ਉਪਾਅ ਕਰਦੇ ਹਨ।

1. ਵਧੀ ਹੋਈ ਬਲੱਡ ਸ਼ੂਗਰ ਦੇ ਪੱਧਰ ਨੂੰ ਆਮ ਵਾਂਗ ਕਰਨ ਲਈ ਇੰਸੂਲਿਨ ਦੇ ਟੀਕੇ ਲਾਉਣਾ।
2. ਕਲੋਮ ਗ੍ਰੰਥੀ (ਪੈਨਕਰੀਆਜ਼) ਨੂੰ ਇਸੂਲਿਨ ਪੈਦਾ ਕਰਨ ਲਈ ਖਾਣ ਵਾਲੀਆਂ ਗੋਲੀਆਂ ਰਾਹੀਂ ਉਤੇਜਿਤ ਕਰਨਾ।
3. ਭੋਜਨ ਤੇ ਕੰਟਰੋਲ
4. ਨਿਯਮਤ ਕਸਰਤ

1. **ਇੰਸੂਲਿਨ ਰਾਹੀਂ ਕੰਟਰੋਲ** - ਸ਼ੁਰੂ 'ਚ ਡਾਕਟਰ ਤੋਂ ਇੰਸੂਲਿਨ ਦੀ ਮਾਤਰਾ ਅਤੇ ਲੈਣ ਦੀ ਵਿਧੀ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿਉਂਕਿ ਵੱਧ ਇੰਸੂਲਿਨ ਦੀ ਮਾਤਰਾ ਖ਼ਤਰਨਾਕ ਹੋ ਸਕਦੀ ਹੈ। ਇਸ ਨਾਲ ਬਲੱਡ ਸ਼ੂਗਰ ਪੱਧਰ ਵੱਧ ਘਟਨ ਨਾਲ ਰੋਗੀ ਡੂੰਘੀ ਬੇਹੋਸ਼ੀ (ਕੌਮਾ) 'ਚ ਜਾ ਸਕਦਾ ਹੈ। ਇਸ ਲਈ ਮਧੂਮਹੇ (ਸ਼ੂਗਰ) ਦੇ ਰੋਗੀ ਨੂੰ ਗੁਲੂਕੋਜ਼ ਦਾ ਪੈਕਟ ਵੀ ਆਪਣੇ ਕੋਲ ਰੱਖਣਾ ਚਾਹੀਦਾ ਹੈ। ਜਦ ਉਸ ਨੂੰ ਲੱਗੇ ਕਿ ਇੰਸੂਲਿਨ ਦੀ ਮਾਤਰਾ ਵੱਧ ਲਈ ਗਈ ਹੈ ਤਾਂ ਡਾਕਟਰ ਦੇ ਆਉਣ ਤੋਂ ਪਹਿਲਾਂ ਗੁਲੂਕੋਜ਼ ਦੇ 3-4 ਚਮਚ ਲੈ ਲੈਣੇ ਚਾਹੀਦੇ ਹਨ। ਇੰਸੂਲਿਨ ਦੀ ਮਾਤਰਾ ਰੋਜ਼ ਦੇ ਭੋਜਨ ਅਨੁਸਾਰ ਲੈਣੀ ਚਾਹੀਦੀ ਹੈ। ਅਜਿਹਾ ਨਾ ਹੋਵੇ ਕਿ ਇੰਸੂਲਿਨ ਦੀ ਮਾਤਰਾ ਤਾਂ ਡਾਕਟਰ ਦੇ ਦੱਸੇ ਅਨੁਸਾਰ ਲੈ ਲਈ ਜਾਵੇ ਪਰ ਖਾਣਾ ਉਸ ਦੇ ਅਨੁਪਾਤ 'ਚ ਘੱਟ ਖਾਧਾ ਜਾਵੇ ਵਰਨਾ ਇਸ ਨਾਲ ਵੀ ਬਲੱਡ ਸ਼ੂਗਰ ਘੱਟ ਸਕਦੀ ਹੈ ਇਸ ਦਾ ਉਲਟਾ ਵੀ ਹੋ ਸਕਦਾ ਹੈ ਜਦ ਖਾਣਾ ਵੱਧ ਖਾਧਾ ਜਾਵੇ ਅਤੇ ਇੰਸੂਲਿਨ ਦੀ ਮਾਤਰਾ ਘੱਟ ਲਈ ਜਾਵੇ। ਕਈ ਵਾਰੀ ਡਾਕਟਰ ਗੰਭੀਰ ਸਥਿਤੀ 'ਚ ਜਾਂ ਬਲੱਡ ਸ਼ੂਗਰ ਦੀ ਮਾਤਰਾ ਵੱਧ

ਵਧਣ 'ਤੇ ਹੀ ਇੰਸੂਲਿਨ ਦੀ ਸਲਾਹ ਦਿੰਦੇ ਹਨ। ਜਦ ਬਲੱਡ ਸ਼ੂਗਰ ਕੰਟਰੋਲ ਹੋ ਜਾਂਦੀ ਹੈ ਤਾਂ ਫਿਰ ਖਾਣ ਵਾਲੀਆਂ ਗੋਲੀਆਂ ਲੈਣ ਨੂੰ ਕਹਿੰਦੇ ਹਨ ਕਿਉਂਕਿ ਰੋਜ਼ਾਨਾ ਦੋ ਵਾਰੀ ਇੰਸੂਲਿਨ ਲੈਣੀ ਰੋਗੀ ਨੂੰ ਤਕਲੀਫ ਦੇਹ ਵੀ ਹੁੰਦੀ ਹੈ। ਇੰਸੂਲਿਨ ਲੈਣ ਵਾਲੇ ਰੋਗੀਆਂ ਨੂੰ ਵੀ ਇਕ ਕਾਰਡ ਰੱਖਣਾ ਚਾਹੀਦਾ ਹੈ ਜਿਸ ਵਿੱਚ ਇਸ ਗੱਲ ਦਾ ਜ਼ਿਕਰ ਹੋਵੇ ਕਿ ਉਹ ਇੰਸੂਲਿਨ ਲੈਣ ਵਾਲਾ ਸ਼ੂਗਰ ਦੀ ਬੀਮਾਰੀ ਦਾ ਰੋਗੀ ਹੈ ਤਾਂ ਕਿ ਬੇਹੋਸ਼ੀ ਵਕਤ ਡਾਟਕਰ ਜਲਦੀ ਹੀ ਸਮਝ ਸਕੇ। ਸਰੀਰ 'ਚ ਵੱਧ ਇੰਸੂਲਿਨ ਦੀ ਮਾਤਰਾ ਨਾਲ ਜਦ ਬਲੱਡ ਸ਼ੁਗੂਰ 50-60 ਮਿ. ਗ੍ਰਾ ਜਾਂ ਫਿਰ ਇਸ ਤੋਂ ਘੱਟ ਹੋ ਜਾਂਦੀ ਹੈ ਤਾਂ ਹੇਠ ਲਿਖੇ ਲੱਛਣ ਪੈਦਾ ਹੁੰਦੇ ਹਨਃ-

ਕੰਮਜ਼ੋਰੀ ਤੇ ਥਕਾਵਟ, ਬਚੈਨੀ, ਭੁੱਖ ਲੱਗਣਾ, ਸਿਰ ਦਰਦ ਤੇ ਚੱਕਰ ਆਉਣੇ ਪਸੀਨਾ ਆਉਣਾ ਜੇ ਲੱਛਣ ਇੰਸੂਲਿਨ ਲੈਣ ਤੋਂ ਬਾਅਦ ਹੋਣ ਤਾਂ ਗਲੂਕੋਜ਼ ਲੈਣਾ ਚਾਹੀਦਾ ਹੈ।

2. **ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਦਵਾਈਆਂ** - ਅੱਜਕਲ ਬਹੁਤ ਹੀ ਪ੍ਰਭਾਵਸ਼ਾਲੀ ਦਵਾਈਆਂ ਬਾਜ਼ਾਰ 'ਚ ਮਿਲਦੀਆਂ ਹਨ। ਉਹਨਾਂ ਨੂੰ ਡਾਕਟਰ ਦੀ ਸਲਾਹ ਨਾਲ ਹੀ ਲੈਣਾ ਚਾਹੀਦਾ ਹੈ। ਜੇ ਬਲੱਡ ਸ਼ੂਗਰ ਦੀ ਮਾਤਰਾ ਬਹੁਤ ਵੱਧ ਹੈ ਤਾਂ ਭੋਜਨ ਤੇ ਇਹਨਾਂ ਗੋਲੀਆਂ ਦੀ ਵਰਤੋਂ ਨਾਲ ਉਸ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ। ਗੋਲੀਆਂ ਅਜਿਹੇ ਕਮਜ਼ੋਰ ਜਾਂ ਕਿਸ਼ੋਰਾ ਨੂੰ ਨਹੀਂ ਦਿੱਤੀਆਂ ਜਾਂਦੀਆਂ ਜੋ ਕੀਟੋਏਸੀ ਡੋਸਿਸ ਪ੍ਰਤੀ ਸੰਵੇਦਨਸ਼ੀਲ ਹੋਣ। ਬਜ਼ਾਰ 'ਚ ਕੁਝ ਦੇਸੀ ਜਾਂ ਅਯੂਰਵੈਦਿਕ ਦਵਾਈਆਂ ਵੀ ਮਿਲਦੀਆਂ ਹਨ। ਇਹ ਵੀ ਵਰਤੀਆਂ ਜਾ ਸਕਦੀਆਂ ਹਨ।

3. **ਭੋਜਲ 'ਤੇ ਕੰਟਰੋਲ** - ਸ਼ੂਗਰ ਦੇ ਰੋਗੀਆਂ ਲਈ ਭੋਜਨ ਮਹੱਤਵਪੂਰਨ ਹੁੰਦਾ ਹੈ। ਥੋੜੀ ਬਲੱਡ ਸ਼ੂਗਰ ਨੂੰ ਤਾਂ ਭੋਜਨ ਰਾਹੀਂ ਵੀ ਕੰਟਰੋਲ ਕੀਤਾ ਜਾ ਸਕਦਾ ਹੈ। ਸ਼ੂਗਰ ਦੇ ਰੋਗੀ ਨੂੰ ਆਪਣੀ ਲੋੜ ਅਨੁਸਾਰ 30 ਕੈਲਰੀ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਨਿਰਧਾਰਿਤ ਕਰਨੀ ਚਾਹੀਦੀ ਹੈ ਭਾਵ 60 ਕਿਲੋਗ੍ਰਾਮ ਦੇ ਬੰਦੇ ਨੂੰ ਇਕ ਦਿਨ 'ਚ 1800 ਕੈਲਰੀ ਵਾਲਾ ਭੋਜਨ ਲੈਣਾ ਚਾਹੀਦਾ ਹੈ। ਜੇ ਵਿਅਕਤੀ ਦਾ ਵਜਨ ਵੱਧ ਹੈ ਤਾਂ ਪ੍ਰਤੀ ਕਿਲੋਗ੍ਰਾਮ 25 ਕੈਲਰੀ ਦਾ ਹਿਸਾਬ ਰੱਖਣਾ ਚਾਹੀਦਾ ਹੈ। ਸ਼ੂਗਰ ਦੇ ਰੋਗੀ ਆਪਣੇ ਰੋਜ਼ ਦੇ ਆਹਾਰ ਤੇ ਉਸ ਦੇ ਵਿਕਲਪਾਂ ਦੀ ਥੋੜੀ ਬਹੁਤੀ ਜਾਣਕਾਰੀ ਰੱਖਣੀ ਚਾਹੀਦੀ ਹੈ। ਕੰਮਜ਼ੋਰ, ਘੱਟ ਭਾਰ ਵਾਲੇ ਵਿਅਕਤੀ ਜਾਂ ਬੱਚਿਆਂ ਲਈ ਚੰਗਾ ਪੋਸਟਿਕ ਆਹਾਰ ਲੈਣਾ ਚਾਹੀਦਾ ਹੈ। ਉਹਨਾਂ ਦੇ ਭੋਜਨ 'ਤੇ ਜ਼ਿਆਦਾ ਪਾਬੰਦੀਆਂ ਲਾਉਣ ਦੀ ਲੋੜ ਨਹੀਂ। ਭੋਜਨ ਦੀ ਚੋਣ ਵਿੱਚ ਖਾਣ ਵਾਲੀਆਂ ਵਸਤਾਂ ਤੇ ਸ਼ੂਗਰ ਅੰਸ਼ (ਕਾਰਬੋਹਾਈਡਰੇਟਸ) ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਇਥੇ ਕੁਝ ਖਾਣ ਵਾਲੇ ਪਦਾਰਥਾਂ ਦੇ ਕਾਰਬੋਜ਼ ਅੰਸ਼ ਦਾ ਵੇਰਵਾ ਦਿੱਤਾ ਗਿਆ ਹੈ।

ਚਾਵਲ, ਕਣਕ, ਜਵਾਰ, ਬਾਜਰਾ 'ਚ 3 ਤੋਂ 5% ਕਾਰਬੋਹਰੇਟ ਹੁੰਦਾ ਹੈ।
ਸਭ ਦਾਲਾਂ 'ਚ 54 ਤੋਂ 60% ਕਾਰਬੋਹਾਈਡਰੇਟ ਹੁੰਦਾ ਹੈ।

ਪੱਤੇਦਾਰ ਸਬਜ਼ੀਆਂ 'ਚ 3 ਤੋਂ 5% ਕਾਰਬੋਹਾਈਡਰੇਟ ਹੁੰਦਾ ਹੈ।
ਆਲੂ, ਸ਼ਕਰਕੰਦ 'ਚ 15 ਤੋਂ 25% ਕਾਰਬੋਹਾਈਡਰੇਟ ਹੁੰਦਾ ਹੈ।

ਤਾਜ਼ੇ ਫਲਾਂ 'ਚ 5% (ਤਰਬੂਜ) ਤੋਂ 35% ਕਾਰਬੋਹਾਈਡਰੇਟ ਹੁੰਦਾ ਹੈ। ਹੋਰ ਰੋਗੀਆਂ ਦੇ ਮੁਕਾਬਲੇ ਸ਼ੂਗਰ ਦੇ ਰੋਗੀ ਨੂੰ ਆਪਣਾ ਭੋਜਨ ਜਾਂ ਖਾਣ-ਪੀਣ ਦਾ ਵਿਸ਼ੇਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ ਕਿਉਂਕਿ ਬਲੱਡ ਸ਼ੂਗਰ ਤੇ ਬਹੁਤਾ ਕੰਟਰੋਲ, ਪ੍ਰਹੇਜ਼ ਤੇ ਉਚਿਤ ਭੋਜਨ 'ਤੇ ਨਿਰਭਰ ਕਰਦਾ ਹੈ। ਕਿਹਾ ਜਾਂਦਾ ਹੈ ਕਿ ਸ਼ੂਗਰ ਦੀ ਬੀਮਾਰੀ 'ਚ ਰੋਗੀ ਆਪਣਾ ਡਾਕਟਰ ਖ਼ੁਦ ਹੁੰਦਾ ਹੈ। ਰੋਗੀ ਨੂੰ ਉਪਰ ਦੱਸੀਆਂ ਗੱਲਾਂ ਦੇ ਨਾਲ ਹੀ ਹੇਠ ਲਿਖੀਆਂ ਗੱਲਾ ਦਾ ਧਿਆਨ ਰੱਖਣਾ ਚਾਹੀਦਾ ਹੈ।

ਸ਼ੱਕਰ, ਗੁੜ ਤੇ ਮਿਠਾਈਆਂ ਤੋਂ ਬਿਲਕੁਲ ਪ੍ਰਹੇਜ ਕਰੋ ਕਿਉਂਕਿ ਖ਼ੂਨ 'ਚ ਸ਼ੂਗਰ ਦੀ ਮਾਤਰਾ ਇਹ ਚੀਜ਼ਾਂ ਬਹੁਤ ਵਧਾ ਦਿੰਦੀਆਂ ਹਨ।

ਆਲੂ, ਸ਼ਕਰਕੰਦੀ, ਸਾਬੂਦਾਨਾ, ਕੇਲੇ, ਕਿਸ਼ਮਿਸ, ਸਹਿਦ ਵਰਗੇ ਪਾਦਰਥ ਨਾ ਲਓ, ਇਹਨਾਂ 'ਚ ਸ਼ੂਗਰ ਵੱਧ ਹੁੰਦੀ ਹੈ।

ਕਣਕ 'ਚ ਛੋਲਿਆਂ ਦਾ ਆਟਾ ਮਿਲਾ ਕੇ ਵਰਤੋਂ ਤੇ ਇਹਨਾਂ ਦੀ ਮਾਤਰਾ ਨਿਸ਼ਚਿਤ ਹੋਵੇ। ਚਾਵਲ ਨਾ ਲਵੋ ਤਾਂ ਚੰਗਾ ਹੈ।

ਦਾਲਾਂ, ਕਾਜੂ, ਮੂੰਗਫਲੀ, ਛੋਲਿਆਂ ਤੋਂ ਬਣੀਆਂ ਚੀਜ਼ਾਂ ਆਮ ਮਾਤਰਾ 'ਚ ਲਈਆਂ ਜਾ ਸਕਦੀਆਂ ਹਨ।

ਘੱਟ ਸ਼ੂਗਰ ਵਾਲੇ ਫਲ ਜਿਵੇਂ ਸੇਬ, ਤਰਬੂਜ, ਪਪੀਤਾ ਸੌ ਗ੍ਰਾਮ ਤੱਕ ਖਾਧੇ ਜਾ ਸਕਦੇ ਹਨ।

ਹਰੀਆ ਸਬਜ਼ੀਆਂ, ਸੂਪ ਤੇ ਸਲਾਦ ਲੋੜੀਂਦੀ ਮਾਤਰਾ 'ਚ ਖਾਓ।

ਮਾਸਾਹਾਰੀ ਮੱਛੀ ਜਾਂ ਆਂਡਾ ਲੈ ਸਕਦੇ ਹਨ।

ਸਾਕਾਹਾਰੀ ਦੋ ਗਿਲਾਸ ਤੱਕ ਦੁੱਧ, ਤਾਜ਼ੀ ਦਹੀਂ, ਲੱਸੀ ਲੈ ਸਕਦੇ ਹਨ ਭੋਜਨ 'ਚ ਕੁਲ 150 ਤੋਂ 180 ਗ੍ਰਾਮ ਤੱਕ ਕਾਰਬੋਹਾਈਡਰੇਟ 60-80 ਗ੍ਰਾਮ ਪ੍ਰੋਟੀਨ ਅਤੇ 70-80 ਗ੍ਰਾਮ ਤੱਕ ਫੈਟ ਚਾਹੀਦੀ ਹੈ ਤਾਂ ਕਿ ਕੁਲ ਕੈਲਰੀ 1800 ਤੋਂ ਵੱਧ ਨਾ ਹੋਵੇ।

**ਨਿਯਮਿਤ ਟਹਿਲਨਾ ਤੇ ਹੋਰ ਕਸਰਤ** - ਵੱਧ ਵਜਨ ਵਾਲੇ ਬੰਦਿਆਂ ਲਈ ਆਪਣੇ ਖਾਣ ਪੀਣ 'ਤੇ ਕੰਟਰੋਲ ਰੱਖਣਾ ਹੀ ਹੋਵੇਗਾ ਨਾਲ ਹੀ ਕੁਝ ਨਾ ਕੁਝ ਹਲਕੀ ਫੁਲਕੀ ਕਸਰਤ ਕਰਨੀ ਵੀ ਜ਼ਰੂਰੀ ਹੈ। ਟਹਿਲਨਾ ਸਭ ਤੋਂ ਚੰਗੀ ਕਸਰਤ ਹੈ। ਆਪਣੀ ਸਮਰੱਥਾ ਅਨੁਸਾਰ ਸਵੇਰੇ ਦੋ-ਚਾਰ ਕਿਲੋਮੀਟਰ ਜ਼ਰੂਰ ਟਹਿਲਨਾ ਚਾਹੀਦਾ ਹੈ। ਤੈਰਾਕੀ ਚੰਗੀ ਕਸਰਤ ਹੈ। ਟੇਬਲ ਟੈਨਿਸ ਆਦਿ ਖੇਡੀ ਜਾ ਸਕਦੀ ਹੈ। ਯੋਗ ਆਸਨ ਕੀਤੇ ਜਾ ਸਕਦੇ ਹਨ।

**ਕੁਝ ਹੋਰ ਸਾਵਧਾਨੀਆਂ** - ਸ਼ੂਗਰ ਦੇ ਰੋਗੀ ਨੂੰ ਆਪਣੀ ਚਮੜੀ ਤੇ ਸਰੀਰ ਦੀ ਦੇਖਭਾਲ ਹਮੇਸ਼ਾ ਕਰਨੀ ਚਾਹੀਦੀ ਹੈ। ਚਮੜੀ ਕਟੇ-ਫਟੇ ਨਾ। ਨਾ ਕੋਈ ਸੱਟ ਫੇਟ ਲੱਗੇ ਰੋਗੀ ਨੂੰ ਜੇ ਫੋੜੇ ਫਿਨਸੀਆਂ ਹਨ ਤਾਂ ਤੁਰੰਤ ਉਸ ਦਾ ਇਲਾਜ ਕਰਵਾਓ ਵਰਨਾ ਉਹ ਵਧ ਸਕਦੇ ਹਨ। ਉਹਨਾਂ 'ਤੇ ਟਿੰਕਚਰ ਆਇਓਡੀਨ

ਦੀ ਵਰਤੋਂ ਕਰੋ। ਸੈਵਲੋਨ ਵੀ ਵਰਤੀ ਜਾ ਸਕਦੀ ਹੈ। ਰੋਗੀ ਨੂੰ ਮੁਲਾਇਮ ਜੁੱਤੇ ਜਿਹਨਾਂ 'ਚ ਕਿੱਲ, ਮੇਖਾਂ ਆਦਿ ਦੀ ਵਰਤੋਂ ਨਾ ਕੀਤੀ ਗਈ ਹੋਵੇ, ਹਮੇਸ਼ਾ ਪਹਿਨਣੇ ਚਾਹੀਦੇ ਹਨ ਕਿਉਂਕਿ ਨੰਗੇ ਪੈਰ ਸੱਟ ਲੱਗਣ ਦੀ ਸੰਭਾਵਨਾ ਹੁੰਦੀ ਹੈ।

**ਸ਼ੂਗਰ ਤੋਂ ਪੀੜਤ ਗਰਭਵਤੀ ਔਰਤਾਂ ਲਈ ਸਾਵਧਾਨੀਆਂ** – ਸ਼ੂਗਰ ਦੀ ਬੀਮਾਰੀ ਕਾਰਨ ਗਰਭਪਾਤ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਗਰਭਵਤੀ ਔਰਤਾਂ ਨੂੰ ਬਲੱਡ ਸ਼ੂਗਰ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਅਜਿਹੀ ਔਰਤ ਡਾਕਟਰ ਤੋਂ ਨਿਯਮਤ ਜਾਂਚ ਕਰਾਉਣ ਤੇ ਉਹਨਾਂ ਨੂੰ ਜਣੇਪੇ ਤੋਂ ਕੁਝ ਸਮਾਂ ਪਹਿਲਾਂ ਹੀ ਹਸਪਤਾਲ ਭਰਤੀ ਹੋ ਜਾਣਾ ਚਾਹੀਦਾ ਹੈ। ਕਿਉਂਕਿ ਜਣੇਪੇ ਸਮੇਂ ਕੋਈ ਕਠਨਾਈ ਆਉਣ 'ਤੇ ਹਸਪਤਾਲ 'ਚ ਸ਼ੂਗਰ ਦਾ ਕੰਟਰੋਲ ਬੇਹਤਰ ਹੋ ਸਕਦਾ ਹੈ। ਜਣੇਪੇ ਪਿੱਛੋਂ ਜੇ ਪੈਦਾ ਹੋਏ ਸ਼ਿਸ਼ੂ ਦਾ ਵਜਨ ਵੱਧ ਹੋਵੇ ਤਾਂ ਉਸ ਦਾ ਸ਼ੂਗਰ ਜਾਂਚ ਕਰਨੀ ਚਾਹੀਦੀ ਹੈ। ਰੋਗੀ ਆਪਣੇ ਪੇਸ਼ਾਬ 'ਚ ਸ਼ੂਗਰ ਦੀ ਮਾਤਰਾ ਖੁਦ ਕਰ ਸਕਦੇ ਹਨ।

**ਸ਼ੂਗਰ ਰੋਗ ਤੋਂ ਬਚਾਅ ਦੇ ਉਪਾਅ** - ਇਸ ਰੋਗ ਤੋਂ ਪੂਰੀ ਤਰ੍ਹਾਂ ਬਚਣਾ ਤਾਂ ਸੰਭਵ ਨਹੀਂ ਪਰ ਕੁਝ ਆਦਤਾਂ ਬਦਲ ਕੇ ਤੇ ਸਾਵਧਾਨੀਆਂ ਰੱਖ ਕੇ ਰੋਗ ਹੋਣ ਦੇ ਖਤਰੇ ਨੂੰ ਇਕ ਹੱਦ ਤੱਕ ਘਟ ਕਰ ਸਕਦੇ ਹਾਂ। ਬਚਾਅ ਲਈ ਹੇਠ ਲਿਖੀਆਂ ਗੱਲਾਂ 'ਤੇ ਗੰਭੀਰਤਾ ਨਾਲ ਧਿਆਨ ਦਿਉ।

ਮੋਟੇ ਵਿਅਕਤੀ ਆਪਣਾ ਵਜਨ ਘਟਾਉਣ।

ਸ਼ੂਗਰ ਦੇ ਰੋਗੀ (ਔਰਤ–ਮਰਦ) ਆਪਸ 'ਚ ਵਿਆਹ ਨਾ ਕਰਨ ਨਹੀਂ ਤਾਂ ਉਹਨਾਂ ਦੀ ਸੰਤਾਨ ਨੂੰ ਵੀ ਇਹ ਰੋਗ ਹੋ ਸਕਦਾ ਹੈ। ਜੇ ਮਾਪਿਆਂ 'ਚੋਂ ਕਿਸੇ ਇਕ ਨੂੰ ਇਹ ਰੋਗ ਹੋਵੇ ਤਾਂ ਬੱਚਿਆਂ ਨੂੰ ਰੋਗ ਹੋਣ ਦੀ ਸੰਭਾਵਨਾ ਮੁਕਾਬਲਤਨ ਘੱਟ ਹੁੰਦੀ ਹੈ। ਵੱਧ ਮਾਨਸਿਕ ਤਣਾਅ ਤੋਂ ਬਚੋ।

ਔਰਤਾਂ ਤੇ ਬੱਚੇ ਕੁਪੋਸ਼ਣ ਤੋਂ ਬਚਣ ਲਈ ਪੌਸ਼ਟਿਕ ਭੋਜਨ ਲੈਣ।

ਆਰਾਮ ਪ੍ਰਸਤ ਜ਼ਿੰਦਗੀ ਤੇ ਕਸਰਤ ਦੀ ਘਾਟ ਸ਼ੂਗਰ ਹੋਣ 'ਚ ਸਹਾਇਕ ਹੁੰਦੇ ਹਨ – ਲੋੜੋਂ ਵੱਧ ਖਾਣਾ ਨਹੀਂ ਖਾਣਾ ਚਾਹੀਦਾ। ਵੱਧ ਚਰਬੀ ਖਾਣ ਨਾਲ ਇੰਸੂਲਿਨ ਪੈਦਾ ਕਰਨ ਵੀ ਗ੍ਰੰਥੀ 'ਤੇ ਬੋਝ ਪੈਂਦਾ ਹੈ।

ਭੋਜਨ ਸੰਤੁਲਿਤ ਰੱਖੋ, ਅਨਾਜ ਦੇ ਨਾਲ ਹਰੀਆਂ ਸਬਜ਼ੀਆਂ ਤੇ ਸਲਾਦ ਆਦਿ ਨੂੰ ਲੋੜੀਂਦੀ ਮਾਤਰਾ 'ਚ ਲਵੋ।

ਇਸ ਤਰ੍ਹਾਂ ਕੁਝ ਸਾਵਧਾਨੀਆਂ ਰੱਖ ਕੇ ਸ਼ੂਗਰ ਰੋਗ ਤੋਂ ਬਚਿਆ ਜਾ ਸਕਦਾ ਹੈ।

# ਗਠੀਆ ਰੋਗ - ਕਾਰਨ, ਲੱਛਣ, ਇਲਾਜ ਤੇ ਉਪਾਅ

ਸਰੀਰ ਦੀ ਵੱਖ-ਵੱਖ ਹੱਡੀਆਂ ਦੇ ਜੋੜਾਂ (Bone Joints) ਨਾਲ ਸਬੰਧਤ ਰੋਗ ਜਾਂ ਸੋਜ ਨਾਲ ਪੈਦਾ ਹੋਣ ਵਾਲੇ ਦਰਦ ਨੂੰ ਗਠੀਆ ਵਾਅ ਜਾਂ ਜੋੜਾਂ ਦੇ ਦਰਦ ਨਾਲ ਜਾਣਿਆ ਜਾਂਦਾ ਹੈ। ਇਹ ਇਕ ਭਿਆਨਕ ਰੋਗ ਹੈ ਜੋ ਆਪਣੀ ਪੂਰੀ ਸਰਗਰਮੀ 'ਚ ਰੋਗੀ ਨੂੰ ਬਿਲਕੁੱਲ ਅਪਾਹਜ ਬਣਾ ਦਿੰਦਾ ਹੈ। ਇਸ ਦੀ ਪੀੜ ਨਾਲ ਰੋਗੀ ਨਿੱਜੀ ਕੰਮਾਂ ਲਈ ਵੀ ਦੂਜਿਆਂ 'ਤੇ ਨਿਰਭਰ ਹੋ ਜਾਂਦਾ ਹੈ। ਗਠੀਆ ਰੋਗ 'ਚ ਮੁੱਖ ਤੌਰ 'ਤੇ ਹੱਡੀਆਂ ਦੇ ਜੋੜਾਂ 'ਚ ਵਿਗਾੜ ਆਉਂਦਾ ਹੈ ਅਤੇ ਹੌਲੀ-ਹੌਲੀ ਜੋੜ ਅੰਦਰਲੀ ਡਿਸਕ (Cartilase) ਵੀ ਨਸ਼ਟ ਹੋ ਜਾਂਦੀ ਹੈ। ਇਸ ਤੋਂ ਇਲਾਵਾ ਜੋੜਾਂ ਅੰਦਰ ਹੋਰ ਵੀ ਤਬਦੀਲੀਆਂ ਹੁੰਦੀਆਂ ਹਨ ਜਿਸ ਨਾਲ ਜੋੜਾਂ 'ਚ ਸਰਗਰਮੀ ਘਟਦੀ ਜਾਂਦੀ ਹੈ ਅਤੇ ਦਰਦ ਦੇ ਨਾਲ ਕਠੋਰਤਾ ਬਣੀ ਰਹਿਣ ਲੱਗਦੀ ਹੈ। ਗਠੀਆ (ਆਰ. ਏ) ਨੂੰ ਆਧੁਨਿਕ ਭਾਸ਼ਾ 'ਚ Chronic Polyarthritis ਵੀ ਕਿਹਾ ਜਾਂਦਾ ਹੈ। ਜੋ ਸਰੀਰ ਦੇ ਜ਼ਿਆਦਾਤਰ ਬਾਹਰੀ ਜੋੜਾਂ ਨੂੰ ਪ੍ਰਭਾਵਿਤ ਕਰਦਾ ਹੈ, ਵੱਧ ਸਮੇਂ ਤੱਕ ਬਣਿਆ ਰਹਿੰਦਾ ਹੈ। ਇਸ ਦੌਰਾਨ ਕਦੇ ਇਸ ਰੋਗ 'ਚ ਕਸ਼ਟ ਦਬ ਜਾਂਦਾ ਹੈ ਅਤੇ ਕਦੀ ਫਿਰ ਉਭਰ ਆਉਂਦਾ ਹੈ। ਇਸ ਨਾਲ ਹੀ ਸਰੀਰ 'ਚ ਕੁਝ ਅੰਦਰੂਲੀ ਗੜਬੜਾਂ ਵੀ ਚਲਦੀਆਂ ਰਹਿੰਦੀਆਂ ਹਨ। ਜੋੜਾਂ ਦੀ ਸੋਜ ਕਾਰਨ ਜੋੜਾਂ ਦੀ ਝਿੱਲੀ (Synovial membrane) ਤੱਕ ਸੋਜ ਆ ਜਾਂਦੀ ਹੈ। ਨਾਲ ਹੀ ਨਾਲ ਜੋੜਾਂ ਦੇ ਨੇੜਲੇ ਪੱਠਿਆਂ 'ਚ ਵੀ ਸੋਜ ਤੇ ਵਿਗਾੜ ਦੇ ਲੱਛਣ ਪੈਦਾ ਹੋਣ ਲੱਗਦੇ ਹਨ ਜੋੜਾਂ ਦੇ Chondrium 'ਚ ਹੱਡੀ ਦਾ ਖੁਰਨਾ (Qsteoporosus), (Chondrium Erosion) ਤੇ Bone Erosion ਦੇ ਨਾਲ ਹੀ ਜੋੜ ਸਬੰਧੀ ਮਾਸਪੇਸ਼ੀਆਂ ਦੀ ਵੀ ਕੰਮਜ਼ੋਰੀ (Wasting) ਹੋਣ ਲੱਗਦੀ ਹੈ।

**ਜੋੜਾਂ ਦੇ ਦਰਦ ਦੀ ਵਿਆਪਕਤਾ** - ਇਹ ਰੋਗ ਸੰਸਾਰ ਦੇ ਹਰ ਹਿੱਸੇ ਵਿੱਚ ਤੇ ਹਰ ਫਿਰਕੇ ਦੇ ਲੋਕਾਂ 'ਚ ਵੇਖਣ ਨੂੰ ਮਿਲਦਾ ਹੈ। ਇਕ ਅੰਦਾਜ਼ੇ ਮੁਤਾਬਕ ਸੰਸਾਰ ਦੀ ਦੋ ਫੀਸਦੀ ਤੋਂ ਵੱਧ ਆਬਾਦੀ ਇਸ ਨਾਲ ਪੀੜਤ ਹੈ। ਇਸ ਰੋਗ ਦੀ ਵਿਆਪਕਤਾ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਵਿਕਸਤ ਦੇਸ਼ਾਂ 'ਚ ਥੋੜ੍ਹੀ ਵੱਧ ਦੇਖੀ ਜਾਂਦੀ ਹੈ। ਇਥੇ ਇਸ ਰੋਗ ਦੀ ਉਲਝਣ ਵੀ ਵੱਧ ਹੁੰਦੀ ਹੈ ਅਜਿਹਾ ਵੀ ਵੇਖਣ 'ਚ ਆਇਆ ਹੈ ਕਿ ਪੇਂਡੂ ਲੋਕਾਂ ਤੇ ਮੁਕਾਬਲੇ ਸ਼ਹਿਰੀ ਆਬਾਦੀ 'ਚ ਇਹ ਰੋਗ ਥੋੜ੍ਹਾ ਵੱਧ ਪਾਇਆ ਜਾਦਾ ਹੈ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਇਹ ਰੋਗ ਤਿੰਨ ਗੁਣਾ ਵੱਧ ਪ੍ਰਭਾਵਿਤ ਕਰਦਾ ਹੈ, ਭਾਵੇਂ ਇਹ ਰੋਗ ਹਰ ਉਮਰ ਦੇ ਲੋਕਾਂ 'ਚ ਵੇਖਿਆ ਗਿਆ ਹੈ ਪਰ ਮਰਦਾਂ ਦੇ ਮੁਕਾਬਲੇ ਔਰਤਾਂ 'ਚ ਇਹ ਰੋਗ ਤਿੰਨ ਗੁਣਾ ਵੱਧ ਪਾਇਆ ਜਾਂਦਾ ਹੈ। 30-50 ਸਾਲਾਂ ਦੀ ਉਮਰ ਦੇ ਲੋਕਾਂ ਨੂੰ ਇਹ ਵੱਧ ਪ੍ਰਭਾਵਿਤ ਕਰਦਾ ਹੈ। ਇਹ ਰੋਗ ਪਿਤਾ ਪੁਰਖੀ ਵੀ ਹੋ ਸਕਦਾ ਹੈ। ਇਸ ਲਈ ਇਸ ਰੋਗ ਨਾਲ ਪੀੜਤ ਰਹਿ ਚੁੱਕੇ ਪ੍ਰੀਵਾਰਾਂ ਦੇ ਮੈਂਬਰਾਂ 'ਚ ਇਸ ਰੋਗ ਦਾ ਪ੍ਰਕੋਪ ਚਾਰ ਗੁਣਾ ਵੱਧ ਵੇਖਿਆ ਗਿਆ।

**ਰੋਗ ਦੀਆਂ ਕਿਸਮਾਂ** - ਜੋੜਾਂ ਦੇ ਇਸ ਰੋਗ ਨੂੰ ਲੱਛਣਾਂ ਦੇ ਆਧਾਰ 'ਤੇ ਤਿੰਨ ਸਮੂਹਾਂ 'ਚ ਵੰਡਿਆ ਜਾ ਸਕਦਾ ਹੈ।

1. Rheumatoid Arthnhs
2. Qsteoarthnty ਤੇ
3. Gout

**1. ਗਠੀਆ (Rheumatoid Arthntis)** - ਇਸ ਰੋਗ ਦਾ ਹਮਲਾ 40 ਸਾਲ ਦੀ ਉਮਰ ਦੇ ਲਗਭਗ ਹੁੰਦਾ ਹੈ ਪਰ ਇਹ ਲਾਜ਼ਮੀ ਨਹੀਂ ਹੈ ਇਸ ਰੋਗ ਦਾ ਹਮਲਾ ਕਿਸੇ ਵੀ ਉਮਰ 'ਚ ਹੋ ਸਕਦਾ ਹੈ। ਬਚਪਨ ਤੋਂ ਜਵਾਨੀ ਤੱਕ ਇਹ ਰੋਗ ਘੱਟ ਵੇਖਿਆ ਜਾਂਦਾ ਹੈ। ਔਰਤਾਂ 'ਚ ਇਹ ਮਰਦਾਂ ਦੇ ਮੁਕਾਬਲੇ ਤਿੰਨ ਗੁਣਾਂ ਵੱਧ ਹੁੰਦਾ ਹੈ। ਹਾਲਾਂਕਿ ਜੋੜ ਦੇ ਰੋਗ ਲਈ ਵੰਸ਼ਾਣੂਗਤ ਕਾਰਨਾਂ ਦੀ ਠੀਕ ਤਰ੍ਹਾਂ ਨਾਲ ਪਹਿਚਾਣ ਨਹੀਂ ਹੋ ਸਕੀ ਹੈ ਪਰ ਇਕ ਹੀ ਪ੍ਰੀਵਾਰ 'ਚ ਇਕੋ ਵੇਲੇ ਕਈ ਜਣੇ ਇਸ ਰੋਗ ਨਾਲ ਪੀੜਤ ਵੇਖੇ ਗਏ ਹਨ। ਕੁਝ ਸਾਲ ਪਹਿਲਾਂ ਇੱਕ ਅਜੇਹਾ ਵਿਸਵਾਸ਼ ਕੀਤਾ ਜਾਂਦਾ ਸੀ ਕਿ ਜੋੜਾਂ ਦੀ ਸੋਜ ਦਾ ਹਮਲਾ ਆਮ ਤਾਪਮਾਨ ਜਾਂ ਠੰਡੇ ਨਮੀ ਭਰਪੂਰ ਖੇਤਰਾਂ 'ਚ ਹੀ ਵੱਧ ਵੇਖਿਆ ਜਾਂਦਾ ਹੈ ਪਰ ਖੋਜ ਕਰਨ ਪਿਛੋਂ ਇਹ ਧਾਰਨਾ ਨਿਰਮੂਲ ਸਿੱਧ ਹੋਈ। ਜੋੜਾਂ ਦੀ ਸੋਜ ਦੇ ਰੋਗੀਆਂ ਦੇ ਖ਼ੂਨ ਦੇ ਸੈਂਪਲਾਂ ਦੀ ਜਾਂਚ ਤੋਂ ਅਜਿਹੇ ਸਬੂਤ ਮਿਲਦੇ ਹਨ ਕਿ ਉਹਨਾਂ ਦੇ ਖ਼ੂਨ 'ਚ ਇਕ ਤਰ੍ਹਾਂ ਦੀ ਪ੍ਰੋਟੀਨ ਇਮੂਨੋਗਲੋਬਿਨ ਦੀ ਮਾਤਰਾ ਵਧਣ ਲੱਗਦੀ ਹੈ ਤੇ ਪ੍ਰਭਾਵਿਤ ਅੰਗਾਂ 'ਚ ਤਬਦੀਲੀਆਂ ਵੇਖਣ ਨੂੰ ਮਿਲਦੀਆਂ ਹਨ। ਇਸ ਰੋਗ ਦਾ ਕੋਈ ਨਾ ਕੋਈ ਸਬੰਧ ਵਿਅਕਤੀ ਦੀ ਰੋਗ ਪ੍ਰਤੀਰੋਧਕ ਸਮਰੱਥਾ ਦੇ ਨਾਲ ਲਾਜ਼ਮੀ ਹੁੰਦਾ ਹੈ ਅਜੇ ਤੱਕ ਕਿਸੇ ਵੀ ਤਰ੍ਹਾਂ ਦੇ ਪ੍ਰੀਖਣਾਂ 'ਚ ਜੋੜਾਂ ਦੀ ਸੋਜ ਵਾਲੇ ਮਰੀਜ਼ਾਂ 'ਚ ਕਿਸੇ ਤਰ੍ਹਾਂ ਦੀ ਇਨਫੈਕਸ਼ਨ ਜਾਂ ਜੀਵਾਣੂੰ ਦੀ ਮੌਜੂਦਗੀ ਨਹੀਂ ਪਾਈ ਗਈ ਜਿਹਨਾਂ ਰੋਗੀਆਂ 'ਚ ਬੁਖਾਰ ਦੀ ਹਿਸਟਰੀ ਹੁੰਦੀ ਹੈ ਉਹਨਾਂ ਦੇ ਦਿਲ ਦੇ ਵਾਲਵਾਂ 'ਚ ਵੀ ਇਹ ਰੋਗ ਹੋਇਆ ਹੁੰਦਾ ਹੈ। ਜੋੜਾਂ ਦੀ ਸੋਜ ਦਾ ਸਬੰਧ ਰੋਗੀ ਦੀ ਮਾਨਸਿਕ ਵੇਦਨਾ ਨਾਲ ਕੁਝ ਨਾ ਕੁਝ ਜ਼ਰੂਰ ਹੁੰਦਾ ਹੈ। ਇਥੇ ਬਲੱਡ ਪ੍ਰੇਸ਼ਰ ਸਬੰਧੀ ਗੜਬੜਾਂ ਵੀ ਵੇਖਣ ਨੂੰ ਮਿਲਦੀਆਂ ਹਨ। ਗਰਭਅਵਸਥਾ ਤੇ ਪੀਲੀਆ ਵਰਗੀ ਸਥਿਤੀ 'ਚ ਰੋਗੀਆਂ 'ਚ ਪ੍ਰਭਾਵਸ਼ਾਲੀ ਤਬਦੀਲੀਆਂ ਦਿੱਸਦੀਆਂ ਹਨ। ਗਠੀਆ ਦੇ ਕੁਝ ਰੋਗੀਆਂ ਵਿੱਚ ਹਾਰਮੋਨ ਅਸੰਤੁਲਨ ਖਾਸ ਕਰਕੇ ਯੌਨ ਸਬੰਧੀ ਹਾਰਮੋਨ ਦਾ ਪੱਧਰ ਆਮ ਤੋਂ ਘੱਟ ਵੇਖਣ ਨੂੰ ਮਿਲਦਾ ਹੈ। ਗਠੀਆ ਪ੍ਰਭਾਵਿਤ ਜੋੜ ਦਾ ਵਧ ਜਾਣਾ ਕੋਮਲ ਅੰਗਾਂ 'ਚ ਹੋਈ ਸੋਜ ਕਾਰਨ ਹੁੰਦਾ ਹੈ। ਜੋੜਾਂ ਦੀ ਕਠੋਰਤਾ ਜਾਂ ਜਕੜਨ ਫਿਰ ਪੈਦਾ ਹੁੰਦੀ ਹੈ। ਪ੍ਰਭਾਵਿਤ ਜੋੜਾਂ ਦਾ ਦਰਦ ਤੰਤੂ ਤੰਤਰਿਕਾ 'ਚ ਪੈਦਾ ਹੋਈ ਸੋਜ ਕਾਰਨ ਹੁੰਦਾ ਹੈ ਪਰ ਪਿਛੋਂ ਤੇਜ਼ ਕਿਸਮ ਦਾ ਦਰਦ ਹੱਡੀਆਂ ਦੇ ਪ੍ਰਭਾਵਿਤ ਹੋਣ ਦਾ ਸੰਕੇਤ ਹੁੰਦਾ ਹੈ। ਉਦੋਂ ਤੱਕ ਕਾਰਟੀਲੇਜ ਨੂੰ ਹਰਜਾ ਪਹੁੰਚ ਚੁੱਕਿਆ ਹੁੰਦਾ ਹੈ। ਇਸ ਕਾਰਨ ਜੋੜ ਦੀਆਂ ਸਬੰਧਤ ਹੱਡੀਆਂ 'ਚ ਵੀ ਰੋਗ ਦੇ ਸਪਸ਼ਟ ਲੱਛਣ ਪੈਦਾ ਹੋ ਚੁੱਕੇ ਹੁੰਦੇ ਹਨ। ਇਹ ਤਾਂ ਗੱਲ ਹੋਈ ਸਾਧਾਰਨ ਹੱਡੀਆਂ ਸਬੰਧੀ ਜੋੜਾਂ ਦੀ ਗੱਲ ਜਦ ਕੁਝ ਵਿਸ਼ੇਸ਼ ਕਿਸਮ ਦੇ ਹੱਡੀਆਂ-ਜੋੜਾਂ ਜਿਵੇਂ ਕਿ ਰੀੜ ਦੀਆਂ ਹੱਡੀਆਂ ਨਾਲ ਸਬੰਧਤ ਰੋਗਾਂ

'ਚ ਕਾਫੀ ਵਿਭੰਨਤਾਵਾਂ ਵੇਖਣ ਨੂੰ ਮਿਲਦੀਆਂ ਹਨ। ਇਥੋਂ ਤੱਕ ਕਿ ਇਕ ਹੀ ਮਨੁੱਖ ਦੇ ਰੀੜ੍ਹ ਦੀਆਂ ਹੱਡੀ ਰਚਨਾਵਾਂ ਤੇ ਉਹਨਾਂ ਦੇ ਆਕਾਰ ਆਦਿ 'ਚ ਕਾਫੀ ਵਿਭੰਨਤਾ ਹੁੰਦੀ ਹੈ। ਜਿਵੇਂ ਕਿ ਗਰਦਨ ਦੇ ਹਿੱਸੇ 'ਚ ਪਿੱਠ ਤੇ ਕਮਰ ਆਦਿ 'ਚ ਵਿਭੰਨਤਾਵਾਂ ਹੁੰਦੀਆਂ ਹਨ।

**ਓਸਟੀਓਆਰਥਰਾਈਟਸ** (**Qsfeoarthritis**) - ਇਹ ਰੋਗ ਬੁਢਾਪੇ ਦਾ ਹੈ। ਇਸ 'ਚ ਅਕਸਰ ਵੱਡੇ ਜੋੜਾਂ ਨੂੰ ਹਰਜਾ ਪੁੱਜਦਾ ਹੈ ਜਿਵੇਂ ਕਿ ਕੂਲ੍ਹੇ ਦੇ ਜੋੜ ਆਦਿ ਜਦ ਕਿ ਅਨੇਕਾਂ ਵਾਰੀ ਹੱਥਾਂ ਪੈਰਾਂ ਦੇ ਛੋਟੇ ਜੋੜ ਵੀ ਇਸ ਨਾਲ ਰੋਗ ਗ੍ਰਸਿਤ ਹੋ ਜਾਂਦੇ ਹਨ। ਇਸ ਕਾਰਨ ਉਂਗਲੀਆਂ ਦੇ ਜੋੜ ਬਹੁਤ ਸੁਜੇ ਹੋਏ ਦਿੱਸਦੇ ਹਨ। ਉਹਨਾਂ ਵਿੱਚ ਗੱਠਾਂ ਤੱਕ ਬਣ ਜਾਂਦੀਆਂ ਹਨ। ਹੱਥ ਇਕ ਪਾਸੇ ਕਠੋਰਤਾ ਕਾਰਨ ਮੁੜ ਜਾਂਦੇ ਹਨ ਤੇ ਉਹਨਾਂ ਦੀਆਂ ਬਣਤਰਾਂ 'ਚ ਸਥਾਈ ਵਿਕਾਰ ਪੈਦਾ ਹੋ ਜਾਂਦੇ ਹਨ। ਉਂਗਲੀਆਂ ਦੇ ਬਾਹਰ ਵਾਲੇ ਆਖਰੀ ਜੋੜਾਂ 'ਤੇ ਜੋ ਛੋਟੀਆਂ-ਛੋਟੀਆਂ ਗੱਠਾਂ ਹੁੰਦੀਆ ਹਨ ਜਿਹਨਾਂ ਨੂੰ ਹੇਬਰਡਨ ਨੋਡਸ ਕਿਹਾ ਜਾਂਦਾ ਹੈ। ਇਹ ਰੋਗ ਇਕ ਹੀ ਜੋੜ ਵਿੱਚ ਹੁੰਦਾ ਹੈ। ਇਹ ਗੱਠਾਂ ਸ਼ੁਰੂ 'ਚ ਨਰਮ ਹੁੰਦੀਆ ਹਨ ਪਰ ਪਿਛੋਂ ਸਖ਼ਤ ਹੋ ਜਾਂਦੀਆਂ ਹਨ। ਇਸ ਕਾਰਨ ਜੋੜਾਂ ਦੀ ਰਫਤਾਰ ਸੀਮਤ ਹੋ ਜਾਂਦੀ ਹੈ। ਭਾਵੇਂ ਇਹਨਾਂ 'ਚ ਕਠੋਰਤਾ ਵੇਖਣ ਨੂੰ ਨਹੀਂ ਮਿਲਦੀ। ਇਸ ਰੋਗ ਨੂੰ ਜਨਮ ਦੇਣ ਵਾਲੇ ਕਾਰਕ ਨੂੰ ਤਾਂ ਅਜੇ ਤੱਕ ਪਹਿਚਾਣਿਆ ਨਹੀਂ ਜਾ ਸਕਿਆ ਪਰ ਕਦੀ-ਕਦੀ ਰਕਮ ਵਹਿਣੀਆਂ ਦੀ ਧਮਨ ਦੇ ਭੀੜੇ ਤੇ ਸਖ਼ਤ ਹੋਣ ਕਾਰਨ ਪੈਦਾ ਹੋਣ ਵਾਲੇ ਰਕਤ ਭਾਵ ਦੇ ਲੱਛਣਾਂ ਨੂੰ ਇਸ ਰੋਗ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਕੁਝ ਲੋਕਾਂ 'ਚ ਸਥਾਨਕ ਸੱਟ ਜਾਂ ਜੋੜਾਂ ਦੇ ਨਿਰੰਤਰ ਸੱਟ ਜਾਂ ਰਗੜ ਲੱਗਦੇ ਰਹਿਣ ਪਿਛੋਂ ਵੀ ਇਸ ਰੋਗ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸ ਪ੍ਰਕਾਰ ਦਾ ਰੋਗ ਖਿਡਾਰੀਆਂ 'ਚ ਵੱਧ ਵੇਖਣ ਨੂੰ ਮਿਲਦਾ ਹੈ।

**ਜੋੜਾਂ ਦੀ ਤਪਦਿਕ** - ਕੁਝ ਰੋਗੀਆਂ ਖਾਸ ਕਰਕੇ ਬੱਚਿਆਂ ਤੇ ਬਜ਼ੁਰਗਾਂ 'ਚ ਤਪਦਿਕ ਰੋਗ ਕਾਰਨ ਇਸ ਦੀ ਸ਼ੁਰੂਆਤ ਹੁੰਦੇ ਹੋਏ ਵੇਖੀ ਜਾਂਦੀ ਹੈ। ਇਸ ਰੋਗ ਦੀ ਸ਼ੁਰੂਆਤ ਹੱਡੀਆਂ ਦੇ ਕਿਨਾਰਿਆਂ ਤੋਂ ਹੁੰਦੀ ਹੈ। ਰੋਗ ਦੀ ਇਨਫੈਕਸ਼ਨ ਖ਼ੂਨ ਦੀ ਸਪਲਾਈ ਰਾਹੀਂ ਸਰੀਰ ਦੇ ਕਿਸੇ ਵੀ ਹੋਰ ਅੰਗ ਤੋਂ ਆ ਸਕਦੀ ਹੈ। ਜਦ ਇਹ ਜੋੜ 'ਚ ਪਹੁੰਚਦਾ ਹੈ ਤਾਂ ਹੱਡੀ ਸਿਰ ਦੀ ਕਾਰਟੀਲੇਜ ਨੂੰ ਤੋੜ ਕੇ ਬਾਹਰ ਆ ਜਾਂਦੀ ਹੈ ਅਤੇ ਜੋੜ ਦੀ ਕਾਰਟੀਲੇਜ 'ਚ ਦਾਖਲ ਹੋ ਕੇ ਜੋੜ 'ਚ ਪਹੁੰਚ ਜਾਂਦੀ ਹੈ। ਇਸ ਇਨਫੈਕਸ਼ਨ ਤੋਂ ਪਹਿਲਾਂ ਦਾ ਕਾਰਣ ਚੋਟ ਲੱਗਣਾ ਵੀ ਹੋ ਸਕਦਾ ਹੈ। ਪਰ ਇਸ ਦੀ ਪੁਸ਼ਟੀ ਕਰ ਸਕਣਾ ਮੁਸ਼ਕਲ ਹੀ ਹੁੰਦਾ ਹੈ। ਜੋ ਪ੍ਰੋੜ ਗਠੀਆ (ਤਪਦਿਕ) ਨਾਲ ਪੀੜਤ ਹੱਡੀਆਂ ਜੋ ਹੋ ਸਕਦੀਆਂ ਹਨ, ਉਹ ਹਨ :- ਚੂਹਲੇ ਦਾ ਜੋੜ, ਗੋਡੇ ਦਾ ਜੋੜ, ਕੂਹਨੀ ਦਾ ਜੋੜ, ਮੋਢੇ ਦਾ ਜੋੜ, ਗਿੱਟੇ ਦਾ ਜੋੜ

ਇਹ ਇਨਫੈਕਸ਼ਨ ਤੋਂ ਇਲਾਵਾ ਆਸ਼ਤਕ ਤੇ ਸੁਜਾਕ ਵਰਗੀਆਂ ਇਨਫੈਕਸ਼ਨਾਂ ਨਾਲ ਵੀ ਜੋੜੇ ਦੀ ਬੀਮਾਰੀ ਸ਼ੁਰੂ ਹੋ ਸਕਦੀ ਹੈ।

**ਗਾਊਟ** (**Gout**) **ਗਠੀਆ** - ਇਸ ਰੋਗ ਦਾ ਹਮਲਾ ਵੱਡੇ ਅੰਗੂਠੇ ਦੇ ਜੋੜਾਂ ਤੋਂ ਸ਼ੁਰੂ ਹੁੰਦਾ ਹੈ ਜੋ ਹੌਲੀ-ਹੌਲੀ ਬਾਅਦ 'ਚ ਹੋਰਾਂ ਜੋੜਾਂ ਤੱਕ ਫੈਲਦਾ

ਜਾਂਦਾ ਹੈ। ਇਸ ਰੋਗ 'ਚ ਸੋਜ ਦੇ ਨਾਲ-ਨਾਲ ਤੇਜ਼ ਦਰਦ ਰੋਗੀ ਨੂੰ ਬੰਨੀ ਰੱਖਦਾ ਹੈ। ਮੁੱਢਲਾ ਗਾਊਟ ਗਠੀਆ ਇਕ ਪਿਤਾ ਪੁਰਖੀ ਰੋਗ ਮੰਨਿਆ ਜਾਂਦਾ ਹੈ ਜੋ ਮਾਪਿਆਂ ਤੋਂ ਸੰਤਾਨਾਂ ਨੂੰ ਵਿਰਾਸਤ 'ਚ ਮਿਲਦਾ ਹੈ ਕਿਉਂਕਿ 60 ਤੋਂ 80 ਫੀਸਦੀ ਗਠੀਏ ਦੇ ਕੇਸਾਂ 'ਚ ਪਿਤਾ ਪੁਰਖੀ ਲੱਛਣ ਵੀ ਵੇਖਣ ਨੂੰ ਮਿਲਦੇ ਹਨ। ਜੇ ਸ਼ੁਰੂ ਤੋਂ ਇਸ ਰੋਗ ਸਬੰਧੀ ਕਿਹਾ ਜਾਂਦਾ ਸੀ ਕਿ ਇਹ ਰੋਗ ਭੋਜਨ 'ਚ ਮੌਜੂਦ ਪਿਊਰੀਨ ਨਾਂ ਦੇ ਇਕ ਪਦਾਰਥ ਦੇ ਸਰੀਰ 'ਚ ਠੀਕ ਤਰ੍ਹਾਂ ਨਾਲ ਨਾ ਪਚਣ ਕਾਰਣ ਜਨਮ ਲੈਂਦਾ ਹੈ। ਪਰ ਇਹ ਧਾਰਨਾ ਪੱਕੀ ਨਹੀਂ ਹੈ। ਪਰ ਫਿਰ ਵੀ ਵੱਧ ਮਾਸ (ਪ੍ਰੋਟੀਨ) ਦੀ ਵਰਤੋਂ ਕਰਦੇ ਰਹਿਣ ਨਾਲ ਇਸ ਰੋਗ ਦਾ ਕੁਝ ਨਾ ਕੁਝ ਸਬੰਧ ਜ਼ਰੂਰ ਵੇਖਿਆ ਜਾਂਦਾ ਹੈ। ਦੂਜੀ ਕਿਸਮ ਦੇ ਗਠੀਆ ਦੇ ਹਮਲੇ 'ਚ ਕਈ ਹੋਰ ਵਿਕਾਰਾਂ ਦੀਆਂ ਗੁੰਝਲਾਂ ਜ਼ਿੰਮੇਵਾਰ ਹੁੰਦੀਆਂ ਹਨ ਜਿਵੇਂ ਕਿ ਪੋਲੀਸਾਈਥੀ ਮੀਆ, ਮਾਈਲੋਫਾਇਬਰੋਸਿਸ ਆਦਿ ਦੀਆਂ ਦਵਾਈਆਂ ਵਿੱਚ ਇਹਨਾਂ ਤੋਂ ਇਲਾਵਾ ਫਰਸੇਮਾਈਡ ਤੇ ਥਾਇਆਜਾਇਡ ਵਰਗੀਆਂ ਦਵਾਈਆਂ ਨੂੰ ਨਿਰੰਤਰ ਵਰਤੋਂ, ਵੱਧ ਮਾਤਰਾ 'ਚ ਸ਼ਰਾਬ ਦੀ ਵਰਤੋਂ, ਵੱਧ ਕਸਰਤ, ਅਪਰੇਸ਼ਨ ਜਾਂ ਚੋਟ ਆਦਿ ਲੱਗਣ ਕਾਰਨ ਵੀ ਬਹੁਤ ਸਾਰੇ ਲੋਕਾਂ 'ਚ ਗਠੀਆ ਦੇ ਲੱਛਣ ਪੈਦਾ ਹੋਣ ਲੱਗਦੇ ਹਨ। ਪ੍ਰੌੜਉਮਰ ਦੇ ਗਠੀਆ ਦੇ ਤਿੱਖੇ ਹਮਲੇ ਦੀ ਸੂਰਤ ਵਿੱਚ 90 ਫੀਸਦੀ ਰੋਗੀਆਂ ਦੇ ਪੈਰ ਦੇ ਅੰਗੂਠੇ 'ਚ ਰੋਗ ਦਾ ਹਮਲਾ ਅਚਾਨਕ ਹੀ ਸ਼ੁਰੂ ਹੁੰਦਾ ਹੈ ਅਤੇ ਦਰਦ ਤੇ ਬੇਚੈਨੀ ਕਾਰਨ ਰੋਗੀ ਦੀ ਨੀਂਦ ਹਰਾਮ ਹੋ ਜਾਂਦੀ ਹੈ। ਹੌਲੀ-ਹੌਲੀ ਰੋਗੀ ਦੇ ਜੋੜ ਵਿੱਚ ਸੋਜ ਆਉਣ ਲੱਗਦੀ ਹੈ ਤੇ ਇਹ ਲਾਲ ਰੰਗ ਦਾ ਹੁੰਦਾ ਜਾਂਦਾ ਹੈ। ਉਸ ਸੁਜੇ ਹੋਏ ਜੋੜ 'ਤੇ ਹੱਥ ਲਾਉਣ ਨਾਲ ਰੋਗੀ ਨੂੰ ਹੋਰ ਵੀ ਵੱਧ ਪੀੜ ਮਹਿਸੂਸ ਹੁੰਦੀ ਹੈ। ਉਹ ਹਾਲਤ 'ਚ ਪ੍ਰਭਾਵਿਤ ਜੋੜ ਦੀ ਹਾਲਤ ਅਜਿਹੀ ਰਹਿੰਦੀ ਹੈ ਜਿਵੇਂ ਕਿਤੇ ਕੋਈ ਇਨਫੈਕਸ਼ਨ ਕਾਰਨ ਫੋੜਾ ਹੋ ਗਿਆ ਹੋਵੇ। ਪਰ ਕੁਝ ਦਿਨਾਂ ਪਿੱਛੋਂ ਜੋੜ ਦਾ ਦਰਦ ਘਟਦਾ ਜਾਂਦਾ ਹੈ। ਪਰ ਜੋੜ ਦੀ ਉਪਰਲੀ ਚਮੜੀ ਵਿੱਚ ਖਾਰਸ ਜਾਂ ਉਥੋਂ ਦੀ ਚਮੜੀ ਉਧੜਣ ਲੱਗਦੀ ਹੈ। ਕੁਝ ਦਿਨਾਂ ਪਿਛੋਂ ਰੋਗੀ ਬਿਲਕੁਲ ਸੇਹਤਮੰਦ ਮਹਿਸੂਸ ਕਰਨ ਲੱਗਦਾ ਹੈ ਪਰ ਰੋਗ ਦਾ ਹਮਲਾ ਰੋਗੀ 'ਤੇ ਵਾਰ-ਵਾਰ ਹੁੰਦਾ ਰਹਿੰਦਾ ਹੈ। ਰੋਗੀ 'ਤੇ ਜਦ ਗਠੀਏ ਦਾ ਹਮਲਾ ਹੁੰਦਾ ਹੈ ਉਸ ਸਮੇਂ ਖ਼ੂਨ 'ਚ ਸਫੈਦ ਰਕਤ ਕਣਾਂ ਖਾਸ ਕਰਕੇ ਬਹੁ ਗਿਣਤੀ ਨਾਭੀ (Nucleus) ਵਾਲੇ ਕਣਾਂ 'ਚ ਵਾਧਾ ਤੇ ਈ. ਐਸ. ਆਰ. 'ਚ ਵਾਧੇ ਦੇ ਨਾਲ-ਨਾਲ ਰਕਤ ਪਲਾਜਮਾ 'ਚ ਯੂਰੇਟ ਦੇ ਪੱਧਰ 'ਚ ਵਾਧਾ ਹੁੰਦਾ ਜਾਂਦਾ ਹੈ। ਜੇ ਹਮਲੇ ਦਾ ਅੰਤ ਹੋ ਜਾਣ 'ਤੇ ਇਹ ਫਿਰ ਆਪਣੇ ਪੱਧਰ 'ਤੇ ਆ ਜਾਂਦਾ ਹੈ। ਇਸ ਤੋਂ ਇਲਾਵਾ ਕੰਨ ਦੀ ਬਾਹਰੀ ਕੋਂਡਰਾ ਹੱਡੀ ਭਾਗ 'ਚ ਵੀ ਯੂਰੇਟ ਪਦਾਰਥ ਇਕੱਠਾ ਹੁੰਦਾ ਜਾਂਦਾ ਹੈ। ਇਸ ਪਦਾਰਥ ਦੇ ਉਥੇ ਇਕੱਠੇ ਹੋਣ ਨਾਲ ਉਥੋਂ ਦੀ ਹੱਡੀ ਘੁਲਣ ਲੱਗਦੀ ਹੈ ਤੇ ਐਕਸਰੇ 'ਚ ਉਹ ਰਸੌਲੀ ਵਰਗੀ ਲੱਗਦੀ ਹੈ। ਜੋੜਾਂ 'ਚ ਦਰਦ, ਕਠੋਰਤਾ, ਅਕੜੇਵਾ ਸਥਿਰ ਹੋਣ ਲੱਗਦਾ ਹੈ। ਜੋੜਾਂ ਦੇ ਨੇੜਲੇ ਹਿੱਸਿਆਂ ਵਿੱਚ ਯੂਰੇਟ ਦੀਆਂ ਗੱਠਾਂ ਬਣਨ ਲੱਗਦੀਆਂ ਹਨ ਜੋ ਟੋਫੇਈ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਅਜਿਹੇ ਰੋਗੀਆਂ ਦੇ ਪੇਸ਼ਾਬ 'ਚ ਯੂਰਿਕ ਏਸਡ ਦੀ ਵਧੀ ਹੋਈ ਮਾਤਰਾ ਮਿਲਦੀ ਹੈ ਪੇਸ਼ਾਬ ਦੇ ਰਸਤੇ ਵੱਧ ਮਾਤਰਾ 'ਚ ਯੂਰਿਕ

ਏਸਡ ਜਾਂਦੇ ਰਹਿਣ ਨਾਲ ਪੇਸ਼ਾਬ ਵਾਲੀਆਂ ਥਾਵਾਂ ਤੇ ਪਥਰੀਆਂ ਬਣਨ ਦਾ ਖ਼ਤਰਾ ਰਹਿੰਦਾ ਹੈ। ਪਿਛੋਂ ਧਮਨੀ ਦਾ ਕਠੋਰਪਣ ਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਗੁੰਝਲਾਂ ਜਨਮ ਲੈਣ ਲੱਗਦੀਆਂ ਹਨ।

ਗਠੀਆ ਵਾਅ ਦੇ ਰੋਗੀ ਦੇ ਜੋੜਾਂ 'ਚ ਸਭ ਤੋਂ ਪਹਿਲਾਂ ਦਰਦ ਤੇ ਸੋਜ ਦੇ ਲੱਛਣ ਪ੍ਰਗਟ ਹੁੰਦੇ ਹਨ। ਕੁਝ ਰੋਗੀਆਂ ਨੂੰ ਇਹਨਾਂ ਲੱਛਣਾਂ ਦੇ ਨਾਲ ਬੁਖਾਰ ਦੀ ਸ਼ਿਕਾਇਤ ਵੀ ਰਹਿੰਦੀ ਹੈ ਅਤੇ ਬੇਚੈਨੀ ਦੀ ਹਾਲਤ ਰਹਿਣ ਲਗਦੀ ਹੈ। ਰੋਗ ਦੇ ਸ਼ੁਰੂ 'ਚ ਰੋਗੀ ਕਮਜ਼ੋਰੀ ਦਾ ਅਨੁਭਵ ਕਰਦਾ ਹੈ ਤੇ ਉਸ ਨੂੰ ਭੁੱਖ ਵੀ ਨਹੀਂ ਲੱਗਦੀ। ਇਹ ਰੋਗ ਰੋਗੀ ਦੇ ਹੱਥ ਉਂਗਲੀਆਂ ਦੇ ਜੋੜ, ਗੁੱਟ ਦੇ ਜੋੜ ਗੋਡਿਆਂ ਗਿੱਟਿਆਂ ਦੇ ਜੋੜ ਤੇ ਪੈਰਾਂ ਦੀਆਂ ਉਂਗਲਾਂ ਨੂੰ ਪ੍ਰਭਾਵਿਤ ਕਰਦਾ ਹੈ। ਜੋੜਾਂ 'ਚ ਦਰਦ ਸੋਜ ਤੇ ਅਕੜਾਅ ਦਾ ਅਰਸਾ ਡੇੜ-ਦੋ ਮਹੀਨੇ ਜਾਂ ਉਸ ਤੋਂ ਵੀ ਵੱਧ ਸਮੇਂ ਤੱਕ ਬਣਿਆ ਰਹਿ ਸਕਦਾ ਹੈ। ਇਸ ਗੱਲ ਦਾ ਵੀ ਪਤਾ ਕੀਤਾ ਜਾਂਦਾ ਹੈ ਕਿ ਕਿਤੇ ਰੋਗੀ ਦੀਆਂ ਹੱਡੀਆਂ ਦੇ ਉਪਰੀ ਭਾਗ 'ਚ ਗੱਠਾਂ ਤਾਂ ਨਹੀਂ ਬਣੀਆਂ ਹਨ। ਇਹ ਗਠੀਆ ਵਾਅ ਦਾ ਸਭ ਤੋਂ ਮੁੱਖ ਕਾਰਨ ਹੈ।

**ਇਸ ਰੋਗ ਦੇ ਲੱਛਣ** - ਇਕੋ ਵੇਲੇ ਕਈ ਹੱਡੀਆਂ 'ਚ ਤੇਜ਼ ਦਰਦ, ਹੱਡੀਆਂ ਦੇ ਜੋੜਾਂ 'ਚ ਸੋਜ ਦੀ ਹਾਲਤ। ਹੱਡੀਆਂ ਜੋੜਾਂ 'ਤੇ ਹੱਥ ਲਾਉਣ ਨਾਲ ਤਿੱਖਾ ਦਰਦ ਸਵੇਰੇ-ਸਵੇਰੇ ਜੋੜਾਂ 'ਚ ਅਕੜਾਅ। ਸ਼ੁਰੂ-ਸ਼ੁਰੂ 'ਚ ਹੱਡੀਆਂ ਦੇ ਜੋੜਾਂ ਦਾ ਦਰਦ ਤੁਰਨ ਫਿਰਨ ਨਾਲ ਵੀ ਮਹਿਸੂਸ ਹੁੰਦਾ ਹੈ ਪਰ ਕੁਝ ਦਿਨਾਂ ਪਿਛੋਂ ਇਹ ਤੁਰਨ ਫਿਰਨ ਤੋਂ ਬਿਨਾਂ ਹੀ ਜੋੜਾਂ 'ਚ ਨਿਰੰਤਰ ਦਰਦ ਰਹਿਣ ਲੱਗਦਾ ਹੈ। ਜੋੜਾਂ ਦੀ ਸਾਈਨੋਵੀਅਲ ਝਿੱਲੀ ਫੁੱਲਕੇ ਮੋਟੀ ਹੋ ਜਾਂਦੀ ਹੈ। ਜੋੜ ਅੰਦਰੀ ਕਾਰਟੀਲੇਜ ਦੇ ਨਸ਼ਟ ਹੋਣ ਨਾਲ ਜੋੜਾਂ 'ਚ ਫਾਈਬਰੋਸਿਸ ਦੀ ਅਮਲ ਸ਼ੁਰੂ ਹੋ ਜਾਂਦਾ ਹੈ ਅਤੇ ਜੋੜਾਂ ਦੇ ਚਾਰੋਂ ਪਾਸੇ ਵੱਲ ਪੱਠੇ ਹੌਲੀ-ਹੌਲੀ ਬਹੁਤ ਕਮਜ਼ੋਰ ਹੋਣ ਲੱਗਦੇ ਹਨ। ਜਿਸ ਕਾਰਨ ਜੋੜਾਂ ਦਾ ਹਿਲਣਾ ਜੁਲਣਾ ਬਹੁਤ ਘੱਟ ਜਾਂਦਾ ਹੈ। ਖਾਸ ਕਰਕੇ ਸਵੇਰੇ ਸਵੇਰੇ ਤਾਂ ਜੋੜਾਂ ਦੀ ਚਾਲ ਬਹੁਤ ਮੱਠੀ ਹੁੰਦੀ ਹੈ ਕਿਉਂਕਿ ਰਾਤ ਨੂੰ ਜੋੜ ਇਕ ਹੀ ਹਾਲਤ 'ਚ ਪਿਆ ਰਹਿੰਦਾ ਹੈ। ਇਸ ਲਈ ਸਵੇਰੇ ਉਠਣ ਉਸ ਨੂੰ ਚਲਦਾ ਫਿਰਦਾ ਕਰਨ 'ਚ ਦਿੱਕਤ ਪੇਸ਼ ਆਉਂਦੀ ਹੈ। ਗਾਊਟ ਰੋਗ 'ਚ ਉਂਗਲਾਂ ਦੇ ਜੋੜ ਗੁੱਟ, ਕੂਹਨੀ, ਮੋਢੇ, ਗਿੱਟੇ ਤੇ ਪੈਰਾਂ ਦੇ ਜੋੜ ਆਦਿ ਜਲਦੀ ਪ੍ਰਭਾਵਿਤ ਹੁੰਦੇ ਹਨ। ਕੁੱਲੇ ਦੇ ਜੋੜ ਬਹੁਤ ਘੱਟ ਰੋਗੀਆਂ 'ਚ ਪ੍ਰਭਾਵਿਤ ਹੁੰਦੇ ਹਨ। ਰੀੜ੍ਹ ਦੀਆਂ ਹੱਡੀਆਂ ਦੇ ਜੋੜ ਵੀ ਇਸ ਰੋਗ 'ਚ ਘੱਟ ਪ੍ਰਭਾਵਿਤ ਹੁੰਦੇ ਹਨ। ਉਂਗਲਾਂ ਦੇ ਜੋੜਾਂ ਦੇ ਪ੍ਰਭਾਵਿਤ ਹੋਣ ਨਾਲ ਉਂਗਲਾਂ ਸੁੱਜ ਜਾਂਦੀਆਂ ਹਨ। ਪੈਰਾਂ ਦੀਆਂ ਉਂਗਲੀਆਂ ਪ੍ਰਭਾਵਿਤ ਹੋਣ 'ਤੇ ਪੈਰ ਚੌੜੇ ਹੋ ਜਾਂਦੇ ਹਨ। ਕਈ ਰੋਗੀਆਂ 'ਚ ਰੋਗ ਬਹੁਤ ਤੇਜ਼ ਰਫ਼ਤਾਰ ਨਾਲ ਸ਼ੁਰੂ ਹੁੰਦਾ ਹੈ ਇਸ 'ਚ ਰੋਗੀ ਨੂੰ ਤੇਜ਼ ਬੁਖਾਰ ਚਲਦਾ ਰਹਿੰਦਾ ਹੈ, ਭੁੱਖ ਨਹੀਂ ਲੱਗਦੀ, ਭਰ ਘਟਦਾ ਜਾਂਦਾ ਹੈ ਤੇ ਇਕੋ ਵੇਲੇ ਕਈ ਜੋੜ ਪ੍ਰਭਾਵਿਤ ਹੋਣ ਲੱਗਦੇ ਹਨ। ਕਈ ਰੋਗੀਆਂ 'ਚ ਕੁਝ ਘੰਟਿਆਂ ਜਾਂ ਦਿਨਾਂ ਤੱਕ ਦਰਦ ਹੋ ਕੇ ਹੀ ਸ਼ਾਂਤ ਹੋਣ ਲੱਗਦਾ ਹੈ।

Qsteoarthritis 'ਚ ਪ੍ਰਭਾਵਿਤ ਹੋਣ ਵਾਲੇ ਜੋੜ ਨਿਮਨਲਿਖਤ ਹਨ।

1. **ਵੱਧ ਪ੍ਰਭਾਵਿਤ ਹੋਣ ਵਾਲੇ ਜੋੜ** - ਹੱਥ ਦੇ ਜੋੜ, ਉਂਗਲਾਂ ਦੇ ਨੇੜ

ਵਾਲੇ ਜੋੜ ਗੁੱਟ, ਗਿੱਟੇ, ਕੂਹਨੀਆਂ ਦੇ ਜੋੜ

2. **ਘੱਟ ਪ੍ਰਭਾਵਿਤ ਹੋਣ ਵਾਲੇ ਜੋੜ** : ਕੁੱਲੇ ਦਾ ਜੋੜ, ਜਬਾੜ੍ਹਿਆਂ ਦਾ ਜੋੜ

3. **ਬਹੁਤ ਹੀ ਘੱਟ ਪ੍ਰਭਾਵਿਤ ਹੋਣ ਵਾਲੇ ਜੋੜ** : ਪਿੱਠ ਜਾਂ ਗਰਦਨ ਦੇ ਜੋੜ, ਰੀੜ ਦੇ ਮਣਕਿਆਂ ਦੇ ਜੋੜ

**ਗਠੀਆ (Rheumatoid Arthritis) ਦੀਆਂ ਗੁੰਝਲਾਂ**

ਜੇ ਸਹੀ ਸਮੇਂ 'ਤੇ ਇਲਾਜ ਨਾ ਹੋਵੇ ਤਾਂ ਇਸ ਰੋਗ ਦੀਆਂ ਗੁੰਝਲਾਂ ਵਧਦੀਆਂ ਜਾਂਦੀਆਂ ਹਨ। ਇਹ ਗੁੰਝਲਾਂ ਹੇਠ ਲਿਖੇ ਅਨੁਸਾਰ ਅੱਗੇ ਵਧਦੀਆਂ ਹਨ ਸਭ ਤੋਂ ਪਹਿਲਾਂ ਹੱਡੀਆਂ ਦੇ ਜੋੜਾਂ ਦਾ ਦਰਦ ਅਸਹਿ ਰੂਪ ਧਾਰਣ ਕਰਦਾ ਹੈ ਪਹਿਲਾਂ ਜੋ ਦਰਦ ਜੋੜਾਂ ਦੇ ਚਲਣ ਨਾਲ ਮਹਿਸੂਸ ਹੁੰਦੀ ਸੀ, ਉਹ ਦਰਦ ਹੁਣ ਅਰਾਮ ਕਰਨ ਸਮੇਂ ਵੀ ਮਹਿਸੂਸ ਹੁੰਦਾ ਹੈ। ਜੋੜਾਂ ਦੀ ਸੋਜ ਵੀ ਵਧਦੀ ਜਾਂਦੀ ਹੈ। ਸਵੇਰੇ ਸਮੇਂ ਜੋੜਾਂ 'ਚ ਅਕੜਾਅ ਵੀ ਵਧਦਾ ਜਾਂਦਾ ਹੈ। ਜੇ ਰੋਗ ਦੀ ਸ਼ੁਰੂਆਤੀ ਹਾਲਤ 'ਚ ਇਲਾਜ ਸ਼ੁਰੂ ਕੀਤਾ ਜਾਵੇ ਤਾਂ ਇਸ ਰੋਗ ਨਾਲ ਪੈਦਾ ਹੋਣ ਵਾਲੇ ਵਿਗਾੜਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਨਹੀਂ ਤਾਂ ਇਹ ਵਿਗਾੜ ਸਮੇਂ ਦੇ ਨਾਲ ਸਥਾਈ ਰੂਪ ਧਾਰਨ ਕਰ ਲੈਂਦੇ ਹਨ ਤੇ ਹੁਣ ਇਹਨਾਂ ਹਾਲਤਾਂ 'ਚ ਇਲਾਜ ਵੀ ਮੁਸ਼ਕਲ ਹੋ ਜਾਂਦਾ ਹੈ। ਰੋਗੀ ਦੇ ਪੱਠਿਆਂ ਦੀ ਮੋਟਾਈ ਘੱਟਦੀ ਜਾਂਦੀ ਹੈ। ਉਹ ਖੁਰਨ ਲੱਗਦੇ ਹਨ, ਟੈਂਡਨ ਸੀਥ (ਕੰਡਾਵਰਣ) ਨਸ਼ਟ ਹੁੰਦੀ ਜਾਂਦੀ ਹੈ। ਜੋੜ ਦੀ ਝਿਲੀ ਆਦਿ ਨਸ਼ਟ ਹੋਣ ਨਾਲ ਜੋੜ ਜਾਮ ਹੀ ਹੋ ਜਾਂਦਾ ਹੈ। ਉਸ ਦਾ ਹਿਲਣਾ ਜੁਲਣਾ ਰੁਕ ਜਾਂਦਾ ਹੈ ਅਤੇ ਉਸ ਦਾ ਅਧੂਰਾ ਜਾਂ ਪੂਰਾ ਵਿਸਥਾਪਨ (Dislocation) ਹੋ ਜਾਂਦਾ ਹੈ। ਕੁਝ ਸਮੇਂ ਪਿੱਛੋਂ ਜੋੜ 'ਚ ਸਥਾਈ ਸੁਗੜਨ ਹੋ ਜਾਂਦੀ ਹੈ। ਸਿੱਟੇ ਵਜੋਂ ਉਂਗਲਾਂ, ਗੁੱਟ, ਕੂਹਨੀ ਤੇ ਕੁੱਲੇ ਦੇ ਜੋੜ 'ਚ ਹੇਠ ਲਿਖੇ ਵਿਗਾੜ ਪੈਦਾ ਹੋ ਜਾਂਦੇ ਹਨ।

ਉਂਗਲਾਂ ਦੇ ਪਾਸ ਦੇ ਜੋੜਾਂ ਦਾ ਵੱਧ ਫੈਲਦੇ ਜਾਣਾ ਤੇ ਮੁੜਦੇ ਜਾਣਾ

ਉਂਗਲਾਂ ਦਾ ਆਕਾਰ (Shape) ਵਿਗੜ ਕੇ ਵਿੰਗੀ ਹੋ ਜਾਂਦੀ ਹੈ।

ਉਂਗਲਾਂ ਦੇ ਨੇੜੇ ਦੇ ਜੋੜਾਂ ਦਾ ਵੱਧ ਮੁੜੇ ਰਹਿਣਾ ਤੇ ਦੂਰ ਦੇ ਜੋੜਾਂ ਦਾ ਫੈਲਦੇ ਜਾਣਾ। ਅੰਗੂਠੇ ਦਾ ਵੀ ਵਿਗਾੜ ਪੈਦਾ ਹੋ ਜਾਂਦਾ ਹੈ। ਪੈਰ ਦੇ ਮੋਰੀ ਜੋੜ ਨਿਕਲ ਜਾਂਦੇ ਹਨ ਤੇ ਪੈਰ ਪੰਜੇ ਵਰਗੇ ਹੋ ਜਾਂਦੇ ਹਨ।

ਪੈਰ ਦਾ ਬਾਹਰ ਵੱਲ ਘੁੰਮਦੇ ਜਾਣਾ। ਅੰਗੂਠਾ ਮੁੜ ਕੇ ਹਥੌੜੇ ਵਾਂਗ ਦਿਸਦਾ ਹੈ।

ਦਿਲ ਦੀ ਬਾਹਰੀ ਝਿੱਲੀ 'ਚ ਸੋਜ ਆਉਣ ਲੱਗਦੀ ਹੈ।

ਫੇਫੜਿਆਂ 'ਚ ਪਾਣੀ ਭਰ ਸਕਦਾ ਹੈ

ਜੋੜਾ ਦਾ Fibrosis ਪੱਠੇ ਕਮਜ਼ੋਰ ਹੋਣ, ਖ਼ੂਨ 'ਚ ਪਲੈਟ ਲੈਟ ਦਾ ਵਧਦੇ ਜਾਣਾ, ਅਨੀਮੀਆ, ਲਿੰਫ ਨੋਡਸ ਦਾ ਵਧਦੇ ਜਾਣਾ, ਹੱਥ 'ਚ ਗੱਠਾਂ ਬਣਨੀਆਂ

**ਰੋਗ ਦੀ ਪਹਿਚਾਣ** - ਲੱਛਣਾਂ ਤੋਂ ਕਾਫੀ ਹੱਦ ਤੱਕ ਹੋ ਜਾਂਦੀ ਹੈ।

ਖ਼ੂਨ ਦੇ ਹੇਠ ਲਿਖੇ ਟੈਸਟ ਕੀਤੇ ਜਾਂਦੇ ਹਨ :-

ਰੋਗੀ ਦੇ ਖ਼ੂਨ 'ਚ ਈ. ਐਸ. ਆਰ. ਵਧਿਆ ਮਿਲਦਾ ਹੈ।

ਰੋਗੀ ਦਾ ਹੀਮੋਗਲੋਬਿਨ ਘੱਟ ਜਾਂਦਾ ਹੈ (ਅਨੀਮਆ ਹੋ ਜਾਂਦੈ)

ਰੋਗੀ ਦੇ ਖ਼ੂਨ 'ਚ ਰੁਮੇਟਾਇਡ ਫੈਕਟਰ ਦਾ ਪਤਾ ਲਾਇਆ ਜਾਂਦਾ ਹੈ।

ਰੋਗੀਆਂ ਦੇ ਖ਼ੂਨ 'ਚ ਸੀ-ਰੀਐਕਟਿਵ ਪ੍ਰੋਟੀਨ ਦਾ ਪੱਧਰ ਵਧਿਆ ਹੋਇਆ ਹੁੰਦਾ ਹੈ। ਲੰਮੇ ਸਮੇਂ ਤੱਕ ਇਹ ਪੱਧਰ ਵਧਿਆ ਰਹਿੰਦਾ ਹੈ।

**ਐਕਸਰੇ ਜਾਂਚ** - ਐਕਸਰੇ 'ਚ ਜੋੜਾਂ ਅੰਦਰ ਫਾਸਲਾ ਘੱਟ ਜਾਂਦਾ ਹੈ।

ਜੋੜਾਂ ਅੰਦਰ ਹੱਡੀਆਂ ਦੇ ਸਿਰੇ 'ਤੇ ਨਸ਼ਟ ਹੋਣ ਦੇ ਚਿੰਨ ਮਿਲ ਸਕਦੇ ਹਨ।

ਜੋੜਾਂ ਦੇ ਨੇੜੀਆਂ ਪਤਲੀਆਂ ਹੋ ਜਾਂਦੀਆਂ ਹਨ।

ਹੱਡੀਆਂ 'ਚ ਪੁੱਟੀ ਬਣ ਜਾਣ ਦੇ ਚਿੰਨ ਨਜ਼ਰ ਆਉਂਦੇ ਹਨ।

ਉਂਗਲਾਂ ਤੇ ਹੱਥ ਦਾ ਵਿਗਾੜ ਨਜ਼ਰ ਆਉਂਦਾ ਹੈ।

(Synovial Biopry) ਜੋੜ ਦੀ ਝਿਲੀ ਦੀ ਜਾਂਚ ਇਕ ਟੁਕੜਾ ਲੈ ਕੇ ਕੀਤੀ ਜਾਂਦੀ ਹੈ। ਇਹ ਟੁਕੜਾ ਆਰਥਰੋਸਕੋਪੀ ਰਾਹੀਂ ਲਿਆ ਜਾਂਦਾ ਹੈ। ਆਰਥੋਗ੍ਰਾਫੀ, ਅਲਟ੍ਰਾਸਾਊਂਡ, ਸੀ. ਟੀ. ਸਕੈਨ, ਐਮ. ਆਰ. ਆਈ. ਵਰਗੇ ਟੈਸਟ ਵੀ ਅਜਕਲ ਕਰਵਾਏ ਜਾਣ ਲੱਗੇ ਹਨ। ਟੈਸਟ ਇਹ ਭਾਵੇਂ ਮਹਿੰਗੇ ਹਨ ਪਰ ਹਨ ਲਾਭਕਾਰੀ ਕਿਉਂਕਿ ਜੋੜਾਂ ਦੀ ਸਥਿਤੀ ਬਰੀਕੀ ਨਾਲ ਇਹਨਾਂ ਟੈਸਟਾਂ ਰਾਹੀਂ ਹੀ ਵੇਖੀ ਜਾ ਸਕਦੀ ਹੈ।

**ਇਲਾਜ**

**ਮੈਡੀਕਲ ਇਲਾਜ** - ਇਹ ਇਲਾਜ ਰੋਗੀ ਨੂੰ ਤੁਰੰਤ ਦਰਦ- ਮੁਕਤ ਕਰਨ ਲਈ ਦਿੱਤਾ ਜਾਂਦਾ ਹੈ। ਜੋੜਾਂ ਦੀ ਸੋਜ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਜੋੜਾਂ ਅੰਦਰ ਹੱਡੀਆਂ ਦੇ ਸਿਰਿਆਂ ਨੂੰ ਹਰਜਾ ਕਰਨ ਦਾ ਯਤਨ ਕੀਤਾ ਜਾਂਦੈ। ਜੋੜਾਂ ਦਾ ਸਵੇਰੇ ਹੋਣ ਵਾਲਾ ਅਕੜੇਵਾਂ ਰੋਕਣ ਦੀ ਕੋਸ਼ਿਸ਼ ਹੁੰਦੀ ਹੈ। ਰੋਗ ਨੂੰ ਗੰਭੀਰ ਰੂਪ ਧਾਰਨ ਕਰਨ ਤੋਂ ਰੋਕਿਆ ਜਾਣਾ ਹੁੰਦਾ ਹੈ। ਜੋੜਾਂ ਨੂੰ ਹੋਰ ਵਧਦਾ ਹਰਜਾ ਨਾ ਹੋਵੇ ਇਸ ਲਈ ਇਹ ਇਲਾਜ ਕੀਤਾ ਜਾਂਦੈ ਅਪਾਹਜਤਾ ਦੂਰ ਕਰਨ ਲਈ ਅਨੇਕਾਂ ਕਿਸਮਾਂ ਦੇ ਉਪਕਰਣਾਂ ਦੀ ਮਦਦ ਲਈ ਜਾਂਦੀ ਹੈ। ਕਿਉਂਕਿ ਜੋੜ ਦੇ ਦਰਦਾਂ ਦੇ ਕਾਰਨ ਅਜੇ ਪਤਾ ਨਹੀਂ ਇਸ ਲਈ ਇਲਾਜ ਲੱਛਣ 'ਤੇ ਅਧਾਰਤ ਹੀ ਕੀਤਾ ਜਾਂਦਾ ਹੈ। ਜਦੋਂ ਜੋੜ ਸੁੱਜੇ ਹੋਣ ਤਾਂ ਰੋਗੀ ਨੂੰ ਆਰਾਮ ਕਰਾਉਣਾ ਚਾਹੀਦਾ ਹੈ। ਦਰਦ ਹਟਣ ਪਿਛੋਂ ਕਸਰਤ ਕੀਤੀ ਜਾ ਸਕਦੀ ਹੈ। ਸਖ਼ਤ ਬਿਸਤਰੇ ਤੇ ਪਤਲੇ ਸਿਰਹਾਣੇ ਦੀ ਵਰਤੋਂ ਠੀਕ ਹੈ। ਦਰਦ ਨਿਵਾਰਕ ਗੋਲੀਆਂ 'ਚ ਸਟੀਰਾਇਡ ਨਹੀਂ ਹੋਣਾ ਚਾਹੀਦਾ ਜੋ ਨੁਕਸਾਨਦੇਹ ਹੈ। ਯੋਗਾ ਦੀ ਕ੍ਰਿਆਵਾਂ ਕੀਤੀਆਂ ਜਾ ਸਕਦੀਆਂ ਹਨ।

# ਕੀ ਹਨ ਸਿੱਖਿਆ ਅਧਿਕਾਰ ਦੇ ਅਰਥ?

ਬੀਤੀ ਇਕ ਅਪ੍ਰੈਲ ਤੋਂ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਹੋ ਗਿਆ ਹੈ। ਇਸ ਕਾਨੂੰਨ ਨੂੰ ਲਾਗੂ ਕਰਨ ਲਈ ਪਿੱਛੇ ਜਿਹੇ ਹੀ ਯੂਨੀਸੇਫ ਤੇ ਰਾਜੀਵ ਗਾਂਧੀ ਸਿੱਖਿਆ ਮਿਸ਼ਨ ਵਲੋਂ ਇੱਕ ਵੱਡੀ ਰਾਜ ਪੱਧਰੀ ਕਾਰਜਸ਼ਾਲਾ ਵੀ ਰਾਏਪੁਰ 'ਚ ਹੋਈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਦਸੰਬਰ 2002 'ਚ ਮੰਜੂਰ 86 ਵੀਂ ਸੰਵਿਧਾਨਿਕ ਸੋਧ ਰਾਹੀਂ ਸੰਵਿਧਾਨ 'ਚ ਜੋੜੇ ਗਏ ਅਨੁਛੇਦ 21 (2) ਤਹਿਤ ਬਿੱਲ ਦਾ ਪਾਰਲੀਮੈਂਟ 'ਚ ਪੇਸ਼ ਹੋਣਾ ਤੇ ਪਾਸ ਹੋਣਾ ਹੀ ਆਪਣੇ ਆਪ 'ਚ ਇਕ ਇਤਿਹਾਸਕ ਕਦਮ ਹੈ। ਇਹ ਭਰਮ ਫੈਲਾਇਆ ਜਾ ਰਿਹਾ ਹੈ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ ਨਾਲ ਬੀਤੇ 60 ਸਾਲਾਂ ਤੋਂ ਨਹੀਂ ਮਿਲਿਆ, ਸਿੱਖਿਆ ਦਾ ਅਧਿਕਾਰ ਗ਼ਰੀਬ ਬੱਚਿਆਂ ਦੀ ਝੋਲੀ 'ਚ ਹੋਵੇਗਾ ਅਤੇ ਕੋਠਾਰੀ ਕਮਿਸ਼ਨ ਦਾ ਹਰੇਕ ਬੱਚੇ ਨੂੰ ਚੰਗੀ ਗੁਣਵੰਣਤਾ ਦੀ ਸਿੱਖਿਆ ਦੇਣ ਦਾ ਸੁਪਨਾ ਸਾਕਾਰ ਹੋ ਜਾਵੇਗਾ। ਹਾਲ ਦੀ ਘੜੀ ਇਹ ਸਮਝਣ ਦੀ ਲੋੜ ਹੈ ਕਿ ਝਮੇਲਿਆਂ 'ਚ ਲਿਪਟਿਆ ਇਹ ਕਾਨੂੰਨ ਸਿੱਖਿਆ ਦਾ ਮੌਲਿਕ ਅਧਿਕਾਰ ਦਿੰਦਾ ਨਹੀਂ ਹੈ ਬਲਕਿ ਖੋਹਦਾ ਹੈ। ਇਹ ਸਿੱਖਿਆ ਦੇ ਖੇਤਰ 'ਚ ਗੈਰ-ਬਰਾਬਰੀ ਵਧਾਏਗਾ। ਗ਼ਰੀਬ ਬੱਚਿਆਂ ਨੂੰ ਅੱਧ ਕੱਚੀ ਸਿੱਖਿਆ ਦੇਵੇਗਾ। ਇਹ ਸਰਕਾਰੀ ਤੇ ਨਿੱਜੀ ਸਕੂਲਾਂ ਦੇ ਅਧਿਆਪਕਾਂ ਵਿਚਾਲੇ ਭੇਦਭਾਵ ਕਰਦਾ ਹੈ ਤੇ ਸਰਕਾਰੀ ਖ਼ਜਾਨੇ ਦੇ ਸਹਾਰੇ ਸਕੂਲੀ ਸਿੱਖਿਆ ਦੇ ਨਿੱਜੀਕਰਨ ਤੇ ਬਜਾਰੀਕਰਨ ਦੇ ਨਵੇਂ ਦਰਵਾਜੇ ਚੁਤਰਾਈ ਨਾਲ ਖੋਹਲੇਗਾ। ਇਸ 'ਚ ਸਰਕਾਰ ਦੀ ਵਿੱਤੀ ਜੁਆਬਦੇਹੀ ਵੀ ਘੱਟ ਕਰਨ ਦੀਆਂ ਵਿਵਸਥਾਵਾਂ ਹਨ। ਇਥੇ ਸਾਨੂੰ ਤਿੰਨ ਬੁਨਿਆਦੀ ਮੁੱਦਿਆਂ 'ਤੇ ਵਿਚਾਰ ਕਰਨ ਦੀ ਲੋੜ ਹੈ ਪਹਿਲਾਂ ਭਾਰਤੀ ਦੀ ਹਾਕਮ ਜਮਾਤ ਆਪਣੇ ਹਿੱਤ 'ਚ ਸਿੱਖਿਆ ਨੀਤੀ ਘੜਨ 'ਚ ਆਪਣਾ-ਆਪਣਾ ਸੁਆਰਥ ਕਿਉਂ ਮੰਨਦੀ ਹੈ? ਦੂਜਾ ਸੰਨ 1991 ਤੋਂ ਸਾਮਰਾਜੀ ਵਿਸ਼ਵੀਕਰਣ ਦੇ ਤਹਿਤ ਅਮਲ 'ਚ ਲਿਆਂਦੀ ਜਾ ਰਹੀ ਨਵੀਂ ਆਰਥਕ ਨੀਤੀ ਪਿੱਛੇ ਸਰਕਾਰੀ ਸਕੂਲੀ ਪ੍ਰਣਾਲੀ ਨੂੰ ਤਹਿਸ ਨਹਿਸ ਕਰਨ ਤੇ ਸਕੂਲੀ ਸਿੱਖਿਆ ਦਾ ਤੇਜ਼ੀ ਨਾਲ ਨਿੱਜੀਕਰਣ ਕਰਨ ਲਈ ਕੀ ਨੀਤੀਗਤ ਤਬਦੀਲੀਆਂ ਕੀਤੀਆਂ ਗਈਆਂ ਹਨ? ਇਸ 'ਚ ਸੰਸਾਰ ਬੈਂਕ ਤੇ ਹੋਰ ਕੌਮਾਂਤਰੀ ਏਜੰਸੀਆਂ ਦੀ ਕੀ ਭੂਮਿਕਾ ਰਹੀ ਹੈ ਅਤੇ ਅਜਿਹਾ ਕਰਾਉਣ ਪਿੱਛੇ ਉਹਨਾਂ ਦਾ ਕੀ ਮਕਸਦ ਹੈ? ਤੀਜਾ ਸਰਕਾਰ ਤੇ ਉਸ ਤੇ ਹਾਵੀ ਕਾਰਪੋਰੇਟ ਘਰਾਣਿਆਂ ਤੇ ਵਿਸ਼ਵੀ ਬਜ਼ਾਰ ਦੀਆਂ ਤਾਕਤਾਂ ਕਿਹੋ ਜਿਹਾ ਸਮਾਜ ਸਿਰਜਣਾ ਚਾਹੁੰਦੀਆਂ ਹਨ ਅਤੇ ਇਸ ਲਈ ਨੀਤੀਗਤ ਨਜ਼ਰੀਆ ਕੀ ਹੈ? ਜ਼ਾਹਿਰ ਹੈ ਕਿ ਇਹ ਸੁਆਲ ਮੁਸ਼ਕਲ ਹੈ ਪਰ ਇਹਨਾਂ ਤੋਂ ਅਸੀਂ ਕਦੋਂ ਤੱਕ ਬਚਦੇ ਰਹਾਂਗੇ? ਹੇਠਾਂ ਇਹਨਾਂ ਸੁਆਲਾਂ ਨਾਲ ਜੂਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੋਠਾਰੀ ਕਮਿਸ਼ਨ ਨੇ ਕਿਹਾ ਸੀ ਕਿ ਮੁੱਢਲੇ ਪੱਧਰ ਤੋਂ ਲੈ ਕੇ ਉੱਚ ਸਿਖਿਆਤਮਕ ਚੰਗੀ ਗੁਣਵੰਣਤਾ ਦੀ ਸਿੱਖਿਆ ਦੇਣ ਲਈ ਜ਼ਰੂਰੀ ਹੈ ਕਿ ਦੇਸ਼ ਦੀ ਕੁਝ ਕੌਮੀ ਪੈਦਾਵਾਰ ਦਾ ਘੱਟੋ-ਘੱਟ 6 ਫੀਸਦੀ ਸਿੱਖਿਆ 'ਤੇ ਖ਼ਰਚ ਕੀਤਾ ਜਾਵੇ। ਇਸ ਦੇ ਬਾਵਜੂਦ ਸਾਮਰਾਜੀ

ਵਿਸ਼ਵੀਕਰਣ ਤਹਿਤ ਸੰਨ 1991 ਦੀ ਆਰਥਕ ਨੀਤੀ ਕਾਰਨ ਅਗਲੇ 16 ਸਾਲਾਂ ਵਿੱਚ ਕੁਲ ਖੇਤੀ ਪੈਦਾਵਾਰ ਦੀ ਫੀਸਦੀ ਵਜੋਂ ਸਿੱਖਿਆ 'ਤੇ ਕੀਤੇ ਜਾਣ ਵਾਲੇ ਖਰਚ ਲਗਾਤਾਰ ਘਟਾਇਆ ਗਿਆ ਹੈ।

**ਸੰਵਿਧਾਨ 'ਚ ਸਿੱਖਿਆ ਦੇ ਮੌਲਿਕ ਅਧਿਕਾਰ ਦਾ ਬੁਨਿਆਦੀ ਨਜ਼ਰੀਆ** - ਸੰਵਿਧਾਨ 'ਚ ਸਿੱਖਿਆ ਦੇ ਮੌਲਿਕ ਅਧਿਕਾਰ ਦਾ ਬੁਨਿਆਦੀ ਨਜ਼ਰੀਆ ਸੰਵਿਧਾਨ ਸਭਾ 'ਚ ਡਾ. ਅੰਬੇਦਕਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਸਿੱਖਿਆ ਨੂੰ ਸੰਵਿਧਾਨ ਦੇ ਮੌਲਿਕ ਅਧਿਕਾਰ ਵਾਲੇ ਖੰਡ ਚਾਰ 'ਚ ਰੱਖਿਆ ਜਾ ਸਕਿਆ। ਹਾਲਾਂਕਿ 14 ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਨੁਛੇਦ 45 ਸੰਵਿਧਾਨ ਦੇ ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ 'ਚ ਸ਼ਾਮਲ ਕੀਤਾ ਗਿਆ ਸੀ। ਇਸ ਦੇ ਵੱਖ-ਵੱਖ ਪਹਿਲੂਆਂ 'ਤੇ ਗੌਰ ਕਰਨਾ ਜ਼ਰੂਰੀ ਹੈ ਪਹਿਲਾਂ, ਖੰਡ ਚਾਰ ਵਿੱਚ ਇਕੋਂ ਇਕ ਅਨੁਛੇਦ ਹੈ ਜਿਸ ਦੀ ਪੂਰਤੀ ਲਈ ਸਮਾਂ ਸੀਮਾ ਰੱਖੀ ਗਈ ਸੀ। ਸੰਵਿਧਾਨ ਲਾਗੂ ਹੋਣ ਦੇ 10 ਸਾਲਾਂ ਅੰਦਰ ਇਸ ਸੰਕਲਪ ਨੂੰ ਪੂਰਾ ਕਰਨਾ ਸੀ, ਜੋ ਅੱਜ ਤੱਕ ਨਹੀਂ ਹੋਇਆ। ਦੂਸਰਾ 14 ਸਾਲ ਦੀ ਉਮਰ ਤੱਕ 'ਚ ਛੇ ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਸ਼ਾਮਲ ਸਨ। ਯਾਨੀ ਜਨਮ ਤੋਂ ਲੈ ਕੇ 6 ਸਾਲ ਤੱਕ ਦੇ ਬੱਚਿਆਂ ਦੀ ਖੁਰਾਕ, ਸਿਹਤ ਤੇ ਮੁੱਢਲੀ ਸਿੱਖਿਆ ਤੋਂ ਪਹਿਲਾਂ ਵਾਲੀ ਸਿੱਖਿਆ ਨੂੰ ਰਾਜ ਦੀ ਜੁਆਬਦੇਹੀ 'ਚ ਸ਼ਾਮਲ ਕੀਤਾ ਗਿਆ ਸੀ। ਤੀਜਾ ਸੰਵਿਧਾਨ ਨੇ ਅੱਠ ਸਾਲ (ਜਮਾਤ-1-8) ਦੀ ਮੁੱਢਲੀ ਸਿੱਖਿਆ ਦਾ ਏਜੰਡਾ ਰਾਜ ਸਾਹਮਣੇ ਰੱਖਿਆ ਗਿਆ ਸੀ ਨਾ ਕਿ ਸਿਰਫ਼ ਪੰਜ ਸਾਲ ਦੀ ਮੁੱਢਲੀ ਸਿੱਖਿਆ ਦਾ। ਚੌਥਾ ਇਸ ਅਨੁਛੇਦ ਨੂੰ ਅਨੁਛੇਦ-46 ਦੇ ਨਾਲ ਪੜ੍ਹਿਆ ਜਾਣਾ ਚਾਹੀਦਾ ਹੈ ਜਿਸ 'ਚ ਦਲਿਤ ਤੇ ਆਦੀਵਾਸੀ ਬੱਚਿਆਂ ਦੀ ਸਿੱਖਿਆ 'ਤੇ ਵਿਸ਼ੇਸ ਧਿਆਨ ਦੇਣ ਲਈ ਰਾਜ ਨੂੰ ਨਿਰਦੇਸ਼ਿਤ ਕੀਤਾ ਗਿਆ ਸੀ। ਸਿੱਖਿਆ ਦੇ ਅਧਿਕਾਰ ਦੇ ਸਲਾਹ ਮਸ਼ਵਰੇ 'ਚ ਨਵਾਂ ਮੋੜ ਸੁਪਰੀਮ ਕੋਰਟ ਵਲੋਂ ਸੰਨ 1993 'ਚ ਦਿੱਤੇ ਗਏ ਉਨੀ ਕ੍ਰਿਸਣਨ ਫੈਸਲੇ ਰਾਹੀਂ ਆਇਆ। ਸੁਪਰੀਮ ਕੋਰਟ ਨੇ ਕਿਹਾ ਕਿ ਅਨੁਛੇਦ 45 ਨੂੰ ਖੰਡ ਤਿੰਨ ਦੇ ਜਿਉਣ ਦੇ ਹੱਕ ਵਾਲੇ ਅਨੁਛੇਦ 21 ਦੇ ਨਾਲ ਜੋੜ ਕੇ ਪੜ੍ਹਨ ਦੀ ਲੋੜ ਹੈ ਕਿਉਂਕਿ ਗਿਆਨ ਦੇਣ ਵਾਲੀ ਸਿੱਖਿਆ ਬਗੈਰ ਇਨਸਾਨ ਦਾ ਜੀਵਨ ਬੇਅਰਥ ਹੈ। ਇਸ ਤਰ੍ਹਾਂ ਸੁਪਰੀਮ ਕੋਰਟ ਨੇ ਸੰਨ 1993 'ਚ 14 ਸਾਲ ਦੀ ਉਮਰ ਤੱਕ ਬੱਚਿਆਂ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ ਨੂੰ ਮੌਲਿਕ ਅਧਿਕਾਰ ਦਾ ਦਰਜਾ ਦੇ ਦਿੱਤਾ।

**ਮੌਲਿਕ ਅਧਿਕਾਰ ਤੇ ਹਾਕਮ ਜਮਾਤ ਦਾ ਨਜ਼ਰੀਆ** - ਸੁਪਰੀਮ ਕੋਰਟ ਦੇ ਉਕਤ ਇਤਿਹਾਸਕ ਫੈਸਲੇ ਪਿੱਛੋਂ ਭਾਰਤ ਦੀ ਹਾਕਮ ਜਮਾਤ ਲਗਾਤਾਰ ਇਸ ਕੋਸ਼ਿਸ਼ 'ਚ ਲੱਗੀ ਰਹੀ ਹੈ ਕਿ ਕਿਸ ਤਰ੍ਹਾਂ ਉਨੀ ਕ੍ਰਿਸ਼ਣਨ ਫੈਸਲੇ ਦੇ ਅਸਰ ਨੂੰ ਘਟਾਇਆ ਜਾ ਖ਼ਤਮ ਕੀਤਾ ਜਾਵੇ। ਭਾਰਤ ਸਰਕਾਰ ਦੀ ਸੈਕਿਆ ਸੰਮਤੀ ਰਪਟ (1997) ਅਤੇ 83ਵੀਂ ਸੰਵਿਧਾਨਿਕ ਸੋਧ ਬਿੱਲ (1997) ਅਤੇ ਉਸ ਉਪਰ ਮੰਤਰਾਲੇ ਦੀ ਸੰਸਦੀ ਸੰਮਤੀ ਨੇ ਸਕੂਲੀ 'ਚ ਬਾਜ਼ਾਰ ਦੀਆਂ ਤਾਕਤਾਂ ਨੂੰ ਥਾਂ ਦੇਣ ਦੇ ਮਕਸਦ ਨਾਲ ਚਲਾਕੀ ਭਰੀਆਂ ਵਿਵਸਥਾਵਾਂ ਕੀਤੀਆਂ। ਪਰ ਸਰਕਾਰ ਦੇ ਇਸ ਨਜ਼ਰੀਏ ਦੀ ਜਨਤਕ ਤੌਰ 'ਤੇ ਤਿੱਖੀ ਅਲੋਚਨਾ ਹੋਈ ਅਤੇ ਅਗਲੇ

ਚਾਰ ਸਾਲਾਂ ਲਈ ਸਿੱਖਿਆ ਦੇ ਅਧਿਕਾਰ ਦਾ ਮਾਮਲਾ ਠੰਡੇ ਬਸਤੇ 'ਚ ਪਾ ਦਿੱਤਾ ਗਿਆ। ਨਵੰਬਰ 2009 'ਚ 86ਵੀਂ ਸੰਵਿਧਾਨ ਸੋਧ ਲੋਕ ਸਭਾ 'ਚ ਪੇਸ਼ ਹੋਈ। ਸੰਸਦ ਅੰਦਰ ਤੇ ਬਾਹਰ ਇਸ ਬਿੱਲ ਦੇ ਲੋਕ ਵਿਰੋਧੀ ਕਿਰਦਾਰ 'ਤੇ ਵਿਆਪਕ ਬਹਿਸ ਹੋਈ। ਰੈਲੀਆ ਮੁਜਾਹਰੇ ਹੋਏ। ਸਪੱਸ਼ਟ ਸੀ ਕਿ ਇਸ ਨੂੰ ਪੇਸ਼ ਕਰਨ ਦਾ ਮਕਸਦ ਸਿੱਖਿਆ ਦਾ ਹੱਕ ਦੇਣਾ ਨਹੀਂ ਵਰਨਾ ਸੁਪਰੀਮ ਕੋਰਟ ਦੇ ਉਨੀ ਕ੍ਰਿਸ਼ਣਨ ਫੈਸਲੇ ਤੋਂ ਮਿਲੇ ਵਿਆਪਕ ਹੱਕ ਨੂੰ ਖੋਹਣਾ ਸੀ। ਜੋ ਅਧਿਕਾਰ ਉਨੀ ਕ੍ਰਿਸ਼ਣਨ ਫੈਸਲੇ 'ਚ ਮਿਲ ਚੁੱਕੇ ਸਨ ਉਹ ਵੀ 86ਵੀਂ ਸੰਵਿਧਾਨਿਕ ਸੋਧ ਕਾਰਨ ਖੁਸ ਗਏ। ਖਾਸ ਕਰਕੇ 10 ਸਾਲਾਂ ਤੋਂ ਘੱਟ ਉਮਰ ਦੇ 17 ਕਰੋੜ ਬੱਚਿਆਂ ਨੂੰ ਖੁਰਾਕ, ਸਿਹਤ ਤੇ ਪ੍ਰੀ-ਪ੍ਰਾਇਮਰੀ ਸਿੱਖਿਆ ਦਾ ਮਿਲਿਆ ਹੱਕ ਖੋਹ ਲਿਆ ਗਿਆ। ਫਿਰ ਵੀ ਸਭ ਰਾਜਸੀ ਪਾਰਟੀਆਂ 'ਚ ਆਪਸੀ ਸਹਿਮਤੀ ਬਣ ਗਈ ਅਤੇ ਇਹ ਬਿੱਲ ਪਾਰਲੀਮੈਂਟ ਦੇ ਦੋਨਾਂ ਸਦਨਾਂ 'ਚ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਸੋਧ ਰਾਹੀਂ ਖੰਡ ਤਿੰਨ 'ਚ ਅਨੁਛੇਦ 21 (ਕ) ਜੋੜਿਆ ਗਿਆ ਜਿਸ ਦੇ ਤਹਿਤ 6-14 ਸਾਲਾਂ ਦੇ ਸਮੂਹ ਦੇ ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਮੁੱਢਲਾ ਅਧਿਕਾਰ ਦਿੱਤਾ ਤਾਂ ਗਿਆ ਪਰ ਇਕ ਸ਼ਰਤ ਦੇ ਨਾਲ ਸ਼ਰਤ ਇਹ ਕਿ ਸਿੱਖਿਆ ਦਾ ਮੁੱਢਲਾ ਅਧਿਕਾਰ "ਉਸ ਰੀਤ ਨਾਲ ਦਿੱਤਾ ਜਾਵੇਗਾ ਜੋ ਰਾਜ ਕਾਨੂੰਨ ਨਿਰਧਾਰਿਤ ਕਰੇਗਾ" ਅਜਿਹੀ ਸ਼ਰਤ ਕਿਉਂ ਲਾਈ ਗਈ, ਇਹ ਸਮਝਣ ਲਈ ਸਾਨੂੰ ਵਿਸ਼ਵੀਕਰਨ ਕਰਕੇ ਭਾਰਤ ਦੀ ਸਿੱਖਿਆ ਨੀਤੀ ਤੇ ਵਿਵਸਥਾ 'ਚ ਜੋ ਭਾਰੀ ਤਬਦੀਲੀਆਂ ਹੋਈਆਂ ਹਨ ਉਹਨਾਂ ਨੂੰ ਜਾਨਣਾ ਪਵੇਗਾ।

**ਸਿੱਖਿਆ ਦੇ ਹੱਕ 'ਤੇ ਨਵ-ਉਦਾਰਵਾਦੀ ਹਮਲਾ** - ਭਾਰਤ 'ਚ ਵਿਸ਼ਵੀਕਰਨ ਦੀ ਸ਼ੁਰੂਆਤ ਦੀ ਰਸਮੀ ਐਲਾਨ ਤਾਂ ਸੰਨ 1991 'ਚ ਨਵੀਂ ਆਰਥਕ ਨੀਤੀ ਦੇ ਐਲਾਨ ਨਾਲ ਹੋਈ ਸੀ ਪਰ ਇਸ ਦੇ ਏਜੰਡੇ ਦਾ ਸੂਤਰਪਾਤ 1980 ਦੇ ਦਹਾਕੇ ਦੇ ਅੱਧ 'ਚ ਹੀ ਹੋ ਚੁੱਕਿਆ ਸੀ। ਇਸ ਦਾ ਸਬੂਤ ਸੰਸਦ ਵਲੋਂ ਪਾਸ 1986 ਦੀ ਸਿੱਖਿਆ ਨੀਤੀ 'ਚ ਮੌਜੂਦ ਆਪਾ ਵਿਰੋਧੀ ਬਿਆਨਾਂ 'ਚ ਵੇਖਿਆ ਜਾ ਸਕਦਾ ਹੈ। ਇਕ ਪਾਸੇ ਤਾਂ 1986 ਦੀ ਸਿੱਖਿਆ ਨੀਤੀ 'ਚ ਕਿਹਾ ਗਿਆ ਸੀ ਕਿ ਕੋਠਾਰੀ ਸਿੱਖਿਆ ਕਮਿਸ਼ਨ (1964-65) ਰਾਹੀਂ ਅਨੁਸ਼ਾਂਸਿਤ ਗੁਆਂਢੀ ਸਕੂਲ ਵੱਲ ਵਧਣ ਨੂੰ ਏਜੰਡਾ ਬਣਾਇਆ ਜਾਵੇ ਦੂਜੇ ਪਾਸੇ ਕਿਹਾ ਗਿਆ ਕਿ ਸਿੱਖਿਆ ਸਭ ਬੱਚਿਆਂ ਨੂੰ ਸਕੂਲ ਰਾਹੀਂ ਨਹੀਂ ਦਿੱਤੀ ਜਾ ਸਕੇਗੀ। ਸਬੰਧਿਤ ਉਮਰ ਸਮੂਹ (ਨਾਨ-ਫਾਰਮਲ) ਧਾਰਾ ਰਾਹੀਂ ਸਿੱਖਿਅਤ ਕੀਤਾ ਜਾਵੇਗਾ। ਇਸ ਸਮਾਂਨਤਰ ਧਾਰਾ 'ਚ ਰੇਗੂਲਰ ਅਧਿਆਪਕ ਨਹੀਂ ਪੜਾਉਣਗੇ ਉਹਨਾਂ ਦੀ ਥਾਂ ਠੇਕੇ 'ਤੇ ਰੱਖੇ ਸਿੱਖਿਆ ਕਰਮੀ ਪੜਾਉਣਗੇ। ਇਸ ਤਰ੍ਹਾਂ ਸਰਕਾਰੀ ਸਕੂਲ ਦੇ ਹੇਠਾਂ ਦੇਸ਼ ਦੇ ਅੱਧੇ ਬੱਚਿਆ ਲਈ ਘਟੀਆ ਸਿੱਖਿਆ ਦੀ ਇਕ ਪਰਤ ਵਿਛਾਉਣ ਦਾ ਫੈਸਲਾ ਹੋਇਆ। ਇਸ ਨੀਤੀ 'ਚ ਇਕ ਪਾਸੇ ਪਰਤ ਵਿਛਾਉਣ ਦਾ ਫੈਸਲਾ ਹੋਇਆ। ਇਸ ਨੀਤੀ 'ਚ ਇਕ ਪਾਸੇ ਪਰਤ ਵਿਛਾਉਣ ਦਾ ਐਲਾਨ ਸਰਕਾਰੀ ਸਕੂਲ ਦੇ ਉਪਰ ਪੇਂਡੂ ਖੇਤਰ ਦੇ ਮੁੱਠੀਭਰ ਮੁਕਾਬਲਤਨ ਖੁਸ਼ਹਾਲ ਤਬਕੇ ਦੇ ਬੱਚਿਆਂ ਲਈ ਹੋਈ। ਯਾਨੀ ਨਵੋਦਿਆ ਵਿਦਿਆਲਿਆਂ ਦੀ ਪਰਤ ਇਸ ਤਰ੍ਹਾਂ

1986 ਦੀ ਸਿੱਖਿਆ ਨੀਤੀ ਨੇ ਆਮ ਬਰਾਬਰ ਸਕੂਲ ਪ੍ਰਣਾਲੀ ਦੀ ਥਾਂ ਬਹੁ-ਪਰਤੀ ਸਿੱਖਿਆ ਪ੍ਰਣਾਲੀ ਸਥਾਪਤ ਕਰਨ ਦੀ ਵਿਧਾਨਕ ਐਲਾਨ ਕਰ ਦਿੱਤਾ ਜਿਸ ਨੇ 1990 ਦੇ ਦਹਾਕੇ ਵਿੱਚ ਵਿਸ਼ਵੀ ਬਜ਼ਾਰ ਦੀਆਂ ਤਾਕਤਾਂ ਨੂੰ ਸਿੱਖਿਆ ਦੇ ਨਿੱਜੀਕਰਣ ਤੇ ਬਜਾਰੀਕਰਨ ਦੀ ਧਰਾਤਲ ਮੁਹੱਈਆ ਕੀਤੀ।

ਨਵੀਂ ਆਰਥਕ ਨੀਤੀ ਪਿੱਛੋਂ ਵਿਸ਼ਵੀ ਬਜ਼ਾਰ ਦੀ ਨੁਮਾਇੰਦਗੀ ਕਰਨ ਵਾਲੀਆਂ ਦੋ ਤਾਕਤਵਰ ਸੰਸਥਾਵਾਂ ਕੌਮਾਂਤਰੀ ਮੁਦਰਾ ਕੋਸ਼ (I.M.F) ਤੇ ਸੰਸਾਰ ਬੈਂਕ ਨੇ ਭਾਰਤ ਸਰਕਾਰ ਦੇ ਸਾਹਮਣੇ ਕਰਜਾ ਤੇ ਗਰਾਂਟ ਹਾਸਲ ਕਰਨ ਲਈ ਆਪਣੀਆਂ ਸ਼ਰਤਾਂ ਦਾ ਪੈਕੇਜ ਰੱਖਿਆ। ਇਸ ਦਾ ਨਾਂ ਸੀ 'ਸੰਰਚਨਾਤਮਕ ਸਮਾਯੋਜਨ ਪ੍ਰੋਗ੍ਰਾਮ' (ਸਟਰੇਕਚੂਅਲ ਅਫਜਸਮੈਂਟ ਪ੍ਰੋਗ੍ਰਾਮ) ਜਾਂ ਕਹੋ ਢਾਂਚਾ ਢਲਾਈ ਪ੍ਰੋਗ੍ਰਾਮ। ਇਸ ਤਹਿਤ ਸਰਕਾਰ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ ਦੇਸ਼ ਦੇ ਸਿੱਖਿਆ ਤੇ ਸਿਹਤ ਸਮੇਤ ਸਾਰੇ ਸਮਾਜਕ ਵਿਕਾਸ ਤੇ ਕਲਿਆਲਣਕਾਰੀ ਕੰਮਾਂ 'ਤੇ ਖ਼ਰਚ ਘਟਾਵੇ। ਸਰਕਾਰ ਨੇ ਇਹਨਾਂ ਸ਼ਰਤਾਂ ਨੂੰ ਮੰਨ ਲਿਆ। ਵਰਨਣ ਕਰਨਯੋਗ ਹੈ ਕਿ ਕੋਠਾਰੀ ਸਿੱਖਿਆ ਕਮਿਸ਼ਨਰ ਨੇ ਕਿਹਾ ਸੀ ਕਿ ਪ੍ਰੀ-ਪ੍ਰਾਇਮਰੀ ਪੱਧਰ ਤੋਂ ਲੈ ਕੇ ਉੱਚ ਸਿੱਖਿਆ ਤੱਕ ਚੰਗੀ ਗੁਣਵੰਣਤਾ ਦੀ ਸਿੱਖਿਆ ਦੇਣ ਲਈ ਜ਼ਰੂਰੀ ਹੈ ਕਿ ਦੇਸ਼ ਦੀ ਕੁੱਲ ਕੌਮੀ ਪੈਦਾਵਾਰ ਦਾ ਘੱਟੋ-ਘੱਟ 6 ਫੀਸਦੀ ਸਿੱਖਿਆ 'ਤੇ ਖ਼ਰਚ ਕੀਤਾ ਜਾਵੇ। ਇਸਦੇ ਬਾਵਜੂਦ ਸੰਨ 1991 ਦੀ ਆਰਥਕ ਨੀਤੀ ਕਾਰਨ ਅਗਲੇ 16 ਸਾਲਾਂ 'ਚ ਕੁਲਕੌਮੀ ਪੈਦਾਵਾਰ ਦੀ ਫੀਸਦੀ ਵਜੋਂ ਸਿੱਖਿਆ ਤੇ ਕੀਤਾ ਜਾਣ ਵਾਲਾ ਖ਼ਰਚ ਲਗਾਤਾਰ ਘਟਾਇਆ ਗਿਆ ਸਿਵਾਏ ਵਿਚਕਾਰਲੇ ਦੋ ਸਾਲਾਂ ਦੇ। ਸੰਨ 2007-08 'ਚ ਇਹ ਖ਼ਰਚ ਘੱਟਦੇ-ਘੱਟਦੇ ਵੀਹ ਸਾਲਾਂ ਪਹਿਲਾਂ ਦੇ ਪੱਧਰ 'ਤੇ ਆ ਗਿਆ ਯਾਨੀ ਕੁਲ ਕੌਮੀ ਪੈਦਾਵਾਰ ਦਾ ਸਿਰਫ਼ 3.5 ਫੀਸਦੀ ਸਪੱਸ਼ਟ ਹੈ ਕਿ ਲੋਕਾਂ ਦੇ ਸਭ ਤਬਕਿਆਂ ਨੂੰ ਸਮਤਾਮੂਲਕ ਗੁਣਵੰਣਤਾ ਦੀ ਸਿੱਖਿਆ ਮੁਹੱਈਆ ਕਰਾਉਣ ਲਈ ਹਾਕਮ ਜਮਾਤ ਦੀ ਰਾਜਸੀ ਇੱਛਾ ਸ਼ਕਤੀ ਘੱਟਦੀ ਗਈ ਹੈ। ਅਜਿਹਾ ਕਰਨ ਵਿੱਚ ਵਿਸ਼ਵੀ ਬਜ਼ਾਰ ਦੀਆਂ ਤਾਕਤਾਂ ਦਾ ਛੁਪਿਆ ਏਜੰਡਾ ਭਾਰਤ ਦੀ ਵਿਸ਼ਾਲ ਸਰਕਾਰੀ ਸਕੂਲ ਪ੍ਰਣਾਲੀ (ਅੱਜ ਲਗਭਗ 12 ਲੱਖ ਸਕੂਲ) ਨੂੰ ਢਹਿ ਢੇਰੀ ਕਰਨਾ ਸੀ ਤਾਂ ਕਿ ਉਸ ਦੀ ਥਾਂ ਫੀਸ ਲੈਣ ਵਾਲੇ ਨਿੱਜੀ ਸਕੂਲ ਲੈ ਸਕਣ। ਇਸ ਏਜੰਡੇ ਦਾ ਦੂਜੇ ਪਹਿਲੂ ਸਰਕਾਰ ਨੂੰ ਸਿੱਖਿਆ ਪ੍ਰਤੀ ਆਪਣੀ ਸੰਵਿਧਾਨਕ ਜੁਆਬਦੇਹੀ ਤੋਂ ਬਰੀ ਹੋਣ ਦਾ ਮੌਕਾ ਦੇਣਾ ਸੀ ਪਰ ਏਨੀ ਵੱਡੀ ਤੇ ਸਥਾਪਤ ਪ੍ਰਣਾਲੀ ਨੂੰ ਖ਼ਤਮ ਕਰਨਾ ਸੌਖਾ ਨਹੀਂ ਸੀ। ਇਸ ਲਈ ਸੰਸਾਰ ਬੈਂਕ ਨੇ ਸੰਨ, 1993-94 ਤੋਂ ਸਰਕਾਰੀ ਖ਼ਰਚ 'ਚ ਕਟੌਤੀ ਦੇ ਸਿੱਟੇ ਵਜੋਂ ਹੋਏ ਹਰਜੇ ਦੀ ਅੰਸ਼ਿਕ ਪੂਰਤੀ ਦੇ ਨਾਂ ਹੇਠ ਸਿੱਖਿਆ ਲਈ ਕਰਜਾ ਤੇ ਗਰਾਂਟ ਦਾ ਕੰਮ ਸ਼ੁਰੂ ਕੀਤਾ। ਜਿਸ ਨੂੰ ਜ਼ਿਲ੍ਹਾ ਮੁੱਢਲੀ ਸਿੱਖਿਆ ਪ੍ਰੋਗ੍ਰਾਮ (ਡੀ. ਪੀ. ਈ. ਪੀ.) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਥੇ ਪੂਰੇ ਭਾਰਤ ਵਿੱਚ ਕੇਂਦਰੀ ਤੇ ਰਾਜ ਸਰਕਾਰਾਂ ਮਿਲ ਕੇ ਅੱਠ ਸਾਲ ਦੀ ਮੁੱਢਲੀ ਸਿੱਖਿਆ 'ਤੇ ਲਗਭਗ 40000 ਕਰੋੜ ਰੁਪਏ ਸਲਾਨਾ ਖ਼ਰਚ ਕਰ ਰਹੀ ਸੀ ਉਥੇ ਸੰਸਾਰ ਬੈਂਕ ਨੇ ਖੁਦ ਵਲੋਂ ਪ੍ਰਯੋਜਿਤ ਡੀ. ਪੀ. ਈ. ਪੀ. 'ਚ ਸਿਰਫ਼ 500 ਤੋਂ 1000 ਕਰੋੜ ਰੁਪਏ ਸਲਾਨਾ ਖ਼ਰਚ ਕਰਕੇ ਸਕੂਲੀ ਸਿੱਖਿਆ ਨੀਤੀ 'ਤੇ ਆਪਣਾ

ਦਾਬਾ ਸਥਾਪਤ ਕਰ ਲਿਆ। ਸੰਸਾਰ ਬੈਂਕ ਤੇ ਇਸ ਦੀਆਂ ਸਹਿਯੋਗੀ ਕੌਮਾਂਤਰੀ ਵਿੱਤ ਪੌਸ਼ਿਕ ਸੰਸਥਾਵਾਂ ਦੀ ਇਸ ਘੁਸਪੈਂਠ ਦੇ ਸਿੱਟੇ ਵਜੋਂ ਅਗਲੇ 10-15 ਸਾਲਾਂ 'ਚ ਭਾਰਤ ਦੀ ਪੂਰੀ ਵਿਵਸਥਾ ਤਹਿਸ-ਨਹਿਸ ਹੋ ਗਈ। ਵਿਸ਼ਵੀ ਬਜ਼ਾਰ ਦੀ ਇਸ ਰਣਨੀਤੀ ਦੇ ਹੇਠਾ ਲਿਖੇ ਪੱਖ ਪਹਿਚਾਣੇ ਜਾ ਸਕਦੇ ਹਨ।

ਬਰਾਬਰ ਸਿੱਖਿਆ ਸਕੂਲ ਪ੍ਰਣਾਲੀ ਦੀ ਥਾਂ ਬਹੁ-ਪਰਤੀ ਸਿੱਖਿਆ ਪ੍ਰਣਾਲੀ ਕਾਇਮ ਹੋਈ। ਹਰੇਕ ਤਬਕੇ ਲਈ ਇਕ ਵੱਖਰੀ ਗੁਣਵੰਣਤਾ ਦੀ ਸਿੱਖਿਆ ਪਰਤ ਵਿਛਾਉਣ ਦਾ ਨਵਾਂ ਸਮਾਜ ਸਾਸਤਰੀ ਸਿਧਾਂਤ ਘੜਿਆ ਗਿਆ। ਸਿੱਖਿਆ ਰਾਹੀਂ ਦੋ ਕਿਸਮ ਦੇ ਨਾਗਰਿਕ ਬਣਾਉਣ ਦੀ ਕੋਸ਼ਿਸ ਹੋ ਰਹੀ ਹੈ।

ਰੈਗੂਲਰ ਅਧਿਆਪਕ ਦੀ ਥਾਂ ਗੈਰ ਹੁਨਰਮੰਦ ਘੱਟ ਤਨਖਾਹ ਤੇ ਠੇਕੇ 'ਤੇ ਭਰਤੀ ਪੈਰਾਂ ਅਧਿਆਪਕਾਂ ਨੇ ਲੈ ਲਈ।

ਸਿੱਖਿਆ ਨੀਤੀ ਦੇ ਫੈਸਲੇ ਸਾਡੀ ਸੰਸਦ ਅਤੇ ਵਿਧਾਨ ਸਭਾਵਾਂ 'ਚ ਨਾ ਹੋ ਕੇ ਦੇਸ਼ੀ ਤੇ ਕੌਮਾਂਤਰੀ ਬਾਜ਼ਾਰ ਤੇ ਸੰਸਾਰ ਬੈਂਕ ਦੇ ਮੁੱਖ ਦਫ਼ਤਰ 'ਚ ਹੋਣ ਲੱਗੇ। ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਿਆਗ ਕੇ ਸਿੱਖਿਆ ਨੂੰ ਗੈਰ ਸਰਕਾਰੀ ਸੰਗਠਨਾਂ (NGO) ਵੱਡੇ ਕਾਰਪੋਰੇਟ ਘਰਾਣਿਆਂ ਤੇ ਧਾਰਮਿਕ (ਫਿਰਕੂ ਸਮੇਤ) ਸੰਗਠਨਾਂ ਨੂੰ ਸੌਂਪਣ ਦਾ ਖਤਰਨਾਕ ਸਿਲਸਿਲਾ ਸ਼ੁਰੂ ਹੋਇਆ ਸਿੱਖਿਆ ਦਾ ਅਧਿਕਾਰ ਕਾਨੂੰਨ 'ਚ ਇਕ ਨਵਾਂ ਸੋਸ਼ਾ ਛੱਡਿਆ ਗਿਆ ਹੈ ਕਿ ਨਿੱਜੀ ਸਕੂਲਾਂ 'ਚ ਗੁਆਂਢ ਦੇ ਗ਼ਰੀਬ ਬੱਚਿਆਂ ਲਈ 25 ਫੀਸਦੀ ਰਾਖਵਾਂ ਕਰਨ ਦੀ ਵਿਵਸਥਾ ਹੋਵੇਗੀ। ਕਾਨੂੰਨ 'ਚ 25 ਫੀਸਦੀ ਰਾਖਵੇਂਕਰਨ ਦੀ ਵਿਵਸਥਾ ਦਾ ਨਾ ਤਾਂ ਸਿੱਖਿਆ ਦੇ ਅਧਿਕਾਰ ਨਾਲ ਕੋਈ ਸਬੰਧ ਹੈ ਤੇ ਨਾ ਹੀ ਬਰਾਬਰ ਸਕੂਲ ਪ੍ਰਣਾਲੀ ਨਾਲ ਇਸ ਕਾਰਨ ਸਿੱਖਿਆ 'ਚ ਨਿੱਜੀਕਰਨ ਤੇ ਬਜ਼ਾਰੀਕਰਨ ਦੀ ਰਫਤਾਰ ਹੋਰ ਤੇਜ਼ ਹੋ ਜਾਵੇਗੀ। ਵਾਊਚਰ ਪ੍ਰਣਾਲੀ ਨਿੱਜੀ ਸਕੂਲਾਂ ਨੂੰ ਪਿੱਛੇ ਦਰਵਾਜ਼ਿਉਂ ਸਰਕਾਰੀ ਧਨ ਮੁਹੱਈਆ ਕਰਾਉਣ ਤੇ ਵਿਸ਼ਵੀ ਬਾਜ਼ਾਰ ਨੂੰ ਸੰਤੁਸ਼ਟ ਕਰਨ ਦਾ ਹੀ ਤਰੀਕਾ ਹੈ।

ਵਿਸ਼ਵੀ ਬਾਜ਼ਾਰ ਦੀਆਂ ਤਾਕਤਾਂ ਚਾਹੁੰਦੀਆਂ ਹਨ ਕਿ ਸਿੱਖਿਆ ਖਰੀਦੋ-ਫਰੋਖਤ ਦੀ ਵਸਤੂ ਬਣ ਜਾਵੇ ਤਾਂ ਕਿ ਇਸ ਤੋਂ ਮੁਨਾਫਾ ਕਮਾਇਆ ਜਾ ਸਕੇ। ਜੇ ਇਹ ਸਫਲ ਹੋ ਜਾਂਦੀ ਹੈ ਤਾਂ ਫਿਰ ਸਿੱਖਿਆ ਦੇ ਅਧਿਕਾਰ ਦੇ ਕੀ ਅਰਥ ਰਹਿ ਜਾਣਗੇ। ਅੱਜ ਲੋੜ ਇਸ ਗੱਲ ਦੀ ਹੈ ਕਿ ਸਾਮਰਾਜੀ ਵਿਸ਼ਵੀਕਰਨ ਦੇ ਇਕ ਹਿੱਸੇ ਵਜੋਂ ਤਾਬੜ-ਤੋੜ ਤਰੀਕੇ ਨਾਲ ਲਾਗੂ ਕੀਤੇ ਜਾ ਰਹੇ ਸਿੱਖਿਆ ਦੇ ਨਿੱਜੀਕਰਨ/ਬਜਾਰੀਕਰਨ ਤੇ ਸਭਿਆਚਾਰਕ ਪਤਨ ਖ਼ਿਲਾਫ਼ ਕੁਲਹਿੰਦ ਪੱਧਰੀ ਇਕ ਇਨਕਲਾਬੀ ਵਿਦਿਆਰਥੀ ਸੰਘਰਸ਼ ਛੇੜਿਆ ਜਾਵੇ।

# ਕੀ ਹੈ ਮੌਜੂਦ ਵਾਤਾਵਰਣ ਤੇ ਵਿਕਾਸ ਦਾ ਆਪਸੀ ਰਿਸ਼ਤਾ?

ਪਿਛਲੇ ਇਕ ਦਹਾਕੇ ਦੌਰਾਨ ਵਿਸ਼ਵੀ ਗਰਮਾਹਟ (ਧਰਤੀ ਦੇ ਤਾਪਮਾਨ ’ਚ ਵਾਧਾ) ਤੇਜ਼ ਹੋ ਗਈ ਹੈ ਜਿਸ ਨੇ ਮਨੁੱਖ ਜਾਤੀ ਦੇ ਸਾਹਮਣੇ ਇਕ ਵੱਡੀ ਚੁਣੌਤੀ ਖੜੀ ਕਰ ਦਿੱਤੀ ਹੈ। ਕਈ ਅਧਿਐਨਾਂ ਮੁਤਾਬਕ, ਜੇ ਵਿਸ਼ਵੀ ਗਰਮਾਹਟ ਤੇ ਇਸ ਦੇ ਲਈ ਜ਼ਿੰਮੇਵਾਰ ਕਰਨਾਂ ਨੂੰ ਇਸ ਰਫ਼ਤਾਰ ਨਾਲ ਜਾਰੀ ਰਹਿਣ ਦਿੱਤਾ ਗਿਆ ਤਾਂ ਪੂਰੀ ਮਾਨਵ ਜਾਤੀ ਜਾਂ ਇਸ ਦਾ ਇੱਕ ਵੱਡਾ ਭਾਗ ਇਸ ਸਦੀ ਦੇ ਅੰਤ ਤੱਕ ਜਿਉਂਦਾ ਨਹੀਂ ਰਹਿ ਸਕੇਗਾ। ਇਥੋਂ ਤੱਕ ਕਿ ਸਾਮਰਾਜੀ ਸ਼ਕਤੀਆਂ ਅਤੇ ਉਸ ਵਰਗਾ ਸੋਚਣ ਤੇ ਵਰਤਾਅ ਕਰਨ ਵਾਲੇ ਸੱਤਾਧਾਰੀ ਲੋਕ ਵੀ ਇਸ ਤੱਥ ਤੋਂ ਵਾਕਫ ਹਨ। ਜੀ-8 ਅਤੇ ਜੀ-20 ਦੀਆਂ ਮੀਟਿੰਗਾਂ ’ਚ ਹੋਣ ਵਾਲੀਆਂ ਚਰਚਾਵਾਂ ਸੰਯੁਕਤ ਰਾਸ਼ਟਰ ਵਲੋਂ ਪਾਸ ਮਤਾ ਤੇ ਵਿਸ਼ਵ ਵਪਾਰ ਸੰਗਠਨ (WTO) ਤੇ ਹੋਰ ਮੰਚਾਂ ’ਚ ਹੋਣ ਵਾਲੀਆਂ ਬਹਿਸਾਂ ਇਸ ਦਾ ਸਬੂਤ ਹਨ। ਪਿਛਲੇ ਕਈ ਸਾਲਾਂ ਤੋਂ ਸਵੈ ਸੇਵੀ ਸੰਗਠਨ (NGO) ਵਾਤਾਵਰਣ ਦੇ ਸੁਆਲ ’ਤੇ ਹੋਣ ਵਾਲੀਆਂ ਬਹਿਸਾਂ ’ਚ ਭਾਰੂ ਰਹਿਣ ਦੀ ਕੋਸ਼ਿਸ਼ ਕੀਤੀ ਹੈ ਪਰ ਉਸ ਨੇ ਲਗਾਤਾਰ ਵਧਦੇ ਪ੍ਰਦੂਸ਼ਣ ਤੇ ਵਾਤਾਵਰਣ ਵਿਨਾਸ਼ ਦੇ ਮੂਲ ਕਾਰਨਾਂ ਨੂੰ ਤਲਾਸ਼ਣ ਦੀ ਕੋਈ ਚਿੰਤਾ ਨਹੀਂ ਹੈ। ਕੁਝ ਸਮਾਜ ਸੇਵੀ ਸੰਸਥਾਵਾਂ ਤੇ ਪੁਰਾਤਨ ਪੰਥੀ ਵਿਚਾਰਾਂ ਤੋਂ ਅਸਰਅੰਦਾਜ਼ ਕੁਝ ਸੰਸਥਾਵਾਂ ਤੇ ਵਿਅਕਤੀ ਵਾਤਾਵਰਣ ਦੀ ਸਮੱਸਿਆ ਦਾ ਹੱਲ ਦਸਦਿਆਂ ‘ਵਾਪਸ ਕੁਦਰਤ ਵੱਲ’ ਦਾ ਨਾਹਰਾ ਦੇ ਰਹੇ ਹਨ। ਇਸ ਤਰ੍ਹਾਂ ਇਹ ਸਾਮਰਾਜੀ ਪ੍ਰਬੰਦ ਨੂੰ ਆਪਣੇ ਅਖੌਤੀ ਵਿਕਾਸ ਮਾਡਲ ਵੱਲ ਜਾਰੀ ਰੱਖਣ ’ਚ ਮਦਦ ਕਰ ਰਹੇ ਹਨ। ਹਾਲਾਂਕਿ ਭਾਰਤ ’ਚ ਕੇਂਦਰ ਤੇ ਰਾਜਾਂ ’ਚ ਵਾਤਾਵਰਣ ਮਨਿਸ਼ਟਰੀਆਂ ਹਨ ਪਰ ਸਾਡਾ ਦੇਣ ਤੇ ਇਥੋਂ ਦੇ ਲੋਕ ਵਾਤਵਰਣ ਨਾਲ ਜੁੜੀਆਂ ਜਿਹਨਾਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੇ ਹਨ ਉਹਨਾਂ ਨਾਲ ਨਿਪਟਣ ਲਈ ਇਹ ਮਨਿਸਟਰੀਆਂ ਬਹੁਤ ਘੱਟ ਕਦਮ ਚੁੱਕਦੀਆਂ ਹਨ। ਕੁਲ ਮਿਲਾ ਕੇ ਹਾਕਮ ਸਾਮਰਾਜੀ ਪ੍ਰਬੰਧ, ਉਸ ਅਨੁਸਾਰ ਤੇ ਪੂੰਜੀਵਾਦੀ ਵਿਧਾਨ ਮਨੁੱਖੀ ਜਾਤੀ ਦੀ ਹੋਂਦ ਨੂੰ ਹੀ ਖ਼ਤਰੇ ’ਚ ਪਾ ਰਹੀ ਇਸ ਸਮੱਸਿਆ ਦਾ ਸਤਈ ਜੁਆਬ ਦੇ ਕੇ ਸੰਤੁਸ਼ਟ ਹਨ।

3. ਏਂਗਲਸ ਨੇ ਆਪਣੀ ਵਿਖਿਅਤ ਰਚਨਾ ‘ਕੁਦਰਤ ’ਚ ਦਵੰਦ’ ’ਚ ਕਿਹਾ ਸੀ ਕਿ ਸ਼ਾਤੀਪੂਰਨ ਤਰੀਕੇ ਨਾ ਆਚਰਣ ਕੀਤਾ ਗਿਆ ਤਾਂ ਕੁਦਰਤ ਤੇ ਮਨੁੱਖ ਵਿਚਕਾਰ ਅੰਤਰ ਵਿਰੋਧ ਦੁਸ਼ਮਣੀ ਮੂਲਕ ਅੰਤਰ ਵਿਰੋਧ ’ਚ ਬਦਲ ਸਕਦਾ ਹੈ। ਏਂਗਲਜ਼ ਵਲੋਂ ਸੁਚੇਤ ਕੀਤੇ ਜਾਣ ਦੇ ਬਾਵਜੂਦ ਅਸੀਂ ਵੇਖ ਸਕਦੇ ਹਾਂ ਕਿ ਉਹਨਾਂ ਸਾਰੀਆਂ ਕਮਿਊਨਿਸਟ ਪਾਰਟੀਆਂ ਨੇ ਆਪਣੀਆਂ ਸਿੱਖਿਆਵਾਂ ਖ਼ਿਲਾਫ ਕੰਮ ਕੀਤਾ ਜੋ ਸੋਧਵਾਦੀ ਰਸਤੇ ਵੱਲ ਪਤਿਤ ਹੋ ਗਈਆਂ ਸਨ। ਦਵੰਦਵਾਦੀ ਨਜ਼ਰੀਏ ਨੂੰ ਤਿਆਗ ਕੇ ਇਹਨਾਂ ਸਾਰਿਆਂ ਨੇ ਅਤੀ ਭੌਤਿਕਵਾਦੀ

ਦ੍ਰਿਸ਼ਟੀਕੋਣ ਅਪਣਾਇਆ ਅਤੇ ਸਾਮਰਾਜ ਵਲੋਂ ਨਿਰਦੇਸ਼ਿਤ ਵਿਕਾਸ ਨੀਤੀ ਨਾਲ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਨੂੰ ਨਜ਼ਰਅੰਦਾਜ਼ ਕੀਤਾ। ਸਾਬਕਾ ਸੋਵੀਅਤ ਸੰਘ ਚੀਨ ਜਾਂ ਹੋਰ ਸਾਬਕਾ ਸਮਾਜਵਾਦੀ ਦੇਸ਼ਾਂ ਦੀਆਂ ਸੋਧਵਾਦੀ ਰਾਹ ਤੇ ਪਤਿਤ ਕਮਿਊਨਿਸਟ ਪਾਰਟੀਆਂ ਹੋਣ ਜਾਂ ਭਾਰਤ ਵਰਗੇ ਦੇਸ਼ਾਂ ਵਿੱਚ ਪੂੰਜੀਵਾਦੀ ਜਨਵਾਦੀ ਵਿਵਸਥਾ ਤਹਿਤ ਪੱਛਮੀ ਬੰਗਾਲ ਕੇਰਲਾ ਤੇ ਤਿਰਪੁਰਾ ’ਚ ਹਕੂਮਤ ’ਚ ਆਈ ਪਾਰਟੀ ਹੋਵੇ, ਸਭ ਨੇ ਇਹ ਅਤੀ-ਭੌਤਿਕਤਾ ਵਾਦੀ ਨਜ਼ਰੀਆ ਅਪਣਾਇਆ। ਸੋਧਵਾਦੀਆਂ ਨੇ ਵਾਤਾਵਰਣ ਵਿਨਾਸ਼ ਨੂੰ ਰੋਕਣ ਲਈ ਪ੍ਰਭਾਵੀ ਕਦਮ ਉਠਾਉਣ ਦੀ ਮੰਗ ਕਰਨ ਵਾਲਿਆ ਦਾ ਮਖੌਲ ਉਠਾਉਣ ’ਤੇ ‘ਵਾਤਾਵਰਣ ਕਠਮੁੱਲਾਵਾਦੀ’ ਕਹਿ ਕੇ ਉਹਨਾਂ ਦਾ ਮਜ਼ਾਕ ਬਣਾਇਆ। ਉਹਨਾਂ ਨੇ ਵਾਤਾਵਰਣ ਵਿਨਾਸ਼ ਪ੍ਰਤੀ ਅਸਲ ’ਚ ਚਿੰਤਤ ਲੋਕਾਂ ਅਤੇ ਅਖੌਤੀ ‘ਕੱਟੜ ਵਾਤਾਵਰਣ ਵਾਦੀ’ ਦੇ ਵਿਚਕਾਰ ਬੁਨਿਆਦੀ ਫਰਕ ਨੂੰ ਨਹੀਂ ਪਹਿਚਾਣਿਆ। ਉਹਨਾਂ ਨੇ ਕਦੀ-ਕਦੀ ਤਾਂ ਵੱਧ ਰੁਜ਼ਗਾਰ ਜ਼ਿਆਦਾ ਬਿਜਲੀ, ਜ਼ਿਆਦਾ ਵਿਕਾਸ ਆਦਿ ਦੇ ਨਾਂ ’ਤੇ ਵਾਤਾਵਰਣ ਵਿਨਾਸ਼ ਦੀ ਜ਼ਿਆਦਾ ਖ਼ਤਰਨਾਕ ਢੰਗ ਨਾਲ ਵਕਾਲਤ ਕਰ ਦਿੱਤੀ। ਸੰਖੇਪ ’ਚ ਆਖਿਆ ਜਾਵੇ ਤਾਂ ਸਾਮਰਾਜਵਾਦੀ ਤੇ ਉਸ ਦੇ ਦਲਾਲ ਅਤੇ ਮਾਰ ਕਸਵਾਦ-ਲੈਨਿਨਵਾਦ ਤੋਂ ਭਟਕਿਆ ਤਾਕਤਾਂ ਨੇ ਕੁਦਰਤ ਤੇ ਮਾਨਵਜਾਤੀ ਵਿਚਕਾਰ ਦਵੰਦ ਨੂੰ ਦੁਸ਼ਮਣੀ ਮੂਲਕ ਬਣਾਉਣ ’ਚ ਮੁੱਖ ਭੂਮਿਕਾ ਨਿਭਾਈ ਹੈ।

4. ਜਿਵੇਂ ਕਿ ਮਾਰਕਸ ਤੇ ਏਂਗਲਸ ਨੇ ‘ਕਮਿਊਨਿਸਟ ਮੈਨੀਫੇਸਟੋ’ ’ਚ ਲਿਖਿਆ ਹੈ ਕਿ ਪੂੰਜੀਵਾਦ ਨੇ ਆਪਣੇ ਜਨਮ ਦੇ ਸਮੇਂ ਤੋਂ ਹੀ ਪੂਰੀ ਦੁਨੀਆ ਨੂੰ ਆਪਣੀ ਛਵੀ ’ਚ ਢਾਲਨਾ ਸ਼ੁਰੂ ਕਰ ਦਿੱਤਾ ਸੀ। ਪੂੰਜੀ ਦੇ ਆਦਿਮ ਸੰਚੈ ਦੇ ਸਮੇਂ ਤੋਂ ਆਧੁਨਿਕ ਸਨਅਤੀ ਵਿਕਾਸ ਵੱਲ ਵਧਦੇ ਹੋਇਆ। ਕੁਦਰਤੀ ਦੌਲਤ ਨੂੰ ਅੰਨ੍ਹੇਵਾਹ ਲੁੱਟਿਆ ਗਿਆ। ਪੂੰਜੀਵਾਦੀ ਹੋਰ ਅੱਗੇ ਚਲ ਕੇ ਸਾਮਰਾਜੀ ਵਿਕਾਸ ਨੀਤੀ ਤਹਿਤ ਕੁਦਰਤੀ ਦੌਲਤ ਦੀ ਇਹ ਲੁੱਟ ਤੇਜ਼ ਤੋਂ ਤੇਜ਼ ਹੁੰਦੀ ਗਈ। ਹਜ਼ਾਰਾ ਸਾਲ ਦੇ ਮਨੁੱਖੀ ਯਤਨਾਂ ਨਾਲ ਜਿਹਨਾਂ ਚੀਜ਼ਾਂ ਤੇ ਖੇਤੀ ਦੇ ਢੰਗ ਨੂੰ ਵਿਕਸਤ ਕੀਤਾ ਗਿਆ ਸੀ, ਦੂਜੀ ਸੰਸਾਰ ਜੰਗ ਪਿੱਛੋਂ ਕੁਝ ਹੀ ਦਹਾਕਿਆਂ ’ਚ ਉਸ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਜੇਨੇਟਿਕ ਬੀਜ਼ਾਂ ਤੇ ਖੇਤੀ ਵਸਤਾਂ ਨੂੰ ਤਾਬੜਤੋੜ ਢੰਗ ਨਾ ਠੋਸ ਦਿੱਤਾ ਗਿਆ। ਜਿਸ ਦੇ ਕੁਦਰਤ ਤੇ ਮਨੁੱਖ ਜਾਤੀ ਦੇ ਪੈਣ ਵਾਲੇ ਅਸਰਾਂ ਨੂੰ ਕਈ ਦਹਾਕਿਆਂ ਤੱਕ ਨਿਰੰਤਰ ਮੁਲਅੰਕਣ ਕਰਨ ਪਿਛੋਂ ਹੀ ਜਾਣਿਆ ਜਾ ਸਕੇਗਾ। ਖਾਦ, ਕੀਟਨਾਸ਼ਕ ਆਦਿ ਦੀ ਪੈਦਾਵਾਰ ਦੇ ਨਾਂ ’ਤੇ ਅਤੇ ਫੌਜੀ ਵਰਤੋਂ ਲਈ ਜ਼ਰੂਰੀ ਸਾਵਧਾਨੀ ਵਰਤੇ ਬਗੈਰ ਬਹੁਕੌਮੀ ਕਾਰਪੋਰੇਸ਼ਨਾਂ ਵਲੋਂ ਕੈਮੀਕਲ ਸਨਅਤਾਂ ਸਥਾਪਨਾ ਕੀਤੀ ਗਈ। ਇਸ ਨਾਲ ਭੁਪਾਲ ਵਰਗੇ ਕਤਲੇਆਮ ਹੋਏ। ਹੀਰੋਸੀਮਾ ਤੇ ਨਾਗਾਸਾਕੀ ’ਚ ਪ੍ਰਮਾਣੂ ਬੰਬਾਂ ਦੇ ਭਿਅੰਕਰ ਅਨੁਭਵ ਦੇ ਬਾਵਜੂਦ ਅਖੌਤੀ ‘ਸ਼ੀਤ ਜੰਗ’ ਦੀ ਸਮਾਪਤੀ ਦੇ ਦਾਅਵੇ ਦੇ ਬਾਵਜੂਦ, ਪ੍ਰਮਾਣੂ ਹਥਿਆਰਾਂ ਦੀ ਦੌੜ ਜਾਰੀ ਹੈ। ਚੇਰਨੋਬਲ ਤੇ ਥ੍ਰੀਮੀ ਆਈਲੈਂਡ ਵਰਗੀਆਂ ਦੁਰਘਟਨਾਵਾਂ ਦੇ ਬਾਵਜੂਦ ਅਤੇ ਪ੍ਰਮਾਣੂ ਕਚਰੇ ਨੂੰ ਕਿਨਾਰੇ ਲਾਉਣ ਅਤੇ ਪ੍ਰਮਾਣੂ ਵਿਕਰਣ ਨੂੰ ਰੋਕਣ ਲਈ ਪੂਰੀ ਤਰ੍ਹਾਂ ਸੁਰੱਖਿਅਤ ਤਰੀਕਾ ਲੱਭਣ

’ਚ ਹੁਣ ਤੱਕ ਅਸਫਲ ਹੋਣ ਦੇ ਬਾਵਜੂਦ, ਭਾਰਤ ਦੀ ਦਲਾਲ ਸਰਕਾਰ, ਸਾਮਰਾਜੀ ਸ਼ਕਤੀਆਂ ਖਾਸ ਕਰਕੇ ਅਮਰੀਕੀ ਸਾਮਰਾਜ ਦੇ ਕਹਿਣ ’ਤੇ ਦਿਓ ਕਦ ਪ੍ਰਮਾਣੂ ਊਰਜਾ ਕਾਰਖਾਨਿਆਂ ਦੀ ਉਸਾਰੀ ਕਰਨ ਜਾ ਰਹੀ ਹੈ, ਜਿਵੇਂ ਕਿ ਮਹਾਰਾਸ਼ਟਰ ਦੇ ਜੈਤਾਪੁਰ ’ਚ। ਇਸ ਤਰ੍ਹਾਂ ਨਵ-ਬਸਤੀਵਾਦੀਕਰਣ ਦੇ ਤਹਿਤ ਕੁਦਰਤ ਦਾ ਵਿਨਾਸ਼ ਖ਼ਤਰਨਾਕ ਹੱਦ ਤੱਕ ਪਹੁੰਚ ਗਿਆ ਹੈ।

5. ਕਾਰਬਨ ਗੈਸਾਂ ਦੇ ਨਿਕਾਸ ’ਤੇ ਕੰਟਰੋਲ ਬਾਰੇ ਖੂਬ ਬਹਿਸ ਹੋ ਚੁੱਕੀ ਹੈ ਡਬਲਯੂ ਟੀ. ਓ ’ਚ ਵੀ ਕਈ ਪੜਾਵਾਂ ਦੀ ਗੱਲਬਾਤ ਹੋਈ ਹੈ। ਪਰ ਬਹੁਕੌਮੀ ਕਾਰਪੋਰੇਸ਼ਨ ਤੇ ਸਨਅਤੀ ਘਰਾਣਿਆਂ ਦੀ ਅਗਵਾਈ ’ਚ ਪੈਟਰੋਲੀਅਮ ਆਟੋ ਮੋਬਾਇਲ ਲਾਬੀ ਕਾਰਾਂ ਤੇ ਹੋਰ ਨਿੱਜੀ ਵਾਹਨਾਂ ਦੀ ਪੈਦਾਵਾਰ ’ਚ ਕਟੌਤੀ ਕਰਨ ਲਈ ਅਤੇ ਬੱਸ, ਰੇਲ, ਜਲ ਟਰਾਂਸਪੋਰਟ ਵਰਗੀ ਜਨਤਕ ਆਵਾਜਾਈ ਸਹੂਲਤ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਨਹੀਂ ਹੈ। ਐਕਸਪ੍ਰੈਸ ਵੇ (ਰਾਜ ਮਾਰਗ) ਤੇ ਫਲਾਈ ਓਵਾਰਾਂ ਦੀ ਉਸਾਰੀ ਨਾਲ ਤੇ ਮੋਟਰਗੱਡੀਆਂ ਦੀ ਗਿਣਤੀ ਵਿੱਚ ਕਈ ਗੁਣਾਂ ਵਾਧੇ ਨਾਲ ਵਾਤਾਵਰਣ ਨੂੰ ਵਧ ਨੁਕਸਾਨ ਹੋ ਰਿਹਾ ਹੈ। ਖਪਤਵਾਦ ਨੂੰ ਤਰ੍ਹਾਂ-ਤਰ੍ਹਾਂ ਨਾਲ ਹੱਲਾਸ਼ੇਰੀ ਦੇਣ ਅਜਿਹੇ ਪ੍ਰੋਜੈਕਟ ਬਣ ਰਹੇ ਹਨ ਜੋ ਵਾਤਾਵਰਣ ਨੂੰ ਨੁਕਸਾਨਦੇਹ ਸਨ। ਇਸ ਦੇ ਬਾਵਜੂਦ ਕਿਓਟੋ ਪ੍ਰੋਟੋਕਾਲ ਤੇ ਬਾਲੀ ਵਾਰਤਾ ਵਰਗੀਆਂ ਕੋਸ਼ਿਸ਼ਾਂ ਦੀ ਵਰਤੋਂ ਸਾਮਰਾਜੀ ਵਿਕਾਸ ਮਾਡਲ ਨੂੰ ਜਾਰੀ ਰੱਖਣ ਲਈ ਕੀਤੀ ਜਾ ਰਹੀ ਹੈ ਸਾਮਰਾਜੀ ਦੇਸ਼ਾਂ ਤੇ ਨਵ-ਬਸਤੀਵਾਦੀ ਕਰਣ ਦੇ ਅਧੀਨ ਦੇਸ਼ਾਂ ਦੇ ਜੀਵਨਪੱਧਰ ’ਚ ਜੋ ਭਾਰੀ ਫਰਕ ਹੈ, ਉਸ ਨੇ ਬਰਕਰਾਰ ਰੱਖਿਆ ਗਿਆ ਹੈ ਕਿਉਂਕਿ ਪੂੰਜੀ ਵਧ ਤੋਂ ਵੱਧ ਜੁਗਾੜੀ ਰੂਪ ਲੈਂਦੀ ਜਾ ਰਹੀ ਹੈ ਅਤੇ ਮੁਨਾਫੇ ਦਾ ਲਾਲਚ ਤੇ ਬਾਜ਼ਾਰ ਦੀ ਪੂੰਜੀ ਹਰਮਨ ਪਿਆਰੀ ਹੋ ਗਈ ਹੈ। ਇਸ ਲਈ ਸਰਬਵਿਆਪੀ ਪ੍ਰਦੂਸ਼ਣ ਦੇ ਹਾਲਾਤ ਪੈਦਾ ਹੋ ਗਏ ਹਨ। ਆਪਣੇ ਜਮਾਤੀ ਹਿੱਤਾਂ ਲਈ ਵਿਗਿਆਨ ਤੇ ਤਕਨੀਕ ਦੀ ਵਰਤੋਂ ਕਰਦਿਆਂ ਭਾਰੂ ਸਾਮਰਾਜੀ ਪ੍ਰਬੰਦ ਤੇ ਨਵ-ਬਸਤੀਆਂ ਦੇ ਦਲਾਲ ਹਾਕਮਾਂ ਵਲੋਂ ਠੋਸੀ ਗਈ ‘ਵਿਕਾਸ ਨੀਤੀ’ ਅਤੇ ‘ਵਿਕਾਸ ਦਰ ਸੂਚਕਾਂਕ’ ਵਾਤਾਵਰਣ ਦੇ ਵਿਨਾਸ਼ ਦਾ ਬੁਨਿਆਦੀ ਕਾਰਣ ਹੈ ਜੋ ਅੱਜਕੱਲ ਬੇਹੱਦ ਉੱਚੇ ਪੱਧਰ ’ਤੇ ਪਹੁੰਚ ਗਿਆ ਹੈ।

6. ਲੱਖਾਂ ਐਨ. ਜੀ. ਓ. ਯੂਰਪੀ ਦੇਸ਼ਾਂ ’ਚ ਜਨਮੀ ‘ਗ੍ਰੀਟਪਾਰਟੀ’ ਵਰਗੀ ਰਾਜਸੀ ਜਥੇਬੰਦੀ ਅਤੇ ਮੱਧਵਰਗੀ ਆਦਰਸ਼ਵਾਦੀ ਵਾਤਾਵਰਣ ਪ੍ਰਤੀ ਚਿੰਤਾ ਜਾਹਰ ਕਰਦੇ ਹਨ ਪਰ ਉਹਨਾਂ ਦੀ ਇਹ ਚਿੰਤਾ ਸਤਹੀ ਹੈ ਕਿਉਂਕਿ ਇਹਨਾਂ ’ਚੋਂ ਕੋਈ ਵੀ ਉਹਨਾਂ ਬੁਨਿਆਦੀ ਕਾਰਣਾਂ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ ਹਨ ਜਿਸ ਕਾਰਨ ਅੱਜ ਵਾਤਾਵਰਣ ਦੀ ਸਮੱਸਿਆ ਨੇ ਪ੍ਰਲੋਕਾਰੀ ਰੂਪ ਧਾਰ ਲਿਆ ਹੈ। ਬਹੁਕੌਮੀ ਕਾਰਪੋਰੇਸ਼ਨਾਂ, ਸਨਅਤੀ ਘਰਾਣਿਆਂ ਤੇ ਖੁਸ਼ਹਾਲ ਜਮਾਤਾਂ ਵਲੋਂ ਜਿਸ ਤਰ੍ਹਾਂ ਵਿਗਿਆਨ ਤੇ ਤਕਨੀਕ ਦੀ ਵਰਤੋਂ ਆਪਣੇ ਜਮਾਤੀ ਹਿੱਤ ’ਚ ਕੀਤੀ ਜਾ ਰਹੀ ਹੈ। ਇਹਨਾਂ ਵਿਚੋਂ ਕੋਈ ਵੀ ਉਸ ’ਤੇ ਹਮਲਾ ਨਹੀਂ ਕਰਦਾ ਹੈ। ਇਹਨਾਂ ’ਚੋਂ ਕੋਈ ਵੀ ਸਾਮਰਾਜੀ ਪ੍ਰਬੰਦ ਦੀ ਅਖੌਤੀ ‘ਵਿਕਾਸ ਨੀਤੀ’ ਦਾ ਪਰਦਾਫਾਸ਼ ਨਹੀਂ ਕਰਦਾ ਹੈ। ਜੋ ਮੌਜੂਦਾ ਹਾਲਤਾਂ ਲਈ ਜ਼ਿੰਮੇਵਾਰ ਹੈ। ਇਹ ਸਭ ਗੈਰ-ਜਮਾਤੀ ਰੁੱਖ ਅਪਣਾ ਕੇ ਮਨੁੱਖ ਜਾਤੀ ਦੀ ਹੋਂਦ ਨੂੰ ਹੀ ਖ਼ਤਰੇ ’ਚ

ਪਾ ਦੇਣ ਲਈ ਆਲਮੀ ਤਪਸ ਤੇ ਵਾਤਾਵਰਣ ਦੀਆਂ ਹੋਰ ਮੁੱਖ ਸਮੱਸਿਆਵਾਂ ਦੇ ਬੁਨਿਆਦੀ ਕਾਰਨਾਂ ਤੋਂ ਧਿਆਨ ਲਾਂਭੇ ਕਰ ਦਿੰਦੇ ਹਨ।

7. ਪਿਛਲੇ ਤਿੰਨ-ਚਾਰ ਸੌ ਸਾਲ ਦੌਰਾਨ ਮਨੁੱਖੀ ਸਮਾਜ ਤੇ ਵਾਤਾਵਰਣ ਦਾ ਇਤਿਹਾਸ ਦਰਸਾਉਂਦਾ ਹੈ ਕਿ ਪੂੰਜੀਵਾਦੀ ਦੇ ਜਨਮ ਦੇ ਸਮੇ ਤੋਂ ਹੀ ਪੂੰਜੀਵਾਦੀ ਪ੍ਰਬੰਦ ਤੇ ਫਿਰ ਸਾਮਰਾਜੀ ਤਾਣੇ-ਬਾਣੇ ਨੇ ਵਿਗਿਆਨ ਤੇ ਤਕਨੀਕ ਸਮੇਤ ਦੁਨੀਆ 'ਚ ਹਰੇਕ ਚੀਜ਼ ਦੀ ਵਰਤੋਂ ਪੂੰਜੀ ਤੇ ਮੁਨਾਫਾ ਵਧਾਉਣ ਲਈ ਕੀਤੀ ਹੈ। ਪੂੰਜੀਵਾਦੀ ਵਿਕਾਸ ਨੀਤੀ ਹਮੇਸ਼ਾ ਤੋਂ ਇਹੀ ਰਹੀ ਹੈ ਕਿ ਕੁਦਰਤੀ ਤੇ ਮਨੁੱਖੀ ਦੌਲਤਾ ਦੀ ਵੱਧ ਤੋਂ ਵੱਧ ਲੁੱਟ ਕਰਕੇ ਕਿਸ ਤਰ੍ਹਾਂ ਮੁਨਾਫੇ ਨੂੰ ਵਧ ਤੋਂ ਵਧ ਬਣਾਇਆ ਜਾਵੇ। ਸਿੱਟੇ ਵਜੋਂ ਜੋ ਵੀ 'ਉਨਤੀ' ਹੋਈ ਹੈ ਉਹ ਵਾਤਾਵਰਣ ਸੰਤੁਲਨ ਦੇ ਵਿਨਾਸ਼ ਦੀ ਕੀਮਤ ਤੇ ਹੋਈ ਹੈ। ਇਸ ਲਈ ਇਕ ਵਿਕਲਪਿਕ ਵਿਕਾਸ ਨੀਤੀ ਦੀ ਲੋੜ ਹੈ। ਜੋ ਬਰਾਬਰੀ ਦੇ ਆਧਾਰ 'ਤੇ ਅਤੇ ਵਾਤਾਵਰਣ ਸੰਤੁਲਨ ਨੂੰ ਕਾਇਮ ਰੱਖਦਿਆਂ ਉਨਤੀ ਯਕੀਨੀ ਬਣਾਵੇ ਕਿਉਂਕਿ ਜਦ ਤੱਕ ਸਾਮਰਾਜ ਦਾ ਦਾਬਾ ਕਾਇਮ ਹੈ, ਇਹ ਅਜਿਹੀ ਬਦਲਵੀਂ ਵਿਕਾਸ ਨੀਤੀ 'ਤੇ ਅਮਲ ਨਹੀਂ ਕਰਨ ਦੇਵੇਗਾ, ਇਸ ਲਈ ਸਾਮਰਾਜੀ ਪ੍ਰਬੰਦ ਨੂੰ ਉਖਾੜ ਕੇ ਹੀ ਇਸ ਨੂੰ ਵਿਹਾਰ (ਅਮਲ) 'ਚ ਲਾਗੂ ਕੀਤਾ ਜਾ ਸਕਦਾ ਹੈ।

8. ਇਸ ਦਾ ਅਰਥ ਇਹ ਹੈ ਕਿ ਮਨੁੱਖੀ ਸਮਾਜ ਦੀ ਹੋਂਦ ਦੀਆਂ ਹਾਲਤਾਂ ਨੂੰ ਯਕੀਨੀ ਬਣਾਉਣ ਲਈ ਵਾਤਾਵਰਣ ਤਾਣੇ-ਬਾਣੇ ਨੂੰ ਨਸ਼ਟ ਕਰ ਰਹੀ ਵਿਕਾਸ ਦੀ ਸਾਮਰਾਜੀ ਧਾਰਨਾ ਦੇ ਵਿਨਾਸ਼ਕਾਰੀ ਸਿੱਟਿਆਂ ਦਾ ਮੁਕਾਬਲਾ ਕਰਦਿਆਂ ਸਾਮਰਾਜ ਅਤਿਆਚਾਰ ਦੀ ਥਾਂ ਸਮਾਜਵਾਦੀ ਆਰਥਕ ਰਾਜਸੀ ਵਿਵਸਥਾ ਕਾਇਮ ਕਰਨ ਦੀ ਲੋੜ ਹੈ। ਸਮਾਜ-ਵਾਦੀ ਰਸਤੇ 'ਤੇ ਅੱਗੇ ਵਧਣ ਲਈ ਸੋਵੀਅਤ ਸੰਘ 'ਚ ਸਮਾਜਵਾਦ ਦੀ ਉਸਾਰੀ ਦੇ ਅਨੁਭਵਾਂ ਤੋਂ ਸਿੱਖਣ ਲਈ ਕਾਫੀ ਕੁਝ ਹੈ। ਪਰ ਅੱਗੇ ਚਲਕੇ ਉਸ ਦੀ ਅਗਵਾਈ ਪੂੰਜੀਵਾਦੀ ਰਾਹ 'ਚ ਪਤਿਤ ਹੋ ਗਿਆ ਅਤੇ ਉਸ ਨੇ ਇਸ ਅਨੁਭਵ ਤੋਂ ਸਬਕ ਲੈਂਦਿਆ ਹੋਇਆਂ ਆਓ-ਸੇ-ਤੁੰਗ ਨੇ ਚੀਨ ਦੇ ਵਿਕਾਸ ਦਾ ਰਾਹ ਤਹਿ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ 'ਦਸ ਮੁੱਖ ਸਬੰਧ' ਨਾਂ ਦੀ ਦਸਤਾਵੇਜ਼ ਤਿਆਰ ਕੀਤਾ ਸੀ ਪਰ ਮਾਓ ਦੀ ਮੌਤ ਪਿੱਛੋਂ ਸੀ. ਪੀ. ਸੀ. ਦੀ ਅਗਵਾਈ ਨੇ ਉਹਨਾਂ ਦੀਆਂ ਸਿੱਖਿਆ ਨੂੰ ਛੱਡ ਦਿੱਤਾ, 'ਜਨ ਕਮਿਊਨ' ਨੂੰ ਭੰਗ ਕਰ ਦਿੱਤਾ ਅਤੇ 'ਚਾਰ ਅਧੁਨੀਕਰਣ' ਦੇ ਨਾਂ 'ਤੇ ਪੂੰਜੀਵਾਦੀ ਰਾਹ 'ਤੇ ਚਲ ਨਿਕਲੇ। ਇਹ ਇਕ ਤੱਥ ਹੈ ਕਿ ਸਾਬਕਾ ਸਮਾਜਵਾਦੀ ਦੇਸ਼ਾਂ 'ਚ ਜਿਸ ਸਮਾਰਜਵਾਦ ਨੂੰ ਵਿਹਾਰ 'ਚ ਲਿਆਂਦਾ ਗਿਆ ਸੀ, ਉਹ ਸਾਮਰਾਜ ਦਾ ਬਦਲ ਬਣਨ 'ਚ ਕਾਫੀ ਹੱਦ ਅਸਫਲ ਰਿਹਾ ਅਤੇ ਅੱਗੇ ਚਲ ਕੇ ਸਮਾਜਕ-ਸੁਧਾਵਾਦੀ ਅਵਸਥਾ 'ਚ ਪਤਿਤ ਹੋ ਜਾਣ ਜਾਂ ਸਾਮਰਾਜੀ ਵਿਕਾਸ ਨੀਤੀ ਦੀ ਨਕਲ ਕਰਨ ਦੀ ਬਜਾਏ ਕਾਰਨ ਆਪਣੇ ਮੁਕਤੀ ਕਾਮੀ, ਸਮਤਾਵਾਦੀ, ਜਨਵਾਦੀ ਤੇ ਮਾਨਵੀ ਮੁੱਲਾਂ ਨੂੰ ਗੁਆ ਦਿੱਤਾ ਸੀ। ਇਸ ਲਈ ਜੋ ਸਕਾਰਤਮਕ ਸੀ ਉਸ ਨੂੰ ਗ੍ਰਹਿਣ ਕਰਨ ਅਤੇ ਜੋ ਨਾਕਾਰਤਾਮਕ ਸੀ ਉਸ ਨੂੰ ਖਰਜ ਕਰਕੇ ਸਮਾਜ-ਵਾਦੀ ਮੁੱਲਾਂ ਨੂੰ ਫਿਰ ਤੋਂ ਬੁਲੰਦ ਕਰਨਾ ਚਾਹੀਦਾ ਹੈ ਅਤੇ ਬੁਨਿਆਦੀ ਤੌਰ 'ਤੇ ਅੱਡ, ਵਿਕਲਪਿਕ ਵਿਕਾਸ ਨੀਤੀ ਅਪਣਾਉਣੀ

ਚਾਹੀਦੀ ਹੈ ਜਿਸ ਦਾ ਕੁਦਰਤ ਨਾਲ ਰਿਸ਼ਤਾ ਦੁਸ਼ਮਣਾਨਾ ਨਾ ਹੋਵੇ।

9. ਪ੍ਰਗਤੀਸ਼ੀਲ, ਜਮਹੂਰੀ ਤੇ ਇਨਕਲਾਬੀ ਤਾਕਤਾਂ ਸਾਹਮਣੇ ਇਹ ਇਤਿਹਾਸ ਕਾਰਜ ਹੈ ਕਿ ਉਹ ਸਾਮਰਾਜ ਜੁਲਮ ਤੇ ਦਲਾਲ ਹਕੂਮਤੀ ਪ੍ਰਬੰਦ ਖ਼ਿਲਾਫ ਆਪਣੇ ਸੰਘਰਸ਼ ਨੂੰ ਵਿਸਥਾਰ ਦਿੰਦਿਆਂ ਸਮਾਜਵਾਦੀ ਕਦਰਾਂ-ਕੀਮਤਾਂ ਦੇ ਨਾਲ ਇਕ ਬਦਲਵੀਂ ਵਿਕਾਸ ਨੀਤੀ ਪੇਸ਼ ਕਰੇ। ਜੇ ਲੋਕਾਂ ਨੂੰ ਸਿੱਖਿਅਤ ਨਹੀਂ ਕੀਤਾ ਜਾਂਦਾ ਤਾਂ ਇਹ ਸੰਘਰਸ਼ ਅਰਥਹੀਣ ਹੋ ਜਾਵੇਗਾ ਅਤੇ ਵਿਆਪਕ ਜਨਤਾ ਨੂੰ ਆਪਣੇ ਕਲਾਵੇ 'ਚ ਨਹੀਂ ਲੈ ਸਕੇਗਾ।

10. ਇਸ ਪ੍ਰਸੰਗ 'ਚ ਵਾਤਾਵਰਣ ਨਾਲ ਸਬੰਧਤ ਵਿਸ਼ਿਆਂ 'ਤੇ ਅਧਿਐਨ ਕਰਨ ਤੇ ਇਕ ਬਦਲਵੀਂ ਵਿਕਾਸ ਨੀਤੀ ਤਿਆਰ ਕਰਨ ਲਈ ਇਕ ਸਰਗਰਮ ਮੰਚ ਦਾ ਗਠਨ ਹੋਣਾ ਚਾਹੀਦਾ ਹੈ ਜੋ ਵੱਖ-ਵੱਖ ਪੱਧਰਾਂ 'ਤੇ ਬਹਿਸ਼ਾਂ ਕਰਵਾਏ ਤੇ ਲੋਕਾਂ ਦੇ ਵਿਆਪਕ ਹਿੱਸਿਆਂ ਨੂੰ ਵਾਤਾਵਰਣ ਸਬੰਧੀ ਮੁੱਦਿਆਂ 'ਤੇ ਲਾਮਬੰਦ ਕਰੇ। ਕੇਂਦਰ ਤੇ ਰਾਜਾਂ 'ਚ ਹਾਕਮ ਸਭ ਰਾਜਸੀ ਪਾਰਟੀਆਂ ਸਾਮਰਾਜ ਵਲੋਂ ਨਿਰਦੇਸ਼ਿਤ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਆਪਸ 'ਚ ਦੌੜ ਲੱਗੀ ਹੋਈ ਹੈ ਜਿਸ ਨਾਲ ਵਾਤਾਵਰਣ ਦਾ ਵਿਨਾਸ਼ ਤੇਜ਼ ਹੋ ਰਿਹਾ ਹੈ ਅਜਿਹੀ ਹਾਲਤ 'ਚ ਸਾਰੇ ਵਾਤਾਵਰਣ ਚਿੰਤਤ ਲੋਕਾਂ ਨੂੰ ਇਕ ਮੰਚ 'ਤੇ ਆਉਣਾ ਚਾਹੀਦਾ ਹੈ।

# ਗੁਜਰਾਤ 'ਚ ਬੰਧੂਆ ਬਚਪਨ ਕਿਵੇਂ?

ਉਮਰ ਵੱਧ ਗਈ ਹੈ। ਪਰ ਆਵਾਜ਼ 'ਚ ਦਮ ਅਜੇ ਵੀ ਬਰਕਰਾਰ ਹੈ। ਬਿੱਗ ਬੀ ਹਨ ਇਹ, ਦਹਾੜਦੇ ਹੋਏ ਕਹਿੰਦੇ ਹਨ ਕੁਝ ਦਿਨ ਗੁਜਾਰੋ ਗੁਜਰਾਤ ਵਿੱਚ। ਇਕ ਪਾਸੇ ਵੱਡੇ ਬਚਨ ਹਨ ਜੋ ਗੁਜਰਾਤ ਬੁਲਾਉਂਦੇ ਹਨ। ਦੂਜੇ ਪਾਸੇ 12 ਸਾਲ ਦਾ ਬੁਧਵਾ ਹੈ। ਉਂਜ ਤਾਂ ਉਸ ਨੂੰ ਨੀਂਦ ਨਹੀਂ ਆਉਂਦੀ, ਤਾਂ ਰਾਤ ਚੀਕਦਿਆਂ ਲੰਘਦੀ ਹੈ। ਉਹ ਕਹਿੰਦਾ ਹੈ ਗੁਜਰਾਤ ਮੱਤ ਆਉਣਾ ਵਾਰ ਵਾਰ ਸੁਪਨੇ 'ਚ ਉਸ ਨੂੰ ਉਹ ਚਾਰ ਦੀਵਾਰੀਆਂ ਨਜ਼ਰ ਆਉਂਦੀਆਂ ਹਨ ਜਿਥੇ ਉਸ ਨੂੰ ਸੋਟੀਆਂ-ਡੰਡਿਆਂ ਨਾਲ ਕੁਟਿਆ ਜਾਂਦਾ ਸੀ। ਉਸ ਨੂੰ ਹੁਣ ਕਿਸੇ ਵੀ ਆਹਟ ਤੋਂ ਡਰ ਲੱਗਦਾ ਹੈ। ਦਾਦੀ ਦੀ ਸਾੜ੍ਹੀ ਦਾ ਪੱਲਾ ਫੜ ਕੇ ਬੁਧਵਾ ਦੱਸਦਾ ਹੈ "ਸਾਨੂੰ ਕਿਹਾ ਗਿਆ ਸੀ ਸੂਰਤ ਚਲੋ, ਉਥੇ ਕੰਮ ਮਿਲੇਗਾ, ਪਰ ਕੱਛ ਲੈ ਗਏ ਫਿਰ ਲੋਕ ਦਿੱਤਾ ਟਾਈਲਾਂ ਬਣਾਉਣ ਦੇ ਕਾਰਖਾਨੇ ਵਿੱਚ ਸਾਨੂੰ ਕਹਿੰਦੇ ਪੱਧਰ ਤੋੜੋ ਕਿਸ ਤਰ੍ਹਾਂ ਤੋੜ ਸਕਦੇ, ਸਾਡੇ ਕੋਲੋਂ ਟੁੱਟਦੇ ਨਹੀਂ ਸਨ, ਅਸੀਂ ਕਿਹਾ ਸਾਨੂੰ ਜਾਣ ਦਿਉ ਤਾਂ ਪੱਪੂ ਭਾਈ ਆ ਗਿਆ ਅਤੇ ਸਾਨੂੰ ਕਿਹਾ ਕਿ ਇਥੋਂ ਕਿਤੇ ਨਹੀਂ ਜਾ ਸਕਦੇ, ਅਸੀਂ ਤੁਹਾਨੂੰ ਖ਼ਰੀਦ ਲਿਆ ਹੈ।" "ਉਹ 3 ਸਨ ਅਤੇ ਅਸੀਂ 23 ਉਹਨਾਂ ਦੇ ਹੱਥ ਵਿੱਚ ਡੰਡੇ ਸਨ, ਸਾਨੂੰ ਕਮਰਾ ਬੰਦ ਕਰਕੇ ਖ਼ੂਬ ਕੁਟਿਆ ਅਤੇ ਕਿਹਾ "ਇੱਥੋਂ ਭੱਜਣ ਦੀ ਕੋਸ਼ਿਸ਼ ਕਰੋਗੇ ਤਾਂ ਮਾਰ ਦਿੱਤੇ ਜਾਓਗੇ ਪਰ ਫਿਰ ਵੀ ਇਕ ਦਿਨ ਅਸੀਂ 7 ਭੱਜ ਨਿਕਲੇ, ਮੀਲਾਂ ਦਾ ਸਫ਼ਰ ਪਿਛੋਂ ਤਿੰਨ ਪਕੜੇ ਗਏ। ਸਾਨੂੰ ਨਹੀਂ ਪਤਾ ਕਿ ਉਹ ਜਿਉਂਦੇ ਹਨ ਜਾਂ ਨਹੀਂ, ਅਸੀਂ ਤਾਂ ਕਿਵੇਂ ਨਾ ਕਿਵੇਂ ਵਾਪਸ ਆ ਗਏ।" ਇਹ ਗੁਜਰਾਤ ਦੇ ਝੁਲਸਦੇ ਬਚਪਨ ਦੀ ਕਹਾਣੀ ਹੈ। ਇਹ ਉਹ 'ਬਾਈਬ੍ਰੈਂਟ' ਗੁਜਰਾਤ ਹੈ ਜਿਸ ਨੂੰ 'ਸਾਈਨਿੰਗ ਇੰਡੀਆ' ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਉਤਰ ਪ੍ਰਦੇਸ਼, ਬਿਹਾਰ ਤੇ ਮੱਧ ਪ੍ਰਦੇਸ਼ ਦੇ ਆਦੀਵਾਸੀ ਬੱਚਿਆਂ ਦੀ ਕਬੂਤਰ-ਬਾਜੀ (ਤਸਕਰੀ) ਦਾ ਸਭ ਤੋਂ ਵੱਡਾ ਕੇਂਦਰ ਬਣ ਗਏ ਹਨ ਇਹ ਸੂਬੇ। ਸੂਰਤ ਤੋਂ ਲੈ ਕੇ ਕੱਛ ਤੱਕ ਵਿਚੋਲੇ ਪੰਜ-ਪੰਜ ਹਜ਼ਾਰ 'ਚ ਬੱਚਿਆਂ ਨੂੰ ਦਲਾਲਾਂ ਕੋਲ ਵੇਚ ਦਿੱਤੇ ਹਨ। ਵਿਕਾਸ ਦੀ ਧੁਤ ਵਜਾ ਰਹੇ ਮੋਦੀ ਦੇ ਰਾਜ ਵਿੱਚ ਸਥਾਪਤ ਦਲ-ਕਾਰਖਾਨਿਆਂ 'ਚ ਬਾਲਾਂ ਦੀ ਲੁੱਟ-ਘਸੁੱਟ ਤੇ ਜ਼ਬਰ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ। ਆਦੀਵਾਸੀ ਬੱਚਿਆ ਨੂੰ ਨਾ ਸਿਰਫ਼ ਜਾਨਵਰਾਂ ਵਾਂਗੂੰ ਜੋਤਿਆ ਜਾ ਰਿਹਾ ਹੈ ਬਲਕਿ ਉਹਨਾਂ ਲਈ ਮਾਂ ਦੀ ਗੋਦ 'ਚ ਵਾਪਸ ਪਰਤਣ ਦੇ ਸਾਰੇ ਰਾਹ ਬੰਦ ਕੀਤੇ ਜਾ ਰਹੇ ਹਨ। ਆਦੀਵਾਸੀ ਬੱਚਿਆਂ ਦੇ ਜ਼ਰੀਏ ਉਭਰ ਕੇ ਸਾਹਮਣੇ ਆ ਰਿਹਾ ਇਹ ਸੱਚ ਮਨਰੇਗਾ ਦੇ ਨਾਂ 'ਤੇ ਪੂਰੇ ਦੇਸ਼ 'ਚ ਆਪਣੀ ਪਿੱਠ ਥਪਥਪਾ ਰਹੀ ਕਾਂਗਰਸ ਤੇ ਸਰਵਜਨ ਦੀ ਗੱਲ ਕਰਨ ਵਾਲੀ ਬਸਪਾ ਸਰਕਾਰ ਦੇ ਮੂੰਹ ਤੇ ਚਪੇੜ ਵੀ ਹੈ। ਪੂਰਵੀ ਉਤਰ ਪ੍ਰਦੇਸ਼ ਦੇ ਸੋਨਮ ਮਰਦਾ ਜਨਪਦ ਵਿੱਚ, ਜਿਥੇ ਹਰ ਸਾਲ ਹਜ਼ਾਰਾਂ ਆਦੀਵਾਸੀ ਬੱਚੇ, ਦਿੱਲੀ, ਹਰਿਆਣਾ ਤੇ ਗੁਜਰਾਤ ਦੀਆਂ ਮੰਡੀਆਂ 'ਚ ਲੈ ਜਾਏ ਜਾਂਦੇ ਹਨ, ਕੁਝ ਵਾਪਸ ਆ ਜਾਂਦੇ ਹਨ ਤਾਂ ਕੁਝ

ਰੋਟੀ ਰੋਜ਼ੀ ਦੀ ਤਲਾਸ਼ ਦਾ ਇਹ ਸਫ਼ਰ ਆਪਣਿਆਂ ਤੋਂ ਜੀਵਨਭਰ ਦੇ ਵਿਛੋੜੇ ਦੀ ਵਜਾਹ ਬਣ ਜਾਂਦਾ ਹੈ। ਸੋਨਭੱਦਰ 'ਚ ਰੇਣੁਕਾ ਨਦੀ ਦੇ ਕਿਨਾਰੇ ਦਾ ਉਹ ਇਲਾਕਾ ਜਿਸ ਨੂੰ ਲੋਕ ਕਾਲਾ ਪਾਣੀ ਕਹਿੰਦੇ ਹਨ, ਉਥੋਂ ਦਾ ਹੀ ਇਕ ਪਿੰਡ ਹੈ। ਟਾਪੂ, ਕਾਲਾਪਾਣੀ ਇਸ ਲਈ ਕਿਉਂਕਿ ਅਜ਼ਾਦੀ ਦੇ 60 ਸਾਲਾਂ ਪਿਛੋਂ ਵੀ ਇਥੋਂ ਦੇ ਸਾਰੇ ਪਿੰਡ ਅਜਿਹੇ ਹਨ ਜਿਥੇ ਜਾਣ ਲਈ ਕੋਈ ਸੜਕ ਨਹੀਂ ਹੈ। ਆਰਥਿਕ ਮੰਦਹਾਲੀ ਤੇ ਘਾਟ ਦੇ ਨਾਲ-ਨਾਲ ਸਰਕਾਰੀ ਅਣਦੇਖੀ ਵੀ ਇਥੇ ਸਾਫ਼ ਦਿਖਾਈ ਦਿੰਦੀ ਹੈ। ਪਿਛਲੇ ਮਹੀਨੇ ਪਿੰਡ ਤੋਂ ਇਕ ਵਾਰ ਫਿਰ 50 ਬੱਚੇ ਅਚਾਨਕ ਇਕ ਦਿਨ ਗਾਇਬ ਹੋ ਗਏ। ਪਤਾ ਲੱਗਿਆ ਕਿ ਸਥਾਨਕ ਦਲਾਲ ਜੋ ਕਿ ਬਾਹਰ ਦੇ ਠੇਕੇਦਾਰ ਦਾ ਏਜੰਟ ਹੈ। ਉਸ ਨੇ ਉਨ੍ਹਾਂ ਨੂੰ 5-5 ਹਜ਼ਾਰ ਰੁਪਏ 'ਚ ਗੁਜਰਾਤ ਦੇ ਭੁਜ ਜਨਪਦ 'ਚ ਇਕ ਟਾਇਲਾਂ ਬਣਾਉਣ ਦੀ ਕੰਪਨੀ ਦਾ ਮਾਲਕ ਕੋਲ ਵੇਚ ਦਿੱਤਾ। ਇਹਨਾਂ ਸਾਰੇ ਬੱਚਿਆਂ ਨੂੰ ਇਹ ਕਹਿ ਕੇ ਲੈ ਜਾਇਆ ਗਿਆ ਸੀ ਕਿ ਉਹਨਾਂ ਨੂੰ 150 ਰੁਪਏ ਰੋਜ ਦੀ ਦਿਹਾੜੀ ਤੇ ਸੂਰਤ 'ਚ ਸਾੜੀ ਦੇ ਕੰਮ 'ਚ ਲਾਇਆ ਜਾਵੇਗਾ ਅਤੇ ਉਹ ਜਦੋਂ ਚਾਹੁਣ ਉਹਨਾਂ ਨੂੰ ਛੁੱਟੀ ਮਿਲ ਜਾਵੇਗੀ। ਕੱਛ ਤੋਂ ਭੱਜਾ ਕੇ 12 ਸਾਲ ਦੇ ਸੰਭੂ ਨੇ ਦੱਸਿਆ ਕਿ "ਉਹ ਸਾਨੂੰ ਰੋਜ ਸਵੇਰੇ 6 ਵਜੇ ਤੋਂ ਰਾਤ ਦੇ 9 ਵਜੇ ਤੱਕ ਤੰਗ ਕਰਦੇ ਰਹਿੰਦੇ ਸਨ। ਜਦੋਂ ਅਸੀਂ ਰੋਂਦੇ ਤਾਂ ਸਾਨੂੰ ਕਮਰੇ 'ਚ ਬੰਦ ਕਰ ਦਿੱਤਾ ਜਾਂਦਾ ਸੀ। ਬੀਮਾਰ ਹੁੰਦੇ ਤਾਂ ਕਹਿੰਦੇ ਕਿ ਦਵਾਈ ਖਾਓ ਪਰ ਬੀਮਾਰੀ 'ਚ ਵੀ ਕੰਮ ਕਰਨਾ ਪੈਂਦਾ ਸੀ। ਮੇਰਾ ਦੋਸਤ ਚੰਦਰਬਲੀ ਬੁਖਾਰ ਨਾਲ ਤਪ ਰਿਹਾ ਸੀ ਫਿਰ ਵੀ ਉਸ ਨੂੰ ਪੱਥਰ ਤੋੜਨ ਲਈ ਕਿਹਾ ਗਿਆ, ਜਦ ਉਸ ਨੇ ਮਨਾ ਕੀਤਾ ਤਾਂ ਡੰਡੇ ਨਾਲ ਮਾਰ-ਮਾਰ ਕਰਕੇ ਉਹਨਾਂ ਨੇ ਡੰਡਾ ਤੋੜ ਸੁੱਟਿਆ।" ਉਥੇ ਮੋਬਾਇਲ ਫੋਨ ਰੱਖਣ ਦੀ ਸਖ਼ਤ ਮਨਾਹੀ ਸੀ, ਅਸੀਂ ਲੋਕ ਜਿਉਂ ਹੀ ਉਥੇ ਪਹੁੰਚੇ ਸਭ ਦੇ ਮੋਬਾਇਲ ਖੋਹ ਲਏ ਗਏ। ਉਹ ਸਾਨੂੰ ਰਾਤ ਨੂੰ ਵੀ ਕਿਸੇ ਵੀ ਸਮੇਂ ਉਠਾ ਦਿੰਦੇ ਤੇ ਕਹਿੰਦੇ ਜਾਓ ਕੰਮ 'ਤੇ ਲੱਗ ਜਾਓ। ਭੱਜ ਕੇ ਆਏ ਬੱਚਿਆਂ 'ਚੋਂ ਇੱਕ ਬੱਚਾ ਰਾਕੇਸ਼ ਉੱਚੀ ਨਹੀ ਬੋਲ ਸਕਦਾ ਕਹਿੰਦਾ ਹੈ ਮੇਰੀ ਆਵਾਜ਼ ਐਸੀ ਹੀ ਹੈ। ਦਹਿਸ਼ਤ ਭਰੀਆਂ ਅੱਖਾਂ ਨਾਲ ਰਾਕੇਸ਼ ਦੱਸਦਾ ਹੈ ਕਿ "ਇਕ ਦਿਨ ਜਦ ਅਸੀਂ ਕੰਪਨੀ ਦੇ ਮਾਲਕ ਤੋਂ ਪੈਸਾ ਮੰਗਿਆ ਤਾਂ ਉਹਨਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਸਾਰਿਆਂ ਨੂੰ ਇਕ ਲੱਖ 30 ਹਜ਼ਾਰ 'ਚ ਖ਼ਰੀਦਿਆਂ ਹੈ। ਹੁਣ ਕੋਈ ਪੈਸਾ ਤੁਹਾਨੂੰ ਲੋਕਾਂ ਨੂੰ ਨਹੀਂ ਮਿਲਣਾ, ਤੁਸੀਂ ਹੀ ਦੱਸੋ ਕੀ ਕਦੀ ਕਿਸੇ ਬੱਚੇ ਨੂੰ ਵੇਚਿਆ ਜਾ ਸਕਦਾ ਹੈ?" ਭੱਜ ਕੇ ਆਏ ਬੱਚਿਆ 'ਚੋਂ ਇਕ 14 ਸਾਲ ਦਾ ਡੱਬੂ ਦੱਸਦਾ ਹੈ ਕਿ ਅਸੀਂ ਲੋਕਾਂ ਨੂੰ ਪਹਿਲਾਂ ਵੀ ਕਈ ਵਾਰੀ ਭੱਜਣ ਦੀ ਸੋਚੀ ਪਰ ਸਾਨੂੰ ਪਤਾ ਸੀ ਕਿ ਉਸ ਨੇ ਰੇਲਵੇ ਸਟੇਸ਼ਨ ਤੋਂ ਲੈ ਕੇ ਹਰ ਥਾਂ ਆਪਣੇ ਆਦਮੀ ਲਾ ਰੱਖੇ ਹਨ। ਉਹ ਸਾਨੂੰ ਛੱਡਣਗੇ ਨਹੀਂ ਅਤੇ ਜਦੋਂ ਅਸੀਂ ਭੱਜੇ ਤਾਂ ਸਾਡੀ ਜੇਬ 'ਚ ਇਕ ਵੀ ਪੈਸਾ ਨਹੀਂ ਸੀ। ਦੋ ਦਿਨ ਤੱਕ ਉਹਨਾਂ ਦੇ ਲੋਕ ਸਾਨੂੰ ਲੱਭਦੇ ਰਹੇ। ਅਸੀਂ ਪੈਦਲ ਤੋਂ ਗੱਡੀਆਂ 'ਚ ਲੁਕਦੇ-ਛੁਪਦੇ ਭੜੂਚ ਸਟੇਸ਼ਨ 'ਤੇ ਪਹੁੰਚੇ। ਤਿੰਨ ਬੱਚਿਆਂ ਨੂੰ ਉਹਨਾਂ ਲੋਕਾਂ ਨੇ ਦਬੋਚ ਲਿਆ। ਅਸੀਂ ਪਿੱਛੇ ਦੇਖਿਆ ਤਾਂ ਉਹ ਉਹਨਾਂ ਬੱਚਿਆਂ ਨੂੰ ਕੁੱਟ ਕੇ, ਉਹਨਾਂ ਦੇ ਹੱਥ ਪਿੱਛੇ ਬੰਨ ਕੇ ਗੱਡੀਆਂ ਵਿੱਚ ਸੁੱਟ ਰਹੇ ਸਨ ਡੱਬੂ ਦੱਸਦਾ ਹੈ ਕਿ ਝਾਰਖੰਡ

ਦੇ ਰਹਿਣ ਵਾਲੇ ਇਕ ਲੜਕੇ ਨੇ ਜਦ ਕੰਮ ਕਰਨ ਤੋਂ ਮਨ੍ਹਾ ਕਰ ਦਿੱਤਾ ਤਾਂ ਅਗਲੇ ਦਿਨ ਤੋਂ ਅਸੀਂ ਉਹਨਾਂ ਦਾ ਚਿਹਰਾ ਵੀ ਨਹੀਂ ਵੇਖਿਆ। ਉਸ ਦਾ ਸਮਾਨ ਅਜੇ ਵੀ ਉਥੇ ਹੀ ਹੈ ਜਿਹਨਾਂ 'ਚ ਉਹ ਕਿਤਾਬ ਵੀ ਹੈ ਜਿਸ ਦੇ ਗਾਣੇ ਉਹ ਸਾਨੂੰ ਅਕਸਰ ਸੁਣਾਇਆ ਕਰਦਾ ਸੀ।

ਜੋ ਬੱਚੇ ਵਾਪਸ ਮੁੜ ਕੇ ਅਜੇ ਨਹੀਂ ਆਏ ਹਨ ਉਹਨਾਂ ਦੇ ਮਾਪੇ ਰੋ-ਰੋ ਕੇ ਬੇਹਾਲ ਹਨ ਅਤੇ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ ਸੋਨਭੱਦਰ ਪੁਲਸ ਕਹਿੰਦੀ ਹੈ ਕਿ ਅਸੀਂ ਗੁਜਰਾਤ ਪੁਲਸ ਨਾਲ ਇਸ ਸਬੰਧੀ ਗੱਲ ਕਰ ਰਹੇ ਹਾਂ ਜਦਕਿ ਭੁਜ ਦੇ ਪੁਲਸ ਮੁਖੀ ਦਾ ਕਹਿਣਾ ਹੈ ਕਿ "ਅਜੇ ਤੱਕ ਉਤਰ ਪ੍ਰਦੇਸ਼ ਪੁਲਸ ਨੇ ਸਾਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ।" ਆਪਣੇ ਸੰਪਰਕਾਂ ਰਾਹੀਂ ਅਸੀਂ ਜੋ ਜਾਣਕਾਰੀ ਹਾਸਲ ਕੀਤੀ ਹੈ, ਉਸ ਮੁਤਾਬਕ ਹੁਣ ਵੀ ਹਜ਼ਾਰਾਂ ਬੱਚੇ ਉਥੋਂ ਦੇ ਕਾਰਖ਼ਾਨਿਆਂ ਦੀਆਂ ਬੰਦ ਚਾਰ-ਦੀਵਾਰੀਆਂ 'ਚ ਕੈਦ ਹਨ। ਦੇਖਣਾ ਹੈ ਕਿ ਇਹਨਾਂ ਬੱਚਿਆਂ ਨੂੰ ਖੁੱਲ੍ਹੀ ਹਵਾ 'ਚ ਸਾਹ ਲੈਣ ਲਈ ਅਜੇ ਹੋਰ ਕਿੰਨੇ ਦਿਨ ਉਡੀਕ ਕਰਨੀ ਪਵੇਗੀ।

# ਇਕ ਬੰਗਲਾ ਬਣੇ ਨਿਆਰਾ

21ਵੀਂ ਸਦੀ ਦਾ ਭਾਰਤ ਕਿੰਨੀਆਂ ਐਸ਼ਗਾਹਾਂ ਨਾਲ ਭਰਿਆ ਹੈ ਇਸ ਦਾ ਤਾਜਾ ਨਮੂਨਾ ਦੇਸ਼ ਦੇ ਸਭ ਤੋਂ ਵੱਡੇ ਦਲਾਲ ਸਰਮਾਏਦਾਰ ਮੁਕੇਸ਼ ਅੰਬਾਨੀ ਦਾ ਨਵਾਂ ਆਸ਼ਿਆਨਾ ਹੈ। ਮੁਕੇਸ਼ ਅੰਬਾਨੀ ਨੇ ਮੁੰਬਈ ਦੇ ਸਮੁੰਦਰੀ ਕੰਢੇ ਵਾਲੇ ਇਲਾਕੇ ਤਾਰ ਦੇਵ 'ਚ ਆਪਣਾ ਆਲੀਸ਼ਾਨ ਘਰ ਬਣਾਇਆ ਹੈ। ਇਸ ਘਰ ਦੀ ਖਾਸੀਅਤ ਕੀ ਹੈ? ਇਸ ਦੀ ਖਾਸੀਅਤ ਹੈ ਇਸ ਦੀ ਵਿਸ਼ਾਲਤਾ ਬੇਮਿਸਾਲ, ਸੁੱਖ-ਸਹੂਲਤਾਂ, ਇਕ ਆਧੁਨਿਕ ਪੂੰਜੀਪਤੀ ਸਮਰਾਟ ਦੀ ਦੌਲਤ ਤੇ ਹੈਸੀਅਤ ਦਾ ਭੱਦਾ ਮੁਜਾਹਰਾ। ਭਾਰਤ, ਜਿਥੇ ਸਰਕਾਰੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਾਮੁਸ਼ਕਲ 20 ਰੁਪਏ ਰੋਜ਼ਾਨਾ ਕਰਦੀ ਹੈ 77 ਫੀਸਦੀ ਆਬਾਦੀ, ਜਿਥੇ ਘਰ ਬਣਾਉਣਾ ਜਾਂ ਕਹੋ ਸਿਰ ਤੇ ਛੱਤ ਜਾਂ ਛੱਪਰ ਹੋਣਾ ਪੂਰੇ ਜੀਵਨ ਭਰ ਸਭ ਤੋਂ ਵੱਡਾ ਸੁਪਨਾ ਹੁੰਦਾ ਹੈ ਜਿਥੇ ਮਹਾਂਨਗਰਾਂ 'ਚ ਅੱਧੀ ਤੋਂ ਵੱਧ ਆਬਾਦੀ ਗੰਦੀਆਂ ਝੁੱਗੀਆਂ 'ਚ ਰਹਿੰਦੀ ਹੈ ਜਾਂ ਸਲੱਮਾਂ 'ਚ ਵਸਦੀ ਹੈ, ਉਥੇ ਇਕ ਭਾਰਤ ਦੇਸ਼ ਦੇ ਅਰਬਪਤੀਆਂ ਦਾ ਵੀ ਹੈ ਜਿਥੇ ਘਰ ਦੀ ਇਕ ਵੱਖਰੀ ਪ੍ਰੀਭਾਸ਼ਾ ਹੁੰਦੀ ਹੈ, ਉਹ ਪ੍ਰੀਭਾਸ਼ਾ ਜੋ ਮੁਕੇਸ਼ ਅੰਬਾਨੀ ਦਾ ਆਸ਼ਿਆਨਾ ਦੱਸਦਾ ਹੈ। ਮੁਕੇਸ਼ ਅੰਬਾਨੀ ਦੇ ਆਸ਼ਿਆਨੇ ਨੂੰ ਵੇਖ ਕੇ ਸਹਿਜ ਅੰਦਾਜ਼ਾ ਲੱਗ ਜਾਂਦਾ ਹੈ ਕਿ ਕਿੰਨਾ ਫ਼ਰਕ ਹੈ ਗ਼ਰੀਬ ਦੇ ਭਾਰਤ ਤੇ ਅਮੀਰਾਂ ਦੇ ਇੰਡੀਆ ਵਿੱਚ ਜਰਾ ਗੌਰ ਕਰੋ ਮੁਕੇਸ਼ ਅੰਬਾਨੀ ਦੇ ਇਸ ਆਸ਼ੀਆਨੇ ਦੀਆਂ ਖਾਸੀਅਤਾਂ 'ਤੇ ਮੁਕੇਸ਼ ਅੰਬਾਨੀ ਦੇ ਇਸ ਬੰਗਲੇ ਦੀ ਲਾਗਤ 630 ਮਿਲੀਅਨ ਪੌਂਡ ਯਾਨੀ ਲਗਭਗ 44 ਅਰਬ ਰੁਪਏ। ਇਹ ਦੁਨੀਆ ਦੇ ਬਹੁਤੇ ਸਾਰੇ ਛੋਟੇ ਦੇਸ਼ਾਂ ਦੇ ਸਲਾਨਾ ਬਜਟ ਤੋਂ ਵੱਧ ਹੈ। ਏਨੀ ਰਕਮ ਵਿੱਚ ਇਕ ਅਧੁਨਿਕ ਸਹੂਲਤਾਂ ਨਾਲ ਭਰਪੂਰ ਛੋਟਾ ਸ਼ਹਿਰ ਵਸ ਜਾਵੇ। ਮੁੰਬਈ ਦੀ ਅਲਟਾਮਾਊਂਟ ਰੋਡ 'ਤੇ ਸਥਿਤ ਅਟਲਾਂਟਿਕ ਮਹਾਂ ਸਾਗਰ 'ਚ ਇਕ ਸਿਹਤ ਕਲੱਬ, ਇਕ ਜਿਮ (ਜਿਥੇ ਮਾਲਿਸ਼ ਤੇ ਸਪਾ ਦੀ ਸਹੂਲਤ ਹੈ) ਇਕ ਡਾਂਸ ਸਟੂਡਿਓ, ਇਕ ਤਰਣ-ਤਾਲ (ਸਵਿਮਿੰਗ ਪੂਲ), ਬਾਲ ਰੂਮ (ਨ੍ਰਿਤਸ਼ਾਲਾ) ਤੇ ਪੰਜਾਹ ਸੀਟਾਂ ਵਾਲਾ ਇਕ ਆਧੁਨਿਕ ਸਿਨੇਮਾ ਘਰ ਵੀ ਹੈ। ਇਸ ਦੀਆਂ 6 ਮੰਜ਼ਿਲਾਂ 'ਚ ਗੱਡੀਆਂ ਦੀ ਪਾਰਕਿੰਗ ਹੈ। ਜਿਸ 'ਚ 160 ਗੱਡੀਆਂ ਪਾਰਕ ਕੀਤੀਆਂ ਜਾ ਸਕਦੀਆਂ ਹਨ, ਚਾਰ ਮੰਜ਼ਲਾਂ 'ਚ ਝੂਲਦੇ ਉਧਾਨ ਹਨ। ਇਤਿਹਾਸ ਦੇ ਸੱਤ ਅਜੂਬਿਆਂ ਦੇ ਗਿਣੇ ਜਾਣ ਵਾਲੇ ਬੇਬੀ ਲੋਨ ਦੇ ਝੂਲਦੇ ਉਧਾਨਾ ਦਾ ਜਿਉਂਦਾ ਜਾਗਦਾ ਰੂਪ ਤੁਸੀਂ ਇਥੇ ਵੇਖ ਸਕਦੇ ਹੋ। ਇਸ ਦੀ ਛੱਤ 'ਤੇ ਤਿੰਨ ਹੈਲੀਪੈਡ ਹਨ। ਜਿਹਨਾਂ 'ਤੇ ਹੈਲੀਕਾਪਟਰ (ਚਾਪਰ) ਉਤਰ ਸਕਦੇ ਹਨ। ਜ਼ਿਕਰਯੋਗ ਹੈ ਕਿ ਅੰਬਾਨੀ ਸਾਹਿਬ ਆਪਣੀ ਕੰਪਨੀ ਦੀਆਂ ਸਾਈਟਾਂ ਦਾ ਨਿਰੀਖਣ ਕਰਨ ਲਈ ਚਾਪਰ ਦੀ ਹੀ ਵਰਤੋਂ ਕਰਦੇ ਹਨ। ਇਸ ਦੀਆਂ ਗੈਰ ਰਿਹਾਇਸ਼ੀ ਮੰਜ਼ਿਲਾਂ ਤੋਂ ਅਰਬ ਸਾਗਰ ਦੇ ਖੁੱਲ੍ਹੇ ਦਰਸ਼ਨ ਕੀਤੇ ਜਾ ਸਕਦੇ ਹਨ। 27 ਮੰਜ਼ਿਲਾਂ ਇਮਾਰਤ 'ਚ ਇਕ ਤਲ 'ਤੇ ਏਅਰ ਨੂੰ ਟ੍ਰੈਫਿਕ ਕੰਟਰੋਲ ਰੂਮ ਹੈ। ਇਮਾਰਤ 'ਚ ਅਣਗਿਣਤ ਲਾਜ ਤੇ ਬਾਲਰੂਮ (ਨ੍ਰਿਤ ਸ਼ਾਲਾਵਾਂ) ਹਨ। ਜਿਥੇ ਹਰ

ਪਾਸੇ ਅਣਗਿਣਤ ਮਹੀਨ ਤੇ ਆਲੀਸ਼ਾਨ ਪਰਦੇ ਹਨ, ਸਟਫਿਕ ਦੇ ਝੂਮਰ, ਝਾੜਫਾਨੂਸ ਦੀਪਮਾਨ ਹਨ। ਇਥੇ ਤੁਹਾਡੇ ਮਨੋਰੰਜਨ ਲਈ ਵਿਸ਼ਾਲ ਮੰਚ ਵੀ ਹੈ। ਜੋ ਸੈਂਕੜੇ ਮਹਿਮਾਨਾਂ ਨੂੰ ਇਕੋ ਵੇਲੇ ਭੋਜਨ ਪਰੋਸਨ ਵਾਲੀ ਰਸੋਈ ਹੈ, ਮੁਆਫ਼ ਕਰਨਾ ਆਲੀਸ਼ਾਨ ਹੋਟਲ ਹੈ। ਇਹ ਆਲੀਸ਼ਾਨ ਇਮਾਰਤ 37000 ਵਰਗ ਫੁੱਟ ’ਚ ਫੈਲੀ ਹੈ ਜਿਸ ਦੀ ਉਚਾਈ 570 ਫੁੱਟ ਹੈ। ਉਚਾਈ ’ਚ ਇਹ ਕੁਤਬ ਮਿਨਾਰ ਤੋਂ ਲੱਗਭਗ ਢਾਈ ਗੁਣਾ (2.4) ਹੈ। ਉੱਚ ਤੋਂ ਉੱਚ ਮਧਵਰਗੀ ਲੋਕਾਂ ਦੇ ਰਹਿ ਸਕਣ ਵਾਲੇ 60 ਮੰਜ਼ਿਲਾਂ ਅਪਾਰਮੈਂਟ ਦੇ ਬਰਾਬਰ ਇਸ ਦੀ ਉਚਾਈ ਹੈ। ਇਹ ਵਿਸ਼ਾਲ (ਦਿਉ ਕਦ) ਇਮਾਰਤ ਸੀਸ਼ੇ, ਸਟੀਲ ਤੇ ਟਾਇਲਾਂ ਦੀ ਬਣੀ ਹੈ। ਇਸ ਦੀ ਖਾਸੀਅਤ ਇਹ ਵੀ ਹੈ ਕਿ ਇਸ ’ਚ ਸਥਿਤ ਉਧਾਨ ਇਸ ਦੇ ਅੰਦਰੂਨੀ ਹਿੱਸੇ ਨੂੰ ਕੁਦਰਤੀ ਤੌਰ ’ਤੇ ਗਰਮੀਆਂ ’ਚ ਠੰਡਾ ਤੇ ਸਰਦੀਆਂ ’ਚ ਗਰਮ ਰੱਖਣਗੇ। ਅੰਬਾਨੀ ਨੇ ਇਸ ਦਿਉਕਦ ਇਮਾਰਤ ਨੂੰ 44 ਮਿਲੀਅਨ ਪੌਂਡ ਯਾਨੀ ਲਗਭਗ 300 ਕਰੋੜ ਰੁਪਏ ’ਚ ਬਣਾਇਆ ਸੀ ਪਰ ਆਪਣੀ ਲੋਕੇਸ਼ਨ ਦੇ ਹਿਸਾਬ ਨਾਲ ਅੱਜ ਇਸ ਦੀ ਕੀਮਤ 15 ਗੁਣਾ ਵਧ ਚੁੱਕੀ ਹੈ। ਇਸ ਵਿਸ਼ਾਲ ਇਮਾਰਤ ਦੀ ਅੰਦਰੂਲੀ ਸਜਾਵਟ ਦਾ ਕੰਮ ਇਕ ਅਮਰੀਕੀ ਕੰਪਨੀ ਨੇ ਕੀਤਾ ਹੈ। ਅਕਤੂਬਰ ਮਹੀਨੇ ਦੇ ਅੰਤ ਤੱਕ ਮੁਕੇਸ਼ ਅੰਬਾਨੀ ਆਪਣੇ ਇਸ ਆਲੀਸ਼ਾਨ ਆਸ਼ਿਆਨੇ ’ਚ ਇਕ ਵਿਸ਼ਾਲ ਪਾਰਟੀ ਦਾ ਆਯੋਜਨ ਕਰਨਗੇ। ਇਸ ਪਾਰਟੀ ’ਚ ਸ਼ਾਮਲ ਹੋਣ ਵਾਲੇ ਮੁੱਖ ਲੋਕਾਂ ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਹੋਣਗੇ। ਮਨਮੋਹਨ ਸਿੰਘ ਨੇ ਕੁਝ ਸਮਾਂ ਪਹਿਲਾਂ ਕਾਰੋਬਾਰੀਆਂ ਵਪਾਰੀਆਂ ਤੇ ਸਰਮਾਏਦਾਰਾਂ ਨੂੰ ਸਾਦਗੀ ਦਾ ਆਦਰਸ਼ ਪੇਸ਼ ਕਰਨ ਦੀ ਨਸੀਹਤ ਦਿੱਤੀ ਸੀ। ਮੁਕੇਸ਼ ਅੰਬਾਨੀ ਵਲੋਂ ਆਪਣੀ ਦੌਲਤ ਦੀ ਦਮਕ ਤੇ ਆਪਣੇ ਰੁਤਬੇ ਦੇ ਭੱਦੇ ਪ੍ਰਦਰਸ਼ਨ ਤੇ ਜਸ਼ਨ ’ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਮਨਮੋਹਨ ਸਿੰਘ ਨੂੰ ਕੋਈ ਗੁਰੇਜ਼ ਵੀ ਨਹੀਂ ਹੈ। ਹੋਵੇ ਵੀ ਕਿਉਂ ਉਹਨਾਂ ਵਲੋਂ ਸ਼ੁਰੂ ਕੀਤੀ ਗਈ ਨਵੀਂ ਆਰਥਕ ਨੀਤੀ ਦੀ ਸਫਲਤਾ ਦਾ ਸਿੱਟਾ ਜਾ ਸਬੂਤ ਅੰਬਾਨੀ ਤੇ ਉਹਨਾਂ ਵਰਗੇ ਅਰਬਪਤੀਆਂ ਦੀ ਦੌਲਤ ’ਚ ਬੇਤਹਾਸ਼ਾ ਵਾਧਾ ਹੀ ਤਾਂ ਹੈ। ਚਾਹੇ ਇਸ ਲਈ ਕਰੋੜਾਂ ਮਜ਼ਦੂਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਗਈ ਹੋਵੇ, ਲੁੱਟ ਲਈ ਕੀਰਤੀਮਾਨ ਰਚੇ ਗਏ ਹੋਣ ਜਾਂ ਫਿਰ ਲੱਖਾਂ ਕਿਸਾਨਾਂ ਨੂੰ ਆਤਮ ਹੱਤਿਆ ਦੇ ਰਾਹ ’ਤੇ ਧੱਕ ਦਿੱਤਾ ਗਿਆ ਹੋਵੇ। ਅੰਬਾਨੀ ਸਾਹਿਬ ਦੀ ਇਸ ਵਿਸ਼ਾਲ ਰਿਹਾਇਸ਼ ਦੀ ਦੇਖਰੇਖ 600 ਮੁਲਾਜ਼ਮਾਂ ਦਾ ਪੂਰਾ ਸਟਾਫ ਤੈਨਾਤ ਹੋਵੇਗਾ। ਜ਼ਾਹਿਰ ਹੈ ਕਿ ਏਨੇ ਨੌਕਰ ਚਾਕਰ ਤਾਂ ਸਮਰਾਟ ਅਕਬਰ ਜਾਂ ਅਸ਼ੋਕ ਦੇ ਮਹਿਲ ’ਚ ਵੀ ਤਾਇਨਾਤ ਨਹੀਂ ਹੋਣੇ। ਅੰਬਾਨੀ ਸਾਹਿਬ ਨੇ ਆਪਣੇ ਠਾਠ-ਬਾਠ ’ਚ ਵੱਡੇ-ਵੱਡੇ ਮਹਾਂਰਾਜਿਆਂ ਨੂੰ ਮਾਤ ਦੇ ਦਿੱਤੀ ਹੈ। ਹੁਣ ਤੱਕ ਸਿਰਫ਼ ਅਰਬ ਸੇਖਾਂ ਤੇ ਬੁਰਨੇਈ ਦੇ ਸੁਲਤਾਨ ਵਰਗੇ ਲੋਕਾਂ ਦੇ ਹੀ ਸ਼ਾਨੋ ਸ਼ੌਕਤ ਦੇ ਅਜਿਹੇ ਉਦਾਹਰਣ ਸੁਣਨ ਨੂੰ ਮਿਲਦੇ ਸਨ। ਪਰ ਅੰਬਾਨੀ ਅਜਿਹਾ ਕਿਉਂ ਨਾ ਕਰੇ? ਉਹ ਭਾਰਤ (ਸਾਇੰਨਿੰਗ ਇੰਡੀਆ) ਦੇ ਸਭ ਤੋਂ ਅਮਰੀ ਤੇ ਦੁਨੀਆਂ ਦੇ ਚੌਥੇ ਨੰਬਰ ਦੇ ਅਮੀਰ ਜਿਉਂ ਹਨ। ਭੁੱਖੇ ਨੰਗੇ ਭਾਰਤ ਨਹੀਂ ਚਮਕਦੇ, ਚਮਕਦੇ ਬੁਲੰਦ ਇੰਡੀਆ ਦੇ ਉਹ ਨੁਮਾਇੰਦੇ ਹਨ। ਉਹਨਾਂ ਦੀ ਦੌਲਤ ਅੱਜ ਲਗਭਗ 10 ਲੱਖ ਕਰੋੜ ਮੰਗੀ ਜਾਂਦੀ

ਹੈ। ਏਨੇ ਰੁਪਏ 'ਚ ਪੂਰੇ ਭਾਰਤ ਦੀ ਆਬਾਦੀ ਨੂੰ ਮੁਫ਼ਤ 'ਚ ਇਕ ਸਾਲ ਤੱਕ ਖੁਆਇਆ ਜਾ ਸਕਦਾ ਹੈ। ਅੰਬਾਨੀ ਸਾਹਿਬ ਵਲੋਂ ਦੌਲਤ ਦਾ ਇਹ ਵਿਸ਼ਾਲ ਪ੍ਰਦਰਸ਼ਨ ਕੋਈ ਨਵੀਂ ਗੱਲ ਨਹੀਂ ਹੈ। ਉਹ ਆਪਣੀ ਪਤਨੀ ਨੇ 250 ਕਰੋੜ ਰੁਪਏ ਦਾ ਜੈਟ ਜਹਾਜ ਆਮ ਤੋਹਫੇ (ਗਿਫਟ) 'ਚ ਦੇ ਕੇ ਪਹਿਲਾਂ ਹੀ ਨਾਮ ਕਮਾ ਚੁੱਕੇ ਹਨ। ਵੈਸੇ ਅਮੀਰਾਂ ਦੇ ਇੰਡੀਆ ਵਿੱਚ ਇਹ ਨਾਹਰਾ ਪ੍ਰਚਲਤ ਹੈ ਕਿ 'ਅਮੀਰ ਬਣੋ ਵੀ ਅਤੇ ਅਮੀਰ ਦਿਸੋ ਵੀ' ਅੰਬਾਨੀ ਸਾਹਿਬ ਇਸ ਦਾ ਪ੍ਰਦਰਸ਼ਨ ਕਰ ਰਹੇ ਹਨ।

# ਗੰਗਾ ਐਕਸਪ੍ਰੈਸ ਵੇ-ਖੇਤੀ ਵਿਨਾਸ਼ ਦਾ ਰਾਹ

ਗੰਗਾ ਐਕਸਪ੍ਰੈਸ ਵੇ (ਜਾਂ ਗੰਗਾ ਰਾਜ ਮਾਰਗ) ਦਾ ਗੰਗਾ ਨਦੀ ਦੇ ਖੱਬੇ ਪਾਸੇ ਨੋਇਡਾ ਤੋਂ ਬਲੀਆ ਤੱਕ ਅੱਠ ਲੇਨ ਦੀ 1047 ਕਿਲੋ ਮੀਟਰ ਲੰਬੀ 155 ਮੀਟਰ ਚੌੜੀ ਤੇ 7.8 ਮੀਟਰ (25. 60 ਫੁਟ) ਉੱਚੀ ਮਿੱਟੀ ਦਾ ਬੰਨ ਬਣਾ ਕੇ ਉਸਾਰਿਆ ਜਾਣਾ ਹੈ। 19 ਜ਼ਿਲ੍ਹਿਆਂ ਦੀਆਂ 35 ਤਹਿਸ਼ੀਲਾਂ ਤੋਂ ਹੋਕੇ ਲੰਘਣ ਵਾਲੀ ਇਸ ਸੜਕ ਦੀ ਉੱਚਾਈ ਨੋਇਡਾ ਤੋਂ ਨਰੋਰਾ ਤੱਕ 3 ਮੀਟਰ ਅਤੇ ਨਰੋਰਾ ਤੋਂ ਬਲੀਆ ਤੱਕ 7.8 ਮੀਟਰ ਹੋਵੇਗੀ। ਇਸ ਪ੍ਰੋਜੈਕਟ ਦੀ ਉਸਾਰੀ ਨਿੱਜੀ-ਜਨਤਕ ਭਾਗੀਦਾਰੀ (ਪੀ. ਪੀ. ਪੀ.) ਦੇ ਤਹਿਤ ਹੋਣੀ ਹੈ। ਪ੍ਰੋਜੈਕਟ ਦਾ ਵਿਕਾਸ ਕਰਤਾ ਜੇ. ਪੀ. ਗੰਗਾ ਇਨਫਰਾਸਟਰਕਚਰ ਕਾਰਪੋਰੇਸ਼ਨ ਲਿਮਟਿਡ ਹੈ। ਇਸ ਕੰਪਨੀ ਦੇ ਨਾਲ 17 ਹੋਰ ਬਹੁਕੌਮੀ ਕੰਪਨੀਆਂ ਵੀ ਹਨ। ਕੰਪਨੀ ਪੂੰਜੀ ਨਿਵੇਸ਼ ਦੀ ਵਾਪਸੀ ਲਈ ਐਕਸਪ੍ਰੈੱਸ ਵੇ ਦੇ ਨੇੜੇ ਇੰਵੈਸਟਮੈਂਟ ਰਿਜਨ (ਨਿਵੇਸ਼ ਖੇਤਰ) ਵੀ ਵਿਕਸਤ ਕਰੇਗੀ। ਇਸ ਨਿਵੇਸ਼ ਖੇਤਰ ਤੋਂ ਹੋਣ ਵਾਲੇ ਲਾਭ ਨਾਲ ਐਕਸਪ੍ਰੈਸ ਵੇ ਦੀ ਲਾਗਤ ਦੀ ਪੂਰਤੀ ਹੋਣੀ ਹੈ। ਸੜਕ ’ਤੇ ਲਗਣ ਵਾਲੇ ਟੋਲ ਟੈਕਸ ਨੂੰ 35 ਸਾਲ ਤੱਕ ਵਿਕਾਸ ਕਰਤਾ ਨੂੰ ਵਸੂਲਣ ਦਾ ਅਧਿਕਾਰ ਹੋਵੇਗਾ। ਗੰਗਾ ਐਕਸਪ੍ਰੈਸ ਵੇ ਦੇ ਬਣਨ ਪਿੱਛੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦਾ ਕਹਿਣਾ ਹੈ ਕਿ ਇਸ ਨਾਲ ਸੂਬੇ ਦੀ ਜਨਤਾ ਦਾ ਵਿਕਾਸ ਤੇਜ਼ੀ ਨਾਲ ਹੋਵੇਗਾ। ਸੜਕ ਬਣ ਜਾਣ ਨਾਲ ਪੂਰਬੀ ਉਤਰ ਪ੍ਰੇਦਸ਼ ਸਿੱਧਾ ਦਿੱਲੀ ਨਾਲ ਜੁੜ ਜਾਵੇਗਾ। ਦਿੱਲੀ ਤੋਂ ਬਲੀਆ 10 ਘੰਟੇ ’ਚ ਪਹੁੰਚਿਆ ਜਾ ਸਕੇਗਾ। ਕਿਸਾਨਾਂ ਦੀ ਤਾਜਾ ਪੈਦਾਵਾਰ ਸਿੱਧੇ ਦਿੱਲੀ ਅਸਾਨੀ ਨਾਲ ਅਤੇ ਘੱਟ ਸਮੇਂ ’ਚ ਪਹੁੰਚੇਗੀ, ਜਿਸ ਨਾਲ ਕਿਸਾਨਾਂ ਨੂੰ ਭਾਰੀ ਲਾਭ ਹੋਵੇਗਾ। ਸੜਕ ਕਿਨਾਰੇ ਲੱਗਣ ਵਾਲੀਆਂ ਸਨਅਤਾਂ ’ਚ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ ਜਿਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ। ਸੂਬੇ ਦਾ ਸਨਅਤੀਕਰਨ ਹੋਵੇਗਾ। ਨਾਲ ਹੀ ਗੰਗਾ ਨਦੀ ਦੇ ਹੜ੍ਹ ਤੋਂ ਛੁਟਕਾਰਾ ਮਿਲੇਗਾ। ਸੜਕ ਉਸਾਰੀ ’ਚ ਉਸਰ, ਬੰਜਰ ਤੇ ਗੈਰ ਸਿੰਚਾਈ ਜ਼ਮੀਨ ਹੀ ਲਈ ਜਾਵੇਗੀ ਆਦਿ। ਕੌਮੀ ਰਾਜ ਮਾਰਗ ਅਥਾਰਟੀ (ਨੈਸ਼ਨਲ ਹਾਈਵੇ ਅਥਾਰਟੀ) ਤੇ ਕੇਂਦਰੀ ਸੜਕ ਆਵਾਜਾਈ ਮੰਤਰਾਲੇ ਨੇ ਇਸ ਪ੍ਰੋਜੈਕਟ ਖ਼ਿਲਾਫ ਇੰਤਰਾਜ ਕੀਤਾ ਕਿਉਂਕਿ ਮੌਜੂਦਾ ਕਾਨੂੰਨ ਅਨੁਸਾਰ ਕੌਮੀ ਰਾਜ ਮਾਰਗ ਦੇ ਨੇੜੇ ਤੋਂ ਉਸ ਦੀ ਹਦੂਦ ’ਚ ਕੋਈ ਸੜਕ ਨਹੀਂ ਬਣਾਈ ਜਾ ਸਕਦੀ ਹੈ ਅਤੇ ਕੌਮੀ ਰਾਜ ਮਾਰਗ ਤੋਂ 20 ਕਿਲੋ ਮੀਟਰ ਦੀ ਦੂਰੀ ਤੱਕ ਕੋਈ ਸਮਾਨੰਤਰ ਸੜਕ ਨਹੀਂ ਬਣਾਈ ਜਾ ਸਕਦੀ ਹੈ। ਇਹ ਪ੍ਰੋਜੈਕਟ ਉਕਤ ਦੋਨੋਂ ਵਿਵਸਥਾਵਾਂ ਦੀ ਉਲੰਘਣਾ ਕਰਦਾ ਹੈ। ਗੰਗਾ ਐਕਸਪ੍ਰੈਸ ਵੇ ਕੇਂਦਰੀ ਸਵਰਾਨਿਮ ਚਤਰਭੁਜ ਸੜਕ ਪ੍ਰੋਜੈਕਟ ਦੇ ਕੋਲ ਦੀ ਲੰਘੇਗੀ। ਦੂਜੇ ਪਾਸੇ ਕੌਮੀ ਰਾਜ ਮਾਰਗ, ਗ੍ਰਾਂਡ ਟ੍ਰੰਕ (ਜੀ. ਟੀ.) ਰੋਡ ਅਤੇ ਗੰਗਾ ਐਕਸਪ੍ਰੈਸ ਦੇ ਵਿਚਕਾਰ ਦੂਰੀ ਬੇਹੱਦ ਘੱਟ ਹੈ। ਇਲਾਹਾਬਾਦ, ਕਾਨਪੁਰ, ਬਲੀਆ ਤੇ ਗਾਜੀਪੁਰ ’ਚ ਇਹਨਾਂ ਵਿਚਕਾਰਲੀ ਦੂਰੀ ਇਕ ਤੋਂ ਦਸ ਕਿਲੋਮੀਟਰ ਹੀ ਹੈ। ਉਤਰ ਪ੍ਰਦੇਸ਼ ਸਰਕਾਰ ਸੜਕ ਆਵਾਜਾਈ

ਮੰਤਰਾਲਾ ਤੇ ਕੌਮੀ ਰਾਜ ਮਾਰਗ ਅਥਾਰਟੀ ਦੇ ਨੁਮਾਇੰਦਿਆਂ ਵਿਚਕਾਰ ਜਨਵਰੀ 2008 'ਚ ਇਕ ਮੀਟਿੰਗ ਹੋਈ ਸੀ। ਮੀਟਿੰਗ ਪਿਛੋਂ ਬਾਹਰ ਨਿਕਲ ਕੇ ਯੋਜਨਾ ਕਮਿਸ਼ਨ ਦੇ ਉੱਚ ਮੈਂਬਰ ਨੇ ਕਿਹਾ ਕਿ ਇਸ ਪ੍ਰੋਜੈਕਟ 'ਤੇ ਯੂ. ਪੀ. ਸਰਕਾਰ ਨੂੰ 'ਤੇ ਅੱਗੇ ਵਧਣ ਤੋਂ ਰੋਕ ਸਕਣ ਦੀ ਸਥਿਤੀ 'ਚ ਅਸੀਂ ਨਹੀਂ ਹਾਂ (26 ਜਨਵਰੀ 2008 ਹਿੰਦੁਸਤਾਨ)

ਤਦ ਗੰਗਾ ਮਹਾਂਸਭਾ ਵਲੋਂ ਗੰਗਾ ਨਦੀ ਤੇ ਵਾਤਾਵਰਣ ਪ੍ਰਦੂਸ਼ਣ ਤੇ ਇਨਵਾਇਰਨ ਮੈਂਟਲ ਸੁਸਾਇਟੀ ਵਲੋਂ ਪ੍ਰੋਜੈਕਟ ਨੂੰ ਮੰਜੂਰੀ ਦਿੱਤੇ ਜਾਣ ਦੇ ਤਰੀਕੇ 'ਤੇ ਹਾਈਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ। ਪ੍ਰੋਜੈਕਟ ਨੂੰ ਮੰਜੂਰੀ ਦੇ ਤਰੀਕੇ 'ਤੇ ਸੁਆਲ ਖੜਾ ਕਰਦਿਆਂ ਹਾਈਕੋਰਟ ਨੇ ਪ੍ਰੋਜੈਕਟ 'ਤੇ ਰੋਕ ਲਾ ਦਿੱਤੀ। ਹਾਈਕੋਰਟ ਦੀ ਰੋਕ ਦੇ ਬਾਵਜੂਦ ਜੇ. ਪੀ. ਸਮੂਹ ਸਰਵੇ ਦਾ ਕੰਮ ਜਾਰੀ ਰੱਖ ਰਿਹਾ ਹੈ। ਇਸ ਨੂੰ ਅਧਾਰ ਬਣਾ ਕੇ ਅਦਾਲਤ ਦੀ ਹੁਕਮ ਅਦੂਲੀ ਦੀ ਪਟੀਸ਼ਨ ਦਾਇਰ ਕੀਤੀ ਗਈ। ਅਦਾਲਤ ਨੇ ਹੁਕਮਅਦੂਲੀ ਦੀ ਪਟੀਸ਼ਨ ਨੂੰ ਰੱਦ ਕਰਕੇ ਵਿਕਾਸ ਕਰਤਾ ਕੰਪਨੀ ਨੂੰ ਵਾਤਾਵਰਣ ਕਲੀਰੇਂਸ ਲਈ ਸਰਵੇ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਵਿਕਾਸ ਕਰਤਾ ਕੰਪਨੀ ਦੇ ਕਰਮਚਾਰੀਆਂ ਤੋਂ ਹਾਸਲ ਦਸਤਾਵੇਜ਼ ਅਤੇ ਉਹਨਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੜਕ ਦਾ ਪੂਰਾ ਨਕਸ਼ਾ ਤਿਆਰ ਕਰ ਲਿਆ ਗਿਆ ਹੈ ਅਤੇ ਕਿਸਾਨਾਂ ਨੂੰ ਨੋਟਿਸ ਜਾਰੀ ਕਰਕੇ ਜ਼ਮੀਨ ਹੜੱਪਣ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸੜਕ ਨਿਰਮਾਣ ਤੇ ਨਿਵੇਸ਼ ਖੇਤਰ (ਪਾਰਲਰ ਲੈਂਡ) ਲਈ 95 ਹਜ਼ਾਰ ਏਕੜ ਜ਼ਮੀਨ ਦੀ ਲੋੜ ਹੋਵੇਗੀ ਪਰ ਸੀਮਾਂਕਨ 155 ਮੀਟਰ ਦੀ ਥਾਂ 300 ਮੀਟਰ ਦੀ ਚੌੜਾਈ 'ਚ ਕੀਤਾ ਗਿਆ ਹੈ। ਇਸ ਹਿਸਾਬ ਨਾਲ 1,33,474 ਏਕੜ ਜ਼ਮੀਨ ਦੀ ਲੋੜ ਹੋਵੇਗੀ। ਕਈ ਸ਼ਹਿਰਾਂ ਨੂੰ ਲਿੰਕ ਰੋਡ ਨਾਲ ਗੰਗਾ ਐਕਸ ਪ੍ਰੈਸ ਵੇ ਨੂੰ ਜੋੜਿਆ ਜਾਵੇਗਾ। ਫਤੇਹਾਬਾਦ 3 ਕਿਲੋਮੀਟਰ, ਮਿਰਜਾਪੁਰ 12 ਕਿਲੋਮੀਟਰ, ਲਖਨਊ ਬਿਲਹੌਰ 80 ਕਿਲੋਮੀਟਰ। ਇਹਨਾਂ ਲਿੰਗ ਸੜਕਾਂ ਲਈ ਕਿੰਨੀ ਜ਼ਮੀਨ ਹੜੱਪੀ ਜਾਵੇਗੀ ਇਸ ਨੂੰ ਸਰਕਾਰ ਛੁਪਾ ਰਹੀ ਹੈ। ਵੱਖ-ਵੱਖ ਅਖਬਾਰਾਂ ਤੇ ਵਿਕਾਸ ਕਰਤਾ ਕੰਪਨੀ ਵਲੋਂ ਜਾਰੀ ਕਿਤਾਬਚੇ ਤੋਂ ਮਿਲੀ ਜਾਣਕਾਰੀ ਅਨੁਸਾਰ ਗੰਗਾ ਨਦੀ ਦੇ ਕੰਢੇ ਤੋਂ ਸੜਕ ਦੇ ਵਿੱਚ ਦੀ ਜ਼ਮੀਨ 'ਤੇ ਰਮਣੀਕ ਸੈਲਾਨੀ ਸਥਲ ਬਣੇਗਾ। ਸੜਕ ਦੇ ਖੱਬੇ ਪਾਸੇ ਉਤਰ ਦਿਸ਼ਾ ਵਿੱਚ ਜੜੀਆਂ ਬੂਟੀਆਂ ਦੀ ਖੇਤੀ ਕੀਤੀ ਜਾਵੇਗੀ। ਇਸ ਤੋਂ ਇਲਾਵਾ 155 ਮੀਟਰ ਚੌੜੀ 25.60 ਫੁੱਟ ਉੱਚੀ ਮਿੱਟੀ ਦੇ ਬੰਨ 'ਤੇ ਬਣਨ ਵਾਲੀ ਸੜਕ ਦੇ ਦੋਨੋਂ ਪਾਸੇ ਢਲਾਨ ਬਣਾਉਣ ਤੇ ਮਿੱਟੀ ਭਰਨ ਲਈ, ਲਈ ਜਾਣ ਵਾਲੀ ਜ਼ਮੀਨ ਤੇ ਇਸ ਵਿੱਚ ਕੱਟੇ ਜਾਣ ਵਾਲੇ ਦਰਖਤਾਂ ਲਈ ਖਾਈ ਤੋਂ ਪਿਛੋਂ ਹਰੀ ਪੱਟੀ ਵਿਕਸਤ ਕਰਨ ਲਈ ਵੀ ਜ਼ਮੀਨ ਹੜੱਪੀ ਜਾਵੇਗੀ। ਇਹਨਾਂ ਸਾਰਿਆਂ ਲਈ ਕਿੰਨੀ ਜ਼ਮੀਨ ਹੜੱਪੀ ਜਾਣ ਦੀ ਲੋੜ ਪਵੇਗੀ ਇਸ ਸਬੰਧੀ ਸਰਕਾਰ ਚੁੱਪ ਹੈ।

ਉਤਰ ਪ੍ਰਦੇਸ਼ ਸਰਕਾਰ ਨੇ ਉਸਰ-ਬੰਜਰ ਤੇ ਬਰਾਨੀ ਜ਼ਮੀਨ ਨੂੰ ਕਬਜੇ 'ਚ ਲੈਣ ਲਈ ਨੋਟੀਫੀਕੇਸ਼ਨ ਜਾਰੀ ਕੀਤਾ ਹੈ। ਜਦਕਿ ਸੜਕ ਲਈ ਵਿਕਾਸ ਕਰਤਾ ਕੰਪਨੀ ਵਲੋਂ ਜੋ ਸਰਵੇ ਹੋਇਆ ਹੈ ਤੇ ਜਿਹਨਾਂ ਜ਼ਮੀਨਾਂ ਦੀ ਨਿਸ਼ਾਨਦੇਹੀ

ਤੇ ਨਾਮਜਦਗੀ ਹੋਈ ਹੈ ਉਹ ਕਿਸਾਨਾਂ ਦੀਆਂ ਤਿੰਨ ਫਸਲੀ ਉਪਜਾਊ ਜ਼ਮੀਨਾਂ ਹਨ ਗੰਗਾ ਨਦੀ ਦਾ ਦੋਆਬ ਭਾਰਤ ਦਾ ਸਭ ਤੋਂ ਉਪਜਾਊ ਦੋਆਬ ਹੈ ਅਤੇ ਦੁਨੀਆ ਦੇ ਸਭ ਤੋਂ ਉਪਜਾਊ ਦੋਆਬਾ ਵਿਚੋਂ ਇਕ ਹੈ। ਗੰਗਾ ਦੇ ਇਸ ਦੋਆਬ 'ਚ ਉਤਰਪ੍ਰਦੇਸ਼ ਦੀ ਸਭ ਤੋਂ ਸੰਘਣੀ ਆਬਾਦੀ ਵੱਸਦੀ ਹੈ ਇਹਨਾਂ ਕਰੋੜਾਂ ਲੋਕਾਂ ਦੀ ਰੋਟੀ ਰੋਜ਼ੀ ਦਾ ਸਾਧਨ ਖੇਤੀ ਤੇ ਪਸ਼ੂ ਪਾਲਣ ਹੈ। ਸਰਕਾਰ ਭੂਮੀ ਕਬਜ਼ੇ 'ਚ ਲੈਣ ਦੇ ਮੁਆਵਜ਼ੇ ਤੇ ਮੁੜ ਬਸੇਵੇ ਦੀ ਗੱਲ ਕਰ ਰਹੀ ਹੈ ਪਰ ਵਿਕਾਸ ਕਰਤਾ ਕੰਪਨੀ ਨੇ ਕਰਮਚਾਰੀਆਂ ਤੋਂ ਹਾਸਲ ਦਸਤਾਵੇਜ਼ਾਂ ਅਨੁਸਾਰ ਇਹ ਭੂਮੀ ਹੜੱਪਣ 1894 ਦੇ ਭੂਮੀ ਕਬਜ਼ੇ 'ਚ ਲੈਣ ਕਾਨੂੰਨ ਤਹਿਤ ਹੋਣਾ ਹੈ ਜਿਸ 'ਚ ਪੁਨਰਵਾਸ ਦੀ ਕੋਈ ਵਿਵਸਥਾ ਨਹੀਂ ਹੈ। ਉਜਾੜੇ ਗਏ ਪ੍ਰੀਵਾਰਾਂ ਨੂੰ ਕਿਥੇ ਵਸਾਇਆ ਜਾਵੇਗਾ, ਉਹਨਾਂ ਦੇ ਰੁਜ਼ਗਾਰ ਤੇ ਰੋਟੀ ਰੋਜ਼ੀ ਦਾ ਕੀ ਸਾਧਨ ਹੋਵੇਗਾ ਇਸ ਦੀ ਜਾਣਕਾਰੀ ਨਾ ਤਾਂ ਪ੍ਰਸਾਸ਼ਨ ਕੋਲ ਹੈ ਨਾ ਸੂਬਾ ਸਰਕਾਰ ਹੀ ਇਸ ਦੀ ਜਾਣਕਾਰੀ ਦੇ ਰਹੀ ਹੈ। ਆਪਣੀ ਉਪਜਾਊ ਜ਼ਮੀਨ ਤੇ ਘਰਾਂ ਤੋਂ ਵਾਂਝੇ ਕਿਸਾਨਾਂ, ਮਜ਼ਦੂਰਾਂ ਦੀ ਕੀ ਦਸ਼ਾ ਹੋਵੇਗੀ, ਇਸ ਦੀ ਮਿਸਾਲ ਸਰਕਾਰ ਸਰੋਵਰ ਬੰਨ, ਟਿਹਰੀ ਬੰਨ, ਮਹੇਸ਼ਵਰ ਜਲ ਬਿਜਲੀ ਪ੍ਰੋਜੈਕਟ, ਭੁਪਾਲ ਗੈਸ ਕਾਂਡ ਆਦਿ ਤੋਂ ਪਤਾ ਲਗਦਾ ਹੈ ਜਿਥੇ ਪੁਨਰਵਾਸ ਮੁਆਵਜ਼ੇ ਲਈ ਲੋਕ ਅੱਜ ਵੀ ਲਟਕ ਰਹੇ ਹਨ ਅਤੇ ਖੁੱਲ੍ਹੇ ਆਕਾਸ਼ ਥੱਲੇ ਸਾਉਣ ਲਈ ਮਜ਼ਬੂਰ ਹਨ। ਉਤਰ ਪ੍ਰਦੇਸ਼ 'ਚ ਭੁੱਖੇ ਤੇ ਗਰੀਬੀ ਨਾਲ ਮਰਨ ਦੀਆਂ ਘਟਨਾਵਾਂ ਆਏ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਏਨੀ ਵਿਸ਼ਾਲ ਮਾਤਰਾ 'ਚ ਤਿੰਨ ਫਸਲੀ ਉਪਜਾਊ ਜ਼ਮੀਨ ਭੜੱਪ ਲਏ ਜਾਣ ਨਾਲ ਅਨਾਜਾਂ ਦਾ ਗੰਭੀਰ ਸੰਕਟ ਪੈਦਾ ਹੋ ਜਾਵੇਗਾ। ਉਤਰ ਪ੍ਰਦੇਸ਼ 'ਚ ਪਹਿਲਾਂ ਤੋਂ ਹੀ ਖੇਤੀ ਭੂਮੀ ਕਬਜ਼ੇ 'ਚ ਲਏ ਜਾਣ ਨਾਲ ਖੇਤੀ ਦਾ ਰਕਬਾ ਲਗਾਤਾਰ ਘਟ ਰਿਹਾ ਹੈ। ਕੇਵਲ ਇਲਾਹਾਬਾਦ ਜ਼ਿਲ੍ਹੇ ਵਿੱਚ ਹੀ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਤੇ ਸ਼ਹਿਰੀਕਰਨ ਨੇ ਜ਼ਿਲ੍ਹੇ ਦੀ ਇੱਕ ਚੌਥਾਈ ਭੂਮੀ ਨਿਗਲ ਲਈ ਹੈ। ਸਿਰਫ਼ ਤਿੰਨ ਸਾਲਾਂ ਵਿੱਚ ਹੀ (2005-08) ਵਿਚਕਾਰ, ਖੇਤੀ ਦਾ ਰਕਬਾ ਘਟਨ ਨਾਲ ਸਾਉਣੀ ਦੀਆਂ ਫਸਲਾਂ ਦੀ ਪੈਦਾਵਾਰ 67977 ਮੀਟਰਿਕ ਘਟ ਤੋਂ ਘੱਟ ਦੇ 37184 ਮੀਟਰਿਕ ਟਨ ਰਹਿ ਗਈ ਹੈ। ਸਾਲ 2005 'ਚ ਜਿਥੇ 240616 ਹੇਕਟੇਅਰ 'ਚ ਸਾਉਣੀ ਦੀ ਫਸਲ ਹੁੰਦੀ ਸੀ। ਉਹੀ 2008 'ਚ ਇਹ ਰਕਬਾ 188, 274 ਹੇਕਟੇਅਰ ਹੀ ਰਹਿ ਗਿਆ ਹੈ। ਇਹਨਾਂ ਤਿੰਨਾਂ ਸਾਲਾਂ 'ਚ ਖ਼ਾਰੀਫ ਦੀ ਫਸਲਾਂ ਦੇ ਖੇਤਰਫਲ 'ਚ 52542 ਹੇਕਟੇਅਰ ਦੀ ਕਮੀ ਹੋਈ। ਇਸ ਪਿਛੋਂ ਗੰਗਾ ਐਕਸਪ੍ਰੇਸ ਦੇ ਵਿੱਚ ਜ਼ਿਲ੍ਹੇ ਦੀ 19768 ਏਕੜ ਜ਼ਮੀਨ ਜਾ ਰਹੀ ਹੈ। ਇਸ ਤੋਂ ਇਲਾਵਾ ਤਿੰਨ ਪਾਵਰ ਪ੍ਰੋਜੈਕਟ, ਇੰਡੀਆ ਕੋਖਰਾਜ ਬਾਈਪਾਸ ਤੇ ਕਈ ਗੈਰ ਰਹਾਇਸ਼ੀ ਕਲੋਨੀਆਂ ਲਈ ਸਾਲ 2009 'ਚ 25000 ਹੇਕਟੇਅਰ ਜ਼ਮੀਨ ਹੜੱਪੀ ਗਈ ਹੈ। ਪ੍ਰਤਾਪਗੜ੍ਹ ਜ਼ਿਲ੍ਹੇ ਦੀ ਕੁੰਡਾ ਤਹਿਸ਼ੀਲ 'ਚ 2008 ਵਿੱਚ ਗੰਗਾ ਐਕਸਪ੍ਰੈਸ ਵੇ ਲਈ ਜੋ ਸਰਵੇ ਹੋਇਆ ਸੀ ਉਸ 'ਚ 40 ਪਿੰਡ ਇਸ ਦੀ ਲਪੇਟ 'ਚ ਸਨ। ਉਸ ਸਮੇਂ ਹੜੱਪੀ ਜਾਣ ਵਾਲੀ ਜ਼ਮੀਨ ਨਾਲ ਇਕ ਅਨੁਮਾਨ ਅਨੁਸਾਰ 13200 ਕੁਇੰਟਲ ਝੋਨਾ, 72000 ਕੁਇੰਟਲ ਕਣਕ, 63000 ਕੁਇੰਟਲ, ਆਲੂ ਤੇ ਹੋਰ ਫਸਲਾਂ ਸਬਜ਼ੀਆਂ, ਮੱਕੀ, ਹਰਹਰ, ਛੋਲੇ,

ਮਟਰ, ਜਵਾਰ, ਬਾਜਰਾ ਆਦਿ ਨੂੰ ਮਿਲਾ ਕੇ ਲਗਭਗ 4 ਕਰੋੜ ਰੁਪਏ ਦਾ ਨੁਕਸਾਨ ਹੁੰਦਾ। ਹੁਣ 2010 ਵਿੱਚ ਹੋਏ ਨਵੇਂ ਸਰਵੇ ’ਚ ਪਿੰਡਾਂ ਦੀ ਗਿਣਤੀ ਵਧ ਕੇ 82 ਹੋ ਗਈ ਹੈ ਤੇ ਸੜਕ ਦੀ ਲੰਬਾਈ 30 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਹੋ ਗਈ ਹੈ। ਸੜਕ ਦਾ ਦਾਇਰਾ ਵਧਾਉਣ ਨਾਲ ਅਨਾਜ ਤੇ ਫਸਲਾਂ ਦੀ ਬਰਬਾਦੀ ਹੁਣ ਪਹਿਲਾਂ ਨਾਲੋਂ ਦੁਗਣੀ ਹੋ ਜਾਵੇਗੀ। ਇਹੀ ਹਾਲ ਸੂਬੇ ਦੇ ਹੋਰਾਂ ਜ਼ਿਲ੍ਹਿਆਂ ਦਾ ਵੀ ਹੈ। ਪਿਛਲੇ 25 ਸਾਲਾਂ ’ਚ ਗੋਰਖਪੁਰ ਮਾਡਲ ’ਚ 10 ਹਜ਼ਾਰ ਏਕੜ ਜ਼ਮੀਨ ਹੜੱਪੀ ਗਈ। ਕਿਸਾਨਾਂ ਦੇ ਪੁਨਰਵਾਸ ਦੀ ਗੱਲ ਕੌਣ ਕਰੇ ਮੁਆਵਜ਼ਾ ਤੱਕ ਨਹੀਂ ਮਿਲਿਆ। ਆਵਾਜ਼ ਬੁਲੰਦ ਕਰਨ ’ਤੇ ਪੁਲਸੀ ਅਤਿਆਚਾਰ ਝੱਲਣਾ ਪਿਆ। ਪੰਜ ਕਿਸਾਨਾਂ ਨੂੰ ਜਾਨ ਤੋਂ ਹੱਥ ਧੋਣੇ ਪਏ। (ਦੈਨਿਕ ਜਾਗਰਣ 7 ਜਨਵਰੀ 2009)

ਗ੍ਰੇਟ ਨੋਇਡਾ ਦੀ ਸਥਾਪਨਾ 28 ਜਨਵਰੀ 1991 ’ਚ ਮੁਲਾਇਮ ਸਿੰਘ ਯਾਦਵ ਦੀ ਸਰਕਾਰ ਨੇ ਕੀਤੀ ਸੀ। 2007 ’ਚ ਮੁਲਾਇਮ ਸਿੰਘ ਯਾਦਵ ਨੇ ਉਥੇ ਹੀ ਰਿਲਾਇੰਸ ਸਮੂਹ ਦੇ ਅਨਿਲ ਅੰਬਾਨੀ ਨੂੰ ਪਾਵਰ ਪਲਾਂਟ ਲਾਉਣ ਲਈ ਬੜੌਦਾ ਖੇਤਰ ’ਚ 2800 ਏਕੜ ਜ਼ਮੀਨ ਦਿੱਤੀ ਸੀ। ਉਪਲ ਚੱਡਾ ਗਰੁੱਪ ਨੂੰ 13000 ਏਕੜ ਜ਼ਮੀਨ 150 ਰੁਪਏ ਪ੍ਰਤੀ ਗਜ ਦੇ ਹਿਸਾਬ ਨਾਲ ਦੇਣ ਲਈ ਕਿਸਾਨਾਂ ਨੂੰ ਮਜ਼ਬੂਰ ਕੀਤਾ ਗਿਆ ਸੀ। ਉਸੇ ਜ਼ਮੀਨ ਨੂੰ ਉਪਲ ਚੱਡਾ ਗਰੁੱਪ ਨੇ 14000 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਪਲਾਟ ਕੱਟ ਕੇ ਵੇਚਿਆ। ਮੁੱਖ ਮੰਤਰੀ ਮਾਇਆਵਤੀ ਨੇ ਆਪਣੇ ਪਿੰਡ ਬਾਦਲਪੁਰ ਦੀ ਜ਼ਮੀਨ ਦਾ ਕਬਜ਼ਾ ਦੁਆ ਦਿੱਤਾ। ਇਸ ਕਬਜ਼ੇ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ 31 ਜੁਲਾਈ 2008 ’ਚ ਪੁਲਸ ਲਾਠੀਚਾਰਜ ਝੱਲਣਾ ਪਿਆ। ਅਨੇਕਾਂ ਔਰਤਾਂ ਤੇ ਬੁੱਢੇ ਕਿਸਾਨਾਂ ਜ਼ਖ਼ਮੀ ਹੋਏ, ਦਰਜਨਾਂ ਲੋਕਾਂ ਨੂੰ ਜੇਲ੍ਹ ਭੇਜਿਆ ਗਿਆ। ਮੌਜੂਦ ਮਾਇਆਵਤੀ ਸਰਕਾਰ ਵਿੱਚ ਵੀ 13 ਅਗਸਤ 2008 ਨੂੰ ਗ੍ਰੇਟਰ ਨੋਇਡਾ ਦੇ ਘੋੜੀ ਬਛੇੜਾ ਪਿੰਡ ’ਚ ਜ਼ਮੀਨ ਹੜੱਪਣ ਦਾ ਵਿਰੋਧ ਕਰ ਰਹੇ ਕਿਸਾਨਾਂ ’ਤੇ ਪੁਲਸ ਨੇ ਫਾਇਰਿੰਗ ਕੀਤੀ ਜਿਸ ’ਚ 6 ਕਿਸਾਨਾਂ ਦੀ ਮੌਤ ਹੋ ਗਈ। ਦੂਜੇ ਪਾਸੇ ਯਮੁਨਾ ਐਕਸਪ੍ਰੈਸ ਵੇ ਬਣਾਈ ਜਾ ਰਹੀ ਹੈ ਜਿਸ ਦਾ ਉਸਰੀਆ ਵੀ ਜੇ. ਪੀ. ਇਨਫ੍ਰਾਸਟਰਕਚਰ ਗਰੁੱਪ ਹੀ ਹੈ। ਇਸ ਦੇ ਤਹਿਤ ਨੋਇਡਾ ਤੋਂ ਆਗਰਾ ਤੱਕ ਐਕਸਪ੍ਰੈਸ ਵੇ ਅਤੇ ਪੰਜ ਟਾਊਨਸ਼ਿਪਾਂ ਦੀ ਉਸਾਰੀ ਕੀਤੀ ਜਾਣੀ ਹੈ। ਯਮੁਲਾ ਐਕਸਪ੍ਰੈਸ ਵੇ ਦੀ ਉਸਾਰੀ ’ਚ ਹਜ਼ਾਰਾਂ ਏਕੜ ਜ਼ਮੀਨ ਹੜੱਪੀ ਗਈ। ਇਸ ਪਿਛੋਂ ਲਗਭਗ 10 ਸਾਲਾਂ ’ਚ ਕਰੀਬ ਇਕ ਲੱਖ ਏਕੜ ਜ਼ਮੀਨ ਹੜੱਪਣ ਦੀ ਤਿਆਰੀ ਚਲ ਰਹੀ ਹੈ। ਜੋ ਜੇ. ਪੀ. ਗਰੁੱਪ ਨੂੰ ਦਿੱਤੀ ਜਾਵੇਗੀ। ਸਾਲ 2007 ’ਚ ਯਮੁਨਾ ਐਕਸਪ੍ਰੈਸ ਦੇ ਕਾਰਨ 1191 ਪਿੰਡ ਦਾ ਨਾਂ ਮਾਲ ਵਿਭਾਗ ’ਚ ਖ਼ਤਮ ਕਰ ਦਿੱਤਾ ਗਿਆ ਹੈ। ਕਿਸਾਨਾਂ ਦੀ ਉਪਜਾਊ ਖੇਤੀ ਯੋਗ ਜ਼ਮੀਨ ਵਿਕਾਸ ਦੇ ਬਹਾਨੇ ਸਰਮਾਏਦਾਰਾਂ ਨੂੰ ਸੌਂਪੀ ਜਾ ਰਹੀ ਹੈ। ਵਿਰੋਧ ਕਰਨ ’ਤੇ ਪੁਲਸ ਅਤਿਆਚਾਰ ਤੇ ਫਰਜ਼ੀ ਮੁਕੱਦਮੇ ਕਿਸਾਨਾਂ ’ਤੇ ਮੜੇ ਜਾਂਦੇ ਹਨ। ਗੰਗਾ ਐਕਸਪ੍ਰੈਸ ਵੇ ਨਾਲ ਸੂਬੇ ਦੇ ਲੋਕਾਂ ਦੇ ਵਿਕਾਸ ਦਾ ਦਾਅਵਾ ਕਿੰਨਾ ਖੋਖਲਾ ਹੈ ਇਹ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਕਤ ਸੜਕ ਤੇ ਪੈਦਲ, ਸਾਈਕਲ ਮੋਟਰ ਸਾਈਕਲ,

ਟਰੈਕਟਰ, ਰਿਕਸ਼ਾ ਆਦਿ ਚਲਾਉਣ ’ਤੇ ਪਾਬੰਦੀ ਹੋਵੇਗੀ। ਪੈਦਲ ਚਲਣ ’ਤੇ 2500 ਜੁਰਮਾਨਾ ਹੋਵੇਗਾ। 10 ਲੱਖ ਦਰਖ਼ਤਾਂ ਦੇ ਕੱਟਣ 120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਭੱਜਦੀਆਂ ਗੱਡੀਆ ਦੇ ਧੂੰਏ ਨਾਲ ਹੋਣ ਵਾਲਾ ਹਵਾ ਤੇ ਆਵਜ਼ ਪ੍ਰਦੂਸ਼ਣ ਲੋਕਾਂ ਨੂੰ ਝਲਣਾ ਪਵੇਗਾ। ਪੰਜ ਵਣ ਜੀਵ ਰਿਹਾਇਸ਼ਾਂ ਤੇ ਸੈਂਕੜੇ ਇਤਿਹਾਸਕ ਥਾਵਾਂ ਨਸ਼ਟ ਹੋ ਜਾਣਗੀਆਂ। 32 ਨਵੇਂ ਨਗਰ, 10 ਹਜ਼ਾਰ ਕਾਰਖਾਨਿਆਂ ਤੋਂ ਨਿਕਲਣ ਵਾਲੇ ਕਚਰੇ ਨਾਲ ਗੰਗਾ ਨਦੀ ਗੰਦੇ ਨਾਲੇ ਵਿੱਚ ਬਦਲ ਜਾਵੇਗੀ। ਜਿਥੋਂ ਤੱਕ ਹੜ੍ਹਾਂ ਤੋਂ ਛੁਟਕਾਰਾ ਮਿਲਣ ਦੀ ਗੱਲ ਹੈ। ਹੜ ਦਾ ਬਹੁਤਾ ਹਿੱਸਾ ਗੰਗਾ ਦਾ ਦੱਖਣੀ ਖੇਤਰ ਹੈ। 25 ਫੁੱਟ ਉੱਚਾ ਬੰਨ ਬਣ ਜਾਣ ਨਾਲ ਹੜ੍ਹ ਨੂੰ ਕੰਟਰੋਲ ਕਰਨ ਦਾ ਦਾਅਵਾ ਸਿਰਫ਼ ਧੋਖਾ ਹੈ। ਅਸਲ ਵਿੱਚ ਇਸ ਪ੍ਰੋਜੈਕਟ ਨਾਲ ਹੜ੍ਹਾਂ ਦਾ ਖਤਰਾ ਹੋਰ ਵੀ ਵੱਧ ਜਾਵੇਗਾ।

ਗੰਗਾ ਐਕਸ ਪ੍ਰੈਸ ਵੇ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਪੁਲਸ ਦੀ ਬੇਰਹਿਮੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਹਨਾਂ ਉਤੇ ਲਾਠੀਚਾਰਜ ਤੇ ਫਰਜ਼ੀ ਮੁਕੱਦਮੇ ਕੀਤੇ ਜਾ ਰਹੇ ਹਨ। ਅਦਾਲਤ ਵੀ ਵਿਕਾਸਕਰਤਾ ਕੰਪਨੀ ਦੇ ਹੱਕ ’ਚ ਫੈਸਲੇ ਦੇ ਰਹੀ ਹੈ। ਕਿਸਾਨ ਵਲੋਂ ਜ਼ਮੀਨ ਬਚਾਓ ਮੋਰਚਾ ਦੇ ਝੰਡੇ ਹੇਠ ਸੰਘਰਸ਼ ਚਲਾਇਆ ਜਾ ਰਿਹਾ ਹੈ। ਸਰਵੇ ਟੀਮ ਦਾ ਵਿਰੋਧ ਕਰਨ ਵਾਲੇ ਗਾਜੀਪੁਰ ਜ਼ਿਲ੍ਹੇ ਦੇ ਵਿਸ਼ਰਾਮਪੁਰ ਪਿੰਡ ਦੇ 14 ਲੋਕਾਂ ’ਤੇ ਧਾਰਾ 307 ਦਾ ਫਰਜ਼ੀ ਮੁਕੱਦਮਾ ਕਾਇਮ ਕਰ ਦਿੱਤਾ ਹੈ। ਗ੍ਰਿਫ਼ਤਾਰੀ ਖ਼ਿਲਾਫ ਹਾਈਕੋਰਟ ’ਚ ਸਟੇਅ ਲੈਣ ਗਏ 7 ਲੋਕਾਂ ’ਤੇ 70 ਹਜ਼ਾਰ ਦਾ ਜੁਰਮਾਨਾ ਅਦਾਲਤ ਨੇ ਕਰ ਦਿੱਤਾ। 35 ਹਜ਼ਾਰ ਰੁਪਏ ਵਿਕਾਸ ਕਰਤਾ ਜੇ. ਪੀ. ਗਰੁੱਪ ਲਈ ਅਤੇ 35 ਹਜ਼ਾਰ ਅਦਾਲਤ ਦਾ ਸਮਾਂ ਬਰਬਾਦ ਕਰਨ ਲਈ। ਪੁਲਸ ਨੇ ਖੇਤੀ ਜ਼ਮੀਨ ਬਚਾਓ ਮੋਰਚਾ ਦੇ ਰਾਜ ਨੇ ਨੌ ਅਹੁਦੇਦਾਰਾਂ ਤੇ ਚਾਰ ਅਣਪਛਾਤੇ ਲੋਕਾਂ ’ਤੇ ਫਰਜ਼ੀ ਮੁਕੱਦਮਾ ਕਰ ਦਿੱਤਾ ਹੈ ਜਿਸ ’ਚ ਇਕ ਅਹੁਦੇਦਾਰ ਦੀ ਗ੍ਰਿਫ਼ਤਰੀ ਵੀ ਕੀਤੀ ਗਈ ਹੈ। ਮਿਰਜਾਪੁਰ ਜ਼ਿਲ੍ਹੇ ਦੇ ਕੋਨ ਬਲਾਕ ’ਚ ਬਨਣ ਵਾਲੇ ਪਾਰਸਲ ਲੈਂਡ ਦੇ ਲਈ 94 ਪਿੰਡਾਂ ਦੀ ਜ਼ਮੀਨ ਹੜੱਪੀ ਜਾਣੀ ਹੈ। ਸਰਵੇ ਟੀਮ ਦਾ ਵਿਰੋਧ ਕਰਨ ’ਤੇ 18 ਲੋਕਾਂ ’ਤੇ ਨਾਮਜਦ ਤੇ 250 ਅਗਿਆਤ ਲੋਕਾਂ ’ਤੇ ਪੁਲਸ ਨੇ ਮੁਕੱਦਮਾ ਠੋਸ ਦਿੱਤਾ ਹੈ। ਉਸ ਪਿਛੋਂ ਭਾਰੀ ਪੁਲਸ ਫੋਰਸ ਨਾਲ ਪਹੁੰਚੀ ਸਰਵੇ ਟੀਮ ਨੂੰ ਹਜ਼ਾਰਾਂ ਦੀ ਗਿਣਤੀ ’ਚ ਕਿਸਾਨ ਪਹੁੰਚ ਕੇ ਸਰਵੇ ਤੋਂ ਮਨਾ ਕੀਤਾ। ਪੁਲਸ ਨੇ ਨਿਹੱਥੇ ਕਿਸਾਨਾਂ ਤੇ ਲਾਠੀਚਾਰਜ ਕਰ ਦਿੱਤਾ। 10 ਬੰਦੇ ਗ੍ਰਿਫ਼ਤਾਰ ਕਰ ਲਏ ਸੈਂਕੜਿਆਂ ’ਤੇ ਮੁਕੱਦਮਾ ਦਰਜ ਕਰ ਲਿਆ। ਕਿਸਾਨ ਆਪਣੀ ਇਕ ਇੰਚ ਵੀ ਜ਼ਮੀਨ ਦੇਣ ਲਈ ਤਿਆਰ ਨਹੀਂ ਹਨ। ਹਰ ਥਾਂ ਇਸ ਖ਼ਿਲਾਫ਼ ਰੈਲੀਆਂ ਮੁਜਾਹਰੇ ਹੋ ਰਹੇ ਹਨ। ਸਰਕਾਰ ਜਬਰੀ ਕਿਸਾਨਾਂ ਦੀ ਜ਼ਮੀਨ ਤੇ ਕਬਜ਼ਾ ਕਰਨਾ ਚਾਹੁੰਦੀ ਹੈ ਪਰ ਕਿਸਾਨ ਵੀ ਡਟੇ ਹੋਏ ਹਨ। ਸਤੰਬਰ ਮਹੀਨੇ ’ਚ ਇਲਾਹਾਬਾਦ ’ਚ ਸੂਬੇ ਭਰ ਦੇ ਸੰਘਰਸਸ਼ੀਲ ਕਿਸਾਨਾਂ ਤੇ ਉਹਨਾਂ ਦੇ ਸੰਘਰਸ਼ ਦੀਆਂ ਹਮਾਇਤੀ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਬੈਠਕ ’ਚ ਖੇਤੀ ਭੂਮੀ ਨੂੰ ਬਚਾਉਣ ਲਈ ਇਸ ਨੂੰ ਸੰਘਰਸ਼ ਨੂੰ ਮਜ਼ਬੂਤੀ ਨਾਲ ਚਲਾਉਣ ਦਾ ਫੈਸਲਾ ਲਿਆ ਗਿਆ ਹੈ।

# ਆਲਮੀ ਤਪਸ਼-ਇਕ ਗੰਭੀਰ ਸੰਕਟ 'ਤੇ ਜ਼ੋਰ ਕਿਉਂ?

ਪਿੱਛੇ ਜਿਹੇ ਹੀ ਆਲਮ ਤਪਸ਼ (ਗਲੋਬਲ ਵਾਰਮਿੰਗ) ਨੇ ਦੁਨੀਆਂ 'ਚ ਕਰੋੜਾਂ ਲੋਕਾਂ ਦਾ ਧਿਆਨ ਖਿਚਿਆ ਹੈ। ਅਜਿਹਾ ਹੋਣਾ ਹੈ ਵੀ ਸੁਭਾਵਿਕ ਕਿਉਂਕਿ ਇਸ ਨੇ ਨਾ ਸਿਰਫ਼ ਲੋਕਾਂ ਦੀ ਜ਼ਿੰਦਗੀ ਅਤੇ ਰੋਟੀ ਰੋਜ਼ੀ ਨੂੰ ਬਲਕਿ ਜੀਵਨ ਤੇ ਅਣਗਿਣਤ ਪ੍ਰਜਾਤੀਆਂ ਦੀ ਹੋਂਦ ਨੂੰ ਹੀ ਖ਼ਤਰੇ 'ਚ ਪਾ ਦਿੱਤਾ ਹੈ। ਇਸਨੇ ਦੁਨੀਆਂ ਭਰ 'ਚ ਮੀਂਹ ਦੇ ਪੈਟਰਨ, ਸਮੁੰਦਰੀ ਪਾਣੀ ਦੇ ਪੱਧਰ, ਝੱਖੜ, ਤੂਫ਼ਾਨ, ਧਰਤੀ 'ਤੇ ਬਰਫ਼ ਦੀ ਮਾਤਰਾ ਤੇ ਖੇਤੀ ਵਰਗੀਆਂ ਬੁਨਿਆਦੀ ਚੀਜ਼ਾਂ 'ਤੇ ਅਸਰ ਪਾਇਆ ਹੈ, ਜੋ ਮਨੁੱਖ ਦੀਆਂ ਜ਼ਰੂਰਤਾਂ ਲਈ ਅਤੀ ਜ਼ਰੂਰੀ ਹੈ। ਭਾਰਤ 'ਚ ਵੀ ਇਸ ਦਾ ਅਸਰ ਦਿੱਸ ਰਿਹਾ ਹੈ। ਇਹ ਇਕ ਉਹ ਸੰਕਟ ਹੈ ਜਿਸ ਦੀਆਂ ਜੜ੍ਹਾਂ ਸਾਮਰਾਜ (ਪੂੰਜੀਵਾਦ ਦੇ ਸਭ ਤੋਂ ਉੱਚੇ ਪੜਾਅ) ਵਿਚ ਪਈਆਂ ਹਨ ਪਰ ਮੀਡੀਆ 'ਚ ਅਤੇ ਹੋਰ ਥਾਵਾਂ 'ਤੇ ਜੋ ਪਰੋਸਿਆ ਜਾ ਰਿਹਾ ਹੈ ਅਤੇ ਜਿਸ ਦੀ ਚਰਚਾ ਕੀਤੀ ਜਾ ਰਹੀ ਹੈ, ਉਥੇ ਇਸ ਮੁੱਦੇ ਨੂੰ ਵਿਵਸਥਾ ਦੀ ਪੈਦਾਇਸ਼ ਦੱਸਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਆਲਮੀ ਤਪਸ਼ (ਵਿਸ਼ਵੀ ਗਰਮਾਹਟ) ਦਾ ਕੇਂਦਰ ਬਿੰਦੂ ਇਹ ਹੈ ਕਿ ਜਲ, ਜੰਗਲ, ਜ਼ਮੀਨ ਤੇ ਹਵਾ ਵਰਗੀ ਦੁਨੀਆਂ ਦੀ ਆਮ ਦੌਲਤ (ਸਮੂਹਕ ਸਾਧਨਾਂ) ਬਹੁਗਿਣਤੀ ਲੋਕਾਂ ਦੇ ਅਧਿਕਾਰਾਂ ਅਤੇ ਪਹੁੰਚ ਨੂੰ ਮੁੱਠੀਭਰ ਲੋਕਾਂ ਵਲੋਂ ਹੜੱਪ ਲਿਆ ਗਿਆ ਹੈ ਕਿਉਂਕਿ ਮੇਹਨਤਕਸ਼ ਲੋਕ ਹੀ ਸਾਡੇ ਦੇਸ਼ ਵਿੱਚ ਅਤੇ ਦੁਨੀਆਂ 'ਚ ਬਹੁਗਿਣਤੀ ਹੈ ਅਤੇ ਉਹੀ ਇਸ ਵਿਸ਼ਵੀ ਗਰਮਾਹਟ ਅਤੇ ਮੌਸਮੀ ਬਦਲਾਅ ਨਾਲ ਵੱਡੇ ਪੈਮਾਨੇ 'ਤੇ ਪ੍ਰਭਾਵਿਤ ਹੋਣਗੇ, ਇਸ ਲਈ ਅਨਿਆ ਅਤੇ ਸਭ ਤਰ੍ਹਾਂ ਦੀ ਲੁੱਟ ਖ਼ਿਲਾਫ਼ ਸੰਘਰਸ਼ੀਲ ਹਨ। ਉਹ ਦੁਨੀਆਂ ਨੂੰ ਵੇਖਣ ਦੇ ਆਪਣੇ ਨਜ਼ਰੀਏ 'ਚ ਅਤੇ ਆਪਣੇ ਸੰਘਰਸ਼ਾਂ 'ਚ ਇਹਨਾਂ ਮੁੱਦਿਆਂ ਨੂੰ ਸ਼ਾਮਲ ਕਰਨ।

**ਵਿਸ਼ਵੀ ਤਪਸ਼ ਹੈ ਕੀ?** - ਸੈਂਕੜੇ, ਲੱਖਾਂ ਸਾਲਾਂ ਤੋਂ ਸੂਰਜ ਦੀ ਊਰਜਾ ਨੇ ਧਰਤੀ ਨੂੰ ਖੁਰਾਕ ਦਿੱਤੀ ਹੈ, ਇਸ ਗ੍ਰਹਿ 'ਤੇ ਸਭ ਜੀਵਾਂ ਤੇ ਪੌਦਿਆਂ ਨੂੰ ਪੈਦਾ ਕੀਤਾ ਹੈ ਅਤੇ ਉਹਨਾਂ ਨੂੰ ਬਣਾਈ ਰੱਖਿਆ ਹੈ। ਇਸ ਊਰਜਾ ਦੇ ਇਕ ਵੱਡੇ ਹਿੱਸੇ ਨੂੰ ਧਰਤੀ ਦੀ ਸਤਹਿ ਵਾਪਸ ਪੁਲਾੜ 'ਚ ਮੋੜ ਦਿੰਦੀ ਹੈ ਅਤੇ ਇਸ ਦੇ ਕੁਝ ਹਿੱਸੇ ਨੂੰ ਵਾਤਾਵਰਣ ਵਜੋਂ ਜ਼ਜਬ ਕਰ ਲਿਆ ਜਾਂਦਾ ਹੈ। ਜੋ ਕੁਦਰਤੀ ਸੰਤੁਲਨ ਬਣਾਈ ਰੱਖਦਾ ਹੈ। ਮਨੁੱਖੀ ਸਰਗਰਮੀਆਂ ਨੇ ਖਾਸ ਕਰਕੇ 250 ਸਾਲ ਪਹਿਲਾਂ ਹੋਈ ਸਨਅਤੀ ਕ੍ਰਾਂਤੀ ਪਿਛੋਂ ਇਹ ਸੰਤੁਲਨ ਨੂੰ ਵਿਗਾੜ ਦਿੱਤਾ ਹੈ। ਸਨਅਤੀ ਇਨਕਲਾਬ ਨੇ ਜੀਵਾਂ ਲਈ ਰੱਖੇ ਬਾਲਣ ਨੂੰ ਜਲਾ ਕੇ ਊਰਜਾ ਦੀ ਵਰਤੋਂ ਦੀ ਗਤੀ ਨੂੰ ਤੇਜ਼ ਕਰ ਦਿੱਤਾ ਜੋ ਪੂੰਜੀਵਾਦ ਦੇ ਵਿਕਾਸ ਦਾ ਕੇਂਦਰਬਿੰਦੂ ਰਿਹਾ ਹੈ। ਪਹਿਲਾਂ ਕੋਲਾ ਤੇ ਫਿਰ ਅੱਗੇ ਚਲ ਕੇ ਪੈਟਰੋਲ, ਡੀਜ਼ਲ ਤੇ ਗੈਸ ਦੀ ਇਸ ਖਪਤ ਨੇ ਅਤੇ ਖੁਦਾਈ, ਜੰਗਲਾਂ ਦੇ ਵਿਨਾਸ਼ ਅਤੇ ਇਥੋਂ ਤੱਕ ਕਿ ਖੇਤੀ ਵਰਗੀਆਂ ਮਨੁੱਖੀ ਸਰਗਰਮੀਆਂ ਨੇ ਕਾਰਬਨ ਡਾਈਅਕਸਾਈਡ, ਮਿਥੇਨ ਤੇ ਹੋਰ ਗ੍ਰੀਨ ਹਾਊਸ ਗੈਸਾਂ ਨੂੰ ਪੈਦਾ ਕੀਤਾ। ਅਜਕਲ ਮਨੁੱਖ ਵਲੋਂ ਜੀਵਾਂ ਲਈ ਜ਼ਰੂਰ

ਬਾਲਣ ਨੂੰ ਜਲਾ ਕੇ ਹਰ ਸਾਲ 29 ਅਰਬ ਟਨ ਕਾਰਬਨ ਡਾਈਅਕਸਾਈਡ ਨੂੰ ਪੈਦਾ ਕੀਤਾ ਜਾ ਰਿਹਾ ਹੈ ਜੋ 1990 'ਚ ਕੀਤੀ ਗਈ ਪੈਦਾਇਸ਼ ਤੋਂ 25 ਫੀਸਦੀ ਵੱਧ ਹੈ। (ਕੋਟਾ ਪ੍ਰੋਟੋਕੋਲ ਅਨੁਸਾਰ 1990 ਕਟ-ਆਫ ਸਾਲ ਹੈ) ਜੰਗਲਾਂ ਦੇ ਵਿਨਾਸ ਨਾਲ ਹੋਰ ਵੀ 6 ਤੋਂ 7 ਅਰਬ ਟਨ ਦੀ ਪੈਦਾਇਸ਼ ਹੁੰਦੀ ਹੈ। ਪੈਦਾਇਸ਼ ਦਾ ਮੁੱਖ ਸਰੋਤ ਹੈ ਬਿਜਲੀ (24 ਫੀਸਦੀ), ਭੂਮੀ ਦੀ ਵਰਤੋਂ 'ਚ ਬਦਲਾਅ (ਵਣਾਂ ਦਾ ਵਿਨਾਸ਼) (18 ਫੀਸਦੀ), ਆਵਾਜਾਈ (14 ਫੀਸਦੀ) ਅਤੇ ਸਨਅਤ (14 ਫੀਸਦੀ) ਇਥੋਂ ਤੱਕ ਕਿ ਖੇਤੀ ਵੀ ਇਸ ਪੈਦਾਇਸ਼ 'ਚ 14 ਫੀਸਦੀ ਦਾ ਯੋਗਦਾਨ ਦੇ ਰਹੀ ਹੈ ਜਿਸ ਨਾਲ ਵਿਕਸਤ ਦੇਸ਼ਾਂ 'ਚ ਰਸਾਇਣਕ ਖਾਦਾਂ ਦੀ ਖੂਬ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਪੂਰੀ ਤਰ੍ਹਾਂ ਮਸ਼ੀਨੀ ਹੋ ਗਈ ਹੈ। ਪਰ ਇਹ ਗੱਲ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਸਾਡੇ ਵਰਗੇ ਦੇਸ਼ਾਂ ਵਿੱਚ ਜਿਥੇ ਮਨੁੱਖ ਤੇ ਪਸ਼ੂ ਦੀ ਮਿਹਨਤ ਨਾਲ ਖੇਤੀ ਕੀਤੀ ਜਾਂਦੀ ਹੈ, ਇਸ ਨਾਲ ਨਾ ਸਿਰਫ਼ ਭੋਜਨ ਹਾਸਲ ਹੁੰਦਾ ਹੈ ਬਲਕਿ ਇਹ ਸਾਡੀ ਆਬਾਦੀ ਦੇ ਇਕ ਵੱਡੇ ਹਿੱਸੇ ਨੂੰ ਆਧਾਰ ਵੀ ਮੁਹੱਈਆ ਕਰਦੀ ਹੈ। ਇਹ ਮਨੁੱਖ ਦੀ ਹੋਂਦ ਲਈ ਲਾਜ਼ਮੀ ਹੈ, ਕਾਰਾਂ ਤੇ ਹਵਾਈ ਜਹਾਜ਼ ਨਹੀਂ। ਇਥੇ ਕੁਝ ਨੁਕਤਿਆਂ ਨੂੰ ਸਾਫ਼ ਕਰਨ ਦੀ ਲੋੜ ਹੈ। ਪਹਿਲਾ ਚੀਨ ਤੇ ਭਾਰਤ ਵਰਗੇ ਕੋਲਾ-ਭਰਪੂਰ ਦੇਸ਼ਾਂ ਵਿੱਚ ਪੂੰਜੀਵਾਦੀ ਪੈਦਾਵਾਰ ਦੇ ਵਿਸਥਾਰ ਨਾਲ ਪਿਛਲੇ ਸਾਲਾਂ ਦੌਰਾਨ ਇਸ ਖਪਤ 'ਚ ਤੇਜ਼ੀ ਆਈ ਹੈ। ਆਧੁਨਿਕ ਜੰਗਾਂ ਵੀ ਇਸ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ, ਜੋ ਲੜਾਕੂ ਜਹਾਜ਼ਾਂ, ਬਾਲਣ ਤੇ ਖਣਿਜਾਂ 'ਤੇ ਬਹੁਤ ਜ਼ਿਆਦਾ ਨਿਰਭਰ ਹੁੰਦੀਆਂ ਹਨ। ਦੂਸਰਾ ਮੌਜੂਦਾ ਸੰਕਟ ਸਿੱਧੇ ਤੌਰ 'ਤੇ ਪੂੰਜੀਵਾਦੀ ਵਿਕਾਸ ਦਾ ਸਿੱਟਾ ਹੈ, ਜਿਸ ਦੀ ਅੰਦਰੂਨੀ ਰੁਝਾਣ ਹੀ ਹੁੰਦਾ ਹੈ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਅਤੇ ਇਸ ਅਮਲੇ 'ਚ ਦੁਨੀਆਂ ਪੱਧਰ 'ਤੇ ਕੁਦਰਤੀ ਦੌਲਤ ਦੀ ਲੁੱਟ ਕਰਨਾ। ਇਸ ਨੇ ਹਰੇਕ ਸਮਾਜ ਅੰਦਰ ਖੁਸ਼ਹਾਲ ਘੱਟ ਗਿਣਤੀ ਪੈਦਾ ਕੀਤੀ ਹੈ। ਇਹਨਾਂ ਦੀ ਮੰਗ ਲਗਾਤਾਰ ਵਧਦੀ ਹੀ ਜਾਂਦੀ ਹੈ ਅਤੇ ਇਹਨਾਂ ਦੀ ਖਪਤ ਦਾ ਪੱਧਰ ਟਿਕਾਊ ਨਹੀਂ ਹੈ, ਜੋ ਸਾਡੇ ਵਾਤਾਵਰਣ 'ਚ ਗਰੀਨ ਹਾਊਸ ਗੈਸਾਂ ਦੇ ਘਾਤਕ ਵਾਧੇ ਵੱਲ ਲੈ ਜਾਵੇਗੀ। ਕਿਉਂਕਿ ਇਹ ਮੌਜੂਦਾ ਢਾਂਚੇ ਦੀ ਸਿਰਜੀ ਹੋਈ ਸਮੱਸਿਆ ਹੈ ਇਸ ਲਈ ਇਸ ਨਾਲ ਦੇਸ਼ ਜਾਂ ਰਾਜਾਂ ਦੇ ਦਾਇਰੇ 'ਚ ਨਿਪਟਣ ਦੀਆਂ ਕੋਸ਼ਿਸ਼ਾਂ ਨਾਲ (ਜਿਵੇਂ ਕਿ ਸਰਕਾਰਾਂ ਪਿਛਲੇ ਕਈ ਸਾਲਾਂ ਤੋਂ ਕੌਮਾਂਤਰੀ ਬਹਿਸ਼ਾਂ 'ਚ ਕਰਦੀਆਂ ਆ ਰਹੀਆਂ ਹਨ) ਕਦੀ ਵੀ ਮੁੱਦੇ ਨੂੰ ਸਮੁੱਚੇ ਢੰਗ ਨਾਲ ਹੱਲ ਨਹੀਂ ਕੀਤਾ ਜਾ ਸਕੇਗਾ। ਤੀਸਰਾ ਜਿਥੇ ਪੂੰਜੀਵਾਦੀ ਸਨਅਤੀ ਸਮਾਜਾਂ ਵਲੋਂ ਇਤਿਹਾਸਕ ਤੌਰ 'ਤੇ ਪੈਦਾ ਕੀਤੀ ਮੌਜੂਦ ਖ਼ਤਰਨਾਕ ਹਾਲਤ ਲਈ ਮੁੱਖ ਵਾਹਕ ਹੈ ਪਰ ਇਸ ਪ੍ਰੀਘਟਨਾ ਦੇ ਕੇਂਦਰ ਵਿੱਚ ਪੂੰਜੀਵਾਦੀ ਪੈਦਾਵਾਰ ਤੇ ਖਪਤ ਹੈ। ਇਹ ਬੰਦੇ ਦੀ ਆਮਦਨ-ਖਰਚ ਤੇ ਜੀਵਨ ਸ਼ੈਲੀ ਨਾਲ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੀ ਹੈ। ਮਿਸਾਲ ਵਜੋਂ ਦਿੱਲੀ 'ਚ ਬੱਸ ਦਾ ਮੁਸਾਫਰ ਸਨਅਤੀ ਮਜ਼ਦੂਰ ਕਾਰ 'ਚ ਸਫਰ ਕਰਨ ਵਾਲੇ ਕਿਸੇ ਬੰਦੇ ਤੋਂ ਕਿਤੇ ਘੱਟ ਕਾਰਬਨ ਡਾਇਅਕਸਾਈਡ ਪੈਦਾ ਕਰਦਾ ਹੈ ਅਤੇ ਹਵਾਈ ਜਹਾਜ਼ ਦਾ ਹਰੇਕ ਬੰਦਾ ਪ੍ਰਤੀ ਅੱਠ ਕਿਲੋਮੀਟਰ ਲਈ ਇਕ ਕਿਲੋਗ੍ਰਾਮ ਕਾਰਬਨ ਡਾਇਅਕਸਾਈਡ ਛੱਡਦਾ ਹੈ। ਮੌਜੂਦਾ ਸਮੇਂ

ਅਸੀਂ ਹਰ ਸਾਲ 36-37 ਅਰਬ ਟਨ ਕਾਰਬਨ ਡਾਇਅਕਸਾਈਡ ਪੈਦਾ ਕਰਦੇ ਹਾਂ। ਪਰ ਧਰਤੀ ਹਰ ਸਾਲ ਸਿਰਫ਼ 15-16 ਅਰਬ ਟਨ ਹੀ ਜ਼ਜ਼ਬ ਕਰ ਸਕਦੀ ਹੈ। ਇਸ ਵਾਧੂ ਪੈਦਾਇਸ਼ ਕਰਕੇ ਹੀ ਵਾਯੂ ਮੰਡਲ ਵਿੱਚ ਕਾਰਬਨ ਡਾਈਅਕਸਾਈਡ ਦਾ ਪੱਧਰ ਸਨਅਤੀ ਇਨਕਲਾਬ ਸਮੇਂ 288 ਪੀ. ਪੀ. ਐਮ (ਪਾਰਟ ਪਰ ਮਿਲੀਅਨ) ਤੋਂ ਵੱਧ ਕੇ ਅੱਜਕਲ 387 ਪੀ. ਪੀ. ਐਮ. ਹੋ ਗਿਆ ਹੈ। ਇਹ ਗੈਸ ਸੂਰਜੀ ਊਰਜਾ ਦਾ ਕੁਝ ਹਿੱਸਾ ਰੋਕ ਲੈਂਦੀ ਹੈ ਅਤੇ ਧਰਤੀ ਦੀ ਸਤਹਿ ਤੇ ਵਾਪਸ ਪ੍ਰਸਾਰਿਤ ਕਰ ਦਿੰਦੀ ਹੈ। ਜਿਸ ਨਾਲ ਇਹ ਗ੍ਰਹਿ, ਵਾਯੂ ਮੰਡਲ ਤੇ ਸਾਗਰ ਵੀ ਗਰਮ ਹੁੰਦਾ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਧਰਤੀ ਸਨਅਤੀ ਇਨਕਲਾਬ ਸਮੇਂ ਜਿੰਨੀ ਗਰਮ ਸੀ, ਉਸ ਤੋਂ ਔਸਤਨ 0.78 ਡਿਗਰੀ ਸੈਂਟੀਗਰੇਟ (1.4 ਡਿਗਰੀ ਫਾਰਨਹੀਟ) ਵੱਧ ਗਰਮ ਹੋ ਗਈ ਹੈ। ਇਹ ਪੂਰੀ ਦੁਨੀਆਂ ਦੀ ਸਿਰਫ਼ ਔਸਤ ਹੈ। ਅਸੀਂ ਭੂ-ਮੱਧ ਰੇਖਾ ਤੋਂ ਜਿਵੇਂ-ਜਿਵੇਂ ਦੂਰ ਹੁੰਦੇ ਜਾਂਦੇ ਹਾਂ, ਇਹ ਵੱਧ ਗਰਮ ਹੁੰਦੀ ਜਾਂਦੀ ਹੈ। ਮਿਸਾਲ ਵਜੋਂ ਕੇਰਲਾ ਦੇ ਮੁਕਾਬਲੇ ਉਤਰੀ ਭਾਰਤ ਵੱਧ ਗਰਮ ਹੋਇਆ ਹੈ। ਹਿਮਾਲਿਆ ਦੇ ਵੱਧ ਉਚਾਈ ਵਾਲੇ ਖੇਤਰ ਗੰਗਾ ਦੇ ਮੈਦਾਨੀ ਇਲਾਕਿਆਂ ਤੋਂ ਵੱਧ ਗਰਮ ਹੋਇਆ ਹੈ। ਹਾਲਾਂਕਿ ਤਾਪਮਾਨ 'ਚ ਇਹ ਤਬਦੀਲੀ ਮਾਮੂਲੀ ਜਿਹੀ ਲੱਗਦੀ ਹੈ ਪਰ ਥੋੜੇ ਜਿਹੀ ਤਬਦੀਲੀ ਦਾ ਸਿੱਟਾ ਵਿਸ਼ਾਲ ਹੋ ਸਕਦਾ ਹੈ। ਮਿਸਾਲ ਵਜੋਂ ਹਿਮਯੁੱਗ ਤੋਂ ਅੱਜ ਦੇ ਤਾਪਮਾਨ 'ਚ ਸਿਰਫ਼ 6 ਡਿਗਰੀ ਸੈਂਟੀਗ੍ਰੇਡ ਦਾ ਫ਼ਰਕ ਰਹਿ ਗਿਆ ਹੈ।

**ਇਸ ਦਾ ਅਸਰ, ਵਰਤਮਾਨ ਤੇ ਭਵਿੱਖ** - ਪੂਰੇ ਦੇਸ਼ ਦੇ ਲੋਕ, ਪਿੰਡਾਂ ਤੇ ਸ਼ਹਿਰਾਂ 'ਚ, ਵਿਸ਼ਵੀ ਤਪਸ਼ ਸਬੰਧੀ ਗੱਲਾਂ ਕਰ ਰਹੇ ਹਨ ਕਿਉਂਕਿ ਇਹ ਉਹਨਾਂ ਦੇ ਜੀਵਨ ਸਿੱਧਾ ਪ੍ਰਭਾਵਿਤ ਕਰ ਰਹੀ ਹੈ। ਹਾਲ ਦੇ ਸਾਲਾਂ 'ਚ ਮੀਂਹ ਦੇ ਪੈਟਰਨ 'ਚ ਆ ਰਹੇ ਬਦਲਾਅ ਨੇ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ (ਜੋ ਪਹਿਲਾਂ ਹੀ ਖੇਤੀ ਸੰਕਟ ਨਾਲ ਜੂਝ ਰਹੇ ਹਨ) ਆਪਣੀਆਂ ਫਸਲਾਂ ਦੀ ਵਿਉਂਤ ਬਣਾਉਣੀ ਮੁਸ਼ਕਲ ਕਰ ਦਿੱਤੀ ਹੈ। ਨਾਲ ਹੀ ਇਸ ਨੇ ਕਈ ਸੂਬਿਆਂ 'ਚ ਫਸਲਾਂ ਦੀ ਪੈਦਾਵਾਰ ਨੂੰ ਵੀ ਅਸਰ ਅੰਦਾਜ਼ ਕੀਤਾ ਹੈ। ਵੱਧ ਬਰਸਾਤ (2005 'ਚ ਮੁੰਬਈ 'ਚ ਹੋਈ ਸੀ ਅਤੇ ਜਿਸ 'ਚ 1000 ਤੋਂ ਵੱਧ ਲੋਕ ਮਾਰੇ ਗਏ ਸਨ) ਆਮ ਗੱਲ ਹੋ ਗਈ ਹੈ। ਝੱਖੜ ਤੇ ਤੇਜ਼ ਤੂਫਾਨ ਵੀ ਆਉਂਦੇ ਹਨ ਕਿਉਂਕਿ ਸਮੁੰਦਰ ਦਾ ਪੱਧਰ ਹੌਲੀ-ਹੌਲੀ ਉਪਰ ਜਾ ਰਿਹਾ ਹੈ ਅਤੇ ਨੀਵੇਂ ਪੱਧਰ ਦੀ ਜ਼ਮੀਨ ਨੂੰ ਡੁਬਾਉਂਦਾ ਜਾ ਰਿਹਾ ਹੈ। ਇਸ ਲਈ ਸਮੁੰਦਰੀ ਕੰਢਿਆਂ ਦੇ ਇਲਾਕਿਆਂ ਦੇ ਲੋਕ ਆਪਣੀ ਜ਼ਮੀਨ ਤੇ ਰੋਟੀ ਰੋਜ਼ੀ ਗੁਆਉਂਦੇ ਜਾ ਰਹੇ ਹਨ ਜਿਵੇਂ ਕਿ ਉੜੀਸਾ, ਸੁੰਦਰਬਨ ਤੇ ਗੁਜਰਾਤ ਦੇ ਲੋਕ ਹਿਮਾਲਿਆ ਦੇ ਉਪਰੀ ਹਿੱਸਿਆਂ ਵਿੱਚ ਬਰਫ ਬਾਰੀ ਘਟਦੀ ਜਾ ਰਹੀ ਹੈ ਅਤੇ ਗਲੇਸ਼ੀਅਰ ਗੰਗਾ ਨਦੀ ਦੇ ਸਰੋਤ ਸਮੇਤ ਪਿੱਛੇ ਹਟਦੇ ਜਾ ਰਹੇ ਹਨ। ਇਸ ਨਾਲ ਹਜ਼ਾਰਾਂ ਪਿੰਡਾਂ ਦੇ ਲੋਕ ਪ੍ਰਭਾਵਿਤ ਹੋਏ ਹਨ ਅਤੇ ਨੇੜ-ਭਵਿੱਖ 'ਚ ਅਤੇ ਖਾਸ ਤੌਰ 'ਤੇ ਉਤਰੀ ਭਾਰਤ ਦੇ ਨਗਰਾਂ ਤੇ ਪਿੰਡਾਂ ਦੀ ਕਰੋੜਾਂ ਜਨਤਾ ਦੇ ਪਾਣੀ ਦੇ ਸਰੋਤਾਂ 'ਤੇ ਅਸਰ ਪਾਵੇਗੀ ਕਿਉਂਕਿ ਔਰਤਾਂ ਹੀ ਪਾਣੀ ਦੇ ਸਾਰੇ ਕੰਮ ਕਰਦੀਆਂ ਹਨ ਅਤੇ ਆਪਣੇ ਪ੍ਰੀਵਾਰਾਂ ਦੇ ਭੋਜਨ ਦਾ ਸਾਰਾ ਬੋਝ ਚੁੱਕਦੀਆਂ ਹਨ ਇਸ ਲਈ ਗਰੀਬ ਪ੍ਰੀਵਾਰਾਂ ਦੀ ਔਰਤਾਂ 'ਤੇ ਇਸ

ਦੀ ਸੱਟ ਵੱਜ ਰਹੀ ਹੈ ਤੇ ਭਵਿੱਖ 'ਚ ਇਹ ਸੱਟ ਹੋਰ ਵੱਧ ਜਾਵੇਗੀ। ਭਵਿੱਖ 'ਚ ਇਹ ਸਾਰੇ ਅਸਰ ਹੋਰ ਵੱਧ ਤਿੱਖੇ ਰੂਪ 'ਚ ਸਾਹਮਣੇ ਆਉਣਗੇ। ਵਿਸ਼ਵੀ ਤਪਸ਼-ਮੌਜੂਦਾ ਮੌਸਮੀ ਚੱਕਰ ਨੂੰ ਬਦਲ ਕੇ ਦੁਨੀਆਂ ਦੀ ਅਨਾਜ ਸੁਰੱਖਿਆ 'ਤੇ ਅਸਰ ਪਾਵੇਗੀ, ਲੋਕਾਂ ਨੂੰ ਵੱਡੇ ਪੈਮਾਨੇ 'ਤੇ ਉਜਾੜੇਗੀ, ਪਾਣੀ ਵਰਗੇ ਜ਼ਰੂਰੀ ਸਾਧਨਾਂ ਦੀ ਘਾਟ ਨੂੰ ਤੇਜ਼ ਕਰੇਗਾ ਅਤੇ ਸਾਡੇ ਗ੍ਰਹਿ 'ਚ ਪਹਿਲਾਂ ਤੋਂ ਮੌਜੂਦ ਅਸਮਾਨ ਦੀ ਖਾਈ ਨੂੰ ਹੋਰ ਚੌੜਾ ਕਰ ਦੇਵੇਗਾ। ਹੁਣ ਕਿੰਨੇ ਸਾਰੇ ਮਾਹਿਰ ਕਹਿਣ ਲੱਗ ਗਏ ਹਨ ਕਿ ਇਸ ਸਦੀ ਦੌਰਾਨ ਸਮੁੰਦਰ ਦਾ ਪੱਧਰ ਕਈ ਫੁੱਟ ਉੱਚਾ ਹੋ ਜਾਵੇਗਾ। ਕੀ ਕੋਈ ਇਹ ਕਲਪਨਾ ਕਰ ਸਕਦਾ ਹੈ ਕਿ ਭਾਰਤ ਦੇ ਵਿਸ਼ਾਲ ਸਮੁੰਦਰੀ ਕੰਢੇ ਦੇ ਕੁਝ ਕਿਲੋਮੀਟਰ ਦੇ ਦਾਇਰੇ 'ਚ ਰਹਿਣ ਵਾਲੇ ਕਰੋੜਾਂ ਮਿਹਨਤਕਸ਼ਾਂ ਗਰੀਬ ਕੀ ਕਰਨਗੇ? ਮਛੇਰਾ ਭਾਈਚਾਰਾ ਮਾਰ ਹੇਠ ਆਵੇਗਾ ਅਤੇ ਵੈਸੇ ਹੀ ਉਹਨਾਂ ਕਰੋੜਾਂ ਲੋਕਾਂ 'ਤੇ ਜੋ ਮੁੰਬਈ, ਚੇਨਈ, ਪੁਰੀ, ਕੋਚੀਨ ਤੇ ਅਣਗਿਣਤ ਹੋਰ ਸਮੁੰਦਰੀ ਕੰਢਿਆਂ ਦੇ ਨਗਰਾਂ 'ਚ ਰਹਿੰਦੇ ਹਨ। ਹੁਣ ਹੋਰ ਪਾਸੇ ਲੋਕਾਂ ਦਾ ਭਾਰੀ ਪਲਾਇਨ ਹੋਵੇਗਾ। ਭਾਰਤ ਦੇ ਕੁਝ ਸਭ ਤੋਂ ਵੱਧ ਉਪਜਾਊ ਖੇਤਰ ਵੀ ਸਮੁੰਦਰੀ ਕੰਢੇ ਤੋਂ ਕੁਝ ਕਿਲੋਮੀਟਰ ਦੀ ਦੂਰੀ ਤੇ ਸਥਿਤ ਹਨ। ਸਮੁੰਦਰੀ ਤੂਫਾਨਾਂ ਦੌਰਾਨ ਨਮਕੀਨ (ਸਮੁੰਦਰੀ) ਪਾਣੀ ਦੇ ਦਾਖਲੇ ਨਾਲ ਇਹਨਾਂ 'ਚੋਂ ਕੁਝ ਇਲਾਕਿਆਂ 'ਤੇ ਪਹਿਲਾਂ ਹੀ ਅਸਰ ਪੈਣ ਲੱਗਿਆ ਹੈ। ਮੀਂਹ ਦੇ ਪੈਟਰਨ 'ਚ ਉਲਟ ਫੇਰ ਨਾਲ ਕਿਸਾਨਾਂ ਨੂੰ ਆਪਣਾ ਤਾਲਮੇਲ ਬਿਠਾਉਣ ਦੀ ਲੋੜ ਪਵੇਗੀ। ਜਿਵੇਂ ਕਿ ਅਸੀਂ ਅਜਕਲ ਬੁੰਦੇਲਖੰਡ 'ਚ ਦੇਖ ਰਹੇ ਹਾਂ, ਖੇਤੀ 'ਤੇ ਪੈਣ ਵਾਲਾ ਕੋਈ ਵੀ ਅਸਰ ਖੇਤ ਮਜ਼ਦੂਰਾਂ 'ਤੇ ਭਾਰੀ ਅਸਰ ਪਾਉਂਦਾ ਹੈ ਜੋ ਆਮ ਤੌਰ 'ਤੇ ਵਾਂਝੇ ਵਰਗਾ (ਗਰੀਬ ਔਰਤਾਂ, ਆਦੀਵਾਸੀ, ਦਲਿਤਾਂ) 'ਚੋਂ ਆਉਂਦੇ ਹਨ। ਬਦਕਿਸਮਤੀ ਨਾਲ, ਇਸ ਮੁੱਦੇ ਨੂੰ ਬੇਹੱਦ ਫੌਰੀ 'ਤੇ ਉਠਾਉਣ ਦੀ ਲੋੜ ਹੈ ਕਿਉਂਕਿ ਇਸ ਸਮੱਸਿਆ ਦਾ ਸਮੂਹਕ ਤੌਰ 'ਤੇ ਹੱਲ ਕੱਢਣ ਲਈ ਸਾਡੇ ਕੋਲ ਸਮੇਂ ਦੀ ਹੱਦ ਹੈ। ਇਹ ਪ੍ਰਵਾਣਿਤ ਮੱਤ ਹੈ ਕਿ ਸਨਅਤੀ ਇਨਕਲਾਬ ਦੇ ਸਮੇਂ ਧਰਤੀ ਦਾ ਜੋ ਤਾਪਮਾਨ ਸੀ ਉਸ ਤੋਂ ਇਸ ਦਾ ਔਸਤ ਤਾਪਮਾਨ 2 ਡਿਗਰੀ ਸੈਂਟੀਗ੍ਰੇਡ ਵੱਧ ਹੋ ਜਾਂਦਾ ਹੈ ਤਾਂ ਇਸ ਨਾਲ ਧਰਤੀ ਦੇ ਤਾਣੇ-ਬਾਣੇ ਵਿੱਚ ਕੁਝ ਨਿਸ਼ਚਤ ਅਮਲਾਂ ਦਾ ਸਿਲਸਲਾ ਚੱਲ ਪਵੇਗਾ। ਜਿਸ ਵੱਡੇ ਪੈਮਾਨੇ 'ਤੇ ਇਸ ਦੀਆਂ ਪ੍ਰਤੀਕ੍ਰਿਆਵਾਂ ਹੋਣਗੀਆਂ, ਉਹ ਸਭ ਮਿਲ ਕੇ ਅਜਿਹੀ ਹਾਲਤ ਉਸਾਰ ਦੇਣਗੀਆਂ ਕਿ ਸਾਡੇ ਲਈ ਤਪਸ਼ ਦੇ ਅਮਲ 'ਤੇ ਲਗਾਮ ਲਾ ਸਕਣੀ ਸ਼ਾਇਦ ਹੀ ਸੰਭਵ ਹੋ ਸਕੇ। ਤੁਸੀਂ ਧਿਆਨ ਨਾਲ ਦੇਖੋ ਇਹ ਅਮਲ ਸ਼ੁਰੂ ਹੋ ਚੁੱਕੇ ਹਨ ਜਿਵੇਂ-ਧਰੁਵੀ ਬਰਫ ਦਾ ਪਿਘਲਨਾ, ਪਰਮ ਬਰਫ਼ ਤੋਂ ਮਿਥੇਨ ਗੈਸ ਦਾ ਨਿਕਲਣਾ, ਦੁਨੀਆਂ ਦੇ ਸਮੁੰਦਰ 'ਚ ਕਾਰਬਨ ਡਾਈਅਕਸਾਈਡ ਦੇ ਜਜ਼ਬ ਹੋਣ ਦੀ ਸਮਰੱਥਾ 'ਚ ਕਮੀ, ਗਰਮ ਮਿੱਟੀ ਨਾਲ ਕਾਰਬਨ ਡਾਈਅਕਸਾਈਡ ਦਾ ਨਿਕਲਣਾ ਆਦਿ। ਇਸ ਲਈ ਸਾਨੂੰ ਤੇਜ਼ੀ ਨਾਲ ਕਦਮ ਚੁੱਕਣ ਦੀ ਲੋੜ ਹੈ।

**ਭਾਰਤ ਸਰਕਾਰ ਦਾ ਅਮਲ ਕੀ ਰਿਹਾ ਹੈ?** - ਭਾਰਤ ਸਰਕਾਰ ਕਹਿੰਦੀ ਹੈ ਕਿ ਅਮਰੀਕਾ ਤੇ ਪਹਿਲੀ ਦੁਨੀਆਂ ਦੇ ਹੋਰ ਦੇਸ਼ ਇਸ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ ਜਿਥੇ ਉਹ ਸਹੀ ਹੈ-ਇਸ ਲਈ ਭਾਰਤ ਕਦਮ ਚੁੱਕੇ, ਇਸ ਤੋਂ

ਪਹਿਲਾਂ ਉਹਨਾਂ ਨੂੰ ਕਦਮ ਚੁੱਕਣਾ ਚਾਹੀਦਾ ਹੈ-ਜਿਥੇ ਉਹ ਗਲਤ ਹਨ। ਅਜਿਹੀ ਰਾਇ ਦੂਰਦਰਸ਼ੀ ਨਹੀਂ ਹੈ ਕਿਉਂਕਿ ਇਸ ਵਿੱਚ ਇਸ ਤੱਥ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ ਕਿ ਭਾਰਤ ਦੇ ਲੋਕ 'ਤੇ ਲੋਕਾਂ 'ਤੇ ਇਸ ਦਾ ਅਸਰ ਪੈ ਚੁੱਕਿਆ ਹੈ ਅਤੇ ਇਹ ਵੱਧ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਇਹ ਇਕ ਆਲਮੀ ਸੰਕਟ ਹੈ ਅਤੇ ਇਸ ਲਈ ਇਸ ਦੇ ਜੁਆਬ 'ਚ ਭਾਰਤ ਸਰਕਾਰ ਨੂੰ ਹੋਰ ਸਰਕਾਰਾਂ ਦੇ ਨਾਲ ਕੰਮ ਕਰਨ ਦੀ ਵੀ ਲੋੜ ਹੈ। ਆਰਥਕ ਸੰਕਟ ਨਾਲ ਨਿਪਟਣ ਲਈ ਸਰਕਾਰਾਂ ਵਲੋਂ ਜਿਸ ਤੇਜ਼ ਇੱਛਾ ਤੇ ਸਹਿਯੋਗ ਦਾ ਜੋ ਮੁਜਾਹਰਾ ਕੀਤਾ ਜਾ ਰਿਹਾ ਹੈ, ਇਸ ਮਾਮਲੇ 'ਚ ਵੀ ਉਸ ਦੀ ਲੋੜ ਹੈ। ਭਾਰਤੀ ਰਾਜ ਸੱਤਾ ਨੂੰ ਸਾਫ਼ ਸੁਥਰੀ ਤਕਨੀਕ ਨੂੰ ਹੱਲਾ-ਸ਼ੇਰੀ ਦੇਣ 'ਚ ਅਗਵਾਈ ਕਰਨੀ ਚਾਹੀਦੀ ਹੈ। ਪ੍ਰਮਾਣੂ ਊਰਜਾ ਨੂੰ ਅੱਗੇ ਵਧਾਉਣ 'ਤੇ ਜ਼ੋਰ ਦੇਣ ਦੀ ਬਜਾਏ ਉਸ ਨੂੰ ਹਵਾਈ ਤੇ ਸੂਰਜੀ ਊਰਜਾ ਨੂੰ ਵੱਧ ਸਰਗਰਮੀ ਨਾਲ ਹਮਾਇਤ ਦੇਣ ਦੀ ਲੋੜ ਹੈ। ਜਿਸ ਦੀ ਪੈਦਾਵਾਰ ਤੇ ਖਪਤ ਵਿਕੇਂਦਰੀਕ੍ਰਿਤ ਤਰੀਕੇ ਨਾਲ ਕੀਤੇ ਜਾਣ ਦੀ ਲੋੜ ਹੈ ਪਰ ਇਸ ਦੇ ਉਲਟ ਭਾਰਤੀ ਰਾਜਸੱਤਾ ਵਲੋਂ ਖੁਸ਼ਹਾਲ ਤਬਕਿਆਂ ਦੀ ਵਰਤੋਂ ਲਈ ਸਸਤੀਆਂ ਕਾਰਾਂ, ਸਸਤੀ ਹਵਾਈ ਯਾਤਰਾ, ਮਾਲ ਤੇ ਅਨ੍ਹੇਵਾਹ ਸਨਅਤੀਕਰਨ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਜੋ ਸਭ ਵਿਸ਼ਵੀ ਤਪੱਸ਼ ਦੇ ਅਮਲ ਨੂੰ ਤੇਜ਼ ਕਰਕੇ ਤੇਜ਼ੀ ਨਾਲ ਵੱਡੇ ਵਿਨਾਸ਼ ਵੱਲ ਲੈ ਜਾਣ ਵਾਲੀ ਹੈ।

**ਸਨਅਤੀਕਰਨ ਤੇ ਰੁਜ਼ਗਾਰ ਲਈ ਇਸ ਦਾ ਅਰਥ ਕੀ ਹੈ?**

ਆਲਮੀ ਤਪਸ਼ ਬਾਰੇ ਜਦ ਚਿੰਤਾ ਜ਼ਾਹਰ ਕੀਤੀ ਜਾਂਦੀ ਹੈ ਤਾਂ ਕਦੀ ਕਦੀ ਇਸ ਨੂੰ ਸਨਅਤੀਕਰਣ ਤੇ ਵਿਕਾਸ ਵਿਰੋਧ ਰੁਖ ਵਜੋਂ ਦੇਖਿਆ ਜਾਂਦਾ ਹੈ। ਇਹ ਗੱਲ ਸਚਾਈ ਨਹੀਂ ਹੈ ਪਰ ਹਾਂ ਅਸੀਂ 'ਸਨਅਤੀਕਰਣ ਤੇ ਵਿਕਾਸ' ਦੇ ਮੌਜੂਦਾ ਨਮੂਨੇ ਦਾ ਵਿਰੋਧ ਕਰਦੇ ਹਾਂ। ਇਸ ਲਈ ਸਾਧਨਾਂ ਦੀ ਮਨਮਾਨੀ ਲੁੱਟ ਕੀਤੀ ਜਾਂਦੀ ਹੈ। ਅਸੀਂ ਵਿਸੇਸ਼ ਆਰਥਕ ਖੇਤਰਾਂ (ਸੇਜਾਂ) ਦਾ ਵਿਰੋਧ ਕਰਦੇ ਹਾਂ ਜਿਸ ਲਈ ਲੋਕਾਂ ਦੀ ਜ਼ਮੀਨ ਖੋਹੀ ਜਾ ਰਹੀ ਹੈ ਅਤੇ ਜੋ ਵਿਹਾਰ 'ਚ ਮਜ਼ਦੂਰ ਵਿਰੋਧੀ ਹੈ। ਅਸੀਂ ਅੰਨ੍ਹੀਵਾਹ ਖੁਦਾਈ ਦੇ ਵੀ ਵਿਰੋਧੀ ਹਾਂ ਜੋ ਵੱਡੀ ਪੱਧਰ 'ਤੇ ਉਜਾੜਾ ਕਰਦੀ ਹੈ ਜਾਂ ਜੰਗਲਾਂ ਦਾ ਵਿਨਾਸ਼ ਕਰਦੀ ਹੈ, ਜੋ ਸਿਰਫ਼ ਮੁੱਠੀਭਰ ਲੋਕਾਂ ਨੂੰ ਫਾਇਦਾ ਪਹੁੰਚਾਉਂਦੀ ਹੈ। ਅਸੀਂ ਇਕ ਅਜਿਹੇ ਸਨਅਤੀਕਰਣ ਦੀ ਰਣਨੀਤੀ ਦੇ ਪੱਖ ਵਿੱਚ ਹਾਂ ਜੋ ਸਭ ਤੋਂ ਪਹਿਲਾਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਨਾਲ ਤਾਲਮੇਲ ਰੱਖਦੀ ਹੋਵੇ। ਇਸ ਦੀ ਚਾਲ ਅਜਿਹੀ ਹੋਣੀ ਚਾਹੀਦੀ ਹੈ ਜੋ ਖੇਤੀ ਦੀ ਪੂਰਕ ਹੋਵੇ। ਨਾਲ ਹੀ ਰੁਜ਼ਗਾਰ ਪੈਦਾ ਕਰਨ ਦੇ ਮੂਲ ਇਸ ਤੱਥ ਨੂੰ ਸਮਝਣ ਦੀ ਲੋੜ ਹੈ ਕਿ ਸਾਨੂੰ ਖੇਤੀ 'ਚ ਅੱਜ ਦੇ ਮੁਕਾਬਲੇ ਵੱਧ ਜਾਨ ਪਾਉਣ ਦੀ ਲੋੜ ਹੈ। ਸਾਨੂੰ ਟਿਕਾਊ ਅਰਥਚਾਰੇ ਤੇ ਸਮਾਜਕ ਸਰਗਰਮੀਆਂ ਅਤੇ ਰੁਜ਼ਗਾਰ ਪੈਦਾ ਕਰਨ ਵਿਚਕਾਰ ਸਹਿ ਜੀਵੀ ਤੇ ਲਾਭਦਾਇਕ ਸਬੰਧਾਂ 'ਤੇ ਵਿਚਾਰ ਕਰਨ ਦੀ ਲੋੜ ਹੈ। ਜਿਸ ਚੀਜ਼ ਨੂੰ ਕਦੀ-ਕਦੀ 'ਸਦਾਬਹਾਰ ਰੁਜ਼ਗਾਰ' ਕਿਹਾ ਜਾਂਦਾ ਹੈ ਉਹ ਵੱਡੇ ਪੈਮਾਨੇ 'ਤੇ ਪਰ ਵਿਕੇਂਦਰੀਕ੍ਰਿਤ ਰੁਜ਼ਗਾਰ ਵੀ ਪੈਦਾ ਕਰ ਸਕਦਾ ਹੈ। ਸ਼ਹਿਰਾਂ ਤੇ ਪਿੰਡਾਂ 'ਚ ਵਾਟਰ ਸ਼ੈੱਡ ਦੇ ਵਿਕਾਸ ਲਈ, ਜਲ ਸਰੋਤਾਂ ਨੂੰ ਨਵਾਂ

ਜੀਵਨ ਦੇਣ ਲਈ ਜੈਵਿਕ ਖੇਤੀ ਦੇ ਵਿਸਥਾਰ ਤੇ ਰੱਖ ਰਖਾਅ ਲਈ ਤੇ ਸੂਰਜੀ ਪੈਨਲਾਂ, ਹਵਾਈ ਟ੍ਰਬਾਇਨਾ, ਸੋਲਰ ਕੁੱਕਰ, ਸੂਰਜੀ ਲਾਲਟੇਲ, ਸਾਈਕਲ ਤੇ ਪਬਲਿਕ ਬੱਸਾਂ, ਰੇਲ ਗੱਡੀਆਂ, ਬਣਾਉਣ ਵਾਲੀ ਫੈਕਟਰੀਆਂ ਵਿੱਚ ਨਿਵੇਸ਼ ਤੇ ਰੁਜ਼ਗਾਰ ਲਈ ਵੱਡੇ ਪੈਮਾਨੇ ’ਤੇ ਜਨਤਕ ਖਰਚੇ ਨੂੰ ਵਧਾਉਣਾ ਪਵੇਗਾ। ਆਲਮੀ ਤਪਸ਼ ਦੀ ਤੇਜ਼ੀ ਤੇ ਗੰਭੀਰਤਾ ਸਾਨੂੰ ਨਵੇਂ ਸਿਰੇ ਤੋਂ ਸੋਚਣ ਦਾ ਮੌਕਾ ਮੁਹੱਈਆ ਕਰ ਰਹੀ ਹੈ ਕਿ ਸਮਾਜ ਦੀਆਂ ਲੋੜਾਂ ਕੀ ਹਨ ਅਤੇ ਉਹਨਾਂ ਨੂੰ ਕਿਵੇਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

**ਆਖਰ ਕੀ ਕਰਨ ਦੀ ਲੋੜ ਹੈ?** - 1. ਦੁਨੀਆਂ ਭਰ ’ਚ ਗਰੀਨ ਹਾਊਸ ਗੈਸਾਂ ਦੇ ਨਿਕਲਣ ’ਚ ਤਿੱਖੀ ਕਟੌਤੀ ਕਰਨ ਦੀ ਫੌਰੀ ਲੋੜ ਹੈ। ਇਹ ਕੰਮ ਫੌਰੀ ਸ਼ੁਰੂ ਕਰਨਾ ਚਾਹੀਦਾ ਹੈ ਕਿਉਂਕਿ ਦੁਨੀਆਂ ਆਲਮੀ ਤਪਸ ਦੇ ਖ਼ਤਰਨਾਕ ਪੱਧਰ ਦੇ ਨੇੜੇ ਪਹੁੰਚ ਚੁੱਕੀ ਹੈ। ਇਸ ਵਿਸ਼ਾਲ ਸੰਕਟ ਦਾ ਵਿਸ਼ਵੀ ਅਮਲ ਵਿਕਸਤ ਕਰਨ ਲਈ ਭਾਰਤ ਸਰਕਾਰ ਨੂੰ ਹੋਰ ਸਰਕਾਰਾਂ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ।

2. ਇਸ ਲਈ ਭਾਰਤੀ ਰਾਜਸੱਤਾ ਨੂੰ ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ’ਚ ਕਟੌਤੀ ਤੇ ਨਿਵਾਰਕ ਦਖਲਅੰਦਾਜ਼ੀ ਸਬੰਧੀ ਅੱਗੇ ਵਧ ਕੇ ਸਰਗਰਮ ਰੂਪ ਤੋਂ ਵੀ ਵੱਧ ਕੰਮ ਕਰਨ ਦੀ ਲੋੜ ਹੈ। ਵਿਸ਼ਵੀ ਗਰਮਾਹਟ ਦੇ ਮੌਜੂਦਾ ਅਸਰਾਂ ਤੇ ਅੱਗੇ ਚਲ ਦੇ ਪੈਣ ਵਾਲੇ ਪ੍ਰਭਾਵਾਂ ਨਾਲ ਨਿਪਟਣ ਲਈ ਲੋਕਾਂ ਖਾਸ ਕਰਕੇ ਗਰੀਬ ਜਨਤਾ ਦੀ ਮਦਦ ਕਰਨ ਤੇ ਅਨਕੂਲਨ ’ਤੇ ਵੀ ਉਸ ਨੂੰ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਇਸ ’ਚ ਖੇਤੀ ਭੂਮੀ ਦੀ ਸਨਅਤੀ ਵਰਤੋਂ ਅੰਨ੍ਹੇਵਾਹ ਖੁਦਾਈ ਵੱਡੇ ਬੰਨਾਂ ਤੇ ਸੇਜ ਲਈ ਮਨਚਾਹੇ ਭੂਮੀ ਹੜੱਪਣ ’ਤੇ ਰੋਕ ਲੱਗਣੀ ਵੀ ਸ਼ਾਮਲ ਹੈ। ਜਨਤਕ ਖਰਚਿਆਂ ’ਤੇ ਅਤੇ ‘ਸਦਾਬਹਾਰ ਰੁਜ਼ਗਾਰ’ ਦੀ ਪੈਦਾਇਸ਼ ’ਤੇ ਜ਼ੋਰ ਦੇਣ ਦੀ ਲੋੜ ਹੈ।

3. ਜਿਸ ਤਰ੍ਹਾਂ ਊਰਜਾ ਖਪਤ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਊਰਜਾ ਦੀ ਵਿਕੇਂਦਰੀਕ੍ਰਿਤ ਪੈਦਾਵਾਰ, ਪ੍ਰਸਾਰਣ ਤੇ ਖਪਤ-ਜਿਵੇਂ ਕਿ ਹਰੇਕ ਭਵਨ ਤੇ ਇਲਾਕੇ ’ਚ ਸੂਰਜੀ ਪੈਨਲਾਂ, ਛੋਟੀਆਂ ਹਵਾਈ ਟ੍ਰਬਾਇਨਾ ਸੋਲਰ ਹੀਟਰ ਤੇ ਕੁਕਰਾਂ ਦੇ ਰੂਪ ’ਚ-ਸਾਡੇ ਲਈ ਬੇਹੱਦ ਮਹੱਤਵਪੂਰਨ ਹੈ ਵੈਸੇ ਹੀ ਆਲਮੀ ਤਪਸ਼ ਦਾ ਮੁਕਾਬਲਾ ਕਰਨ ਲਈ ਵੀ ਇਹ ਜ਼ਰੂਰੀ ਹੈ। ਜਦ ਤੱਕ ਭਾਰਤੀ ਰਾਜ ਸੱਤਾ ਇਸ ਨੂੰ ਹੱਲਾਸ਼ੇਰੀ ਦੇਣ ਲਈ ਮੁੱਖ ਭੂਮਿਕਾ ਨਹੀਂ ਨਿਭਾਉਂਦੀ ਹੈ, ਇਹ ਸੰਭਵ ਨਹੀਂ ਹੋ ਸਕਦਾ ਹੈ। ਲੋਕਾਂ ਨੂੰ ਇਕੱਠੇ ਹੋ ਕੇ ਉਸ ਨੂੰ ਮਜ਼ਬੂਰ ਕਰਨ ਦੀ ਲੋੜ ਹੈ।

4. ਪੂੰਜੀਵਾਦ ਸਨਅਤੀ ਸਮਾਜਾਂ ਵਲੋਂ ਬੀਤੇ ਸਮੇਂ ’ਚ ਪੈਦਾ ਕੀਤਾ ਗਿਆ ਪ੍ਰਦੂਸ਼ਣ ਮੌਜੂਦਾ ਖ਼ਤਰਨਾਕ ਸਥਿਤੀ ਲਈ ਜ਼ੁੰਮੇਵਾਰ ਹੈ ਅਤੇ ਇਸ ਲਈ ਦੇਸ਼ਾਂ ਵਿਚਕਾਰ ਤੇ ਦੇਸ਼ਾਂ ਅੰਦਰ ਵਾਤਾਵਰਣ ਦੇ ਕਰਜ ਨੂੰ ਵੀ ਮੌਜੂਦਾ ਜ਼ਿੰਮੇਵਾਰੀ ਫਿਕਸ ਕਰਦੇ ਸਮੇਂ ਧਿਆਨ ’ਚ ਰੱਖਣਾ ਚਾਹੀਦਾ ਹੈ। (ਯਾਨੀ ਕਿ ਜਿਸ ਦੇਸ਼ ਨੇ ਅਤੇ ਦੇਸ਼ ਅੰਦਰ ਜਿਹਨਾਂ ਲੋਕਾਂ ਨੇ ਜਿੰਨਾ ਵੱਧ ਪ੍ਰਦੂਸ਼ਣ ਪੈਦਾ ਕੀਤਾ ਹੈ। ਉਹ ਉਸ ਲਈ ਉਨੇ ਹੀ ਜ਼ਿੰਮੇਵਾਰ ਹਨ) ਇਸ ਤੋਂ ਇਲਾਵਾ, ਮੌਸਮੀ

ਬਦਲਾਅ ਕਾਰਨ ਹੋਈ ਕਿਸੇ ਵੀ ਤਬਾਹੀ ਨੂੰ ਰੋਕਣ ਲਈ, ਉਸ ਦੇ ਅਸਰ ਨੂੰ ਘੱਟ ਕਰਨ ਤੇ ਉਸ ਨਾਲ ਨਿਪਟਣ ਲਈ ਸਭ ਖ਼ਰਚਿਆਂ ਨੂੰ ਉਹਨਾਂ ਲੋਕਾਂ ਨੂੰ ਸਹਿਣ ਕਰਨਾ ਚਾਹੀਦਾ ਹੈ ਜੋ ਇਸ ਦੇ ਜ਼ਿੰਮੇਵਾਰ ਹਨ ਭਾਵ ਦੁਨੀਆਂ 'ਚ ਸਭ ਤੋਂ ਵੱਧ ਖਪਤ ਕਰਨ ਵਾਲੇ।

5. ਦੁਨੀਆਂ ਦੀ ਸਾਂਝੀ ਦੌਲਤ ਵਿਸ਼ਵੀ ਭਾਈਚਾਰੇ ਦੀ ਸਾਂਝੀ ਵਿਰਾਸਤ ਹੈ। ਇਸ ਲਈ ਸਾਨੂੰ ਧਰਤੀ ਦੀ ਕੁਝ ਕੁਦਰਤੀ ਜਜ਼ਬ ਸਮਰੱਥਾ ਨੂੰ ਇਕ ਬਰਾਬਰ ਵੰਡ ਦੇ ਆਧਾਰ 'ਤੇ ਪ੍ਰਤੀ ਵਿਅਕਤੀ ਇਕ ਬਰਾਬਰ ਪੈਦਾਇਸ਼ ਨੂੰ ਮਾਰਗ ਦਰਸ਼ਕ ਸਿਧਾਂਤ ਵਜੋਂ ਮੰਨਣਾ ਚਾਹੀਦਾ ਹੈ।

6. ਦੁਨੀਆਂ ਨੂੰ ਸਮਾਜ ਦੇ ਉਹਨਾਂ ਸਾਰੇ ਤਬਕਿਆਂ ਪ੍ਰਤੀ ਕਰਜ਼ਦਾਰ ਤੇ ਧੰਨਵਾਦੀ ਹੋਣਾ ਚਾਹੀਦਾ ਹੈ ਜਿਹਨਾਂ ਨੇ ਮਨੁੱਖੀ ਬਾਲਣ ਦੀ ਵਰਤੋਂ ਕੀਤੇ ਬਿਨਾਂ ਵਾਤਾਵਰਣ ਨਾਲ ਦੋਸਤੀ ਪੂਰਨ ਢੰਗ ਨਾਲ ਰਹਿਣ ਦੀ ਜਾਂਚ ਅਪਣਾਈ। ਖਾਸ ਕਰਕੇ ਉਹਨਾਂ ਫਿਰਕਿਆਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਹਨਾਂ ਨੇ ਵਣਾਂ, ਸਿਲੀ ਜ਼ਮੀਨ, ਘਾਹ ਵਾਲੀ ਜ਼ਮੀਨ ਤੇ ਕੁਦਰਤ ਨੂੰ ਸੁਰੱਖਿਅਤ ਰੱਖਿਆ ਹੈ। ਜੋ ਕਾਰਬਨ ਡਾਈਅਕਸਾਈਡ ਦਾ ਕੰਮ ਕਰਦੇ ਹਨ। ਕਾਰਬਨ ਦੀ ਵਰਤੋਂ ਕਰਨ ਵਾਲਿਆਂ ਤੋਂ ਲੈ ਕੇ ਕਾਰਬਨ ਦੀ ਰਾਖੀ ਕਰਨ ਵਾਲਿਆਂ ਦੇ ਹੱਥਾਂ 'ਚ ਅਦਾਰਿਆਂ ਦਾ ਅਤੇ ਰਾਜਸੀ ਕੰਟਰੋਲ ਦੇ ਦੇਣਾ ਚਾਹੀਦਾ ਹੈ।

7. ਪ੍ਰਮਾਣੂ ਊਰਜਾ ਤੇ ਇਥੇਨਾਲ/ਜੈਵ ਡੀਜ਼ਲ 'ਤੇ ਫੌਰੀ ਰੋਕ ਲਾਉਣੀ ਚਾਹੀਦੀ ਹੈ ਕਿਉਂਕਿ ਇਹ ਲੋਕ ਵਿਰੋਧੀ ਹੈ ਅਜੇ ਤੱਕ ਇਹ ਪ੍ਰਭਾਵਿਤ ਨਹੀਂ ਹੋਏ ਹਨ ਅਤੇ ਇਹ ਵਿਨਾਸ਼ਕਾਰੀ ਹੱਲ ਹੈ।

8. ਸਾਨੂੰ ਸੰਗਠਨ, ਯੂਨੀਅਨ ਤੇ ਮਜ਼ਦੂਰ, ਦੁਨੀਆਂ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਅਸੀਂ ਸਭ ਥਾਵਾਂ 'ਤੇ ਸਭ ਸਰਕਾਰਾਂ ਨੂੰ ਅਜਿਹਾ ਇਕ ਤਾਣਾ-ਬਾਣਾ ਤੇ ਢਾਂਚਾ ਉਸਾਰਨ ਲਈ ਮਜ਼ਬੂਰ ਕਰ ਦੇਣ ਜੋ ਜਨਤਾ ਨੂੰ ਖਪਤ ਦੇ ਬੇਹੱਦ ਘੱਟ ਪੱਧਰ 'ਤੇ ਮਾਨਵੀ ਵਿਕਾਸ ਦੇ ਤਰਕਸ਼ੀਲ ਰਾਹ ਦੀ ਚੋਣ ਕਰਨ ਦੀ ਇਜਾਜ਼ਤ ਦੇਵੇਗਾ।

✪✪✪✪

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਸ਼ੀਸ਼ਾ ਬੋਲਦਾ ਹੈ
16. ਨੰਗੇ ਹਰਫ਼